ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free



23 ਮਾਰਚ 1931 : ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹਾਦਤ ਦਿਹਾੜਾ

ਸਾਲ : 9 ਅੰਕ : 3 Phone : 780 465 9118, 403 830 7007 : Fax: 780 465 0661, www.nawidunia.com E-mail: info@nawidunia.com ਮਾਰਚ (March) 2018



ਅਲਬਰਟਾ ਨੇ ਬੀਸੀ ਦੀ ਵਾਈਨ ਤੋਂ ਪਾਬੰਦੀ ਹਟਾਈ ਪੰਨਾ-3



ਕਿਸਾਨਾਂ ਦੀਆਂ ਮਾਤਮੀ ਧੁਨਾਂ ਦੱਬਣ ਲਈ ਪਿਆ 15 ਲੱਖੀ 'ਇਸ਼ਕ ਦਾ ਗਿੱਧਾ' ਪੰਨਾ-7



ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗਦੀ ਲਲ਼ਕ : ਨਿਰੂਪਮਾ ਦੱਤ ਪੰਨਾ-27



ਸਤਿਆਜੀਤ ਰੇਅ ਦਾ ਸਿਨੇਮਾ ਪੰਨਾ-46

## ਐਨਰਜੀ ਖੇਤਰ ਵਿਚ ਅਲਬਰਟਾ ਕਰੇਗਾ ਇਕ ਅਰਬ ਦਾ ਨਿਵੇਸ਼



**ਐਡਮਿੰਟਨ (ਨਦਬ)** : ਐਨਰਜੀ ਖੇਤਰ ਵਿਚ ਵਿਭਿੰਨਤਾ ਲਈ ਨਵੀਂ ਤਕਨੀਕ ਅਨੁਸਾਰ ਸੁਵਿਧਾਵਾਂ ਨੂੰ ਧਿਆਨ ਵਿਚ ਰੱਖਦਿਆਂ ਅਲਬਰਟਾ ਸਰਕਾਰ ਵਲੋਂ ਅਗਲੇ ਅੱਠ ਸਾਲਾਂ ਵਿਚ ਇਕ ਅਰਬ ਦੇ ਨਿਵੇਸ਼ ਕਰਨ ਦੀ ਯੋਜਨਾ ਹੈ। ਇਸ ਰਾਸ਼ੀ ਵਿਚ 800 ਮਿਲੀਅਨ ਦਾ ਲੋਨ ਸ਼ਾਮਲ ਹੋਵੇਗਾ ਅਤੇ 200 ਮਿਲੀਅਨ ਗ੍ਰਾਂਟ ਦੇ ਰੂਪ ਵਿਚ ਹੋਣਗੇ। ਸਰਕਾਰ ਨੂੰ ਉਮੀਦ ਹੈ ਕਿ ਇਸ ਰਾਸ਼ੀ ਨਾਲ ਪੰਜ ਨਵੀਂਆਂ ਸੁਵਿਧਾਵਾਂ ਨੂੰ ਅਪਗ੍ਰੇਡ ਕੀਤਾ ਜਾਵੇਗਾ ਅਤੇ ਪੰਜ ਅਰਬ ਨਿੱਜੀ ਨਿਵੇਸ਼ ਹੋਵੇਗਾ ਤੇ ਉਸਾਰੀ ਨਾਲ ਸਬੰਧਤ ਚਾਰ ਹਜ਼ਾਰ ਨਵੀਂਆਂ ਨੌਕਰੀਆਂ ਪੈਦਾ ਹੋਣਗੀਆਂ।

ਪ੍ਰੀਮੀਅਰ ਰੈਚਲ ਨੋਟਲੇ ਦਾ ਕਹਿਣਾ ਹੈ ਕਿ ਇਸ ਸਬੰਧੀ ਵੇਰਵੇ ਆਉਣ ਵਾਲੇ ਮਹੀਨਿਆਂ ਵਿਚ ਨਸ਼ਰ ਕੀਤੇ ਜਾਣਗੇ। ਪਰ ਇਹ ਛੋਟੇ ਪ੍ਰਜੈਕਟ ਹੋਣਗੇ ਜਿਹੜੇ ਤਕਨੀਕੀ ਪੱਖ ਤੋਂ ਮਹੱਤਵਪੂਰਨ ਨਤੀਜੇ ਪੇਸ਼ ਕਰਨਗੇ। ਉਦੇਸ਼ ਇਹ ਵੀ ਹੈ ਕਿ ਬਿਟੂਮਿਨ ਨੂੰ ਪਾਈਪ ਰਾਹੀਂ ਭੇਜਿਆ ਜਾ ਸਕੇ ਤਾਂ ਜੋ ਇਸ ਦੀ ਵਿਕਰੀ ਵਿਚ ਵਾਧਾ ਹੋਵੇ।

ਜ਼ਿਕਰਯੋਗ ਹੈ ਕਿ ਰਾਸ਼ੀ ਦਾ ਐਲਾਨ ਅਲਬਰਟਾ ਐਨਰਜੀ ਡਾਈਵਰਸੀਫਿਕੇਸ਼ਨ ਅਡਵਾਇਜ਼ਰੀ ਕਮੇਟੀ ਦੀਆਂ ਸਿਫ਼ਾਰਿਸ਼ਾਂ 'ਤੇ ਹੋਇਆ ਹੈ। ਕਮੇਟੀ ਵਲੋਂ 2016 ਵਿਚ ਮੁਲਾਂਕਣ ਕੀਤਾ ਗਿਆ ਸੀ ਤੇ ਇਸ

☛ ਬਾਕੀ ਸਫ਼ਾ 41 'ਤੇ

## ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਤ ਸਮਾਗਮ 24 ਨੂੰ



**ਐਡਮਿੰਟਨ (ਨਦਬ)** : ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਵਲੋਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਦਾ ਜਨਤਕ ਸਮਾਗਮ, ਦਿਨ ਸ਼ਨੀਵਾਰ, 24 ਮਾਰਚ, 2018, ਨੂੰ ਪੀ.ਸੀ.ਏ ਹਾਲ, 101, 9158-23 ਐਵੇਨਿਊ ਐਡਮਿੰਟਣ ਵਿਖੇ ਹੋਵੇਗਾ। ਦਲਬੀਰ ਸਾਂਗਿਆਂਣ ਦੀ ਪ੍ਰਧਾਨਗੀ ਵਿੱਚ ਹੋਈ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਦੀ ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਸੰਸਥਾ ਦੇ ਸਕੱਤਰ ਕਿਰਤਮੀਤ ਸਿੰਘ ਕੁਹਾੜ ਨੇ ਦੱਸਿਆ ਕਿ ਇਹ ਸਮਾਗਮ ਠੀਕ 2 ਵਜੇ ਸ਼ੁਰੂ ਹੋ ਜਾਵੇਗਾ ਅਤੇ ਇਸ ਨੂੰ ਉਘੇ ਵਿਦਵਾਨ ਅਤੇ ਸਾਬਕਾ ਐਮ.ਐਲ.ਏ. ਡਾ. ਰਾਜ ਪੰਨੂੰ ਸਮੇਤ ਵੱਖ-ਵੱਖ ਬੁਲਾਰੇ ਸੰਬੋਧਨ ਕਰਨਗੇ। ਸਮਾਗਮ ਵਿਚ ਕਵਿਤਾ ਤੇ ਗੀਤ ਵੀ ਪੇਸ਼ ਕੀਤੇ ਜਾਣਗੇ ਅਤੇ ਸੰਸਥਾ ਵਲੋਂ ਚਾਹ-ਪਾਣੀ ਦਾ ਪ੍ਰਬੰਧ ਕੀਤਾ ਜਾਵੇਗਾ। ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਵਲੋਂ ਐਡਮਿੰਟਨ ਵਾਸੀਆਂ ਨੂੰ ਇਸ ਵਿਚ ਸ਼ਾਮਲ ਹੋਣ ਲਈ ਖੁਲ੍ਹਾ ਸੱਦਾ ਦਿੱਤਾ ਜਾਂਦਾ ਹੈ।

☛ ਬਾਕੀ ਸਫ਼ਾ 41 'ਤੇ

## ਟਰੰਪ ਨੇ ਕੀਤੀ ਵਿਦੇਸ਼ ਮੰਤਰੀ ਰੈਕਸ ਟਿਲਰਸਨ ਦੀ ਛੁੱਟੀ

### ਮਾਈਕ ਪੋਂਪੀਓ ਨੂੰ ਸੌਂਪੀ ਜ਼ਿੰਮੇਵਾਰੀ

ਵਾਸ਼ਿੰਗਟਨ, ਨਦਬ : ਜਨਤਕ ਮੰਚ 'ਤੇ ਖਹਿਬੜਨ ਦੀਆਂ ਕਈ ਘਟਨਾਵਾਂ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਚੋਟੀ ਦੇ ਸਹਿਯੋਗੀ ਵਿਦੇਸ਼ ਮੰਤਰੀ ਰੈਕਸ ਟਿਲਰਸਨ ਨੂੰ ਅਹੁਦੇ ਤੋਂ ਹਟਾ ਦਿੱਤਾ ਅਤੇ ਉਨ੍ਹਾਂ ਦੀ ਥਾਂ ਸੀ.ਆਈ.ਓ. ਦੇ ਡਾਇਰੈਕਟਰ ਮਾਈਕ ਪੋਂਪੀਓ ਨੂੰ ਨਿਯੁਕਤ ਕੀਤਾ ਹੈ। ਟਰੰਪ ਨੇ ਟਵੀਟ ਕੀਤਾ, "ਮਾਈਕ ਪੋਂਪੀਓ, ਸੀ.ਆਈ.ਏ. ਦੇ ਡਾਇਰੈਕਟਰ ਸਾਡੇ ਨਵੇਂ ਵਿਦੇਸ਼ ਮੰਤਰੀ ਬਣਨਗੇ। ਉਹ ਬਿਹਤਰੀਣ ਕਾਰਜ ਕਰਨਗੇ।" ਟਰੰਪ ਨੇ ਸੈਂਟਰਲ ਇੰਟੈਲੀਜੈਂਸ ਏਜੰਸੀ ਦੇ ਮੁਖੀ ਵਜੋਂ ਗਿਣਾ ਹਸਪੇਲ ਦੀ ਨਿਯੁਕਤੀ ਦਾ ਵੀ ਐਲਾਨ ਕੀਤਾ। ਏਜੰਸੀ ਦੇ ਉਚ ਅਹੁਦੇ 'ਤੇ ਚੁਣੀ ਜਾਣ ਵਾਲੀ ਉਹ ਪਹਿਲੀ ਮਹਿਲਾ ਹੋਵੇਗੀ। ਅਫ਼ਰੀਕਾ ਦੇ ਦੌਰੇ 'ਤੇ ਨਿਕਲੇ ਟਿਲਰਸਨ ਨੂੰ ਯਾਤਰਾ ਦੇ ਵਿਚਾਲਿਓਂ ਹੀ ਵਾਪਸ ਆਉਣਾ ਪਿਆ। ਉਨ੍ਹਾਂ ਨੇ ਇਸ ਲਈ 'ਕਾਰਜ ਦੀ ਮੰਗ ਅਤੇ ਨਿੱਜੀ ਮੁਲਾਕਾਤਾਂ ਲਈ ਵਾਸ਼ਿੰਗਟਨ ਵਿਚ ਮੌਜੂਦ ਰਹਿਣ ਦੀ ਜ਼ਰੂਰਤ' ਦਾ ਹਵਾਲਾ ਦਿੱਤਾ। ਉਤਰ ਕੋਰੀਆ ਅਤੇ ਰੂਸ 'ਤੇ ਅਮਰੀਕਾ ਦੀ ਨੀਤੀ ਸਮੇਤ ਕਈ ਮੁਦਿਆਂ 'ਤੇ ਐਕਸੋਨ ਮੋਬਿਲ ਦੇ ਸਾਬਕਾ ਮੁਖੀ ਤੇ ਰਾਸ਼ਟਰਪਤੀ ਵਿਚਾਲੇ ਮਤਭੇਦ ਸਨ। ਬਾਅਦ ਵਿਚ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਟਿਲਰਸਨ ਨੂੰ ਅਹੁਦੇ ਤੋਂ ਹਟਾਉਣ ਦਾ ਫ਼ੈਸਲਾ ਨਿੱਜੀ ਤੌਰ 'ਤੇ ਲਿਆ ਕਿਉਂਕਿ ਕਈ ਅਹਿਮ ਮੁੱਦਿਆਂ 'ਤੇ ਉਨ੍ਹਾਂ ਨਾਲ ਮਤਭੇਦ ਸਨ।
























**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licenced & Insured
- Pine Shake Replacement
- Roof Top Snow removel
- FREE Estimates




5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



**Supreme Pizza**
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton
780 485 1213 or 780 485 1231

Try Us Tonight For Best Deal In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche

**GROVER PROFESSIONAL ACCOUNTING & TAX SERVICES**

*Neha Grover*



*Neha Grover*

- *Bookkeeping*
- *G.S.T.*
- *Payrolls*
- *Corporate & Professional Taxes*
- *E-files*

203, 3476 - 93 Street, Edmonton, AB, T6E 6A4
Tel: 780-465-7085 ; Fax: 780-465-7086
Email : groveraccounting@gmail.com

**A-WIN Insurance**

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

**A-WIN: MAKING LIFE EASY**

Who We Are
Western Canada's Biggest Brokers Team, designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them



What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...
- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੌਂਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60%
Payment Options available

Edmonton : 780-465-6900
Calgary : 403-775-2100

**ADVANCE DRIVING SCHOOL LTD.**
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave Edmonton, AB | 10211-100 Ave Fort Saskatchewan, AB
780 660 4090

**ALPHA Tent Rentals**
All Events Big or Small
We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**





Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354



# ਸਾਬਕਾ ਏ.ਐਮ.ਏ.ਪ੍ਰਬੰਧਕ ਨੂੰ ਅੱਠ ਮਿਲੀਅਨ ਦੇ ਘੁਟਾਲੇ 'ਚ 5 ਵਰ੍ਹਿਆਂ ਦੀ ਕੈਦ

**ਐਡਮਿੰਟਨ (ਨਦਬ) :** ਅਲਬਰਟਾ ਮੋਟਰ ਐਸੋਸੀਏਸ਼ਨ ਸਾਬਕਾ ਵਾਈਸ ਪ੍ਰਧਾਨ ਜੇਮਸ ਐਲਨ ਗਲੈਡਨ ਨੂੰ ਪਿਛਲੇ ਦਿਨੀਂ ਸੰਸਥਾ ਨੂੰ ਅੱਠ ਮਿਲੀਅਨ ਦਾ ਚੂਨਾ ਲਾਉਣ ਦੇ ਮਾਮਲੇ ਵਿਚ ਪੰਜ ਸਾਲਾਂ ਦੀ ਸਜ਼ਾ ਸੁਣਾਈ ਗਈ ਹੈ। ਤੱਥਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜਦੋਂ ਉਹ ਏ.ਐਮ.ਏ. ਦਾ ਪਹਿਲੀ ਵਾਰੀ ਨਿਰਦੇਸ਼ਕ ਅਤੇ ਬਾਅਦ ਵਿਚ ਇਨਫਰਮੇਸ਼ਨ ਟੈਕਨੌਲਜੀ ਦੇ ਮੀਤ ਪ੍ਰਧਾਨ ਬਣਿਆ ਤਾਂ ਉਸ ਵਲੋਂ 8 ਜਨਵਰੀ 2013 ਅਤੇ 16 ਜੂਨ 2016 ਵਿਚਕਾਰ ਬਹੁਤ ਸਾਰੇ ਜਾਅਲੀ ਬਿਲ ਪੇਸ਼ ਕੀਤੇ ਗਏ।

ਦੱਸਣਾ ਬਣਦਾ ਹੈ ਏ.ਐਮ.ਏ. ਇਕ ਗ਼ੈਰ-ਮੁਨਾਫ਼ੇ ਵਾਲੀ ਕਾਰਪੋਰੇਸ਼ਨ ਹੈ ਜਿਹੜੀ ਕਿ ਡਰਾਈਵਰਾਂ ਦੀ ਸੁਰੱਖਿਆ ਲਈ ਕਈ ਤਰ੍ਹਾਂ ਦੇ ਇੰਸ਼ੋਰੈਂਸ ਅਤੇ ਯਾਤਰਾ ਨਾਲ ਸਬੰਧਤ ਸੇਵਾਵਾਂ ਉਪਲਬਧ ਕਰਵਾਉਂਦੀ ਹੈ। ਅਦਾਲਤ ਵਿਚ ਸਾਹਮਣੇ ਆਇਆ ਕਿ ਗਲੈਡਨ ਨੇ ਬਹੁਤ ਸਾਰੇ



ਗਲਤ ਬਿਲ ਭੁਗਤਾਏ ਕਿਉਂਕਿ ਅਜਿਹੇ ਬਿਲਾਂ ਦਾ ਭੁਗਤਾਨ ਉਚਿਤ ਅਧਿਕਾਰੀ ਦੇ ਇਕ ਦਸਤਖ਼ਤ ਨਾਲ ਹੋ ਜਾਂਦਾ ਹੈ। ਕਈ ਥਾਂਵਾਂ 'ਤੇ ਗਲੈਡਨ ਨੇ ਆਪਣੀਆਂ ਨਿੱਜੀ ਸੇਵਾਵਾਂ ਲਈ ਕੰਪਨੀ ਦੀ ਵਰਤੋਂ ਕੀਤੀ ਹੈ। ਉਸ ਨੇ ਸਾਨ ਫਰਾਂਸਿਸਕੋ ਦੇ ਕਈ ਜਾਅਲੀ ਵਿਕਰੇਤਾਵਾਂ ਨੂੰ ਕੰਪਨੀ ਵਲੋਂ ਆਨਲਾਈਨ ਭੁਗਤਾਨ ਕਰਵਾਏ ਹਨ। ਅਜਿਹੀਆਂ ਬੇਨਿਯਮੀਆਂ ਸਾਹਮਣੇ ਆਉਣ ਕਾਰਨ ਉਸ ਨੂੰ ਜੁਲਾਈ 2016 ਵਿਚ ਬਰਖ਼ਾਸਤ ਕਰ ਦਿੱਤਾ ਗਿਆ ਸੀ। ਇਸੇ ਹੀ ਮਹੀਨੇ ਕੰਪਨੀ ਵਲੋਂ ਉਸ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਗਈ ਤੇ ਇਕ ਸਮਝੌਤੇ ਮੁਤਾਬਕ ਉਸ ਵਲੋਂ ਤਿੰਨ ਮਿਲੀਅਨ ਮੁੜ ਪ੍ਰਾਪਤ ਕੀਤੇ ਗਏ। ਕੰਪਨੀ ਦਾ ਕਹਿਣਾ ਹੈ ਕਿ ਬਾਕੀ ਰਕਮ ਇੰਸੋਰੈਂਸ ਤੋਂ ਹਾਸਲ ਕੀਤੀ ਜਾਵੇਗੀ ਅਤੇ ਗਲੈਡਨ ਜਾਂਚ ਵਿਚ ਪੂਰਾ ਸਹਿਯੋਗ ਕਰ ਰਿਹਾ ਹੈ। ਦੂਜੇ ਪਾਸੇ ਗਲੈਡਨ ਨੇ ਅਦਾਲਤ ਵਿਚ ਕਿਹਾ ਹੈ ਕਿ 2014 ਵਿਚ ਜਦੋਂ ਇਹ ਵਿੱਤੀ ਘਪਲਾ ਹੋਇਆ ਉਸ ਵਕਤ ਉਹ ਡਿਪਰੈਸ਼ਨ ਦਾ ਸ਼ਿਕਾਰ ਸੀ।

# ਅਲਬਰਟਾ ਨੇ ਬੀਸੀ ਦੀ ਵਾਈਨ ਤੋਂ ਪਾਬੰਦੀ ਹਟਾਈ



**ਐਡਮਿੰਟਨ (ਨਦਬ) :** ਪਿਛਲੇ ਕਾਫ਼ੀ ਸਮੇਂ ਤੋਂ ਅਲਬਰਟਾ ਅਤੇ ਬੀਸੀ ਵਿਚਕਾਰ ਟ੍ਰਾਂਸ ਮਾਊਨਟੇਨ ਪਾਈਪਲਾਈਨ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ।

ਬੀਸੀ ਸਰਕਾਰ ਨੇ ਧਮਕੀ ਦਿੱਤੀ ਸੀ ਕਿ ਉਹ ਇਸ ਅੰਤਰਰਾਜ਼ੀ ਪਾਈਪਲਾਈਨ ਨੂੰ ਲੈ ਕੇ ਪੰਜ ਨੁਕਾਤੀ ਪ੍ਰੋਗਰਾਮ ਬਣਾਵੇਗੀ। ਜਿਸ ਨਾਲ ਅਲਬਰਟਾ ਸਰਕਾਰ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਣਾ ਸੀ। ਪਰ ਹੁਣ ਇਸ ਬਾਰੇ ਜਾਣਕਾਰੀ ਦਿੰਦਿਆਂ ਅਲਬਰਟਾ ਦੀ ਪ੍ਰੀਮੀਅਰ ਰੈਚਲ ਨੋਟਲੇ ਦਾ ਕਹਿਣਾ ਹੈ ਕਿ ਬੀਸੀ ਸਰਕਾਰ ਵਲੋਂ ਅਜਿਹੇ ਸੰਕੇਤ ਦਿੱਤੇ ਗਏ ਹਨ ਕਿ ਉਹ ਇਸ ਮਾਮਲੇ ਨੂੰ ਲੈ ਕੇ ਅੱਗੇ ਕਦਮ ਨਹੀਂ ਵਧਾਉਣਗੇ। ਦੱਸਣਾ ਬਣਦਾ ਹੈ ਕਿ ਜਨਵਰੀ ਦੇ ਅੰਤ ਵਿਚ ਬੀਸੀ ਦੇ ਪ੍ਰੀਮੀਅਰ ਜੌਹਨ ਹੋਰਗਨ ਨੇ ਬਿਆਨ ਦਿੱਤਾ ਸੀ ਕਿ ਉਨ੍ਹਾਂ ਦੀ ਸਰਕਾਰ ਵਲੋਂ ਪੰਜ ਨੁਕਾਤੀ ਪ੍ਰੋਗਰਾਮ ਵਿਚ ਬਦਲਾਅ ਕੀਤੇ ਜਾ ਰਹੇ ਹਨ।

ਇਸ ਵਿਵਾਦ ਦੇ ਚਲਦਿਆਂ ਹੀ ਅਲਬਰਟਾ ਵਲੋਂ ਬੀਸੀ ਦੀ ਵਾਈਨ ਦਾ ਬਾਈਕਾਟ ਕੀਤਾ ਗਿਆ ਸੀ। ਹੁਣ ਜਦੋਂ ਬੀਸੀ ਸਰਕਾਰ ਵਲੋਂ ਨਰਮ ਰੁਖ਼ ਦਾ ਪ੍ਰਗਟਾਵਾ ਕੀਤਾ ਗਿਆ ਹੈ ਤਾਂ ਅਲਬਰਟਾ ਸਰਕਾਰ ਵਲੋਂ ਇਸ ਦੇ ਸਵਾਗਤੀ ਰੂਪ ਵਿਚ ਬੀਸੀ ਦੀ ਵਾਈਨ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਗਈ ਹੈ।

ਪਾਈਪਲਾਈਨ ਵਿਵਾਦ

# ਅਲਬਰਟਾ ਵੱਲੋਂ ਬੀਸੀ ਨੂੰ ਤੇਲ ਦੀ ਸਪਲਾਈ ਘਟਾਉਣ ਦੀ ਧਮਕੀ



ਐਡਮਿੰਟਨ (ਨਦਬ) : ਪਾਈਪਲਾਈਨ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਅਲਬਰਟਾ ਦਾ ਬੀਸੀ ਨਾਲ ਲਗਾਤਾਰ ਵਿਵਾਦ ਚੱਲ ਰਿਹਾ ਹੈ। ਪਿਛਲੇ ਦਿਨੀਂ ਸੂਬੇ ਦੀ ਪ੍ਰੀਮੀਅਰ ਰੈਚਲ ਨੋਟਲੇ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਨਾਲ ਪਾਈਪਲਾਈਨ ਵਿਵਾਦ ਨੂੰ ਖ਼ਤਮ ਕਰਨ ਲਈ ਅਲਬਰਟਾ ਕੁੱਝ ਵੀ ਕਰ ਸਕਦਾ ਹੈ। ਨਾਲ ਹੀ ਉਹਨਾਂ ਇਹ ਵੀ ਕਿਹਾ ਕਿ ਅਸੀਂ ਝਗੜੇ ਨੂੰ ਵਧਾਉਣਾ ਨਹੀਂ ਚਾਹੁੰਦੇ ਪਰ ਇਸ ਮਸਲੇ 'ਤੇ ਲੋਕਾਂ ਦਾ ਧਿਆਨ ਹੋਵੇ ਸਾਡੇ ਲਈ ਇਹ ਵੀ ਜ਼ਰੂਰੀ ਹੈ।

ਇਸ ਕਵਾਇਦ ਵਿੱਚ ਅਲਬਰਟਾ ਵੱਲੋਂ ਸੰਕੇਤ ਦਿੱਤੇ ਗਏ ਹਨ ਕਿ ਜੇਕਰ ਇਹ ਵਿਵਾਦ ਕਿਸੇ ਸਿੱਟੇ 'ਤੇ ਨਾ ਪਹੁੰਚਿਆ ਤਾਂ ਬੀਸੀ ਨੂੰ ਤੇਲ ਦੀ ਸਪਲਾਈ ਘੱਟ ਕਰ ਦਿੱਤੀ ਜਾਵੇਗੀ।

ਅਲਬਰਟਾ ਦੇ ਲੈਫ਼ਟੀਨੈਂਟ ਗਵਰਨਰ ਲੂਇਸ ਮਿਚਲ ਨੇ ਭਾਸ਼ਣ ਵਿੱਚ ਕਿਹਾ ਕਿ ਕੁੱਝ ਲੋਕਾਂ ਵੱਲੋਂ ਪੁੱਛਿਆ ਜਾਂਦਾ ਹੈ ਕਿ ਅਸੀਂ ਕਾਰਵਾਈ ਦੇ ਰੂਪ ਵਿੱਚ ਕਦੋਂ ਕੁੱਝ ਕਰਨਾ ਹੈ। ਦੱਸਣਾ ਚਾਹੁੰਦੇ ਹਾਂ ਕਿ ਇਸ ਮਾਮਲੇ ਵਿੱਚ ਅਸੀਂ ਇਹ ਪੱਕਾ ਕਰ ਲਿਆ ਹੈ ਕਿ ਕੁੱਝ ਨਾ ਕੁੱਝ ਕਰਾਂਗੇ ਅਤੇ ਅਜਿਹਾ ਕਰਨ ਲਈ ਸਾਨੂੰ ਬੀਸੀ ਸਰਕਾਰ ਵੀ ਮਜਬੂਰ ਕਰ ਰਹੀ ਹੈ। ਸਾਡੇ ਸਾਹਮਣੇ ਸਭ ਤਰ੍ਹਾਂ ਦੇ ਬਦਲ ਹਨ ਅਸੀਂ ਕੁੱਝ ਵੀ ਕਰਨ ਲੱਗਿਆਂ ਹਿਚਕਚਾਹਟ ਮਹਿਸੂਸ ਨਹੀਂ ਕਰਾਂਗੇ।

ਇਸ ਮਾਮਲੇ ਵਿੱਚ ਪੀਸੀ ਆਗੂ ਜੇਸਨ ਕੈਨੀ ਨੇ ਵੀ ਸੂਬੇ ਦੇ ਹਿੱਤਾਂ ਨੂੰ ਸਾਹਮਣੇ ਰੱਖਦਿਆਂ ਸਰਕਾਰ ਦੀ ਸੁਰ ਵਿੱਚ ਸੁਰ ਮਿਲਾਈ ਹੈ ਤੇ ਇਹ ਸੰਕੇਤ ਦਿੱਤੇ ਹਨ ਕਿ ਪਾਰਟੀ ਜਾਂ ਆਗੂਆਂ ਦੇ ਹਿੱਤ ਸੂਬੇ ਦੇ ਹਿੱਤਾਂ ਤੋਂ ਵਧ ਕੇ ਨਹੀਂ ਹਨ।

EmbroidMe®
ਕਾਰੋਬਾਰ ਦੇ ਪ੍ਰਚਾਰ 'ਚ ਤੁਹਾਡੇ ਦੋਸਤ !
your promotional marketing partner
• sports team apparel
• business and corporate branding
• promotional products
• thousands of products available
ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸੰਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ
780.328.2020 | 5017-52 Ave, Beaumont
EmbroidMe-EdmontonSE.com
more than just embroidery




Services Provided
We also do Braces
Cosmetic and Preventive Dentistry including:
> Check Ups and Cleanings
> Fillings
> TMJ
> Implants
> Teeth Whitening
> Teeth Straightening-Invisalign
> Sports and Night Gaurds
> Crowns and Bridges
> Partial and Full Dentures
> Wisdom Teeth Extractions
> Root Canal Therapy
Open 7 days a week including evenings and weekends !
Clinic Hours:
- Mondays and Wednesdays 12-8
- Tuesdays and Thursdays 9-8
- Fridays 9-5
- Saturdays and Sundays 9-4
Maple DENTALCLINIC
ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।
Accepting New Patients
Appointments @
780-440-5001
4444-36 Ave NW Edmonton, AB T6L 3S1



Dr. Amritpal Singh



Dr. Sandeep Dhaliwal

# ਫੈਡਰਲ ਬਜਟ ਵਿਚ ਲਿੰਗਕ ਸਮਾਨਤਾ ਤੇ ਜ਼ੋਰ; ਨਵੇਂ ਖਰਚਿਆਂ ਪ੍ਰਤੀ ਪਹੁੰਚ ਸੰਜਮ ਵਾਲੀ




**ਓਟਵਾ (ਨਦਬ) :** ਫੈਡਰਲ ਸਰਕਾਰ ਦੇ ਬਜਟ 2018 ਵਿਚ ਲਿੰਗਕ ਸਮਾਨਤਾ ਵੱਲ ਧਿਆਨ ਦਿੰਦਿਆਂ ਨਵੇਂ ਖਰਚਿਆਂ ਤੇ ਸੰਜ਼ਮ ਤੋਂ ਕੰਮ ਲੈਣ ’ਤੇ ਜ਼ੋਰ ਦਿੱਤਾ ਗਿਆ ਹੈ।

2018 ਦੇ ਬਜਟ ਵਿਚ ਕਨੇਡੀਅਨ ਕਾਮਿਆਂ ਵਿਚ ਔਰਤਾਂ ਦੀ ਗਿਣਤੀ ਵਿਚ ਵਾਧਾ ਕੀਤੇ ਜਾਣ ਉੱਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਗਿਆ ਹੈ ਤੇ ਇਸ ਤੋਂ ਇਲਾਵਾ ਤਕਨਾਲੋਜੀ ਤੇ ਖੋਜ ਵਿਚ ਨਿਵੇਸ਼ ਉੱਤੇ ਜ਼ੋਰ ਦਿੱਤਾ ਗਿਆ ਹੈ। ਅਗਲੇ ਸਾਲ ਕੁੱਲ ਨਵਾਂ ਖਰਚਾ 5.4 ਅਰਬ ਡਾਲਰ ਹੋਣ ਦੀ ਸੰਭਾਵਨਾ ਜਤਾਈ ਗਈ ਹੈ ਤੇ ਕੁੱਲ ਯੋਜਨਾਬੱਧ ਖਰਚੇ ਲਈ 338.5 ਅਰਬ ਡਾਲਰ ਰੱਖੇ ਗਏ ਹਨ। 2018-19 ਲਈ ਫੈਡਰਲ ਸਰਕਾਰ ਵਲੋਂ 18.1 ਅਰਬ ਡਾਲਰ ਦਾ ਘਾਟਾ ਦਰਸਾਇਆ ਗਿਆ ਹੈ ਜੋ ਕਿ 2019-20 ਵਿਚ ਘੱਟ ਕੇ 17.5 ਅਰਬ ਡਾਲਰ ਰਹਿ ਜਾਵੇਗਾ। ਸਰਕਾਰ, ਲਿਬਰਲਾਂ ਦੇ ਚੋਣ ਵਾਅਦੇ ਬੱਜਟ-ਘਾਟੇ ਨੂੰ 10 ਅਰਬ ਡਾਲਰ ਤੋਂ ਘੱਟ ਰੱਖਣ ਅਤੇ 2019 ਤੱਕ ਬਜਟ ਨੂੰ ਸੰਤੁਲਿਤ ਬਣਾਏ ਰੱਖਣ ਵਿਚ ਨਾਕਾਮਯਾਬ ਰਹੀ ਹੈ। ਇਸ ਬਜਟ ਨੂੰ “ਮਜ਼ਬੂਤ ਮੱਧ-ਵਰਗ ਲਈ ਸਮਾਨਤਾ ਤੇ ਵਿਕਾਸ” ਦੇ ਸਿਰਲੇਖ ਤਹਿਤ ਪੇਸ਼ ਕੀਤਾ ਗਿਆ। ਫੈਡਰਲ ਸਰਕਾਰ ਇਸ ਗੱਲ ਨੂੰ ਲੈ ਕੇ ਪੂਰੀ ਤਰ੍ਹਾਂ ਆਸਵੰਦ ਹੈ ਕਿ 2018 ਵਿਚ ਕਨੇਡੀਅਨ ਕਾਮਿਆਂ ਵਿਚ ਮਹਿਲਾਵਾਂ ਦੀ ਸ਼ਮੂਲੀਅਤ ਨੂੰ ਹੱਲਾਸ਼ੇਰੀ ਦੇਣ ਲਈ ਅਪਣਾਏ ਗਏ ਮਾਪਦੰਡਾਂ ਨਾਲ ਆਉਣ ਵਾਲੇ ਸਾਲਾਂ ਵਿਚ ਕਨੇਡੀਅਨ ਅਰਥਚਾਰੇ ਵਿਚ ਵਿਕਾਸ ਹੋਵੇਗਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਮੌਰਨਿਊ ਨੇ ਆਖਿਆ ਕਿ ਅਸੀਂ ਇਸ ਗੱਲ ਦਾ ਧਿਆਨ ਰੱਖ ਰਹੇ ਹਾਂ ਕਿ ਇਸ ਦਾ ਆਉਣ ਵਾਲੇ ਸਮੇਂ ਉੱਤੇ ਕਿਹੋ ਜਿਹਾ ਪ੍ਰਭਾਵ ਰਹੇਗਾ। ਕਾਰਲਟਨ ਯੂਨੀਵਰਸਿਟੀ ਵਿਚ ਵੂਮਨ ਇਨ ਪਾਲੀਟਿਕਸ ਐਂਡ ਪਬਲਿਕ ਲੀਡਰਸ਼ਿਪ ਦੀ ਐਗਜ਼ੈਕਟਿਵ ਡਾਇਰੈਕਟਰ, ਕਲੇਅਰ ਬੈਕਟਨ ਦਾ ਕਹਿਣਾ ਹੈ ਕਿ ਜੇ ਅਸਲ ਸਮਾਨਤਾ ਵੇਖਣ ਲਈ ਬਜਟ ਦੀਆਂ ਪਹਿਲ ਕਦਮੀਆਂ ਵੱਲ ਨਜ਼ਰ ਮਾਰੀ ਜਾਵੇ ਲਿੰਗਕ ਆਧਾਰ ਉੱਤੇ ਭੱਤਿਆਂ ਵਿਚਲਾ ਪਾੜਾ ਖ਼ਤਮ ਕਰਨ ਲਈ ਫੈਡਰਲ ਪੱਧਰ ਉੱਤੇ ਨਿਯੰਤਰਿਤ ਖੇਤਰ ਵਿਚ ਬਰਾਬਰ ਤਨਖਾਹ ਨੂੰ ਲਾਗੂ ਕੀਤੇ ਜਾਣ ਨਾਲ ਇਕੋ ਕੰਮ ਲਈ ਪੁਰਸ਼ਾਂ ਤੇ ਔਰਤਾਂ ਨੂੰ ਬਰਾਬਰ ਤਨਖਾਹ ਮਿਲਿਆ ਕਰੇਗੀ।

ਕੈਨੇਡਾ ਵਿਚ ਇਸ ਸਮੇਂ ਜਿਸ ਕੰਮ ਲਈ ਪੁਰਸ਼ ਨੂੰ ਇਕ ਡਾਲਰ ਮਿਲਦਾ ਹੈ ਤਾਂ ਔਰਤ ਨੂੰ ਉਸੇ ਕੰਮ ਲਈ 88 ਸੈਂਟ ਮਿਲਦੇ ਹਨ। ਇਸ ਤੋਂ ਇਲਾਵਾ ਇਸ ਬਜਟ ’ਚ ਅਗਲੇ ਪੰਜ ਸਾਲਾਂ ਲਈ ਕੰਮ ਵਾਲੀਆਂ ਥਾਵਾਂ ਉੱਤੇ ਜਿਨਸੀ ਸ਼ੋਸ਼ਣ ਰੋਕਣ ਲਈ 50.4 ਮਿਲੀਅਨ ਡਾਲਰ ਖਰਚਣ ਦੀ ਵੀ ਯੋਜਨਾ ਹੈ। ਇਸ ਵਿਚੋਂ 25.4 ਮਿਲੀਅਨ ਡਾਲਰ ਲੀਗਲ ਏਡ ਫੰਡਿੰਗ ਲਈ ਜਾਵੇਗਾ। ਇਸ ਦੇ ਨਾਲ ਹੀ ਸਰਕਾਰ ਸੰਸਦ ਮੈਂਬਰਾਂ ਲਈ ਮੈਟਰਨਿਟੀ ਤੇ ਪੇਰੈਂਟਲ ਲੀਵ ਲੈਣੀ ਸੰਭਵ ਬਣਾਉਣ ਲਈ ਪਾਰਲੀਮੈਂਟ ਆਫ ਕੈਨੇਡਾ ਐਕਟ ਵਿਚ ਵੀ ਸੋਧ ਕਰਨੀ ਚਾਹੁੰਦੀ ਹੈ। ਇਸ ਸਮੇਂ ਇਹੋ ਜਿਹਾ ਕੋਈ ਪ੍ਰਬੰਧ ਨਹੀਂ ਹੈ। ਕਨੇਡਾ ਦੀ ਲਿੰਗ ਆਧਾਰਤ ਹਿੰਸਾ ਰਣਨੀਤੀ ਨੂੰ ਤਿਆਰ ਕਰਨ ਲਈ ਪੰਜ ਸਾਲਾਂ ਵਿਚ 86 ਮਿਲੀਅਨ ਡਾਲਰ ਖਰਚਣਾ, ਖੇਡਾਂ ਵਿਚ ਮਹਿਲਾਵਾਂ ਤੇ ਲੜਕੀਆਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਖੋਜ ਤੇ ਪ੍ਰਮੋਸ਼ਨ ਲਈ ਅਗਲੇ ਤਿੰਨ ਸਾਲਾਂ ਵਿਚ 30 ਮਿਲੀਅਨ ਡਾਲਰ ਖਰਚਣਾ, 2035 ਤੱਕ ਸਾਰੇ ਪੱਧਰਾਂ ਉੱਤੇ ਲਿੰਗਕ ਬਰਾਬਰੀ ਦਾ ਟੀਚਾ ਪੂਰਾ ਕਰਨਾ, ਪੁਰਸ਼ਾਂ ਦੇ ਦਬਦਬੇ ਵਾਲੇ ਬਹੁਤੇ ਵਪਾਰਾਂ ਵਿਚ ਔਰਤਾਂ ਲਈ ਅਪਰੈਂਟਿਸਸ਼ਿਪ ਇਨਸੈਂਟਿਵ ਗ੍ਰਾਂਟ ਵਾਸਤੇ ਅਗਲੇ ਪੰਜ ਸਾਲਾਂ ਵਿਚ 19.9 ਮਿਲੀਅਨ ਡਾਲਰ ਖਰਚਣ ਦਾ ਵੀ ਸਰਕਾਰ ਨੇ ਫੈਸਲਾ ਕੀਤਾ ਹੈ। ਲਿੰਗਕ ਸਮਾਨਤਾ ਨੂੰ ਹੱਲਾਸ਼ੇਰੀ ਦੇਣ ਲਈ ਸਰਕਾਰ ਵਲੋਂ ਮਹਿਲਾ ਕਾਰੋਬਾਰੀਆਂ ਨੂੰ ਫੰਡ ਮੁਹੱਈਆ ਕਰਵਾਉਣ ਵਾਸਤੇ ਬਜਟ ਵਿਚ 105 ਮਿਲੀਅਨ ਡਾਲਰ ਵੱਖਰੇ ਰੱਖੇ ਗਏ ਹਨ।

ਫੈਡਰਲ ਬਜਟ ਵਿਚ ਪੰਜ ਸਾਲਾਂ ਵਿਚ ਨਵੇਂ ਇੰਪਲਾਇਮੈਂਟ ਇੰਸੋਰੈਂਸ ਪੇਰੈਂਟਲ ਸੇਥਅਰਿੰਗ ਬੈਨੇਫਿਟ ਲਈ 1.2 ਅਰਬ ਡਾਲਰ ਰੱਖੇ ਗਏ ਹਨ। ਇਸ ਤੋਂ ਇਲਾਵਾ ਇਹ ਨਵਾਂ ਪ੍ਰੋਗਰਾਮ 2018-19 ਵਿਚ ਸੁਥਰੂ ਹੋਵੇਗਾ। ਇਸ ਤਹਿਤ ਬੱਚੇ ਹੋਣ ਉੱਤੇ ਮਾਤਾ-ਪਿਤਾ ਦੋਵੇਂ ਛੁੱਟੀ ਲੈ ਸਕਣਗੇ ਤੇ ਉਨ੍ਹਾਂ ਨੂੰ ਈਆਈ ਪੇਰੈਂਟਲ ਬੈਨੇਫਿਟ ਤਹਿਤ “ਯੂਜ਼ ਇਟ ਔਰ ਲੂਜ਼ ਇਟ” ਸਕੀਮ ਤਹਿਤ ਪੰਜ ਵਾਧੂ ਹਫਤੇ ਦਿੱਤੇ ਜਾਇਆ ਕਰਨਗੇ। ਇਹ ਸਕੀਮ ਜੂਨ 2019 ਤੋਂ ਸ਼ੁਰੂ ਹੋਵੇਗੀ। ਇਸ ਦੇ ਨਾਲ ਹੀ ਸਰਕਾਰ ਵਰਕਿੰਗ ਇਨਕਮ ਟੈਕਸ ਬੈਨੇਫਿਟ ਨੂੰ ਵੀ ਓਵਰਹਾਲ ਕਰਨ ਜਾ ਰਹੀ ਹੈ। ਇਹ 2019 ਵਿਚ ਲਾਗੂ ਹੋਵੇਗਾ ਤੇ ਇਸ ਨਾਲ ਘੱਟੋ ਘੱਟ ਫਾਇਦਾ 170 ਡਾਲਰ ਤੱਕ ਵੱਧ ਜਾਵੇਗਾ। ਜਿਸ ਤੋਂ ਭਾਵ ਇਹ ਹੈ ਕਿ ਘੱਟ ਆਮਦਨ ਵਾਲੇ ਵਿਅਕਤੀ, ਜੋ ਕਿ 15000 ਡਾਲਰ ਸਾਲ ਦਾ ਕਮਾਉਂਦੇ ਹਨ, ਉਨ੍ਹਾਂ ਨੂੰ ਟੈਕਸ ਕ੍ਰੈਡਿਟ ਵਿਚ 500 ਹੋਰ ਡਾਲਰ ਮਿਲਣਗੇ।

ਕਾਨਫਰੰਸ ਬੋਰਡ ਆਫ ਕਨੇਡਾ ਦੇ ਕ੍ਰੇਗ ਅਲੈਗਜ਼ੈਂਡਰ ਨੇ ਆਖਿਆ ਕਿ ਸਰਕਾਰੀ ਅੰਕੜੇ ਦਰਸਾਉਂਦੇ ਹਨ ਕਿ ਆਰਥਕ ਵਿਕਾਸ ਦੀ ਰਫਤਾਰ ਬਹੁਤ ਮੱਠੀ ਹੈ ਤੇ ਇਹ ਉਨ੍ਹਾਂ ਦੀ ਟੈਕਸ ਆਮਦਨ ਨੂੰ ਸੀਮਤ ਕਰ ਦੇਵੇਗੀ। ਇਹੋ ਇਕ ਕਾਰਨ ਹੈ ਕਿ ਇਸ ਵਾਰੀ ਬਜਟ ਕਾਫੀ ਸਾਧਾਰਨ ਹੈ।

ਅਰਨਸਟ ਐਂਡ ਯੰਗ ਐਲਐਲਪੀ ਦੇ ਟੈਕਸ ਪਾਲਸੀ ਲੀਡਰ ਫਰੈਡ ਓਗੀਓਰਡਨ ਨੇ ਇਸ ਨੂੰ ਇਕ ਮਾਮੂਲੀ ਬਜਟ ਆਖਿਆ। ਇਸ ਬਜਟ ਦੀ ਨੁਕਤਾਚੀਨੀ ਕਰਦਿਆਂ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਆਖਿਆ ਕਿ ਜਸਟਿਨ ਟਰੂਡੋ ਨੇ ਵਾਅਦਾ ਕੀਤਾ ਸੀ ਕਿ ਉਹ ਬੁਨਿਆਦੀ ਢਾਂਚੇ ਉੱਤੇ ਪੈਸੇ ਖਰਚ ਕਰਨਗੇ ਜਿਸ ਨਾਲ ਅਰਥਚਾਰੇ ਦਾ ਵਿਕਾਸ ਹੋਵੇਗਾ ਪਰ ਹਕੀਕਤ ਇਹ ਹੈ ਕਿ ਬੁਨਿਆਦੀ ਢਾਂਚੇ ਵਿਚ ਕੀਤੇ ਜਾਣ ਵਾਲੇ ਨਿਵੇਸ਼ ਵਿਚ ਅਸਲ ਵਿਚ ਕਟੌਤੀ ਕੀਤੀ ਗਈ ਹੈ। ਉਨ੍ਹਾਂ ਬਜਟ ਪੇਸ਼ ਕੀਤੇ ਜਾਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸੜਕਾਂ, ਪੁਲਾਂ, ਬੰਦਰਗਾਹਾਂ ਤੇ ਹਾਈਵੇਅਜ਼ ਲਈ ਕੋਈ ਖਾਸ ਨਿਵੇਸ਼ ਨਹੀਂ ਕੀਤਾ ਗਿਆ। ਸ਼ੀਅਰ ਨੇ ਆਖਿਆ ਕਿ ਟਰੂਡੋ ਮੱਧ ਵਰਗ ਨਾਲ ਕੀਤੇ ਆਪਣੇ ਵਾਅਦੇ ਪੂਰੇ ਕਰਨ ਵਿਚ ਵੀ ਅਸਫਲ ਰਹੇ ਹਨ।

ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਇਸ ਸਾਲ ਦੇ ਸ਼ੁਰੂ ਵਿਚ ਐਨਡੀਪੀ ਨੇ ਫਾਰਮਾਕੇਅਰ ਵਾਲਾ ਮੁੱਦਾ ਸੰਸਦ ਵਿਚ ਪੇਸ਼ ਕੀਤਾ ਸੀ ਪਰ ਸਰਕਾਰ ਨੇ ਇਸ ਖ਼ਿਲਾਫ਼ ਵੋਟ ਕੀਤਾ ਸੀ। ਹੁਣ ਸਰਕਾਰ ਫਾਰਮਾਕੇਅਰ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ ਇਸ ਨਾਲ ਸਰਕਾਰ ਦੀ ਅਸਲ ਵਚਨਬੱਧਤਾ ਨਜ਼ਰ ਨਹੀਂ ਆਉਂਦੀ। ਕਾਊਂਸਲ ਆਫ ਕਨੇਡੀਅਨ ਨੇ ਫੈਡਰਲ ਬਜਟ ’ਤੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਬਜਟ ’ਚ ਫਾਰਮਾਕੇਅਰ ਲਈ ਕੋਈ ਫੰਡ ਮੁਹੱਈਆ ਨਹੀਂ ਕਰਵਾਏ ਗਏ। ਉਨਟਾਰੀਉ ਦੇ ਵਿੱਤ ਮੰਤਰੀ ਚਾਰਲਸ ਸੂਸਾ ਨੇ ਕਿਹਾ ਕਿ ਉਹ ਬਜਟ ਅੰਦਰ ਟਰਾਂਸ ਪੈਸੇਫਿਕ ਪਾਰਟਨਰਸ਼ਿਪ ਸਮਝੌਤੇ ਨਾਲ ਪ੍ਰਭਾਵਿਤ ਹੋਣ ਵਾਲੇ ਵਪਾਰਾਂ ਲਈ ਹੋਰ ਪਾਰਦਰਸ਼ੀ ਮਾਪਦੰਡਾਂ ਵੱਲ ਬੇਧਿਆਨੀ ਕਾਰਨ ਉਹ ਨਿਰਾਸ਼ ਹਨ।



# ਹਾਈ ਲੈਵਲ ਬ੍ਰਿਜ ਦੇ ਬੀਮ ਹੋਏ ਕਮਜ਼ੋਰ

## ਐਲਆਰਟੀ ਟਰੇਨਾਂ ਦਾ ਨਹੀਂ ਚੁੱਕ ਸਕਦੇ ਭਾਰ



**ਐਡਮਿੰਟਨ (ਨਦਬ) :** ਇੰਜਨੀਅਰਾਂ ਦੀ ਇਸ ਮਹੀਨੇ ਦੇ ਸ਼ੁਰੂ ਵਿਚ ਛਪੀ ਰਿਪੋਰਟ ਮੁਤਾਬਕ ਹਾਈ ਲੈਵਲ ਬ੍ਰਿਜ ਕਮਜ਼ੋਰ ਹੋ ਚੁੱਕਿਆ ਹੈ ਤੇ ਇੰਨਾ ਮਜ਼ਬੂਤ ਨਹੀਂ ਰਿਹਾ ਕਿ ਉਹ ਐਲਆਰਟੀ ਟਰੇਨਾਂ ਦਾ ਭਾਰ ਸਹਿਣ ਕਰ ਸਕੇ। ਬ੍ਰਿਜ ਦੀ ਉਸਾਰੀ 1912 ਵਿਚ ਭਾੜੇ ਦੀਆਂ ਟਰੇਨਾਂ ਲਈ ਹੋਈ ਸੀ।

ਸ਼ਹਿਰ ਦੇ ਉਸਾਰੀ ਨਾਲ ਸਬੰਧਤ ਯੋਜਨਾ ਅਤੇ ਡਿਜ਼ਾਈਨ ਦੇ ਬ੍ਰਾਂਚ ਮੈਨੇਜਰ ਜੇਸਨ ਮਿਲੀਸਟੇ ਦਾ ਕਹਿਣਾ ਹੈ ਕਿ ਬ੍ਰਿਜ ਸੈਰ ਅਤੇ ਡਰਾਈਵ ਲਈ ਹੁਣ ਵੀ ਸੁਰੱਖਿਅਤ ਹੈ ਭਾਵੇਂ ਕਿ ਇਸ ਦੀ ਤਾਕਤ ਘੱਟ ਹੋ ਚੁੱਕੀ ਹੈ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿਚ ਸਟੀਲ ਦੇ ਹਜ਼ਾਰ ਤਰ੍ਹਾਂ ਦੇ ਵੱਖਰੇ ਵੱਖਰੇ ਪੰਜ ਹਜ਼ਾਰ ਬੀਮ ਹਨ। ਇਹ ਸੌ ਸਾਲ ਪੁਰਾਣਾ ਢਾਂਚਾ ਹੈ। ਇਸ ਬਾਰੇ ਸਾਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਬਾਕੀ ਗੱਲ ਇਹ ਹੈ ਕਿ ਕੋਈ ਵੀ ਚੀਜ਼ ਸਦਾ ਲਈ ਨਹੀਂ ਹੁੰਦੀ।

ਇਨ੍ਹਾਂ ਗੱਲਾਂ ਨੂੰ ਦੇਖਦਿਆਂ ਇਸ ਮਹੀਨੇ ਦੇ ਸ਼ੁਰੂ ਵਿਚ ਯੋਜਨਾ ਘਾੜਿਆਂ ਵਲੋਂ ਇਸ ਦੇ ਬਰਾਬਰ ਐਲਆਰਟੀ ਬ੍ਰਿਜ ਬਣਾਉਣ ਦਾ ਸੁਝਾਅ ਦਿੱਤਾ ਗਿਆ ਸੀ। ਕੁਝ ਮਾਹਰਾਂ ਦਾ ਕਹਿਣਾ ਹੈ ਕਿ ਬ੍ਰਿਜ ਦੀ ਮੁਰੰਮਤ ਵੀ ਕੀਤੀ ਜਾ ਸਕਦੀ ਹੈ ਤੇ ਬ੍ਰਿਜ 'ਤੇ ਪਾਰਕ ਬਣਾਇਆ ਜਾ ਸਕਦਾ ਹੈ ਜਿਸ ਦੇ ਸੁਪਨੇ ਐਡਮਿੰਟਨ ਵਾਸੀ ਲੰਮੇ ਸਮੇਂ ਤੋਂ ਵੇਖ ਰਹੇ ਹਨ।

ਇੱਥੇ ਵੀ ਦੱਸਣਾ ਬਣਦਾ ਹੈ ਕਿ ਹਾਈ ਲੈਵਲ ਬ੍ਰਿਜ ਦੀ 2020 ਵਿਚ ਪੁਨਰ ਉਸਾਰੀ ਹੋਵੇਗੀ ਤੇ ਫਿਰ ਇਸ ਦੀ ਮਿਆਦ 2045 ਤੱਕ ਮੰਨੀ ਜਾਵੇਗੀ। ਭਾਵੇਂ ਅਜੇ ਫੰਡਿੰਗ ਬਾਰੇ ਚੁੱਪੀ ਹੈ ਪਰ ਇਸ 'ਤੇ ਵੱਡੀ ਮਾਤਰਾ ਵਿਚ ਧਨ ਖਰਚਿਆ ਜਾਣਾ ਹੈ।

ਬ੍ਰਿਜ ਦੀ ਹਾਲਤ ਲਗਾਤਾਰ ਖਰਾਬ ਹੁੰਦੀ ਜਾ ਰਹੀ ਹੈ। ਸ਼ਹਿਰ ਵਲੋਂ ਕੀਤੀ ਗਈ ਸਾਂਭ ਸੰਭਾਲ ਕਾਰਨ ਇਸਦੇ ਨੁਕਸਾਨ ਦੀ ਗਤੀ ਘਟੀ ਹੈ। ਇਕ ਅੰਦਾਜ਼ੇ ਅਨੁਸਾਰ ਪਿਛਲੇ ਪੱਚੀ ਸਾਲਾਂ ਵਿਚ ਨੁਕਸਾਨ ਵਿਚ ਸਿਰਫ਼ ਪੰਜ ਪ੍ਰਤੀਸ਼ਤ ਵਾਧਾ ਹੋਇਆ ਹੈ। ਬਹੁਤ ਸਾਰੇ ਨੁਕਸਾਨ ਸਿੱਧੇ ਨਜ਼ਰ ਨਹੀਂ ਆਉਂਦੇ। ਪਰ ਇੰਜਨੀਅਰਾਂ ਦਾ ਸਪਸ਼ਟ ਕਹਿਣਾ ਹੈ ਕਿ ਇਸ ਬ੍ਰਿਜ 'ਤੇ ਜ਼ਿਆਦਾ ਭਾਰ ਨਹੀਂ ਦਿੱਤਾ ਜਾਣਾ ਚਾਹੀਦਾ।

# ਸੂਚਨਾ ਨਸ਼ਰ ਕਰਨ ਵਾਲਿਆਂ ਦੀ ਸੁਰੱਖਿਆ ਲਈ ਕਾਨੂੰਨ ਮਾਰਚ ਵਿਚ ਹੋਵੇਗਾ ਲਾਗੂ

**ਐਡਮਿੰਟਨ (ਨਦਬ) :** ਪ੍ਰਬੰਧ ਪ੍ਰਣਾਲੀ ਭਾਵੇਂ ਸੁਚੱਜਤਾ ਦੇ ਬਲਬੂਤੇ 'ਤੇ ਚਲਾਈ ਜਾਂਦੀ ਹੈ ਪਰ ਫਿਰ ਵੀ ਅਜਿਹੀ ਪ੍ਰਣਾਲੀਆਂ ਵਿਚ ਬਹੁਤ ਸਾਰੀਆਂ ਤਰੁੱਟੀਆਂ ਰਹਿ ਜਾਂਦੀਆਂ ਹਨ ਜਾਂ ਸਮਾਂ ਪਾ ਕੇ ਪੈਦਾ ਹੋ ਜਾਂਦੀਆਂ ਹਨ। ਕਈ ਵਾਰ ਅਜਿਹੀਆਂ ਤਰੁੱਟੀਆਂ ਜਨਤਕ ਹਿੱਤਾਂ ਦਾ ਘਾਣ ਕਰਦੀਆਂ ਹਨ। ਜ਼ਿਆਦਾਤਰ ਤਰੁੱਟੀਆਂ ਪ੍ਰਬੰਧਕਾਂ ਦੀ ਬਦਨੀਤੀ ਕਾਰਨ ਪੈਦਾ ਹੁੰਦੀਆਂ ਹਨ। ਸਮੇਂ ਨਾਲ ਅਜਿਹੀਆਂ ਤਰੁੱਟੀਆਂ ਦਾ ਪਰਦਾਫ਼ਾਸ਼ ਕਰਨਾ ਜ਼ਰੂਰੀ ਹੁੰਦਾ ਹੈ।

ਇਨ੍ਹਾਂ ਦਾ ਪਰਦਾਫਾਸ਼ ਕਰਨ ਵਾਲਿਆਂ ਨੂੰ ਕਈ ਤਰ੍ਹਾਂ ਦੇ ਜ਼ੋਖਮ ਉਠਾਉਣੇ ਪੈਂਦੇ ਹਨ। ਲੰਘੀ ਮਈ ਨੂੰ ਸੂਚਨਾ ਨਸ਼ਰ ਕਰਨ ਵਾਲਿਆਂ ਦੀ ਸੁਰੱਖਿਆ ਲਈ ਬਿਲ 11 ਪੇਸ਼ ਕੀਤਾ ਗਿਆ ਸੀ। ਇਸ ਬਿਲ ਦਾ ਵਿਸਥਾਰ ਕਰਦਿਆਂ ਹੁਣ ਇਸ ਵਿਚ ਐਮਐਲਏ ਅਤੇ ਪ੍ਰੀਮੀਅਰ ਦੇ ਸਟਾਫ਼ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਨਵੇਂ ਬਿਲ ਅਨੁਸਾਰ ਇਨ੍ਹਾਂ ਦੇ ਦਫ਼ਤਰ ਸਬੰਧੀ ਕੋਈ ਸ਼ਿਕਾਇਤ ਸਿੱਧੇ ਤੌਰ 'ਤੇ ਅਲਬਰਟਾ ਦੇ ਜਨਤਕ ਹਿੱਤ ਕਮਿਸ਼ਨਰ ਨੂੰ ਕਰ ਸਕਦਾ ਹੈ। ਨਵੇਂ ਬਿਲ ਵਿਚ ਇਕ ਮਦ ਇਹ ਵੀ ਰੱਖੀ ਗਈ ਹੈ ਕਿ ਹੁਣ ਉਸ ਮੁਲਾਜ਼ਮ ਨੂੰ ਨੌਕਰੀ ਤੋਂ ਨਹੀਂ ਕੱਢਿਆ ਜਾਵੇਗਾ ਜਿਹੜਾ ਦਫ਼ਤਰ ਵਿਚ ਕੁਝ ਗਲ਼ਤ ਹੋ ਰਹੇ ਦੀ ਜਾਣਕਾਰੀ ਬਾਹਰ ਨਸ਼ਰ ਕਰੇਗਾ। ਇਸ ਕਾਨੂੰਨ ਤਹਿਤ ਕਮਿਸ਼ਨਰ ਕੋਲ ਪਬਲਿਕ ਸੈਕਟਰ ਦੀ ਸੰਸਥਾ ਜਾਂ ਕਿਸੇ ਵੀ ਅਧਿਕਾਰੀ ਦੀ ਜਾਂਚ ਕਰਨ ਦੇ ਅਧਿਕਾਰ ਹੋਣਗੇ। ਇਸ ਮਾਮਲੇ ਵਿਚ ਕਿਰਤ ਮੰਤਰੀ ਕ੍ਰਿਸਟੀਨਾ ਗ੍ਰੇ ਦਾ ਕਹਿਣਾ ਹੈ ਬਿਨਾਂ ਕਿਸੇ ਡਰ ਤੋਂ ਬੋਲਣ ਦੀ ਆਜ਼ਾਦੀ ਦਾ ਸਾਡਾ ਮੁਢਲਾ ਅਧਿਕਾਰ ਹੈ। ਦੱਸਣਾ ਬਣਦਾ ਹੈ ਕਿ ਕਾਨੂੰਨ ਮਾਰਚ ਵਿਚ ਲਾਗੂ ਕੀਤਾ ਜਾਵੇਗਾ। ਇਸ ਕਾਨੂੰਨ ਤਹਿਤ ਕਿਸੇ ਵੀ ਐਮਐਲਏ ਦੀ ਇੱਜ਼ਤ ਦਾ ਧਿਆਨ ਰੱਖਿਆ ਜਾਵੇਗਾ। ਦੋਸ਼ ਉਦੋਂ ਤੱਕ ਜਨਤਕ ਨਹੀਂ ਕੀਤੇ ਜਾਣਗੇ ਜਦੋਂ ਤੱਕ ਮੁੱਢਲੀ ਜਾਂਚ ਨਹੀਂ ਹੋਵੇਗੀ। ਸ਼ਿਕਾਇਤ ਪ੍ਰਾਪਤ ਹੋਣ ਤੋਂ ਬਾਅਦ ਕਮਿਸ਼ਨਰ ਕੋਲ ਜਾਂਚ ਜਾਰੀ ਕਰਨ ਲਈ 20 ਦਿਨ ਹੋਣਗੇ।

ਗ੍ਰੇ ਨੇ ਕਿਹਾ ਕਿ ਨਵੇਂ ਕਾਨੂੰਨ ਵਿਚ ਯੌਨ ਸ਼ੋਸ਼ਣ ਕਰਨ ਵਾਲਿਆਂ ਖ਼ਿਲਾਫ਼ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਪੀੜਤਾਂ ਨੂੰ ਰਾਹਤ ਮਿਲ ਸਕੇ। ਦੱਸਣਾ ਬਣਦਾ ਹੈ ਕਿ ਜਨਵਰੀ ਵਿਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਆਗੂ ਜੇਮੀ ਬੈਲੀ ਅਤੇ ਪੈਟਰਿਕ ਬਰਾਉਨ ਨੇ ਦੋਸ਼ ਲੱਗਣ ਤੋਂ ਬਾਅਦ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦਿੱਤਾ ਸੀ।

# ਟਰਵਿਲੀਗਰ ਡਰਾਈਵ ਵਿਚ ਬਦਲਾਅ ਦੇ ਸੁਝਾਅ ਨੂੰ ਲੈ ਕੇ ਅਲੈਕਸਿਸ ਡਿਸਰੋਜ਼ੀਅਰ ਦੀ ਚਿੰਤਾ



**ਐਡਮਿੰਟਨ (ਨਦਬ) :** ਕੁਝ ਹਫ਼ਤੇ ਪਹਿਲਾਂ ਜਦੋਂ ਡਿਸਰੋਜ਼ੀਅਰ ਸਿਟੀ ਸਬੰਧੀ ਜਾਣਕਾਰੀ ਸੈਸ਼ਨ ਵਿਚ ਹਾਜ਼ਰੀ ਲਵਾਉਣ ਪਹੁੰਚੀ ਤਾਂ ਉਸ ਨੂੰ ਟਰਵਿਲਗਰ ਡਰਾਈਵ ਵਿਚ ਬਦਲਾਅ ਬਾਰੇ ਸੁਝਾਅ ਜਾਣ ਕੇ ਬਹੁਤ ਹੈਰਾਨੀ ਹੋਈ। ਕਮਿਊਨਿਟੀ ਲੀਗ ਬੋਰਡ ਦੀ ਮੈਂਬਰ ਵਜੋਂ ਆਪਣੇ ਤਜ਼ਰਬੇ ਦੇ ਆਧਾਰ 'ਤੇ ਉਨ੍ਹਾਂ ਕਿਹਾ ਕਿ ਇਸ ਸੁਝਾਅ ਨੂੰ ਲੈ ਕੇ ਛੇਤੀ ਹੀ ਕਾਰਵਾਈ ਆਰੰਭਣੀ ਹੋਵੇਗੀ। ਜੇਕਰ ਇਸ ਬਾਰੇ ਛੇਤੀ ਕੁਝ ਨਹੀਂ ਕੀਤਾ ਗਿਆ ਤਾਂ ਦੇਰ ਹੋ ਜਾਵੇਗੀ ਅਤੇ ਫਿਰ ਇਸ ਮਾਮਲੇ ਵਿਚ ਕੋਈ ਕੁਝ ਨਹੀਂ ਕਰ ਸਕੇਗਾ। ਉਸ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ ਆਪਣੇ ਮਿੱਤਰਾਂ ਅਤੇ ਗੁਆਂਢੀਆਂ ਨੂੰ ਮੇਲ ਭੇਜ ਕੇ ਕਰ ਦਿੱਤੀ ਹੈ ਅਤੇ ਮੁਹਿੰਮ ਨੂੰ ਤਿੱਖਾ ਕਰਨ ਲਈ ਪਰਚੇ ਵੰਡ ਰਹੀ ਹੈ। ਇਸ ਦੇ ਨਤੀਜੇ ਵਜੋਂ ਸਿਟੀ ਹਾਲ ਵਿਚ ਬਹੁਤ ਸਾਰੇ ਲੋਕਾਂ ਨੇ ਮੇਲ ਜਾਂ ਫੋਨ ਰਾਹੀਂ ਆਪਣਾ ਰੋਸ ਦਰਜ ਕਰਵਾਇਆ ਹੈ।

# ਕਲਾਸ ਸਾਈਜ਼ ਯੋਜਨਾ ਅਸਫਲ

- ਅਲਬਰਟਾ ਦੇ ਆਡੀਟਰ ਜਨਰਲ ਵਲੋਂ ਰਿਪੋਰਟ ਪੇਸ਼
- ਸਰਕਾਰ ਨੂੰ ਹੋਰ ਬਿਹਤਰ ਕਰਨ ਦੀ ਜ਼ਰੂਰਤ

**ਐਡਮਿੰਟਨ (ਨਦਬ) :** ਪਿਛਲੇ ਦਿਨੀਂ ਅਲਬਰਟਾ ਦੇ ਆਡੀਟਰ ਜਨਰਲ ਮਰਵੈਨ ਸਹੇਰ ਵਲੋਂ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿਚ ਸਰਕਾਰ ਦੀਆਂ ਨਾਕਾਮੀਆਂ ਉੱਤੇ ਚਾਨਣਾ ਪਾਇਆ ਗਿਆ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਕਲਾਸ ਸਾਈਜ਼ ਨੂੰ ਘਟਾਉਣ ਲਈ ਸਰਕਾਰ ਵਲੋਂ ਅਰਬ ਡਾਲਰ ਖਰਚ ਕੀਤੇ ਗਏ ਜਿਨ੍ਹਾਂ ਦੇ ਸਾਰਥਕ ਸਿੱਟੇ ਸਾਹਮਣੇ ਨਹੀਂ ਆਏ। ਇਸ ਤਰ੍ਹਾਂ ਸਰਕਾਰ ਵਲੋਂ ਹੋਰ ਕਈ ਖੇਤਰਾਂ ਵਿਚ ਨਿਵੇਸ਼ ਕੀਤਾ ਗਿਆ ਜਿਸ ਦੇ ਨਤੀਜੇ ਨਾਗਰਿਕਾਂ ਲਈ ਨਿਰਾਸ਼ਾ ਪੈਦਾ ਕਰਦੇ ਹਨ।

ਕਲਾਸ ਸਾਈਜ਼ ਨੂੰ ਲੈ ਕੇ ਮੈਰਵਨ ਨੇ ਕਿਹਾ ਕਿ ਅਲਬਰਟਾ ਵਾਸੀ ਹੋਣ ਦੇ ਨਾਤੇ ਇਸ ਖੇਤਰ ਵਿਚ ਕੀਤੀ ਗਈ ਪਹਿਲ ਦੇ ਨਤੀਜੇ ਮੈਨੂੰ ਵੀ ਨਿਰਾਸ਼ ਕਰਦੇ ਹਨ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਮੈਰਵਨ ਨੇ ਸਿੱਖਿਆ ਵਿਭਾਗ ਨੂੰ ਸਿਫ਼ਾਰਸ਼ ਕੀਤੀ ਹੈ ਕਿ ਜੇਕਰ ਇਸ ਖੇਤਰ ਵਿਚ ਨਤੀਜਿਆਂ 'ਤੇ ਨਜ਼ਰ ਰੱਖਣੀ ਹੈ ਤਾਂ ਵਿਸ਼ੇਸ਼ ਤੌਰ 'ਤੇ ਕਾਰਜ ਯੋਜਨਾ ਬਣਾਉਣ ਦੀ ਜ਼ਰੂਰਤ ਹੈ। ਦੱਸਣਾ ਬਣਦਾ ਹੈ ਕਿ ਕਲਾਸ ਸਾਈਜ਼ ਨੂੰ ਲੈ ਕੇ ਪ੍ਰੋਗਰਾਮ 2004 ਵਿਚ 2.7 ਅਰਬ ਨਾਲ ਸ਼ੁਰੂ ਹੋਇਆ ਸੀ। ਇਸ ਪ੍ਰੋਗਰਾਮ ਅਧੀਨ 2017-18 ਦੇ ਵਿੱਤੀ ਵਰ੍ਹੇ ਵਿਚ 293 ਮਿਲੀਅਨ ਡਾਲਰ ਖਰਚੇ ਜਾਣੇ ਹਨ।

ਅਲਬਰਟਾ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ ਗ੍ਰੈਗ ਜੈਫ਼ਰੀ ਦਾ ਕਹਿਣਾ ਹੈ ਕਿ ਇਸ ਸਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਲੇ ਪਾੜੇ ਨੂੰ ਭਰਨ ਲਈ 2000 ਹੋਰ ਅਧਿਆਪਕਾਂ ਦੀ ਜ਼ਰੂਰਤ ਹੈ।




Sweet and Sassy Hair Saloon

Licenced Haristylist

Sandy Sandhu

(with over 12 years experience)

7808500752

5716 19 Ave SW Edmonton, Only Appointments ravpreetsandhu@gmail.com

Emergency Service 24x7

Free Estimate with Treatment

GOLDEN ARROW PEST CONTROL INC.



CALL @ 780-462-6669

Specializing in:

Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:

&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)

Expert Certified Service Technician

780 243 6705

908-77 AVE NW, Edmonton AB T6P 1M2

info@goldenarrowpestcontrol.com www.goldenarrowpestcontrol.com

# ਬਠਿੰਡਾ : ਅਗਲੀ ਵਾਰ ਦਰਾਣੀ-ਜਠਾਣੀ 'ਚ ਖੜਕ ਸਕਦਾ ਹੈ ਸਿਆਸੀ ਖੰਡਾ

## ਵੀਨੂੰ ਬਾਦਲ ਦੀਆਂ ਨਿੱਤ ਦੀਆਂ ਸਰਗਰਮੀਆਂ ਤੋਂ ਚਰਚਾ ਹੋਈ ਸ਼ੁਰੂ; ਲੋਕ ਸਭਾ ਚੋਣਾਂ 'ਚ ਹੋ ਸਕਦੀ ਹੈ ਕਾਂਗਰਸੀ ਦੀ ਉਮੀਦਵਾਰ

**ਬਠਿੰਡਾ (ਨਦਬ)** : ਬਠਿੰਡਾ ਸੰਸਦੀ ਹਲਕੇ 'ਚ ਅਗਲਾ ਚੋਣ ਦੰਗਲ ਦਰਾਣੀ-ਜਠਾਣੀ ਦਰਮਿਆਨ ਹੋ ਸਕਦਾ ਹੈ। ਭਾਵੇਂ ਹਾਲੇ ਇਹ ਸਭ ਕਾਸੇ ਨੂੰ ਕਾਫ਼ੀ ਵਕਤ ਹੈ, ਪਰ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਦੀ ਪਤਨੀ ਵੀਨੂੰ ਬਾਦਲ ਦੀਆਂ ਬਠਿੰਡਾ ਸ਼ਹਿਰ 'ਚ ਲਗਾਤਾਰ ਸਰਗਰਮੀਆਂ ਤੋਂ ਨਵੇਂ ਚਰਚੇ ਛਿੜੇ ਹਨ। ਸ੍ਰੀ ਬਾਦਲ ਦੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਨੇੜਤਾ ਨੇ ਚਰਚਾ ਨੂੰ ਹੋਰ ਖੰਭ ਲਾ ਦਿੱਤੇ ਹਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਵਲੋਂ ਹਰਸਿਮਰਤ ਕੌਰ ਬਾਦਲ ਦਾ 2019 ਦੀਆਂ ਲੋਕ ਸਭਾ ਚੋਣਾਂ ਬਠਿੰਡਾ ਹਲਕੇ ਤੋਂ ਲੜਨਾ ਤੈਅ ਹੈ।

ਕਾਂਗਰਸ ਹਾਈਕਮਾਂਡ ਨਵੇਂ ਉਭਰ ਰਹੇ ਸਿਆਸੀ ਹਾਲਾਤ ਦੇ ਮੱਦੇਨਜ਼ਰ ਵੀਨੂੰ ਬਾਦਲ ਨੂੰ ਅੱਗੇ ਕਰ ਸਕਦੀ ਹੈ। ਵੀਨੂੰ ਨੇ ਵਿਸ਼ੇਸ਼ ਗੱਲਬਾਤ ਦੌਰਾਨ ਅਗਾਮੀ ਚੋਣ ਲੜਨ ਦੀ ਗੱਲ ਸਿੱਧੀ ਤਾਂ ਨਹੀਂ ਕਬੂਲੀ ਪਰ ਇਨਕਾਰ ਵੀ ਨਹੀਂ ਕੀਤਾ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਚੋਣ ਲੜਨ ਬਾਰੇ ਤਾਂ ਹਾਲੇ ਪਰਿਵਾਰ 'ਚ ਵੀ ਵਿਚਾਰ ਨਹੀਂ ਹੋਈ। ਬਾਕੀ ਵੋਟਾਂ ਵਿਚ ਹਾਲੇ ਸਮਾਂ ਪਿਆ ਹੈ। ਜਦੋਂ ਪੁੱਛਿਆ ਗਿਆ ਕਿ ਕਾਂਗਰਸ ਹਾਈਕਮਾਂਡ ਵਲੋਂ ਬਠਿੰਡਾ ਤੋਂ ਚੋਣ ਲੜਨ ਦਾ ਹੁਕਮ ਦੇਣ ਦੀ ਸੂਰਤ ਵਿਚ ਉਨ੍ਹਾਂ ਦਾ ਕੀ ਫੈਸਲਾ ਹੋਵੇਗਾ, ਤਾਂ ਵੀਨੂੰ ਬਾਦਲ ਨੇ ਆਖਿਆ; ਜਦੋਂ ਸਮਾਂ ਆਵੇਗਾ ਉਦੋਂ ਸੋਚਾਂਗੇ। ਹਾਲੇ ਤਾਂ ਕੰਮ 'ਤੇ ਹੀ ਧਿਆਨ ਹੈ।

ਸਰਗਰਮ ਸਿਆਸਤ 'ਚ ਆਉਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਆਖਿਆ ਕਿ ਚੋਣਾਂ 'ਚ ਪੂਰਾ ਪਰਿਵਾਰ ਹੀ ਜ਼ਿੰਮੇਵਾਰੀ ਚੁੱਕਦਾ ਹੈ। ਮਨਪ੍ਰੀਤ ਦੀ ਚੋਣ ਵਿਚ



ਪੂਰਾ ਪਰਿਵਾਰ ਹੀ ਤੁਰਿਆ ਸੀ। ਦੱਸਣਯੋਗ ਹੈ ਕਿ ਵੀਨੂੰ ਬਾਦਲ ਨੇ 3 ਫਰਵਰੀ ਤੋਂ ਬਠਿੰਡਾ ਵਿਚ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਜਿਸ ਤੋਂ ਸਿਆਸੀ ਹਲਚਲ ਸ਼ੁਰੂ ਹੋ ਗਈ ਹੈ।

ਲੋਕ ਸਭਾ ਚੋਣਾਂ 2009 'ਚ ਬਠਿੰਡਾ ਹਲਕੇ ਤੋਂ ਹਰਸਿਮਰਤ ਦੇ ਮੁਕਾਬਲੇ ਕੈਪਟਨ ਅਮਰਿੰਦਰ ਸਿੰਘ ਦੇ ਲੜਕੇ ਰਣਇੰਦਰ ਸਿੰਘ ਨੇ ਚੋਣ ਲੜੀ ਸੀ ਅਤੇ ਉਹ ਹਾਰ ਗਏ ਸਨ। ਪਿਛਲੀਆਂ 2014 ਦੀਆਂ ਚੋਣਾਂ 'ਚ ਮਨਪ੍ਰੀਤ ਬਾਦਲ ਦੀ ਹਰਸਿਮਰਤ ਤੋਂ ਬਹੁਤ ਘੱਟ ਵੋਟਾਂ ਨਾਲ ਹਾਰ ਹੋਈ ਸੀ। ਸਿਆਸੀ ਮਾਹਰ ਕਿਆਸ ਲਾਉਂਦੇ ਹਨ ਕਿ ਰਣਇੰਦਰ ਸਿੰਘ ਦਾ ਹੁਣ ਬਠਿੰਡਾ ਤੋਂ ਮੈਦਾਨ ਵਿਚ ਉਤਰਨਾ ਮੁਸ਼ਕਲ ਹੈ। ਕਾਂਗਰਸ



ਹਕੂਮਤ ਬਣਨ ਮਗਰੋਂ ਵੀ ਰਣਇੰਦਰ ਸਿੰਘ ਨੇ ਕਦੇ ਬਠਿੰਡਾ ਹਲਕੇ ਦਾ ਜਨਤਕ ਗੇੜਾ ਨਹੀਂ ਮਾਰਿਆ।

ਮਨਪ੍ਰੀਤ ਬਾਦਲ ਖੁਦ ਇਸ ਵਕਤ ਵਿੱਤ ਮੰਤਰੀ ਹਨ। ਕਾਂਗਰਸੀ ਰਣਨੀਤੀ ਹੋ ਸਕਦੀ ਹੈ ਕਿ ਬਾਦਲ ਪਰਿਵਾਰ ਦੀ ਮੁੜ ਲੋਕ ਸਭਾ ਚੋਣਾਂ 'ਚ ਆਪਸੀ ਸਿਆਸੀ ਟੱਕਰ ਕਰਾ ਦਿੱਤੀ ਜਾਵੇ। ਵੀਨੂੰ ਬਾਦਲ ਦਾ ਕਹਿਣਾ ਸੀ ਕਿ ਉਹ ਬਠਿੰਡਾ ਦੇ ਸਾਰੇ ਵਾਰਡਾਂ ਵਿਚ ਮੀਟਿੰਗਾਂ ਦਾ ਦੌਰ ਮੁਕੰਮਲ ਕਰਨਗੇ ਅਤੇ ਇਸ ਦਾ ਚੋਣਾਂ ਨਾਲ ਕੋਈ ਤੁਅੱਲਕ ਨਹੀਂ ਹੈ। ਚੋਣਾਂ ਵਿਚ ਲੋਕਾਂ ਨਾਲ ਕੀਤੇ ਵਾਅਦਿਆਂ ਦੀ ਪੂਰਤੀ ਹਿੱਤ ਉਹ ਵਾਰਡਾਂ 'ਚ ਜਾ ਰਹੇ ਹਨ।

ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ 'ਚ ਪ੍ਰਚਾਰ ਦੌਰਾਨ ਵੀਨੂੰ ਬਾਦਲ ਦੇ ਪੈਰ 'ਤੇ ਸੱਟ ਲੱਗ ਪਈ ਸੀ ਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਰਹਿਣਾ ਪਿਆ ਸੀ।

ਵੀਨੂੰ ਨੇ ਦੱਸਿਆ ਕਿ ਹੁਣ ਵੀ ਉਹ ਸਵੇਰੇ ਰੋਜ਼ਾਨਾ ਪਹਿਲਾਂ ਇਕ ਘੰਟਾ ਜਿੰਮ ਜਾਂਦੇ ਹਨ ਅਤੇ ਫਿਜ਼ਿਓਥੈਰਪੀ ਕਰਾਉਂਦੇ ਹਨ। ਮਗਰੋਂ ਮੀਟਿੰਗਾਂ ਸ਼ੁਰੂ ਹੋ ਜਾਂਦੀਆਂ ਹਨ। ਸੂਤਰਾਂ ਮੁਤਾਬਕ ਹਰਸਿਮਰਤ ਕੌਰ ਬਾਦਲ ਨੇ ਵੀ ਆਪਣੇ ਵਿਰੋਧੀ ਉਮੀਦਵਾਰ ਬਾਰੇ ਹੁਣੇ ਕਨਸੋਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ।

### ਸਾਰੇ ਸਾਲੇ ਇਕੋ ਜਿਹੇ ਨਹੀਂ ਹੁੰਦੇ : ਵੀਨੂੰ ਬਾਦਲ

ਵੀਨੂੰ ਬਾਦਲ ਨੇ ਆਪਣੇ ਭਰਾ ਜੈਜੀਤ ਜੌਹਲ ਉਰਫ਼ ਜੋਜੋ ਉਤੇ ਸੁਖਬੀਰ ਬਾਦਲ ਵਲੋਂ ਉਂਗਲ ਉਠਾਏ ਜਾਣ ਦੇ ਜੁਆਬ ਵਿਚ ਤਿੱਖੀ ਸੁਰ 'ਚ ਆਖਿਆ ਕਿ 'ਸਾਰੇ ਸਾਲੇ ਇਕੋ ਜਿਹੇ ਨਹੀਂ ਹੁੰਦੇ'। ਉਨ੍ਹਾਂ ਆਖਿਆ, "ਸਾਡੇ ਪਰਿਵਾਰ ਕੋਲ ਅੱਜ ਵੀ ਜੱਦੀ-ਪੁਸ਼ਤੀ ਜਾਇਦਾਦ ਹੈ ਤੇ ਵਿਰੋਧੀ ਸਾਡੇ ਕੰਮ ਤੋਂ ਘਬਰਾ ਕੇ ਇਲਜ਼ਾਮ ਲਾ ਰਹੇ ਹਨ।" ਉਨ੍ਹਾਂ ਆਖਿਆ ਕਿ ਮਜੀਠੀਆ ਬਾਰੇ ਕੋਈ ਕਿਉਂ ਨਹੀਂ ਬੋਲਦਾ। ਉਨ੍ਹਾਂ ਇਸ ਨੂੰ 'ਉਲਟਾ ਚੋਰ ਕੋਤਵਾਲ ਨੂੰ ਡਾਂਟੇ' ਵਾਲੀ ਗੱਲ ਆਖਿਆ। ਉਨ੍ਹਾਂ ਤਾਂ ਜੈਜੀਤ ਨੂੰ ਇਲਜ਼ਾਮ ਲਾਉਣ ਵਾਲਿਆਂ 'ਤੇ ਹੱਤਕ ਇੱਜ਼ਤ ਦਾ ਦਾਅਵਾ ਕਰਨ ਦੀ ਸਲਾਹ ਵੀ ਦਿੱਤੀ ਸੀ।

## ਸ਼ਹੀਦ ਭਗਤ ਸਿੰਘ ਦੇ ਜੀਵਨ ਦੀਆਂ ਘਟਨਾਵਾਂ ਨੂੰ ਪੇਸ਼ ਕਰੇਗਾ ਮਿਊਜ਼ੀਅਮ, 23 ਮਾਰਚ ਨੂੰ ਲੋਕਅਰਪਣ ਦੀ ਤਿਆਰੀ

# 1980 'ਚ ਬਣੇ ਭਗਤ ਸਿੰਘ ਦੇ ਬੁੱਤ ਨੂੰ ਦਿੱਤਾ ਜਾ ਰਿਹੈ ਨਵਾਂ ਰੂਪ



**ਬੰਗਾ (ਨਦਬ)** : ਪੜ੍ਹਨ ਜਾਂ ਸੁਣਨ ਤੋਂ ਵੱਧ ਅਸਰ ਵੇਖਣ ਤੇ ਮਹਿਸੂਸ ਕਰਨ ਤੋਂ ਹੁੰਦਾ ਹੈ। ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜਕਲਾਂ ਦੇ ਨਵੇਂ ਮਿਊਜ਼ਿਅਮ 'ਚ ਵੀ ਆਜ਼ਾਦੀ ਦੀ ਜੰਗ 'ਚ ਸ਼ਹੀਦਾਂ ਦੀ ਬਹਾਦਰੀ ਅਤੇ ਯੋਗਦਾਨ ਨੂੰ ਵਿਖਾਉਣ ਤੇ ਮਹਿਸੂਸ ਕਰਵਾਉਣ ਦਾ ਪੂਰਾ ਪ੍ਰਬੰਧ ਹੋ ਗਿਆ ਹੈ।

ਜੰਗ-ਏ-ਆਜ਼ਾਦੀ 'ਚ ਪੰਜਾਬ ਦੇ ਯੋਗਦਾਨ ਅਤੇ ਸ਼ਹੀਦ ਭਗਤ ਸਿੰਘ ਦੇ ਜੀਵਨ ਦੀਆਂ ਘਟਨਾਵਾਂ ਨੂੰ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜੀ ਹਰ ਛੋਟੀ-ਵੱਡੀ ਘਟਨਾ ਇਸ ਮਿਊਜ਼ਿਅਮ ਦਾ ਹਿੱਸਾ ਬਣੇਗੀ। ਅਪ੍ਰੈਲ 1929 'ਚ ਸੈਂਟਰਲ ਅਸੈਂਬਲੀ ਹਾਲ 'ਚ ਸ਼ਹੀਦ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਵਲੋਂ ਸੁੱਟੇ ਗਏ ਬੰਬ ਦੀ ਘਟਨਾ ਨੂੰ ਦਰਸ਼ਾਉਣ ਲਈ ਅਸੈਂਬਲੀ ਹਾਲ ਦਾ ਮਾਡਲ ਤਿਆਰ ਕੀਤਾ ਗਿਆ ਹੈ, ਜਦਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਜੇਲ੍ਹ 'ਚ ਬਤੀਤ ਕੀਤੇ ਗਏ ਸਮੇਂ ਨੂੰ ਦਰਸ਼ਾਉਣ ਲਈ ਮਿਊਜ਼ਿਅਮ 'ਚ ਜੇਲ੍ਹ ਵੀ ਬਣਾਈ ਗਈ ਹੈ। ਇਸ ਤੋਂ ਇਲਾਵਾ ਲਾਹੌਰ ਰੇਲਵੇ ਸਟੇਸ਼ਨ, ਲਾਹੌਰ ਪੁਲਿਸ ਹੈੱਡ ਕੁਆਰਟਰ ਆਦਿ ਦੇ ਮਾਡਲ ਵੀ ਖਟਕੜਕਲਾਂ ਪਹੁੰਚ ਗਏ ਹਨ। ਜਲਿਆਂਵਾਲਾ ਬਾਗ ਦੀ ਘਟਨਾ ਨੂੰ ਲਾਈਟ ਐਂਡ ਸਾਊਂਡ ਨਾਲ ਇੰਝ ਪੇਸ਼ ਕੀਤਾ ਜਾਵੇਗਾ ਕਿ ਲੋਕਾਂ ਨੂੰ ਲੱਗੇਗਾ ਕਿ ਉਹ ਵੀ ਘਟਨਾ ਦਾ ਹਿੱਸਾ ਹਨ, ਜਦਕਿ ਹੋਰ ਘਟਨਾਵਾਂ ਨੂੰ ਛੋਟੇ-ਛੋਟੇ ਮਾਡਲਾਂ ਰਾਹੀਂ ਪੇਸ਼ ਕੀਤਾ ਜਾਵੇਗਾ।



ਜਲਿਆਂਵਾਲਾ ਬਾਗ :
ਸ੍ਰੀ ਅੰਮ੍ਰਿਤਸਰ ਸਾਹਿਬ 'ਚ 13 ਅਪ੍ਰੈਲ 1919 'ਚ ਜਲਿਆਂਵਾਲਾ ਬਾਗ ਦੀ ਘਟਨਾ ਨੂੰ ਪੇਸ਼ ਕਰਨ ਲਈ ਮਿਊਜ਼ੀਅਮ 'ਚ ਬਣਾਇਆ ਗਿਆ ਤੋਲ ਦਾ ਮਾਡਲ।




ਲਾਈਫ ਗੈਲਰੀ :
ਸ਼ਹੀਦ ਭਗਤ ਸਿੰਘ ਦੇ ਸਕੂਲ-ਕਾਲਜ ਤੇ ਕ੍ਰਾਂਤੀਕਾਰੀਆਂ ਨਾਲ ਜੁੜਨ। ਸਾਂਡਰਸ ਹੱਤਿਆ ਕਾਂਡ ਤੇ ਲਾਹੌਰ ਸਟੇਸ਼ਨ ਤੋਂ ਪੁਲਿਸ ਨੂੰ ਚਕਮ ਦੇਣ ਲਈ ਪਛਾਣ ਬਦਲਣਾ।



ਜੇਲ੍ਹ ਗੈਲਰੀ :
ਜੇਲ੍ਹ ਦੇ ਮਾਡਲ 'ਚ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਜੇਲ੍ਹ 'ਚ ਬਿਤਾਏ ਦਿਨਾਂ ਨੂੰ ਪੇਸ਼ ਕੀਤਾ ਜਾਵੇਗਾ। ਅਸੈਂਬਲੀ ਹਾਲ ਦਾ ਮਾਡਲ ਵੀ ਬਣਾਇਆ ਹੈ।

# ਕੈਨੇਡਾ 'ਚ ਪੰਜਾਬੀ ਪਾੜ੍ਹਿਆਂ ਦੇ ਹਾਲਾਤ ਮਾੜੇ

**ਚੰਡੀਗੜ੍ਹ (ਨਦਬ)** : "ਪੰਜਾਬ ਵਿਚ ਕਰੀਬ ਹਰ ਸਾਲ ਇਕ ਲੱਖ ਤੋਂ ਵੱਧ ਵਿਦਿਆਰਥੀ ਕੈਨੇਡਾ ਵਿਚ ਪੜ੍ਹਨ ਲਈ ਜਾ ਰਹੇ ਹਨ, ਜੋ ਕਿ 88 ਹਜ਼ਾਰ ਕਰੋੜ ਰੁਪਏ ਫੀਸ ਕੈਨੇਡਾ ਦੀਆਂ ਵੱਖ ਵੱਖ ਸੰਸਥਾਵਾਂ ਵਿਚ ਭਰ ਰਹੇ ਹਨ। ਵਿਦੇਸ਼ਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਹਾਲਾਤ ਚਿੰਤਾਜਨਕ ਹਨ। ਆਪਣੇ ਫੀਸਾਂ ਭਰਨ ਲਈ ਨੌਜਵਾਨਾਂ ਨੂੰ ਗ਼ਲਤ ਕੰਮ ਕਰਨੇ ਪੈ ਰਹੇ ਹਨ, ਇੱਥੋਂ ਤੱਕ ਕਿ ਆਪਣਾ ਸਰੀਰ ਵੇਚਣ ਲਈ ਵੀ ਮਜਬੂਰ ਹਨ।" ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੰਡੀਗੜ੍ਹ ਵਿਚ ਚੱਲ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਪਰਵਾਸੀ ਸੈਸ਼ਨ ਦੌਰਾਨ ਵਿਦੇਸ਼ਾਂ ਤੋਂ ਆਏ ਵੱਖ-ਵੱਖ ਬੁਲਾਰਿਆਂ ਨੇ ਕੀਤਾ।

ਪਰਵਾਸੀ ਸੈਸ਼ਨ ਵਿਚ ਕੈਨੇਡਾ ਤੋਂ ਆਏ ਸੁੱਖੀ ਬਾਠ, ਇਕਬਾਲ ਮਾਹਲ, ਮਨਮੋਹਨ ਮਹੇੜੂ, ਹਰਜੀਤ ਅਟਵਾਲ ਤੇ ਜੈਦੀਪ ਸਿੰਘ ਨੇ ਹਿੱਸਾ ਲਿਆ। ਇਸ ਮੌਕੇ ਸੁੱਖੀ ਬਾਠ ਨੇ ਕਿਹਾ ਕਿ ਪਿਛਲੇ ਸਾਲ ਕਰੀਬ ਇਕ ਲੱਖ ਵਿਦਿਆਰਥੀ ਪੰਜਾਬ ਤੋਂ ਪੜ੍ਹਨ ਦੇ ਲਈ ਕੈਨੇਡਾ ਗਏ ਹਨ, ਜਿਨ੍ਹਾਂ ਨੇ 88 ਹਜ਼ਾਰ ਕਰੋੜ ਰੁਪਏ ਕਰੀਬ ਆਪਣੀ ਫੀਸ ਭਰੀ ਹੈ। ਉਨ੍ਹਾਂ ਕਿਹਾ ਕਿ ਬਹੁਤੇ ਲੋਕ ਆਪਣੇ ਬੱਚਿਆਂ ਨੂੰ ਦੇਖੋ-ਦੇਖੀ ਬਾਹਰ ਭੇਜ ਰਹੇ ਹਨ, ਇੱਥੋਂ ਤੱਕ ਕਿ ਕਈ ਵਿਦਿਆਰਥੀ ਉਨ੍ਹਾਂ ਕੋਲ ਪੰਜਾਬ ਭਵਨ ਆਉਂਦੇ ਹਨ, ਜਿਨ੍ਹਾਂ ਕੋਲ ਫੀਸ ਭਰਨ ਲਈ ਪੈਸੇ ਨਹੀਂ ਹੁੰਦੇ ਹਨ ਅਤੇ ਨਾ ਰੋਟੀ ਖਾਣ ਲਈ ਪੈਸੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕੁਝ ਵਿਦਿਆਰਥੀ ਉਥੇ ਅਜਿਹੇ ਵੀ ਹਨ, ਜਿਨ੍ਹਾਂ ਨੇ ਪੈਸਾ ਇਕੱਠਾ ਕਰਨ ਲਈ ਗ਼ਲਤ ਰਸਤੇ ਅਪਣਾ ਲਏ ਹਨ, ਜੋ ਨਸ਼ੇ ਵੇਚਣ ਲੱਗ ਗਏ ਹਨ ਤੇ ਇੱਥੋਂ ਤੱਕ ਕਿ ਆਪਣਾ ਸਰੀਰ ਵੀ ਵੇਚ ਰਹੇ ਹਨ। ਉਨ੍ਹਾਂ ਕਿਹਾ ਇਹ ਵੀ ਕਿਹਾ ਕਿ ਬਹੁਤੇ ਵਿਦਿਆਰਥੀਆਂ ਉਤੇ ਸਾਨੂੰ ਮਾਣ ਵੀ ਮਹਿਸੂਸ ਹੁੰਦਾ ਹੈ। ਪਰਵਾਸੀ ਬੁਲਾਰਿਆਂ ਨੇ ਇਹ ਵੀ ਕਿਹਾ ਕਿ ਲੋਕ ਵਿਦੇਸ਼ ਜਾਣ ਦੇ ਚੱਕਰ 'ਚ ਇਹ ਵੀ ਨਹੀਂ ਪਤਾ ਕਰਦੇ ਕਿ ਜਿਨ੍ਹਾਂ ਯੂਨੀਵਰਸਿਟੀਆਂ ਜਾਂ ਕਾਲਜਾਂ ਵਿਚ ਦਾਖ਼ਲਾ ਹੋ ਰਿਹਾ ਹੈ, ਉਹ ਕਿਤੇ ਜਾਅਲੀ ਤਾਂ ਨਹੀਂ ਹੈ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਰੁਜ਼ਗਾਰਸ਼ੁਦਾ ਨੌਜਵਾਨਾਂ ਦੇ ਨਿਯੁਕਤੀ ਪੱਤਰਾਂ 'ਤੇ ਹੀ ਲੱਗੇਗੀ ਸਰਕਾਰੀ ਮੋਹਰ!

ਪੰਜਾਬ ਸਰਕਾਰ ਵਲੋਂ ਲੁਧਿਆਣਾ ਵਿਚ ਕੀਤਾ ਜਾਣ ਵਾਲਾ ਰੁਜ਼ਗਾਰ ਸਿਰਜਣ ਜਾਂ ਕਹਿ ਲਵੋ ਰੁਜ਼ਗਾਰ ਵੰਡ ਮੇਲਾ ਵੀ ਮਹਿਜ਼ ਪ੍ਰਚਾਰ ਕਾਰਵਾਈ ਹੀ ਬਣਦਾ ਜਾਪਦਾ ਹੈ। ਅਜਿਹੇ ਪਹਿਲੇ ਮੇਲਿਆਂ



ਵਾਂਗ ਇਸ ਮੇਲੇ ਵਿਚ ਵੀ ਪਿਛਲੇ ਇਕ ਸਾਲ ਦੌਰਾਨ ਪ੍ਰਾਈਵੇਟ ਸੈਕਟਰ ਜਾਂ ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਪਹਿਲਾਂ ਹੀ ਰੁਜ਼ਗਾਰਸ਼ੁਦਾ ਨੌਜਵਾਨਾਂ ਦੇ ਨਿਯੁਕਤੀ ਪੱਤਰਾਂ ਉਤੇ ਸਰਕਾਰੀ ਮੋਹਰ ਹੀ ਲਾਈ ਜਾਣ ਵਾਲੀ ਹੈ।

ਅਧਿਕਾਰਤ ਤੌਰ 'ਤੇ ਸਰਕਾਰ ਦਾ ਦਾਅਵਾ ਹੈ ਕਿ ਇਸ ਨੇ ਆਪਣੀ ਹਕੂਮਤ ਦੇ ਬੀਤੇ ਇਕ ਸਾਲ ਦੌਰਾਨ ਇਕ ਲੱਖ ਤੋਂ ਵੱਧ ਲੋਕਾਂ ਨੂੰ ਨੌਕਰੀਆਂ ਦਿੱਤੀਆਂ ਹਨ ਜਾਂ ਰੁਜ਼ਗਾਰ ਸਿਰਜਿਆ ਹੈ। ਦੂਜੇ ਪਾਸੇ ਜ਼ਮੀਨੀ ਹਕੀਕਤ ਇਸ ਤੋਂ ਵਖਰੀ ਹੈ। ਪਹਿਲੇ ਮੇਲਿਆਂ 'ਚ ਨੌਕਰੀਆਂ ਹਾਸਲ ਕਰਨ ਵਾਲੇ ਅਨੇਕਾਂ ਨੌਜਵਾਨਾਂ ਨੇ ਘੱਟ ਤਨਖ਼ਾਹ ਤੇ ਛੋਟੀਆਂ ਕੰਪਨੀਆਂ ਕਾਰਨ ਨੌਕਰੀਆਂ ਲੈਣ ਤੋਂ ਨਾਂਹ ਕਰ ਦਿੱਤੀ ਸੀ। ਨੌਜਵਾਨਾਂ ਤੇ ਸਿੱਖਿਆ ਮਾਹਰਾਂ ਦੀ ਰਾਇ ਹੈ ਕਿ ਜੇ ਸਰਕਾਰ ਰੁਜ਼ਗਾਰ ਸਿਰਜਣਾ ਦੀ ਚਾਹਵਾਨ ਹੈ ਤਾਂ ਇਸ ਨੂੰ ਕੁਝ ਵੱਡੀਆਂ ਤੇ ਬਹੁ-ਕੌਮੀ ਕੰਪਨੀਆਂ ਨਾਲ ਜੋੜਨੀਆਂ ਚਾਹੀਦੀਆਂ ਹਨ। ਉਨ੍ਹਾਂ ਮੁਤਾਬਕ ਸਰਕਾਰ ਇਸ ਮਾਮਲੇ ਵਿਚ ਕੇਂਦਰੀ ਸਕੀਮਾਂ ਜਿਵੇਂ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤੇ ਸਟੈਂਡ ਅਪ ਇੰਡੀਆ ਨੂੰ ਹੀ 'ਘਰ ਘਰ ਨੌਕਰੀ' ਦਾ ਨਾਂ ਦੇਣ ਤੋਂ ਇਲਾਵਾ ਹੋਰ ਬਹੁਤਾ ਕੁਝ ਨਹੀਂ ਕਰ ਸਕੀ।

### ਕਿਸਾਨਾਂ ਦੀਆਂ ਮਾਤਮੀ ਧੁਨਾਂ ਦੱਬਣ ਲਈ ਪਿਆ 15 ਲੱਖੀ 'ਇਸ਼ਕ ਦਾ ਗਿੱਧਾ'



ਪੰਜਾਬ ਮੰਡੀ ਬੋਰਡ ਨੂੰ ਲੰਘੀ 7 ਜਨਵਰੀ ਨੂੰ ਮਾਨਸਾ ਦੇ 'ਕਰਜ਼ਾ ਮੁਆਫ਼ੀ ਸਮਾਰੋਹ' ਵਿਚ ਉਘੇ ਗਾਇਕ ਗੁਰਦਾਸ ਮਾਨ ਦਾ ਰੰਗਾਰੰਗ ਪ੍ਰੋਗਰਾਮ ਪੂਰੇ 15 ਲੱਖ ਰੁਪਏ ਵਿਚ ਪਿਆ। ਮਾਨਸਾ ਪ੍ਰਸ਼ਾਸਨ ਨੇ ਜੋ ਪਹਿਲੇ ਕਰਜ਼ਾ ਮੁਆਫ਼ੀ ਸਮਾਰੋਹ ਦੇ ਪ੍ਰਬੰਧ ਕੀਤੇ, ਉਨ੍ਹਾਂ 'ਤੇ 20 ਲੱਖ ਰੁਪਏ ਖ਼ਰਚਾ ਆਇਆ ਜਦਕਿ 15 ਲੱਖ ਰੁਪਏ ਇਕੱਲੇ ਗਾਇਕ ਨੂੰ ਦੇਣੇ ਪਏ ਹਨ। ਪੰਜਾਬ ਸਰਕਾਰ ਨੇ ਮਾਨਸਾ ਸਮਾਰੋਹ ਦੇ ਇੰਤਜ਼ਾਮ 'ਤੇ ਆਏ ਖ਼ਰਚੇ ਦੇ ਬਿਲ ਹਾਲੇ ਤੱਕ ਕਲੀਅਰ ਨਹੀਂ ਕੀਤੇ ਹਨ ਜਦੋਂ ਕਿ ਮੰਡੀ ਬੋਰਡ ਨੇ ਗੁਰਦਾਸ ਮਾਨ ਨੂੰ ਸਾਰੀ ਅਦਾਇਗੀ ਹੱਥੋ-ਹੱਥ ਕਰ ਦਿੱਤੀ ਹੈ। ਹੁਣ ਸਰਕਾਰ ਤਰਫ਼ੋਂ 14 ਮਾਰਚ ਨੂੰ ਨਕੋਦਰ ਵਿਖੇ 'ਕਰਜ਼ਾ ਮੁਆਫ਼ੀ ਸਮਾਰੋਹ' ਕੀਤੇ ਜਾ ਰਹੇ ਹਨ ਜਿਸ ਵਿਚ ਮਨੋਰੰਜਨ ਲਈ ਮਾਸਟਰ ਸਲੀਮ ਨੂੰ ਬੁਲਾਇਆ ਜਾ ਰਿਹਾ ਹੈ। ਕਿਸਾਨ ਧਿਰਾਂ ਨੇ ਆਖਿਆ ਕਿ ਸਰਕਾਰ ਨੇ ਮਨੋਰੰਜਨ ਸਟੇਜ ਲਗਾ ਕੇ ਕਿਸਾਨਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ। ਪਹਿਲੇ ਸਮਾਰੋਹਾਂ ਵਿਚ ਪੰਜ ਜ਼ਿਲ੍ਹਿਆਂ ਦੇ 47 ਹਜ਼ਾਰ ਕਿਸਾਨਾਂ ਦਾ ਕਰਜ਼ ਮੁਆਫ਼ ਕੀਤਾ ਗਿਆ ਜੋ ਕਰੀਬ 167 ਕਰੋੜ ਰੁਪਏ ਬਣਦਾ ਹੈ। ਲੋਕ ਸੰਪਰਕ ਵਿਭਾਗ ਨੇ ਆਰਟੀਆਈ ਸੂਚਨਾ 'ਚ ਦੱਸਿਆ ਕਿ ਵਿਭਾਗ ਨੇ ਮਾਨਸਾ ਸਮਾਰੋਹਾਂ 'ਤੇ ਕੋਈ ਖਰਚਾ ਨਹੀਂ ਕੀਤਾ ਹੈ ਅਤੇ ਗੁਰਦਾਸ ਮਾਨ ਦੀ ਅਦਾਇਗੀ ਵੀ ਪੰਜਾਬ ਮੰਡੀ ਬੋਰਡ ਵਲੋਂ ਕੀਤੀ ਗਈ ਹੈ। ਮਾਨਸਾ ਸਮਾਰੋਹਾਂ ਵਿਚ ਜੋ ਟੈਂਟ ਲਾਇਆ ਗਿਆ, ਉਹ ਫ਼ਰਮ ਪਟਿਆਲਾ ਤੋਂ ਸੀ ਅਤੇ ਉਸ ਦਾ ਬਿੱਲ ਕਰੀਬ 11 ਲੱਖ ਰੁਪਏ ਦਾ ਬਣਿਆ ਹੈ। ਤਿੰਨ ਲੱਖ ਦਾ ਖਰਚਾ ਲੰਗਰ ਦਾ ਰਿਹਾ ਹੈ। ਮਾਨਸਾ ਪ੍ਰਸ਼ਾਸਨ ਕੋਲ ਟੈਂਟ, ਸਾਊਂਡ, ਲੰਗਰ, ਫੁੱਲਾਂ, ਬੈਨਰਾਂ 'ਤੇ ਕਰੀਬ 20 ਲੱਖ ਰੁਪਏ ਦੇ ਬਿੱਲ ਪੁੱਜੇ ਹਨ।

### ਨਵਿਆਂ ਨੂੰ ਤਾਂ ਕੀ ਦੇਣੀ ਸੀ ਨੌਕਰੀ, ਪੁਰਾਣੇ ਵੀ ਕੱਢਣ ਦੀ ਤਿਆਰੀ

ਪੰਜਾਬ ਦੇ ਗ਼ੈਰ-ਸਰਕਾਰੀ ਕਾਲਜਾਂ ਵਿਚ ਪ੍ਰੋਬੇਸ਼ਨ ਪੀਰੀਅਡ 'ਤੇ ਭਰਤੀ ਕੀਤੇ 1300 ਤੋਂ ਵੱਧ ਅਧਿਆਪਕਾਂ ਦੇ ਸਿਰ 'ਤੇ ਛਾਂਟੀ ਦੀ ਤਲਵਾਰ ਲਟਕਣ ਲੱਗੀ ਹੈ। ਤਿੰਨ ਸਾਲ ਪਹਿਲਾਂ ਭਰਤੀ ਕੀਤੇ ਕਾਲਜ ਅਧਿਆਪਕਾਂ ਨੂੰ ਅਚਨਚੇਤ ਛੁੱਟੀ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ ਅਤੇ ਪ੍ਰਸੂਤਾ ਛੁੱਟੀ ਵੀ ਨਹੀਂ ਦਿੱਤੀ ਜਾ ਰਹੀ।

ਅਪ੍ਰੈਲ 2015 ਨੂੰ ਪਹਿਲੇ ਪੜਾਅ ਵਿਚ ਭਰਤੀ ਕੀਤੇ ਸਵਾ 700 ਅਧਿਆਪਕਾਂ ਦਾ ਪ੍ਰੋਬੇਸ਼ਨ ਪੀਰੀਅਡ ਪੂਰਾ ਹੋਣ ਕਿਨਾਰੇ ਹੈ ਪਰ ਉਚੇਰੀ ਸਿੱਖਿਆ ਵਿਭਾਗ ਨੇ ਰੈਗੂਲਰ ਕਰਨ ਬਾਰੇ ਫ਼ੈਸਲਾ ਨਹੀਂ ਲਿਆ ਹੈ। ਦੂਜੇ ਪੜਾਅ ਵਿਚ 600 ਅਧਿਆਪਕ ਭਰਤੀ ਕੀਤੇ ਗਏ ਸਨ ਜਦੋਂਕਿ 600 ਹੋਰ ਭਰਤੀ ਕਰਨ ਦਾ ਅਮਲ ਵੀ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਜਾਣਕਾਰੀ ਅਨੁਸਾਰ ਉਚੇਰੀ ਸਿੱਖਿਆ ਵਿਭਾਗ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਜਵਾਬਨਾਮੇ ਵਿਚ ਕਿਹਾ ਹੈ ਕਿ ਕਾਲਜ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਬਾਰੇ ਵੀ ਉਹੋ ਫ਼ੈਸਲਾ ਲਾਗੂ ਕੀਤਾ ਜਾਵੇਗਾ, ਜਿਹੜਾ ਦੂਜੇ ਵਿਭਾਗਾਂ ਵਿਚ ਪ੍ਰੋਬੇਸ਼ਨ ਪੀਰੀਅਡ 'ਤੇ ਭਰਤੀ ਕੀਤੇ ਮੁਲਾਜ਼ਮਾਂ ਬਾਰੇ ਲਿਆ ਜਾਣਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਢੇ ਤਿੰਨ ਸਾਲ ਪਹਿਲਾਂ ਇੱਥੇ ਫੈਸਲੇ ਰਾਹੀਂ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਨੂੰ ਅਧਿਆਪਕਾਂ ਦੀਆਂ ਖ਼ਾਲੀ ਪਈਆਂ ਅਸਾਮੀਆਂ ਭਰਨ ਦੀ ਹਦਾਇਤ ਕੀਤੀ ਸੀ। ਦੂਜੇ ਪਾਸੇ ਉਚੇਰੀ ਸਿੱਖਿਆ ਵਿਭਾਗ ਵਿਚ ਕਾਲਜ ਅਧਿਆਪਕਾਂ ਦੀਆਂ ਸੇਵਾਵਾਂ ਵਧਾਉਣ ਬਾਰੇ ਕੋਈ ਹਿਲਜੁਲ ਸ਼ੁਰੂ ਨਹੀਂ ਹੋਈ ਹੈ। ਉਚੇਰੀ ਸਿੱਖਿਆ ਵਿਭਾਗ ਨੂੰ ਕਈ ਕਾਲਜ ਅਧਿਆਪਕਾਂ ਦੀਆਂ ਸ਼ਿਕਾਇਤਾਂ ਵੀ ਮਿਲੀਆਂ ਹਨ, ਜਿਨ੍ਹਾਂ ਵਿਚ ਅਚਨਚੇਤ ਛੁੱਟੀ ਨਾ ਦੇਣ ਅਤੇ ਪ੍ਰਸੂਤਾ ਛੁੱਟੀ ਟਰਕਾਉਣ ਦੇ ਦੋਸ਼ ਲਾਏ ਜਾ ਰਹੇ ਹਨ। ਕਾਲਜਾਂ ਵਿਚ ਛੁੱਟੀਆਂ ਦਾ ਕੈਲੰਡਰ ਸਬੰਧਤ ਯੂਨੀਵਰਸਿਟੀ ਵਲੋਂ ਜਾਰੀ ਕੀਤਾ ਜਾਣਾ ਹੈ, ਜਿਹੜਾ ਕਿ ਵਿਭਾਗ ਦੇ ਖੇਤਰ ਤੋਂ ਬਾਹਰ ਹੈ ਪਰ ਕਾਲਜ ਪ੍ਰਬੰਧਕ ਕਮੇਟੀਆਂ ਡੀਪੀਆਈ ਕਾਲਜਾਂ ਨੂੰ ਪ੍ਰਵਾਨਗੀ ਦਾ ਪੱਤਰ ਭੇਜ ਕੇ ਡੰਗ ਟਪਾ ਰਹੀਆਂ ਹਨ। ਵਿਭਾਗ ਦੇ ਇਕ ਉੱਚ ਅਧਿਕਾਰੀ ਨੇ ਦੱਸਿਆ ਕਿ ਅਧਿਆਪਕਾਂ ਦੀ ਨਿਯੁਕਤੀ ਦੀ ਮਿਆਦ ਅਗਲੇ ਮਹੀਨੇ ਦੇ ਸ਼ੁਰੂ ਵਿਚ ਖ਼ਤਮ ਹੋ ਰਹੀ ਹੈ ਪਰ ਸਰਕਾਰ ਵਲੋਂ ਇਨ੍ਹਾਂ ਨੂੰ ਰੈਗੂਲਰ ਕਰਨ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ। ਉਹ ਅਗਲੇ ਹਫ਼ਤੇ ਆਪਣੇ ਪੱਧਰ 'ਤੇ ਸਰਕਾਰ ਨੂੰ ਪੱਤਰ ਭੇਜ ਕੇ ਕੋਈ ਫ਼ੈਸਲਾ ਲੈਣ ਲਈ ਕਹਿਣਗੇ।

### ਕਪਤਾਨੀ ਗੇੜੇ ਨੇ ਰੇਤਾ ਲੈਣ ਵਾਲਿਆਂ ਦੇ ਮਰਵਾਏ ਚੱਕਰ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੈਲੀਕਾਪਟਰ ਰਾਹੀਂ ਦਰਿਆ 'ਚ ਨਾਜਾਇਜ਼ ਰੇਤ ਮਾਈਨਿੰਗ ਹੁੰਦੀ ਦੇਖ ਕੇ ਰੇਤ ਮਾਫ਼ੀਆ ਖ਼ਿਲਾਫ਼ ਕੀਤੀ ਕਾਰਵਾਈ ਤੋਂ ਬਾਅਦ ਸੂਬੇ ਵਿਚ ਉਸਾਰੀ ਕਰਵਾ ਰਹੇ ਲੋਕਾਂ ਨੂੰ ਲੱਭੇ 'ਤੇ ਵੀ ਰੇਤ ਨਹੀਂ ਮਿਲ ਰਹੀ। ਹਾਲਾਤ ਇਹ ਹਨ ਕਿ ਪਿਛਲੇ ਚਾਰ ਪੰਜ ਦਿਨਾਂ ਵਿਚ ਹੀ ਰੇਤ ਦੀ ਕਾਲਾਬਾਜ਼ਾਰੀ ਏਨੀ ਵੱਧ ਗਈ ਹੈ ਕਿ ਇਸ ਦੇ ਭਾਅ ਦੁੱਗਣੇ ਹੋ ਗਏ ਹਨ। ਇੰਨਾ ਹੀ ਨਹੀਂ ਦੁੱਗਣੇ ਭਾਅ 'ਤੇ ਵੀ ਰੇਤ ਲੈਣ ਲਈ ਲੋਕਾਂ ਨੂੰ ਸਿਫਾਰਸ਼ਾਂ ਲਾਉਣੀਆਂ ਪੈ ਰਹੀਆਂ ਹਨ। ਬਿਲਡਿੰਗ ਮਟੀਰੀਅਲ ਦਾ ਕੰਮ ਕਰਨ ਵਾਲੇ ਲੋਕਾਂ ਅਨੁਸਾਰ ਉਨ੍ਹਾਂ ਨੂੰ ਪੁਲੀਸ, ਸਿਆਸੀ ਲੋਕਾਂ ਤੋਂ ਲੈ ਕੇ ਮੁਹੱਲੇ ਦੇ ਮੋਹਤਬਰ ਲੋਕਾਂ ਦੇ ਫੋਨ ਆ ਰਹੇ ਹਨ। ਰੇਤ ਦਾ ਜਿਹੜਾ ਭਾਅ ਇਕ ਹਫ਼ਤਾ ਪਹਿਲਾਂ 10 ਰੁਪਏ ਪ੍ਰਤੀ ਫੁੱਟ ਸੀ, ਉਹ ਹੁਣ 20 ਰੁਪਏ ਪ੍ਰਤੀ ਫੁੱਟ ਹੋ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਬੀਤੀ 6 ਮਾਰਚ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਰਿਆ ਵਿਚ ਨਾਜਾਇਜ਼ ਮਾਈਨਿੰਗ ਹੁੰਦੀ ਦੇਖੀ ਸੀ, ਜਿਸ ਤੋਂ ਬਾਅਦ ਪੁਲੀਸ ਤੇ ਪ੍ਰਸ਼ਾਸਨ ਨੇ ਵੱਡੇ ਤੌਰ 'ਤੇ ਕਾਰਵਾਈ ਕਰਦੇ ਹੋਏ ਰੇਤ ਮਾਫ਼ੀਆ 'ਤੇ ਠੱਲ੍ਹ ਪਾਈ ਸੀ। ਇਸ ਤੋਂ ਬਾਅਦ ਸੂਬੇ ਵਿਚ ਚੱਲਣ ਵਾਲੀਆਂ ਰੇਤ ਦੀਆਂ ਜ਼ਿਆਦਾਤਰ ਖੱਡਾਂ ਬੰਦ ਹੋ ਗਈਆਂ ਹਨ। ਲੁਧਿਆਣਾ ਵਿਚ ਹੀ 17 ਥਾਵਾਂ 'ਤੇ ਰੇਤ ਦੀਆਂ ਖੱਡਾਂ ਹਨ, ਜਿਨ੍ਹਾਂ ਵਿਚੋਂ ਸਿਰਫ਼ ਇਕ ਹੀ ਸਰਕਾਰੀ ਤੌਰ 'ਤੇ ਚਲਦੀ ਸੀ, ਉਹ ਵੀ ਕੈਪਟਨ ਦੀ ਕਾਰਵਾਈ ਤੋਂ ਬਾਅਦ ਬੰਦ ਪਈ ਹੈ। ਕੁਲਵੰਤ ਸਿੰਘ ਨੇ ਦਸਿਆ ਕਿ ਉਨ੍ਹਾਂ ਨੇ 200 ਫੁੱਟ ਰੇਤ ਦੀ ਟਰਾਲੀ 4000 ਰੁਪਏ ਦੀ ਲਈ ਸੀ, ਜੋ ਹੁਣ 9000 ਰੁਪਏ 'ਚ ਮਿਲੀ ਹੈ। ਅਜਿਹਾ ਹੀ ਹਾਲ ਰੇਤ ਦੇ ਟਿੱਪਰਾਂ ਦਾ ਹੈ, ਜੋ ਪਹਿਲਾਂ 15 ਹਜ਼ਾਰ ਦਾ ਸੀ ਅਤੇ ਹੁਣ 30 ਹਜ਼ਾਰ ਰੁਪਏ ਤੱਕ ਪੁੱਜ ਗਿਆ ਹੈ।



### ਪਰਵਾਸੀ ਪੰਜਾਬੀ ਗਭਰੂਆਂ ਨੂੰ ਦਿਖਾਇਆ ਜਾਵੇਗਾ ਵਿਰਸਾ

ਪੰਜਾਬ ਦੇ ਨੌਜਵਾਨ ਤੇ ਮੁਟਿਆਰਾਂ, ਜਿਨ੍ਹਾਂ ਦੇ ਮਾਤਾ-ਪਿਤਾ, ਦਾਦਾ-ਦਾਦੀ ਜਾਂ ਵੱਡੇ-ਵਡੇਰੇ ਵਿਦੇਸ਼ਾਂ ਵਿਚ ਰਹਿੰਦੇ ਹਨ, ਲਈ ਪਰਵਾਸੀ ਭਾਰਤੀ ਮਾਮਲੇ ਵਿਭਾਗ ਨੇ 'ਕੁਨੈਕਟ ਵਿਦ ਯੂਅਰ ਰੂਟਸ' ਸਕੀਮ ਸ਼ੁਰੂ ਕੀਤੀ ਹੈ, ਜਿਸ ਤਹਿਤ ਪੰਜਾਬੀ ਮੂਲ ਦੇ ਨੌਜਵਾਨ 15-15 ਦੇ ਗਰੁੱਪਾਂ ਵਿਚ 10 ਦਿਨਾਂ ਲਈ ਪੰਜਾਬ ਵਿਚ ਆ ਸਕਣਗੇ। ਹਰ ਸਾਲ 6 ਤੋਂ 8 ਗਰੁੱਪ ਪੰਜਾਬ ਵਿਚ ਦੌਰਾ ਕਰਨਗੇ। ਡਿਪਟੀ ਕਮਿਸ਼ਨਰ ਕੁਮਾਰ ਅਮਿਤ ਨੇ ਦਸਿਆ ਕਿ ਇਹ ਸਕੀਮ ਮੁੱਖ ਮੰਤਰੀ ਗਰਿਮਾ ਗਰਾਮ ਯੋਜਨਾ ਦਾ ਹਿੱਸਾ ਹੈ, ਜਿਸ ਨੂੰ ਸ਼ੁਰੂ ਕਰਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਦੇ ਸੁਹਿਰਦ ਯਤਨ ਸ਼ਾਮਲ ਹਨ। ਇਸ ਅਧੀਨ ਪੰਜਾਬੀ ਮੂਲ ਦੇ ਨੌਜਵਾਨਾਂ ਨੂੰ ਆਪਣਾ ਵਿਰਸਾ ਜਾਣਨ ਲਈ ਆਪਣੇ ਪਿੰਡਾਂ ਅਤੇ ਸ਼ਹਿਰਾਂ ਵਿਚ ਆਉਣ ਦਾ ਮੌਕਾ ਦਿੱਤਾ ਜਾਵੇਗਾ।

### ਪੰਜਾਬੀ 'ਵਰਸਟੀ ਲਈ ਵੀ ਮੁਲਾਜ਼ਮਾਂ ਨੂੰ ਤਨਖਾਹਾਂ ਦੇਣੀਆਂ ਹੋਈਆਂ ਔਖੀਆਂ



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਿੱਤੀ ਹਾਲਤ ਡਗਮਗਾ ਗਈ ਹੈ, ਜਿਸ ਕਰ ਕੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਜੋਗੇ ਵੀ ਪੈਸੇ ਦਾ ਇੰਤਜ਼ਾਮ ਨਹੀਂ ਹੋ ਰਿਹਾ। ਅਜਿਹੇ ਵਿਚ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਮੁਲਾਜ਼ਮਾਂ ਨੂੰ ਫਰਵਰੀ ਮਹੀਨੇ ਦੀ ਤਨਖ਼ਾਹ 50 ਫ਼ੀਸਦੀ ਤੋਂ 75 ਫ਼ੀਸਦੀ ਕਟੌਤੀ ਕਰ ਕੇ ਦੇਣ ਦਾ ਪ੍ਰੋਗਰਾਮ ਵਿਉਂਤਿਆ ਜਾਣ ਲੱਗਾ ਹੈ। ਫਰਵਰੀ ਮਹੀਨੇ ਦੀ ਜਿਹੜੀ ਤਨਖ਼ਾਹ ਪਹਿਲੇ ਵਰਕਿੰਗ ਡੇਅ ਨੂੰ ਜਾਰੀ ਕੀਤੀ ਜਾਣੀ ਸੀ, ਉਹ ਕਰੀਬ ਅੱਧਾ ਮਹੀਨਾ ਹੋਣ ਦੇ ਬਾਵਜੂਦ ਨਹੀਂ ਦਿੱਤੀ ਗਈ। ਹੁਣ ਤੱਕ ਸਿਰਫ ਚੌਥਾ ਦਰਜਾ ਮੁਲਾਜ਼ਮਾਂ ਨੂੰ ਹੀ ਤਨਖ਼ਾਹ ਦਿੱਤੀ ਜਾ ਸਕੀ ਹੈ, ਜਦਕਿ ਏ ਤੇ ਬੀ ਵਰਗ ਨੂੰ ਨਾ ਤਨਖ਼ਾਹ ਤੇ ਨਾ ਹੀ ਪੈਨਸ਼ਨਰਾਂ ਨੂੰ ਪੈਨਸ਼ਨ ਜੁੜ ਸਕੀ ਹੈ। ਦੱਸਣਯੋਗ ਹੈ ਕਿ ਯੂਨੀਵਰਸਿਟੀ ਦੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਤੇ ਪੈਨਸ਼ਨਾਂ 'ਤੇ ਹਰ ਮਹੀਨੇ 27.50 ਕਰੋੜ ਦੇ ਕਰੀਬ ਅਦਾਇਗੀ ਕਰਨੀ ਪੈਂਦੀ ਹੈ, ਜਿਸ ਵਿਚੋਂ ਚੌਥਾ ਦਰਜਾ ਮੁਲਾਜ਼ਮਾਂ ਨੂੰ ਪਿਛਲੇ ਦਿਨੀਂ ਕਰੀਬ 3.50 ਕਰੋੜ ਦੀ ਤਨਖ਼ਾਹ ਹੀ ਅਦਾ ਕੀਤੀ ਜਾ ਸਕੀ ਹੈ। ਅਜਿਹੇ 'ਚ ਯੂਨੀਵਰਸਿਟੀ ਨੂੰ ਤਨਖ਼ਾਹਾਂ ਦਾ ਬੁੱਤਾ ਸਾਰਨ ਲਈ ਕਰੀਬ 24 ਕਰੋੜ ਦੀ ਹੋਰ ਲੋੜ ਹੈ, ਜੋ ਕਿ ਕਿਸੇ ਪਾਸਿਉਂ ਵੀ ਸੰਭਵ ਨਹੀਂ ਹੋ ਰਹੀ। ਪੰਜਾਬ ਸਰਕਾਰ ਵਲੋਂ ਮਹੀਨਾਵਾਰ ਦਿੱਤੀ ਜਾਣ ਵਾਲੀ 8.34 ਕਰੋੜ ਦੀ ਗ੍ਰਾਂਟ ਵੀ ਮੁਹੱਈਆ ਨਹੀਂ ਕਰਵਾਈ ਜਾ ਰਹੀ ਹੈ। ਅਜਿਹੇ ਵਿਚ ਤਨਖ਼ਾਹ ਵਿਹੂਣੇ ਮੁਲਾਜ਼ਮਾਂ ਵਿਚ ਗੁੱਸੇ ਦੀ ਲਹਿਰ ਹੈ।

### 'ਮੈਂ ਤਾਂ ਬਠਿੰਡੇ ਤੋਂ ਹੀ ਲੜਾਂਗੀ ਚੋਣ'



ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਨੇ ਸਾਰੇ ਖਦਸ਼ੇ ਖਤਮ ਕਰਦਿਆਂ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਬਠਿੰਡੇ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਹਮੇਸ਼ਾ ਹੱਦ ਤੋਂ ਵੱਧ ਪਿਆਰ ਦਿੱਤਾ ਹੈ। ਉਹ ਇਥੇ ਯਤੀਮ ਬੱਚਿਆਂ ਲਈ ਬਣੇ ਪੰਘੂੜਾ ਘਰ ਦਾ ਉਦਘਾਟਨ ਕਰਨ ਲਈ ਆਏ ਸਨ।

# ਭਾਰਤ-ਕਨੇਡਾ ਵਿਚਕਾਰ ਹੋਏ 6 ਸਮਝੌਤੇ



**ਨਵੀਂ ਦਿੱਲੀ (ਨਦਬ) :** ਕੈਨੇਡਾਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਤੋਂ ਬਾਅਦ ਹੈਦਰਾਬਾਦ ਹਾਊਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਇਕ-ਦੂਜੇ ਨਾਲ ਗਰਮਜੋਸ਼ੀ ਨਾਲ ਹੱਥ ਮਿਲਾਇਆ। ਇੱਥੇ ਦੋ-ਪੱਖੀ ਵਾਰਤਾ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ 6 ਸਮਝੌਤੇ ਹੋਏ ਹਨ।

ਗੱਲਬਾਤ ਤੋਂ ਬਾਅਦ ਦੋਹਾਂ ਨੇਤਾਵਾਂ ਨੇ ਜੁਆਇੰਟ ਪ੍ਰੈੱਸ ਕਾਨਫਰੰਸ ਕੀਤੀ। ਮੋਦੀ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਟਰੂਡੋ ਦੇ ਭਾਰਤ ਆਉਣ ਦੀ ਸਾਨੂੰ ਬਹੁਤ ਬੇਸਬਰੀ ਨਾਲ ਉਡੀਕ ਸੀ। ਸਾਨੂੰ ਖੁਸ਼ੀ ਹੈ ਕਿ ਉਹ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਨਾਲ ਭਾਰਤ ਆਏ ਹਨ। ਸਾਨੂੰ ਵੀ ਖੁਸ਼ੀ ਹੈ ਕਿ ਸਾਡੀ ਅੱਜ ਦੀ ਮੁਲਾਕਾਤ ਤੋਂ ਪਹਿਲਾਂ ਤੁਸੀਂ ਭਾਰਤ ਦੇ ਵੱਖ-ਵੱਖ ਸ਼ਹਿਰਾਂ ਦਾ ਦੌਰਾ ਕੀਤਾ।

ਭਾਰਤ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਨੇਡਾ ਨਾਲ ਰਾਜਨੀਤਿਕ ਭਾਗੀਦਾਰੀ ਨੂੰ ਅੱਗੇ ਵਧਾਉਣ ਲਈ ਭਾਰਤ ਬਹੁਤ ਵਧ ਮਹੱਤਵ ਦਿੰਦਾ ਹੈ। ਸਾਡੇ ਸੰਬੰਧ ਲੋਕਤੰਤਰ, ਬਹੁਲਵਾਦ, ਕਾਨੂੰਨ ਦੀ ਸਰਵਉਚਤਾ ਅਤੇ ਆਪਸੀ ਸੰਪਰਕ ਦੇ ਆਧਾਰ 'ਤੇ ਹੈ। ਉਨ੍ਹਾਂ ਕਿਹਾ ਹੈ ਕਿ ਅਤਿਵਾਦ ਅਤੇ ਉਗਰਵਾਦ ਦੇ ਵਿਰੋਧ ਲੜਨ ਲਈ ਪ੍ਰਧਾਨ ਮੰਤਰੀ ਟਰੂਡੋ ਅਤੇ ਮੈਂ ਸਹਿਮਤ ਹੋਏ ਹਨ। ਸਾਡੇ NSAs ਵੀ ਪਹਿਲਾਂ ਮਿਲੇ ਹਨ। ਉਨ੍ਹਾਂ ਨੇ ਅਤਿਵਾਦ ਵਿਰੋਧੀ ਅਤੇ ਹਿੰਸਕ ਅਤਿਵਾਦ 'ਤੇ ਸਹਿਯੋਗ ਲਈ ਫ੍ਰੇਮਵਰਕ ਨੂੰ ਅੰਤਿਮ ਰੂਪ ਦਿੱਤਾ ਹੈ।

# ਅਟਵਾਲ ਨੇ ਟਰੂਡੋ ਤੋਂ ਮੰਗੀ ਮੁਆਫੀ

**ਓਟਾਵਾ (ਨਦਬ) :** ਅੱਤਿਵਾਦ ਦੇ ਦੋਸ਼ ਵਿਚ ਸਜ਼ਾਯਾਫਤਾ ਜਸਪਾਲ ਅਟਵਾਲ (62) ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਮੁਆਫੀ ਮੰਗੀ ਹੈ। ਅਟਵਾਲ ਨੇ ਇਹ ਮੁਆਫੀ ਟਰੂਡੋ ਦੀ ਭਾਰਤ ਫੇਰੀ ਦੌਰਾਨ ਹੋਈ ਸ਼ਰਮਿੰਦਗੀ ਲਈ ਮੰਗੀ ਹੈ। ਅਟਵਾਲ ਨੇ ਵੈਨਕੂਵਰ ਵਿਚ ਅਖੀਰ ਆਪਣੇ ਵਕੀਲ ਦੇ ਪ੍ਰੋਗਰਾਮ ਵਿਚ ਅਪਣੀ ਸਥਿਤੀ ਸਪੱਸ਼ਟ ਕੀਤੀ। ਅਟਵਾਲ ਨੇ ਇਕ ਲਿਖਤੀ ਬਿਆਨ ਪੜ੍ਹਦਿਆਂ ਕਿਹਾ ਕਿ ਉਸ ਦੇ ਇਕ ਪ੍ਰੋਗਰਾਮ ਵਿਚ ਹਿੱਸਾ ਲੈਣ ਨੂੰ ਲੈ ਕੇ ਵਿਵਾਦ ਪੈਦਾ ਹੋਇਆ ਸੀ, ਜਿਸ ਨਾਲ ਉਸ ਨੂੰ ਬਹੁਤ ਹੈਰਾਨੀ ਹੋਈ। ਅਟਵਾਲ ਨੇ ਕਿਹਾ ਕਿ ਉਸ ਨੂੰ ਲੱਗਾ ਕਿ ਸ਼ਾਇਦ ਇਸ ਨਾਲ ਕੋਈ ਸਮੱਸਿਆ ਨਹੀਂ ਹੋਵੇਗੀ। ਸਟਾਰ ਡਾਟ ਕਾਮ ਨੇ ਅਟਵਾਲ ਦੇ ਹਵਾਲੇ ਤੋਂ ਲਿਖਿਆ ਹੈ ਕਿ ਇਸ ਮਾਮਲੇ ਨੂੰ ਲੈ ਕੇ ਕੈਨੇਡਾ, ਭਾਰਤ ਅਤੇ ਉਸ ਦੇ ਭਾਈਚਾਰੇ, ਪਰਿਵਾਰ ਤੇ ਦੋਸਤਾਂ ਨੂੰ ਜੋ ਸ਼ਰਮਿੰਦਗੀ ਹੋਈ ਹੈ ਉਸ ਲਈ ਉਹ ਖਿਮਾ ਦਾ ਯਾਚਕ ਹੈ। ਜ਼ਿਕਰਯੋਗ ਹੈ ਕਿ ਅਟਵਾਲ ਨੂੰ ਲੈ ਕੇ ਇਸ ਸਬੰਧੀ ਵਿਵਾਦ ਪਿਛਲੇ ਮਹੀਨੇ ਹੋਇਆ ਸੀ, ਜਦੋਂ ਟਰੂਡੋ ਆਪਣੇ ਪਰਿਵਾਰ ਸਮੇਤ ਭਾਰਤ ਫੇਰੀ ਉੱਤੇ ਆਏ ਹੋਏ ਸਨ। ਇਸ ਦੌਰਾਨ ਮੁੰਬਈ ਵਿਚ ਪ੍ਰੋਗਰਾਮ ਦੌਰਾਨ ਅਟਵਾਲ ਟਰੂਡੋ ਦੀ ਪਤਨੀ ਸੋਫੀ ਟਰੂਡੋ ਨਾਲ ਨਜ਼ਰ ਆਏ ਸਨ।

## ਮੋਦੀ ਨੇ ਟਰੂਡੋ ਦਾ ਗਰਮਜੋਸ਼ੀ ਨਾਲ ਕੀਤਾ ਸਵਾਗਤ

**ਨਵੀਂ ਦਿੱਲੀ (ਨਦਬ) :** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਉਨ੍ਹਾਂ ਦੇ ਪਰਿਵਾਰ ਸਣੇ ਭਾਰਤ ਦੌਰੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਰਾਸ਼ਟਰਪਤੀ ਭਵਨ 'ਚ ਬੜੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਤੇ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਹੈਦਰਾਬਾਦ



ਹਾਊਸ 'ਚ ਸਾਂਝੀ ਪ੍ਰੈਸ ਕਾਨਫਰੰਸ ਕੀਤੀ, ਜਿਥੇ ਦੋਵਾਂ ਦੇਸ਼ਾਂ ਵਿਚਾਲੇ ਕਈ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਖੁਸ਼ੀ ਪ੍ਰਗਟ ਕੀਤੀ ਕਿ ਕੈਨੇਡਾ ਦੇ ਪੀ.ਐਮ. ਆਪਣੇ ਪਰਿਵਾਰ ਸਮੇਤ ਭਾਰਤ ਦੌਰੇ 'ਤੇ ਆਏ ਹਨ। ਇਸ 'ਤੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵੀਟ ਕਰਕੇ ਕਿਹਾ ਕਿ ਭਾਰਤ ਤੇ ਕੈਨੇਡਾ ਵਿਚਾਲੇ ਹੋਏ ਇਨ੍ਹਾਂ ਸਮਝੌਤਿਆਂ ਨਾਲ ਦੋਵਾਂ ਦੇਸ਼ਾਂ ਦੇ ਆਪਸੀ ਸੰਬੰਧ ਹੋਰ ਮਜ਼ਬੂਤ ਹੋਣਗੇ।

## ਸੋਫੀ ਟਰੂਡੋ ਨੇ ਅਟਵਾਲ ਕਾਂਡ ਨੂੰ ਦੱਸਿਆ ਹੈਰਾਨੀਜਨਕ

**ਓਟਵਾ (ਨਦਬ) :** ਸੋਫੀ ਗ੍ਰੈਗੋਇਰ ਟਰੂਡੋ ਨੇ ਆਖਿਆ ਕਿ ਫਰਵਰੀ ਵਿਚ ਭਾਰਤ ਦੇ ਦੌਰੇ ਦੌਰਾਨ ਇੱਕ ਈਵੈਂਟ ਵਿਚ ਉਸਨੇ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿਚ ਦੋਸ਼ੀ ਜਸਪਾਲ ਅਟਵਾਲ ਨਾਲ ਤਸਵੀਰ ਖਿਚਵਾ ਤਾਂ ਲਈ ਪਰ ਉਸ ਨੂੰ ਉਸ ਵਿਅਕਤੀ ਦੀ ਹਕੀਕਤ ਬਾਰੇ ਜਦੋਂ ਬਾਅਦ ਵਿਚ ਪਤਾ ਲੱਗਿਆ ਤਾਂ ਉਸ ਨੂੰ ਕਾਫੀ ਹੈਰਾਨੀ ਹੋਈ।



ਇਕ ਇੰਟਰਵਿਊ ਵਿਚ ਸੋਫੀ ਨੇ ਆਖਿਆ ਕਿ ਮੁੰਬਈ ਵਿਚ ਹੋਈ ਰਿਸੈਪਸ਼ਨ ਵਿਚ ਉਹ ਪਹਿਲੀ ਵਾਰੀ ਅਟਵਾਲ ਨੂੰ ਮਿਲੀ ਸੀ। ਅਟਵਾਲ ਬੀਸੀ ਵਿਚ ਰਹਿਣ ਵਾਲਾ ਸਿੱਖ ਵਿਅਕਤੀ ਹੈ ਜਿਸ ਨੇ 1986 ਵਿਚ ਭਾਰਤ ਦੇ ਕੈਬਨਿਟ ਮੰਤਰੀ ਦਾ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਸੋਫੀ ਟਰੂਡੋ ਨੇ ਆਖਿਆ ਕਿ ਜਦੋਂ ਅਸੀਂ ਫੋਟੋ ਖਿਚਵਾਉਣ ਲਈ ਖੜ੍ਹੇ ਹੁੰਦੇ ਹਾਂ ਤੇ ਜਾਂ ਫਿਰ ਲੋਕ ਆ ਕੇ ਤਸਵੀਰ ਖਿਚਵਾਉਣ ਲਈ ਆਖਦੇ ਹਨ ਤਾਂ ਉਦੋਂ ਅਸੀਂ ਖੁਦ ਨੂੰ ਇਹੋ ਚੇਤੇ ਕਰਵਾਉਂਦੇ ਹਾਂ ਕਿ ਇਹ ਪਲ ਉਨ੍ਹਾਂ ਦੇ ਹਨ ਤੇ ਸਾਡੇ ਹਨ ਕਿਉਂਕਿ ਉਹ ਲੋਕ ਸਾਡੇ ਵਿਚ ਆਪਣਾ ਯਕੀਨ ਤੇ ਭਰੋਸਾ ਪ੍ਰਗਟਾਉਂਦੇ ਹਨ। ਸੋਫੀ ਨੇ ਅੱਗੇ ਆਖਿਆ ਕਿ ਇਹੋ ਕਾਰਨ ਹੈ ਕਿ ਉਸ ਸਮੇਂ ਅਸੀਂ ਖੁਸ਼ੀ ਖੁਸ਼ੀ ਉਨ੍ਹਾਂ ਨਾਲ ਤਸਵੀਰ ਖਿਚਵਾ ਲੈਂਦੇ ਹਾਂ, ਪਰ ਕਈ ਵਾਰੀ ਇਹੋ ਜਿਹਾ ਵੱਡਾ ਝਟਕਾ ਵੀ ਲੱਗਦਾ ਹੈ। ਇਹੋ ਜ਼ਿੰਦਗੀ ਹੈ, ਹੈ ਨਾ ? ਸੋਫੀ ਨੇ ਆਖਿਆ ਕਿ ਤੁਹਾਨੂੰ ਬਹੁਤ ਹੈਰਾਨੀ ਹੁੰਦੀ ਹੈ ਜਦੋਂ ਸਭ ਕੁੱਝ ਠੀਕ ਗਿਆ ਹੋਵੇ ਪਰ ਤੁਹਾਨੂੰ ਕਾਫੀ ਕੁੱਝ ਨਕਾਰਾਤਮਕ ਸੁਣਨ ਨੂੰ ਮਿਲੇ।

# ਕਲਾਸ ਸਾਈਜ਼ ਘਟਾਉਣ ਲਈ ਸਕੂਲਾਂ ਨੂੰ ਫੰਡ ਮੁਹੱਈਆ ਕਰਵਾਇਆ

**ਐਡਮਿੰਟਨ (ਨਦਬ) :** ਕਲਾਸ ਸਾਈਜ਼ ਘਟਾਉਣ ਲਈ ਐਡਮਿੰਟਨ ਦੇ ਸਕੂਲਾਂ ਨੂੰ ਫੰਡ ਮੁਹੱਈਆ ਕਰਵਾ ਦਿੱਤੇ ਗਏ ਹਨ। ਫੰਡਾਂ ਦੀ ਵਰਤੋਂ ਪੂਰੇ ਦਿਨ ਕਿੰਡਰਗਾਰਟਨ ਕਲਾਸ ਅਤੇ ਤਕਨੀਕੀ ਕਲਾਸ ਵਾਲੇ ਵਿਦਿਆਰਥੀਆਂ ਲਈ ਹੋਵੇਗੀ। ਦੱਸਣਾ ਬਣਦਾ ਹੈ ਕਿ 2004 ਤੋਂ ਸਰਕਾਰ ਵਲੋਂ ਲਗਾਤਾਰ ਕਲਾਸ ਸਾਈਜ਼ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਹੁਣ ਜਾ ਕੇ ਅਧਿਆਪਕਾਂ ਨੂੰ ਇਸ ਖੇਤਰ ਵਿਚ ਕੁੱਝ ਸੁਧਾਰ ਨਜ਼ਰ ਆਇਆ ਹੈ। ਐਡਮਿੰਟਨ ਪਬਲਿਕ ਟੀਚਰਜ਼ ਲੋਕਲ 37 ਦੀ ਪ੍ਰਧਾਨ ਹੈਦਰ ਕੁਵਿਨ ਦਾ ਕਹਿਣਾ ਹੈ ਕਿ ਮੈਨੂੰ ਇਹ ਕਹਿਣਾ ਚੰਗਾ ਨਹੀਂ ਲੱਗ ਰਿਹਾ ਪਰ ਕੁਝ ਅਧਿਆਪਕ ਇਸਨੂੰ ਰੁਟੀਨ ਵਜੋਂ ਲੈ ਰਹੇ ਹਨ। ਕਈ ਸਕੂਲਾਂ ਨੇ ਫੰਡ ਨੂੰ ਸਟਾਫ਼ 'ਤੇ ਖਰਚ ਕਰ ਦਿੱਤਾ ਹੈ ਜਦੋਂਕਿ ਉਨ੍ਹਾਂ ਨੂੰ ਕੰਪਿਊਟਰ ਵਰਗੀਆਂ ਚੀਜ਼ਾਂ ਦੀ ਜ਼ਰੂਰਤ ਸੀ। ਦੂਜੇ ਪਾਸੇ ਇਸ ਗੱਲ ਨੂੰ ਲੈ ਕੇ ਵੀ ਚਰਚਾ ਹੋ ਰਹੀ ਹੈ ਕਿ ਸਰਕਾਰ ਨੇ ਜਿਹੜੇ ਫੰਡ ਕਲਾਸ ਸਾਈਜ਼ ਘਟਾਉਣ ਲਈ ਸਕੂਲਾਂ ਨੂੰ ਦਿੱਤੇ ਹਨ ਉਨ੍ਹਾਂ ਦੀ ਸਹੀ ਵਰਤੋਂ ਨਹੀਂ ਹੋਈ ਤੇ ਸਰਕਾਰ ਇਸ 'ਤੇ ਨਿਗਰਾਨੀ ਰੱਖਣ ਵਿਚ ਨਾਕਾਮਯਾਬ ਰਹੀ ਹੈ। ਪਿਛਲੇ ਹਫ਼ਤੇ ਜਾਰੀ ਹੋਈ ਅਲਬਰਟਾ ਦੇ ਆਡੀਟਰ ਜਨਰਲ ਦੀ ਰਿਪੋਰਟ ਵਿਚ ਅਜਿਹਾ ਕਿਹਾ ਗਿਆ ਸੀ। ਅਲਬਰਟਾ ਕੋਲ 2007 ਤੋਂ ਲੈ ਕੇ ਕਲਾਸ ਸਾਈਜ਼ ਘਟਾਉਣ ਲਈ ਕੋਈ ਰਣਨੀਤੀ ਨਹੀਂ ਹੈ। ਇਸ ਸਾਲ ਕਲਾਸ ਸਾਈਜ਼ ਲਈ 293 ਮਿਲੀਅਨ ਡਾਲਰ ਵੰਡੇ ਗਏ ਹਨ। ਇਨ੍ਹਾਂ ਵਿਚੋਂ 18.6 ਮਿਲੀਅਨ ਐਡਮਿੰਟਨ ਕੈਥੋਲਿਕ ਸਕੂਲਾਂ ਅਤੇ 43.2 ਮਿਲੀਅਨ ਡਾਲਰ ਐਡਮਿੰਟਨ ਪਬਲਿਕ ਸਕੂਲਾਂ ਨੂੰ ਵੰਡੇ ਗਏ ਅਤੇ ਇਸ ਰਾਸ਼ੀ ਨੂੰ ਵਰਤਣ ਦੇ ਮਾਮਲੇ ਵਿਚ ਸਕੂਲ ਦੇ ਪ੍ਰਿੰਸੀਪਲ, ਸਟਾਫ਼, ਮਾਪੇ ਅਤੇ ਹੋਰ ਅਧਿਕਾਰੀ ਮਿਲ ਕੇ ਫੈਸਲਾ ਕਰਨਗੇ। ਪ੍ਰਿੰਸੀਪਲ ਇਸ ਧਨ ਨੂੰ ਅਧਿਆਪਕਾਂ ਦੀਆਂ



ਤਨਖ਼ਾਹਾਂ ਅਤੇ ਜ਼ਰੂਰਤ ਮੁਤਾਬਿਕ ਕਲਾਸਰੂਮਾਂ ਦੇ ਹੋਰ ਸਾਜ਼ੋ ਸਾਮਾਨ ਲਈ ਵਰਤ ਸਕਦਾ ਹੈ। ਹਾਲਾਂਕਿ ਐਡਮਿੰਟਨ ਦੇ ਜ਼ਿਲ੍ਹਾ ਸਕੂਲਾਂ ਵਲੋਂ ਦਾਖ਼ਲਿਆਂ ਨੂੰ ਦੇਖਦਿਆਂ ਅਧਿਆਪਕ ਜ਼ਿਆਦਾ ਭਰਤੀ ਕੀਤੇ ਗਏ ਹਨ।

## ਜਸਵੰਤ ਕੌਰ ਨਿੱਝਰ ਦਾ ਦੇਹਾਂਤ

ਐਡਮਿੰਟਨ, ਨਦਬ : ਇਹ ਖ਼ਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਇਥੋਂ ਦੇ ਵਸਨੀਕ ਸ਼੍ਰੀਮਤੀ ਜਸਵੰਤ ਕੌਰ ਨਿੱਝਰ ਦਾ ਸੰਖੇਪ ਜਿਹੀ ਬਿਮਾਰੀ ਪਿਛੋਂ ਦੇਹਾਂਤ ਹੋ ਗਿਆ। ਉਹ 65 ਸਾਲਾਂ ਦੇ ਸਨ ਅਤੇ ਲੰਮੇ ਅਰਸੇ ਤੋਂ ਆਪਣੇ ਪਰਿਵਾਰ ਸਮੇਤ ਐਡਮਿੰਟਨ ਵਿਖੇ ਰਹਿ ਰਹੇ ਸਨ। ਉਹ ਪਿਛੇ ਆਪਣੇ ਪਤੀ ਕੁਲਬੀਰ ਸਿੰਘ ਨਿੱਝਰ, ਪੁੱਤਰ ਗੁਰਪਰੀਤ ਸਿੰਘ ਨਿੱਝਰ, ਜਗਦੀਪ ਸਿੰਘ ਨਿੱਝਰ ਅਤੇ ਧੀ, ਰਜਨੀਤ ਕੌਰ ਨਿੱਝਰ, ਨੂੰਹਾਂ ਵਰਿੰਦਰ ਕੌਰ ਨਿੱਝਰ ਅਤੇ ਪਰਮਿੰਦਰ ਕੌਰ ਨਿੱਝਰ, ਜਵਾਈ ਅਮਰਪਾਲ ਸਿੰਘ ਰੰਧਾਵਾ ਅਤੇ ਪੋਤਰੇ-ਪੋਤਰੀਆਂ ਅਤੇ ਦੋਹਤੇ-ਦੋਹਤਰੀਆਂ ਦਾ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਅੰਤਮ ਸੰਸਕਾਰ ਕੌਨਲੀ-ਮਕਿਨਲੀ ਫਿਊਨਰਲ ਹੋਮ ਵਿਖੇ ਕੀਤਾ ਗਿਆ ਅਤੇ ਅੰਤਿਮ ਅਰਦਾਸ ਦੇ ਭੋਗ ਗੁਰਦੁਆਰਾ ਮਿਲਵੁਡਜ਼ ਵਿਖੇ ਪਾਏ ਗਏ। ਅਦਾਰਾ 'ਨਵੀਂ ਦੁਨੀਆ' ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 639-916-1639 ਅਤੇ 780-267-0999 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਐਡਮਿੰਟਨ ਵਿਚ ਵਾਹਨਾਂ ਦੀ ਚੋਰੀ ਬਣੀ ਵੱਡੀ ਸਮੱਸਿਆ

**ਐਡਮਿੰਟਨ (ਨਦਬ) :** ਐਡਮਿੰਟਨ ਵਿਚ ਵਾਹਨ ਚੋਰੀ ਦੇ ਮਾਮਲੇ ਦਿਨੋ ਦਿਨ ਵਧਦੇ ਹੀ ਜਾ ਰਹੇ ਹਨ। ਮਾਰਚ ਅਤੇ ਦਸੰਬਰ 2017 ਦਰਮਿਆਨ ਰਿਕਾਰਡ ਅਨੁਸਾਰ ਵਾਹਨ ਚੋਰੀ ਦੇ 931 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ 221 ਚੋਰੀ ਹੋਏ ਵਾਹਨਾਂ ਨੂੰ ਪ੍ਰਾਪਤ ਕਰ ਲਿਆ ਹੈ ਤੇ 117 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ। ਉਮੀਦ ਹੈ ਕਿ ਐਡਮਿੰਟਨ ਪੁਲਿਸ ਦਾ ਐਂਟੀ ਥੈਫ਼ਟ ਯੂਨਿਟ ਇਸ ਮਾਮਲੇ ਵਿਚ ਕੁਝ ਚੰਗੇ ਨਤੀਜੇ ਲੈ ਕੇ ਸਾਹਮਣੇ ਆਵੇਗਾ ਤੇ ਲੋਕਾਂ ਦੇ ਮਨਾਂ ਵਿਚੋਂ ਵਾਹਨ ਚੋਰੀ ਹੋਣ ਦਾ ਡਰ ਘੱਟ ਹੋਵੇਗਾ। ਇਨ੍ਹਾਂ ਮਾਮਲਿਆਂ ਨੂੰ ਦੇਖਦਿਆਂ ਟੈਕਟੀਕਲ ਰਿਸਪੌਂਸ ਟੂ ਆਟੋ ਥੈਫ਼ਟ ਪਰਵੈਨਸ਼ਨ (ਟੀਆਰਏਪੀ) ਦਾ ਗਠਨ ਕੀਤਾ ਗਿਆ ਸੀ। ਇਸ ਤਕਨੀਕੀ ਟੀਮ ਦਾ ਗਠਨ 1990 ਵਿਚ ਕੀਤਾ ਗਿਆ ਸੀ ਪਰ ਵਾਹਨਾਂ ਦੀ ਚੋਰੀ ਨੂੰ ਦੇਖਦਿਆਂ 20 17 ਵਿਚ ਇਸਨੂੰ ਮੁੜ ਤੋਂ ਸੁਰਜੀਤ ਕੀਤਾ ਗਿਆ ਹੈ। ਪਿਛਲੇ ਸਾਲ ਐਡਮਿੰਟਨ ਵਿਚ 4452 ਵਾਹਨ ਚੋਰੀ ਹੋਏ ਜੋ ਕਿ ਇਸ ਮਾਮਲੇ ਵਿਚ ਰਿਕਾਰਡ ਹੈ। ਟੀਆਰਏਪੀ ਵਲੋਂ 400 ਚੋਰਾਂ ਨੂੰ ਫੜਿਆ ਗਿਆ ਜੋ ਕਿ ਚੋਰੀ ਅਤੇ ਅਪਰਾਧ ਦੀਆਂ ਹੋਰ ਵਾਰਦਾਤਾਂ ਨਾਲ ਜੁੜੇ ਹੋਏ ਸਨ।



# ਕੈਪਟਨ ਨੇ ਦੱਸੇ 9 ਨਾਂ, ਜਸਟਿਨ ਟਰੂਡੋ ਨੇ ਕਿਹਾ – ਕਨੇਡਾ ਕਿਸੇ ਵੱਖਵਾਦੀ ਮੁਹਿੰਮ ਦਾ ਸਮਰਥਕ ਨਹੀਂ

## ਅੰਮ੍ਰਿਤਸਰ ’ਚ ਦੋਹਾਂ ਆਗੂਆਂ ਵਿਚਕਾਰ 40 ਮਿੰਟ ਮੀਟਿੰਗ ਹੋਈ, ਵੱਖਵਾਦ ਰਿਹਾ ਮੁੱਖ ਮੁੱਦਾ

**ਅੰਮ੍ਰਿਤਸਰ (ਨਦਬ) :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ’ਚ ਸਰਗਰਮ ਏ ਦਰਜੇ ਦੇ 9 ਵੱਖਵਾਦੀਆਂ ਦੀ ਸੂਚੀ ਦਿੱਤੀ। ਇਸ ’ਤੇ ਟਰੂਡੋ ਨੇ ਕੈਪਟਨ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦਾ ਦੇਸ਼ ਵੱਖਵਾਦ ਦਾ ਕਿਸੇ ਵੀ ਤਰ੍ਹਾਂ ਸਮਰਥਨ ਨਹੀਂ ਕਰਦਾ। ਉਹ ਅਜਿਹੀ ਤਾਕਤਾਂ ਤੋਂ ਸਾਵਧਾਨ ਹਨ।

ਅੰਮ੍ਰਿਤਸਰ ਦੇ ਹੋਟਲ ਤਾਜ ’ਚ 21 ਫ਼ਰਵਰੀ ਨੂੰ ਦੁਪਹਿਰ ਬਾਅਦ ਹੋਈ 40 ਮਿੰਟ ਦੀ ਇਸ ਬੈਠਕ ’ਚ ਵੱਖਵਾਦ ਹੀ ਮੁੱਖ ਮੁੱਦਾ ਰਿਹਾ। ਕੈਪਟਨ ਨੇ ਕੈਨੇਡਾ ’ਚ ਰਹਿ ਰਹੇ 9 ਵੱਖਵਾਦੀਆਂ ਦੀ ਸੂਚੀ ਦਿੱਤੀ ਹੈ। ਇਨ੍ਹਾਂ ’ਤੇ ਪੰਜਾਬ ’ਚ ਅਤਿਵਾਦੀ ਗਤੀਵਿਧੀਆਂ ਚਲਾਉਣ ਲਈ ਪੈਸਾ ਅਤੇ ਹਥਿਆਰ ਮੁਹੱਈਆ ਕਰਵਾਉਣ, ਹੱਤਿਆਵਾਂ ਅਤੇ ਹੋਰ ਹਿੰਸਕ ਮਾਹੌਲ ਪੈਦਾ ਕਰਨ ਜਿਹੀਆਂ ਗਤੀਵਿਧੀਆਂ ’ਚ ਸ਼ਾਮਲ ਹੋਣ ਦੇ ਦੋਸ਼ ਹਨ।

ਬੈਠਕ ’ਚ ਕੈਪਟਨ ਨੇ ਸੂਬੇ ਦਾ ਮਾਹੌਲ ਖ਼ਰਾਬ ਕਰਨ ਵਾਲੇ ਇਨ੍ਹਾਂ ਅਸਮਾਜਕ ਤੱਤਾਂ ਵਿਰੁੱਧ ਟਰੂਡੋ ਨੂੰ ਸਖ਼ਤ ਕਾਰਵਾਈ ਕਰਨ ਲਈ ਕਿਹਾ। ਇਸ ’ਤੇ ਟਰੂਡੋ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਭਾਰਤ ਜਾਂ ਕਿਸੇ ਹੋਰ ਦੇਸ਼ ’ਚ ਅਜਿਹੀ ਕਿਸੇ ਵੱਖਵਾਦੀ ਮੁਹਿੰਮ ਦਾ ਸਮਰਥਨ ਨਹੀਂ ਕਰਦਾ। ਕਿਉਂਕਿ ਵੱਖਵਾਦੀ ਲਹਿਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਉਹ ਆਪਣੀ ਪੂਰੀ ਜ਼ਿੰਦਗੀ ਇਸ ਤਰ੍ਹਾਂ ਦੀਆਂ ਚੁਨੌਤੀਆਂ ਨਾਲ ਨਜਿੱਠਦੇ ਰਹੇ ਹਨ ਅਤੇ ਉਹ ਹਿੰਸਾ ਦੇ ਨਤੀਜਿਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ।



ਉਨ੍ਹਾਂ ਨੇ ਕੈਪਟਨ ਨੂੰ ਕਿਹਾ ਕਿ ਉਹ ਉਨ੍ਹਾਂ ਵਲੋਂ ਚੁੱਕੇ ਗਏ ਮੁੱਦਿਆਂ ’ਤੇ ਧਿਆਨ ਦੇਣਗੇ ਅਤੇ ਭਾਰਤ ਖਾਸ ਕਰ ਕੇ ਪੰਜਾਬ ਨਾਲ ਨਜ਼ਦੀਕੀ ਸਬੰਧ ਬਣਾਉਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰਨਗੇ।

ਕੈਪਟਨ ਨੇ ਟਰੂਡੋ ਨਾਲ ਕੈਨੇਡਾ ਦੇ ਕਾਰੋਬਾਰੀਆਂ ਨੂੰ ਨਿਵੇਸ਼ ਕਰਨ ਦੇ ਕਦਮ ਚੁੱਕਣ ਦੀ ਵੀ ਗੱਲ ਕਹੀ। ਦੋਹਾਂ ਨੇ ਸੰਯੁਕਤ ਪ੍ਰਾਜੈਕਟਾਂ ਰਾਹੀਂ ਸਹਿਯੋਗ ’ਤੇ ਸਹਿਮਤੀ ਜਤਾਈ। ਜ਼ਿਕਰਯੋਗ ਹੈ ਕਿ ਟਰੂਡੋ ਨਾਲ ਕੈਪਟਨ ਦੀ ਇਹ ਮੁਲਾਕਾਤ ਉਨ੍ਹਾਂ ਵੱਖਵਾਦੀ ਤਾਕਤਾਂ ਨੂੰ ਝਟਕਾ ਹੈ, ਜੋ ਕੈਨੇਡਾ ਜਿਹੇ ਦੇਸ਼ਾਂ ’ਚ ਰਹਿ ਕੇ ਇਸ ਤਰ੍ਹਾਂ ਦੀ ਮੁਹਿੰਮ ਨੂੰ ਹਵਾ ਦਿੰਦੀ ਹੈ।

### 24 ਕੈਰੇਟ ਗੋਲਡ ਪਲੇਟਿਡ ਸੋਨੇ ਦੇ ਮਾਡਲ ਨਾਲ ਸਨਮਾਨਤ

ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ’ਚ ਐਸ.ਜੀ.ਪੀ.ਸੀ. ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਰੂਡੋ, ਉਨ੍ਹਾਂ ਦੀ ਪਤਨੀ ਅਤੇ ਦੋਹਾਂ ਬੱਚਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਭੇਂਟ ਕਰ ਕੇ ਸਨਮਾਨ ਕੀਤਾ। ਟਰੂਡੋ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ 24 ਕੈਰੇਟ ਦੇ ਗੋਲਡਨ ਮਾਡਲ ਤੋਂ ਸਨਮਾਨਤ ਕੀਤਾ ਗਿਆ।

### ਵਿਜ਼ੀਟਰ ਬੁੱਕ ’ਚ ਲਿਖਿਆ – ਮੇਰੇ ਲਈ ਮਾਣ ਵਾਲੀ ਗੱਲ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਤੋਂ ਬਾਅਦ ਸੂਚਨਾ ਕੇਂਦਰ ’ਚ ਵਿਜ਼ੀਟਰ ਬੁੱਕ ਵਿਚ ਆਪਣੇ ਦਿਲ ਦੀਆਂ ਗੱਲਾਂ ਵੀ ਲਿਖੀਆਂ। ਉਨ੍ਹਾਂ ਲਿਖਿਆ ਕਿ ਉਨ੍ਹਾਂ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਇਕ ਖ਼ੂਬਸੂਰਤ ਅਤੇ ਮਹਾਨ ਪਵਿੱਤਰ ਸਥਾਨ ਦੇ ਦਰਸ਼ਨ ਕਰਨ ਸਮੇਂ ਬਹੁਤ ਸਨਮਾਨ ਪ੍ਰਾਪਤ ਹੋਇਆ। ਇਥੇ ਮੱਥਾ ਟੇਕ ਕੇ ਪਰਮਾਤਮਾ ਦਾ ਅਸ਼ੀਰਵਾਦ ਅਤੇ ਨਿਮਰਤਾ ਦਾ ਅਹਿਸਾਸ ਹੋਇਆ ਹੈ।

# ਚੋਣਾਂ ਕਨੇਡਾ ’ਚ, ਨੀਂਹ ਪੰਜਾਬ ’ਚ ਰੱਖ ਗਏ ਜਸਟਿਨ ਟਰੂਡੋ



**ਜਲੰਧਰ (ਨਦਬ) :** ਕੈਨੇਡਾ ’ਚ ਆਮ ਚੋਣਾਂ 2019 ’ਚ ਹੋਣੀਆਂ ਹਨ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹੁਣ ਤੋਂ ਤਿਆਰੀਆਂ ’ਚ ਜੁਟ ਗਏ ਹਨ। ਚੋਣ ਬੇਸ਼ੱਕ ਕਨੇਡਾ ’ਚ ਹੋਣ ਜਾ ਰਹੇ ਹਨ, ਪਰ ਉਹ ਇਸ ਦੀ ਜ਼ਮੀਨ ਪੰਜਾਬ ਤੋਂ ਤਿਆਰ ਕਰ ਗਏ। ਜਸਟਿਨ ਦੀ ਪੰਜਾਬ ਫੇਰੀ ਨੇ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ’ਚ ਮੱਥਾ ਟੇਕ ਕੇ 5 ਲੱਖ ਸਿੱਖਾਂ ਦਾ ਦਿਲ ਜਿੱਤ ਲਿਆ ਹੈ, ਜੋ ਕੈਨੇਡਾ ’ਚ ਆਉਣ ਵਾਲੇ ਸਾਲ ’ਚ ਵੋਟ ਕਰਨ ਜਾ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਕੈਨੇਡਾ ’ਚ ਵੱਧ ਰਹੀ ਐਨ.ਡੀ.ਪੀ. ਪ੍ਰਧਾਨ ਜਗਮੀਤ ਸਿੰਘ ਦੀ ਪ੍ਰਸਿੱਧੀ ਦਾ ਰੱਥ ਰੋਕਣ ਦੀ ਵੀ ਕੋਸ਼ਿਸ਼ ਕੀਤੀ ਹੈ।

ਕੈਨੇਡਾ ’ਚ ਲਗਭਗ 12 ਲੱਖ ਭਾਰਤੀ ਰਹਿੰਦੇ ਹਨ, ਜਿਸ ’ਚ 5 ਲੱਖ ਦੀ ਆਬਾਦੀ ਸਿੱਖ ਭਾਈਚਾਰੇ ਦੀ ਹੈ। ਇਹੀ ਕਾਰਨ ਹੈ ਕਿ ਕੈਨੇਡਾ ’ਚ ਸਿੱਖ ਰਾਜਨੀਤੀ ਦੇ ਅਸਰ ਨੂੰ ਵੇਖਦਿਆਂ ਟਰੂਡੋ ਸਰਕਾਰ ’ਚ 4 ਸਿੱਖ ਮੰਤਰੀ ਹਨ। ਕੈਨੇਡਾ ਦੀ ਰਾਜਨੀਤੀ ’ਚ ਜ਼ਿਆਦਾਤਰ ਸਿੱਖ ਵੋਟ ਵੀ ਟਰੂਡੋ ਦੀ ਪਾਰਟੀ ਨੂੰ ਮਿਲੇ ਹਨ, ਬਾਵਜੂਦ ਇਸ ਦੇ ਵੋਟ ਬੈਂਕ ਵਧਾਉਣ ਦੀ ਕੋਸ਼ਿਸ਼ ’ਚ ਟਰੂਡੋ ਸਰਕਾਰ ਇਕ ਕਦਮ ਅੱਗੇ ਵਿਖਾਉਣਾ ਚਾਹੁੰਦੀ ਹੈ।

ਉਨ੍ਹਾਂ ਦੀ ਸਰਕਾਰ ਰਾਜਨੀਤਕ ਲੋੜਾਂ ਤੋਂ ਪਰੇ ਕਦਮ ਚੁੱਕ ਰਹੀ ਹੈ ਤਾਂ ਭਾਰਤ ’ਚ ਹੈਰਾਨੀ ਪ੍ਰਗਟਾਈ ਜਾ ਰਹੀ ਹੈ। ਭਾਰਤ ਇਸ ਮਾਮਲੇ ਨੂੰ ਵਾਰ-ਵਾਰ ਉੱਚ ਪੱਧਰ ’ਤੇ ਚੁੱਕ ਰਿਹਾ ਹੈ ਕਿ ਕੈਨੇਡਾ ਦੀ ਧਰਤੀ ਦੀ ਵਰਤੋਂ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਹੁੰਗਾਰਾ ਦੇਣ ਲਈ ਕੀਤਾ ਜਾ ਰਿਹਾ ਹੈ। ਬਾਵਜੂਦ ਇਸ ਦੇ ਉਸ ਨੂੰ ਨਿਰਾਸ਼ਾ ਹੱਥ ਲੱਗੀ ਹੈ, ਕਿਉਂਕਿ ਜਸਟਿਨ ਟਰੂਡੋ ਨੂੰ ਸਿੱਖ ਵੋਟ ਸਾਹਮਣੇ ਵਿਖਾਈ ਦੇ ਰਹੀ ਹੈ।



### ਟਰੂਡੋ ਨੇ ਪਤਨੀ ਨਾਲ ਲੰਗਰ ਹਾਲ ’ਚ ਬਣਾਈਆਂ ਰੋਟੀਆਂ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਉਨ੍ਹਾਂ ਦੀ ਪਤਨੀ ਅਤੇ ਬੱਚਿਆਂ ਨੇ ਲੰਗਰ ਲਈ ਰੋਟੀਆਂ ਵੇਲ ਕੇ ਸੇਵਾ ਨਿਭਾਈ। 21 ਫ਼ਰਵਰੀ ਨੂੰ ਟਰੂਡੋ ਪਰਵਾਰ ਅਤੇ ਉਨ੍ਹਾਂ ਨਾਲ ਆਏ ਕੈਨੇਡਾ ਦੇ ਪੰਜ ਮੰਤਰੀ ਤੇ ਸਾਂਸਦ ਮੱਥਾ ਟੇਕਣ ਦਰਬਾਰ ਸਾਹਿਬ ਪੁੱਜੇ।

ਮੱਥਾ ਟੇਕਣ ਮਗਰੋਂ ਉਨ੍ਹਾਂ ਨੇ ਹੱਥ ਜੋੜ ਕੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮਗਰੋਂ ਸ੍ਰੀ ਗੁਰੂ ਰਾਮ ਦਾਸ ਲੰਗਰ ਭਵਨ ਪੁੱਜੇ। ਉਥੇ ਟਰੂਡੋ ਨੇ ਪਰਵਾਰ ਸਮੇਤ ਲੰਗਰ ਲਈ ਰੋਟੀਆਂ ਵੇਲ ਕੇ ਸੇਵਾ ਨਿਭਾਈ। ਟਰੂਡੋ ਪਰਵਾਰ ਨਾਲ ਲੰਗਰ ਭਵਨ ਹਾਲ ’ਚ ਵੀ ਗਏ। ਇੱਥੇ ਸੰਗਤ ਨੂੰ ਲੰਗਰ ਛਕਦਿਆਂ ਵੇਖਿਆ, ਪਰ ਲੰਗਰ ਨਾਲ ਖਾਧਾ ਅਤੇ ਨਾ ਹੀ ਭਾਂਡੇ ਧੋਣ ਦੀ ਸੇਵਾ ਕੀਤੀ। ਜਦਕਿ ਐਸ.ਜੀ.ਪੀ.ਸੀ. ਨੇ ਇਸ ਲਈ ਵੀ ਵੱਖ ਤੋਂ ਵਿਵਸਥਾ ਕੀਤੀ ਹੋਈ ਸੀ। ਲਗਭਗ 15 ਮਿੰਟ ਤਕ ਲੰਗਰ ਭਵਨ ’ਚ ਰਹਿਣ ਮਗਰੋਂ ਟਰੂਡੋ ਨੇ ਪਰਿਵਾਰ ਦੇ ਮੈਂਬਰਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਡੀ ਦੇ ਬਾਹਰ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ। ਟਰੂਡੋ ਨੇ ਲਗਭਗ 10 ਵਾਰ ਸੰਗਤ ਦੀ ਫ਼ਤਿਹ ਦਾ ਜਵਾਬ ਦਿੱਤਾ। ਸੰਗਤ ਤੇ ਜੈਕਾਰਿਆਂ ਦਾ ਵੀ ਟਰੂਡੋ ਜਵਾਬ ਦਿੰਦੇ ਰਹੇ।

### ਕੈਨੇਡਾ ’ਚ ਪੰਜਾਬੀ ਨੂੰ ਤੀਜੀ ਭਾਸ਼ਾ ਦਾ ਦਰਜਾ ਮਿਲਿਆ

ਕੈਨੇਡਾ ਦੇ ਹਾਊਸ ਆਫ਼ ਕਾਮਨਜ਼ ’ਚ ਭਾਰਤੀ ਮੂਲ ਦੇ 20 ਸਾਂਸਦ ਹਨ, ਜਿਨ੍ਹਾਂ ’ਚ 18 ਲਿਬਰਲ ਅਤੇ ਦੋ ਕੰਜਰਵੇਟਿਵ ਪਾਰਟੀ ਦੇ ਹਨ। ਪੰਜਾਬ ਨੂੰ ਤੀਜੀ ਵੱਡੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਭਾਰਤ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਰੱਖਿਆ ਦਾ ਜ਼ਿੰਮਾ ਭਾਰਤੀ ਮੂਲ ਦੇ ਕੈਨੇਡੀਆਈ ਨਾਗਰਿਕ ਹਰਜੀਤ ਸਿੰਘ ਸੱਜਣ ਸਾਂਭ ਰਹੇ ਹਨ। ਨਵਦੀਪ ਬੈਂਸ ਵਿਗਿਆਨ ਅਤੇ ਆਰਥਕ ਵਿਕਾਸ ਮੰਤਰੀ ਹਨ, ਜਦਕਿ ਅਮਰਜੀਤ ਸਿੰਘ ਸੋਢੀ ਇਨਫਰਾਸਟਰੱਕਚਰ ਮੰਤਰੀ ਹਨ। ਬੰਦਿਸ਼ ਚੱਗੜ ਛੋਟੇ ਵਪਾਰ ਅਤੇ ਸੈਰ ਸਪਾਟਾ ਮੰਤਰੀ ਦੀ ਜ਼ਿੰਮੇਵਾਰੀ ਸੰਭਾਲ ਰਹੇ ਹਨ। ਕੈਨੇਡਾ ਦੇ ਪ੍ਰਧਾਨ ਜਸਟਿਨ ਟਰੂਡੋ ਨੂੰ ਕਈ ਵਾਰ ਭਾਰਤੀ ਰੰਗ ’ਚ ਰੰਗਿਆ ਵੇਖਿਆ ਗਿਆ। ਭਾਰਤੀ ਮੂਲ ਦੀ ਸਿੱਖ ਔਰਤ ਅਤੇ ਮਨੁੱਖੀ ਅਧਿਕਾਰੀ ਕਾਰਕੁਨ ਪਲਵਿੰਦਰ ਕੌਰ ਸ਼ੇਰਗਿੱਲ ਕੈਨੇਡਾ ਸੁਪਰੀਮ ਕੋਰਟ ਆਫ਼ ਬ੍ਰਿਟਿਸ਼ ਕੋਲੰਬੀਆ ’ਚ ਜੱਜ ਹਨ।


Yes!
Immigration Consultancy Services
iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA
www.yesimmigration.ca
OUR SERVICES
Student Visa
Express Entry-Jan 2015
Canadian Experience Class
Federal Skilled Worker
LMIA/Work Permits
Citizenship Services
P.R. Card Services
Canadain Experience Class
Federal Skilled Worker
Business Immigration
Family Sponsorship
Affidavits
Live in Caregiver
Change of Employer
Change of Conditions
Case History From CIC
Name Change
Travel Documents
Dual Citizenship
US Visa, UK Visa, Australia Visa
Provincial Nominee Programs
Spousal Sponsorship
Sponsorship Appeals
Visitor Visa/Super Visa
ALBERTA OFFICE :
Unit #201, 4271-23 Ave. NW
( All Indian Plaza) Edmonton, AB T6L 5Z8
Ph. 780.466.2138
Email : RS.YesImmigration@gmail.com
TORONTO OFFICE :
RAJ NARANG
#202 1058A Albion Road
Etobicoke, ON M9V 1A7
Registered Canadian Immigration Consultant
Immigration Consultant of Canada Regulatory Council
ICCRC Member #R416279
RIPTAAPAN SINGH (RIP)
Branch Manager (B.Sc)
SUPER VISA INSURANCE
Canada


CREATIVE SOLUTIONS UNLIMITED
Strategy Planning & Public Relations
Grant Compilation
Board Development
Event Management & Promotions
Commissioner of Oaths
Power of Attorney/ Life Certificate
Letter Drafting
Translation
Affidavit
9245-35 Avenue Edmonton, AB T6E 5Y1
780-469-4009
info@creativesui.com
SOHAIL QUADRI


A-WIN Insurance
What we Offer
Home
Auto Insurance
RV Insurance
Travel Insurance
Emergency Road Services
Auto Mobile Warranty Services
Commercial Insurance
D & O Coverage
E & O Insurance
ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਫ਼ੋਨ ਕਰੋ
Quick Quotes When You Need Them
Discounts up to 60% Payment Options available
Western Canada's
Biggest Brokers Team, designed to serve Canadian's with solutions for your personal and professional insurance needs.
When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.
MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.
A-WIN: MAKING LIFE EASY
ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।
We Provide Services In English, Punjabi, Hindi & Urdu.
PROVIDING PEACE OF MIND
100 YEAR & BEYOND
SMI
SASKATCHEWAN MUTUAL INSURANCE COMPANY
Edmonton: 780-465-6900
ਜਸਵੀਰ ਦਿਓਲ, ਨ'ਤੇਜ ਬੈਂਸ, ਸੰਜੀਵ ਖੰਨਾ, ਮਨਪ੍ਰੀਤ ਗਰੇਵਾਲ, ਸੋਨਿਕਾ ਗਿੱਲ, ਪੁਨੀਤ ਚੱਠਾ, ਹਰਪ੍ਰੀਤ ਗਿੱਲ
Calgary: 403-775-2100
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ



For all your Real Estate needs

BUY OR SELL

# NIRMAL (SONY) GILL

Century 21 A.L.L. Stars Realty Ltd

MLS

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ

ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ

780-937-9067

Office: 780-434-4700

Email : nirmalgill@live.com



3229 22 st. Edmonton



13039 165 Ave. Edmonton



16520 131 st. Edmonton




*In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.*

# Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

# DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ

ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




Male & Female Instructors are available

VEHICLE PROVIDE FOR ROAD TEST

Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com

Do it Once Do it Right !!!

# UniTech CONSTRUCTION

ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :

ਰਾਜ

780.860.1975

bhardwaj75@gmail.com

| DESIGN | CONSTRUCTION | RENOVATION |
|---|---|---|
| Hardscapes | Rough to Final Grades | Water Features |
| Greenscapes | Fence & Deck | Renovations |
| | Concrete | |

# Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.



Harinder Dhaliwal

All kind of Stucco

Acrylic & Rain Screen (780) 297-9165

# Red Deer Econo Lodge Inn & Suites

EconoLodge BY CHOICE HOTELS

www.choicehotels.com

Reservations 1-877-424-6423



403-346-4188

Cell: 403-505-4188

Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

# $299,900

Incl. Home, lot & net GST

ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਸਿੰਗ ਦੀ ਸੁਵਿਧਾ ਹੈ

ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem

Call Rennie @ 780-966-1688

rennie1688@gmail.com

# ਸਾਬਕਾ ਯੂਸੀਪੀ ਵਿਧਾਇਕ 'ਤੇ ਯੌਨ ਸੋਸ਼ਣ ਦੇ ਦੋਸ਼



**ਐਡਮਿੰਟਨ (ਨਦਬ) :** ਰੈਡ ਡੀਅਰ ਤੋਂ ਯੂਸੀਪੀ ਦੇ ਸਾਬਕਾ ਵਿਧਾਇਕ ਡੌਨ ਮੈਕਨਟਾਇਰ ਉੱਤੇ 16 ਸਾਲਾਂ ਨਾਬਾਲਗ ਕੁੜੀ ਦੇ ਯੌਨ ਸੋਸ਼ਣ ਦਾ ਦੋਸ਼ ਲੱਗਿਆ ਹੈ। ਇਸ 'ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਜੇਸਨ ਕੈਨੀ ਨੇ ਕਿਹਾ ਕਿ ਉਸ ਨੂੰ ਇਨ੍ਹਾਂ ਦੋਸ਼ਾਂ ਬਾਰੇ ਸੁਣ ਕੇ ਹੈਰਾਨੀ ਹੋਈ। ਕੈਨੀ ਨੇ ਦੱਸਿਆ ਕਿ ਉਨ੍ਹਾਂ ਨੂੰ ਪਹਿਲੀ ਵਾਰ ਦੋਸ਼ਾਂ ਬਾਰੇ ਦੋ ਫਰਵਰੀ ਨੂੰ ਪਤਾ ਲੱਗਿਆ ਜਦੋਂ ਜੇਸਨ ਨਿਕਸਨ ਨੇ ਇਹ ਜਾਣਕਾਰੀ ਦਿੱਤੀ ਕਿ ਡੌਨ ਮੈਕਨਟਾਇਰ ਦੋਸ਼ਾਂ ਦੇ ਚਲਦਿਆਂ ਅਸਤੀਫ਼ਾ ਦੇ ਰਿਹਾ ਹੈ। ਉਸੇ ਦਿਨ ਹੀ ਜੇਸਨ ਕੈਨੀ ਵਲੋਂ ਮੈਕਨਟਾਇਰ ਅਸਤੀਫ਼ੇ ਦਾ ਐਲਾਨ ਕਰ ਦਿੱਤਾ ਗਿਆ ਤੇ ਮੈਕਨਟਾਇਰ ਵਲੋਂ ਟਵੀਟ ਕੀਤਾ ਗਿਆ ਕਿ ਉਹ ਆਪਣੇ ਘਰ ਦੀਆਂ ਜ਼ਿੰਮੇਵਾਰੀਆਂ ਦੇਖਣਾ ਚਾਹੁੰਦਾ ਹੈ। ਦੱਸਣਾ ਬਣਦਾ ਹੈ ਕਿ ਮੈਕਨਟਾਇਰ ਵਲੋਂ 2015 ਵਿਚ ਚੋਣ ਵਾਈਲਡਰੋਜ਼ ਦੇ ਬੈਨਰ ਹੇਠ ਲੜੀ ਗਈ ਸੀ ਪਰ ਬਾਅਦ ਵਿਚ ਇਸ ਪਾਰਟੀ ਦਾ ਯੂਸੀਪੀ ਵਿਚ ਮਿਲਨ ਹੋ ਗਿਆ। 62 ਸਾਲਾ ਮੈਕਨਟਾਇਰ ਹੁਣ ਜ਼ਮਾਨਤ 'ਤੇ ਹੈ ਤੇ ਨਾਲ ਹੀ ਅਦਾਲਤ ਵਲੋਂ ਕੁੱਝ ਸ਼ਰਤਾਂ ਨਿਸਚਤ ਕੀਤੀਆਂ ਗਈਆਂ ਹਨ ਜਿਵੇਂ ਕਿ ਸ਼ਿਕਾਇਤਕਰਤਾ ਨਾਲ ਉਹ ਸੰਪਰਕ ਨਹੀਂ ਕਰ ਸਕਦਾ। ਜਿਨ੍ਹਾਂ ਦੀ ਉਮਰ 16 ਸਾਲ ਤੋਂ ਘੱਟ ਹੋਵੇਗੀ ਉਨ੍ਹਾਂ ਨੂੰ ਮਾਪਿਆਂ ਜਾਂ ਕਿਸੇ ਖ਼ਾਸ ਵਿਅਕਤੀ ਦੀ ਹਾਜ਼ਰੀ ਵਿਚ ਹੀ ਮਿਲ ਸਕਦਾ ਹੈ। ਸਪੀਕਰ ਦਫ਼ਤਰ ਵਲੋਂ ਅਸੈਂਬਲੀ ਤੋਂ ਉਨ੍ਹਾਂ ਦੇ ਅਸਤੀਫ਼ੇ ਦੀ ਪੁਸ਼ਟੀ ਕੀਤੀ ਗਈ ਹੈ।

# ਐਲਆਰਟੀ ਵ੍ਹਾਈਟ ਐਵਿਨਿਊ ਰੂਟ ਲਈ ਨਿਊ ਰਿਵਰ ਬ੍ਰਿਜ਼ ਦੀ ਜ਼ਰੂਰਤ





**ਐਡਮਿੰਟਨ (ਨਦਬ) :** ਪਿਛਲੇ ਦਿਨੀਂ ਸੈਂਟਰਲ ਐਲਆਰਟੀ ਦੇ ਨਵੇਂ ਰੂਟ ਦੀ ਯੋਜਨਾ ਲੀਕ ਹੋਣ ਦੀ ਖ਼ਬਰ ਆਈ ਜਿਸ ਦੀ ਸਿਟੀ ਦੇ ਅਧਿਕਾਰੀਆਂ ਵਲੋਂ ਪੁਸ਼ਟੀ ਕੀਤੀ ਗਈ ਹੈ। ਇਸ ਰੂਟ ਰਾਹੀਂ ਬੌਨੀ ਡੂਨ ਸ਼ਾਪਿੰਗ ਸ਼ੈਂਟਰ, ਵਾਈਟ ਐਵਿਨਿਊ, ਹਸਪਤਾਲ ਅਤੇ ਯੂਨੀਵਰਸਿਟੀ ਆਪਸ ਵਿਚ ਸਿੱਧੇ ਜੁੜ ਜਾਣਗੇ।

ਇਸ ਮਾਮਲੇ ਵਿਚ ਸਿਟੀ ਮੈਨੇਜਰ ਸੱਤਿਆ ਗੜੀਦਾਸੂ ਦਾ ਕਹਿਣਾ ਹੈ ਕਿ ਇਸ ਰੂਟ ਰਾਹੀਂ ਸਾਡੀ ਕੋਸ਼ਿਸ਼ ਹੋਵੇਗੀ ਕਿ ਸਾਰੀਆਂ ਮਹੱਤਵਪੂਰਨ ਥਾਵਾਂ ਨੂੰ ਵ੍ਹਾਈਟ ਐਵਿਨਿਊ ਨਾਲ ਜੋੜਿਆ ਜਾਵੇ। ਸਿਟੀ ਕੌਂਸਲ ਵਲੋਂ ਇਸ ਰੂਟ ਦਾ ਸਮਰਥਨ ਕੀਤਾ ਜਾ ਰਿਹਾ ਹੈ। ਪ੍ਰੋਜੈਕਟ ਦੀਆਂ ਸ਼ੁਰੂਆਤੀ ਤਿਆਰੀਆਂ ਛੇਤੀ ਹੀ ਸ਼ੁਰੂ ਹੋ ਜਾਣਗੀਆਂ। ਦੱਸਣਾ ਬਣਦਾ ਹੈ ਕਿ ਅਜੇ ਤੱਕ ਇਸ ਪ੍ਰੋਜੈਕਟ 'ਤੇ ਲੱਗਣ ਵਾਲੇ ਧਨ ਦਾ ਅੰਦਾਜ਼ਾ ਨਹੀਂ ਲਾਇਆ ਗਿਆ।

ਇਸ ਮਾਮਲੇ ਵਿਚ ਓਲਡ ਸਟਰੈਥਕੋਨਾ ਬਿਜ਼ਨਸ ਐਸੋਸੀਏਸ਼ਨ ਦੀ ਪ੍ਰਬੰਧਕੀ ਨਿਰਦੇਸ਼ਕ ਸ਼ੈਰੀ ਕਲਾਸਨ ਦਾ ਕਹਿਣਾ ਹੈ ਕਿ ਉਸ ਦੇ ਮੈਂਬਰ ਇਸ ਲੰਮੇ ਮਿਆਦ ਵਾਲੇ ਪ੍ਰੋਜੈਕਟ ਦੀ ਛਾਣਬੀਣ ਕਰਨਗੇ ਤੇ ਵ੍ਹਾਈਟ ਐਵਿਨਿਊ ਵੱਲ ਚੱਲਣ ਵਾਲੀ ਟਰੇਨ ਦਾ ਸਮਰਥਨ ਕਰਨਗੇ। ਅੱਗੇ ਉਨ੍ਹਾਂ ਕਿਹਾ ਸਾਡਾ ਮੰਨਣਾ ਹੈ ਕਿ ਇਸ ਪ੍ਰੋਜੈਕਟ ਤਹਿਤ ਪੈਦਲ ਤੁਰਨ ਵਾਲਿਆਂ ਜਾਂ ਸਾਈਕਲ ਵਾਲਿਆਂ ਦਾ ਖ਼ਾਸ ਧਿਆਨ ਰੱਖਿਆ ਜਾਵੇ। ਅਸਲ ਵਿਚ ਇਸ ਪ੍ਰਜੈਕਟ ਨੂੰ ਦੂਰਅੰਦੇਸ਼ੀ ਨਾਲ ਦੇਖਣਾ ਹੋਵੇਗਾ ਜਦੋਂਕਿ ਸਿਟੀ ਇਸ ਮਾਮਲੇ ਵਿਚ ਇਸ ਤਰ੍ਹਾਂ ਨਹੀਂ ਸੋਚਦੀ।

# ਸਟੀਫ਼ਨ ਮੈਂਡਲ ਬਣੇ ਅਲਬਰਟਾ ਪਾਰਟੀ ਦੇ ਨਵੇਂ ਆਗੂ



**ਐਡਮਿੰਟਨ (ਨਦਬ) :** ਅਲਬਰਟਾ ਪਾਰਟੀ ਨੂੰ ਤਜਰਬੇਕਾਰ, ਜਾਣਿਆ-ਪਛਾਣਿਆ ਅਤੇ ਪ੍ਰੌਢ ਸਿਆਸਤਦਾਨ ਸਟੀਫ਼ਨ ਮੈਂਡਲ ਆਗੂ ਦੇ ਰੂਪ ਵਿਚ ਮਿਲ ਗਿਆ ਹੈ। ਅਲਬਰਟਾ ਪਾਰਟੀ ਦੇ ਨਵੇਂ ਆਗੂ ਦੇ ਰੂਪ ਵਿਚ ਉਹ ਇਕ ਵਾਰ ਆਪਣੀ ਰਾਜਨੀਤਕ ਪਾਰੀ ਖੇਡੇਗਾ। ਮੰਡੇਲ ਇਸ ਤੋਂ ਪਹਿਲਾਂ 2015 ਦੀਆਂ ਚੋਣਾਂ ਵਿਚ ਐਨਡੀਪੀ ਵਲੋਂ ਆਪਣੀ ਸੀਟ ਹਾਰ ਚੁੱਕਿਆ ਹੈ।

ਸਟੀਫ਼ਨ ਮੈਂਡੇਲ ਤਿੰਨਾਂ ਉਮੀਦਵਾਰਾਂ ਵਿਚੋਂ ਸਭ ਤੋਂ ਮਜ਼ਬੂਤ ਨਾਮ ਸੀ। ਉਸ ਨੇ 4600 ਵਿਚੋਂ 66 ਪ੍ਰਤੀਸ਼ਤ ਵੋਟਾਂ ਹਾਸਲ ਕੀਤੀਆਂ ਹਨ। ਜਿੱਤ ਤੋਂ ਬਾਅਦ ਉਸ ਨੇ ਪ੍ਰਭਾਵਸ਼ਾਲੀ ਭਾਸ਼ਣ ਦੌਰਾਨ ਕਿਹਾ ਕਿ ਅਸੀਂ ਸਿਰਫ਼ ਦੌੜ ਵਿਚ ਸ਼ਾਮਲ ਹੋਣਾ ਨਹੀਂ ਚਾਹੁੰਦੇ, ਨਾ ਹੀ 2023 ਦੀ ਗੱਲ ਕਰਨਾ ਚਾਹੰਦੇ ਹਾਂ। ਅਸੀਂ ਤੁਹਾਡਾ ਸਮਰਥਨ ਹਾਸਲ ਕਰਨਾ ਚਾਹੁੰਦੇ ਹਾਂ ਤਾਂ ਜੋ ਸਰਕਾਰ ਲਈ ਤੁਹਾਡੀ ਪਹਿਲੀ ਤਰਜੀਹ ਬਣ ਸਕੀਏ। ਮੈਂਡੇਲ 2004 ਤੋਂ ਲੈ ਕੇ 2013 ਤੱਕ ਤਿੰਨ ਵਾਰੀ ਐਡਮਿੰਟਨ ਦਾ ਮੇਅਰ ਰਿਹਾ ਹੈ। 2014 ਵਿਚ ਉਸ ਨੇ ਸੂਬਾਈ ਰਾਜਨੀਤੀ ਵਿਚ ਹਿੱਸਾ ਲਿਆ ਤੇ ਸਿਹਤ ਮੰਤਰੀ ਬਣਿਆ।

ਦੇਖਣ ਵਾਲੀ ਗੱਲ ਇਹ ਹੈ ਕਿ ਮੰਡੇਲ ਦੇ ਆਗੂ ਬਣਨ ਨਾਲ ਅਲਬਰਟਾ ਦੀ ਰਾਜਨੀਤੀ ਵਿਚ ਕੀ ਨਵੇਂ ਸਮੀਕਰਨ ਬਣਨਗੇ। ਜੇ ਪਾਰਟੀ ਦੀ ਸਥਿਤੀ ਦੀ ਗੱਲ ਕੀਤੀ ਜਾਵੇ ਤਾਂ ਇਸ ਨੂੰ ਬਹੁਤਾ ਮਜ਼ਬੂਤ ਨਹੀਂ ਕਿਹਾ ਜਾ ਸਕਦਾ।

ਲੋਕਾਂ ਵਿਚ ਇਸ ਗੱਲ ਨੂੰ ਲੈ ਕੇ ਵੀ ਚਰਚਾ ਹੈ ਕਿ ਇਸ ਵਿਚ ਪੀਸੀ ਪਾਰਟੀ ਦੇ ਹੀ ਬਹੁਤੇ ਕਾਰਕੁਨ ਹਨ। ਵਿਰੋਧੀ ਧਿਰਾਂ ਇਸ ਗੱਲ ਨੂੰ ਲੈ ਕੇ ਨਿਸ਼ਾਨਾ ਬਣਾ ਸਕਦੀਆਂ ਹਨ। ਕਈਆਂ ਦਾ ਕਹਿਣਾ ਹੈ ਕਿ ਇਹ ਪਾਰਟੀ ਆਪ ਭਾਵੇਂ ਚੰਗੇ ਨਤੀਜੇ ਨਾ ਹਾਸਲ ਕਰ ਸਕੇ ਪਰ ਕਈ ਤਰ੍ਹਾਂ ਦੇ ਗੁੰਝਲਦਾਰ ਸਮੀਕਰਨ ਜ਼ਰੂਰ ਸਿਰਜ ਸਕਦੀ ਹੈ।

# ਪਬਲਿਕ ਸਕੂਲ ਬੋਰਡ ਲਾਬੀ ਦਾ ਸਰਕਾਰ 'ਤੇ ਦਬਾਅ

**ਐਡਮਿੰਟਨ (ਨਦਬ) :** ਐਡਮਿੰਟਨ ਦੇ ਪਬਲਿਕ ਸਕੂਲਾਂ ਦੇ ਟਰੱਸਟੀਆਂ ਵਲੋਂ ਪ੍ਰਾਈਵੇਟ ਸਕੂਲਾਂ ਨੂੰ ਫੰਡਿੰਗ ਦੇਣ ਦੇ ਵਿਰੋਧ ਵਿਚ ਵੋਟ ਪਾਈ ਗਈ ਹੈ। ਇਸ ਮਾਮਲੇ ਵਿਚ ਟਰੱਸਟੀ ਟ੍ਰਿਸ਼ਾ ਇਸਟਾਬਰੁਕਸ ਨੇ ਸਕੂਲ ਬੋਰਡ ਦੀ ਮੀਟਿੰਗ ਵਿਚ ਕਿਹਾ ਕਿ ਸਾਨੂੰ ਇਹ ਬਿਲਕੁਲ ਸਪਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਜਨਤਕ ਸਿੱਖਿਆ ਨੂੰ ਸਮਰਥਨ ਕਰਨਾ ਹੈ। ਦੱਸਣਾ ਬਣਦਾ ਹੈ ਕਿ 162 ਮਿਲੀਅਨ ਸਾਲਾਨਾ ਰਾਸ਼ੀ ਨੂੰ ਪ੍ਰਾਈਵੇਟ ਸਕੂਲਾਂ ਤੋਂ ਤਬਦੀਲ ਕਰਕੇ ਪਬਲਿਕ ਸਕੂਲਾਂ ਲਈ ਵਰਤਿਆ ਜਾ ਸਕਦਾ ਹੈ। ਟਰੱਸਟੀ ਸ਼ੈਰੀ ਐਡਮਜ਼ ਦਾ ਕਹਿਣਾ ਹੈ ਕਿ ਜੇਕਰ ਪਬਲਿਕ ਫੰਡਿੰਗ ਨੂੰ ਹਟਾ ਦਿੱਤਾ ਜਾਵੇ ਤਾਂ ਪ੍ਰਾਈਵੇਟ ਸਕੂਲ ਬੰਦ ਹੋ ਜਾਣਗੇ ਤੇ ਪਬਲਿਕ ਸਕੂਲਾਂ ਦਾ ਬਜਟ ਵੱਧ ਜਾਵੇਗਾ। ਉਨ੍ਹਾਂ ਕਿਹਾ ਕਿ ਅਲਬਰਟਾ ਦੇ ਪੰਜ ਪ੍ਰਤੀਸ਼ਤ ਵਿਦਿਆਰਥੀ ਸੁਤੰਤਰ ਸਕੂਲਾਂ ਨੂੰ ਚੁਣਦੇ ਹਨ ਤੇ ਉਨ੍ਹਾਂ 'ਤੇ ਸੂਬਾਈ ਸਿੱਖਿਆ ਫੰਡਿੰਗ ਦਾ ਦੋ ਪ੍ਰਤੀਸ਼ਤ ਹੀ ਲੱਗਦਾ ਹੈ। ਇਸ ਤੋਂ ਪਹਿਲਾਂ ਵੀ ਅਪ੍ਰੈਲ 2016 ਵਿਚ ਟ੍ਰਿਸ਼ਾ ਇਸਟਾਬਰੁਕਸ ਵਲੋਂ ਅਜਿਹਾ ਪ੍ਰਸਤਾਵ ਪਾਸ ਕੀਤਾ ਗਿਆ ਸੀ। ਅਲਬਰਟਾ ਐਜੂਕੇਸ਼ਨ ਵਲੋਂ 15 ਪ੍ਰਾਈਵੇਟ ਸਕੂਲਾਂ ਲਈ ਇਸ ਸਾਲ 27 ਮਿਲੀਅਨ ਖਰਚੇ ਗਏ ਹਨ।

# ਕੂੜੇਦਾਨ ਵਿਚ ਘਾਹ ਸੁੱਟਣ 'ਤੇ ਲੱਗੇਗੀ ਪਾਬੰਦੀ

**ਐਡਮਿੰਟਨ (ਨਦਬ) :** ਇਨ੍ਹਾਂ ਗਰਮੀਆਂ ਦੇ ਅੰਤ ਤੱਕ ਐਡਮਿੰਟਨ ਵਿਚ ਕੂੜੇਦਾਨ ਵਿਚ ਕੱਟਿਆ ਘਾਹ ਅਤੇ ਵਿਹੜੇ ਦਾ ਹੋਰ ਕੂੜਾ ਸੁੱਟਣ 'ਤੇ ਪਾਬੰਦੀ ਹੋਵੇਗੀ। ਵਿਹੜੇ ਅਤੇ ਰਸੋਈ ਦੇ ਅਜਿਹੇ ਕੂੜੇ ਨੂੰ ਲੈ ਕੇ ਵੱਖਰੀ ਤਰ੍ਹਾਂ ਦੀ ਯੋਜਨਾ ਬਣਾਈ ਜਾ ਰਹੀ ਹੈ। ਕੁਝ ਕੌਂਸਲਰਾਂ ਨੇ ਇਸ ਫੈਸਲੇ ਨੂੰ ਲੈ ਕੇ ਇਸ ਲਈ ਚਿੰਤਾ ਜਤਾਈ ਕਿ ਅਜਿਹਾ ਜਲਦੀ ਕੀਤਾ ਜਾ ਰਿਹਾ ਹੈ।

ਵਾਰਡ ਨੰਬਰ ਤਿੰਨ ਦੇ ਕੌਂਸਲਰ ਜੌਨ ਜੀਡਾਇਕ ਨੇ ਕਮੇਟੀ ਦੀ ਮੀਟਿੰਗ ਦੌਰਾਨ ਕਿਹਾ ਕਿ ਘਾਹ ਕੱਟਣਾ ਐਡਮਿੰਟਨ ਵਾਸੀਆਂ ਦੀ ਜ਼ਿੰਦਗੀ ਦਾ ਹਿੱਸਾ ਹੈ ਤੇ ਉਹ ਇਸ ਫੈਸਲੇ ਨੂੰ ਗੰਭੀਰਤਾ ਨਾਲ ਲੈਣਗੇ। ਉਨ੍ਹਾਂ ਕਿਹਾ ਕਿ ਮੈਂ ਨਿੱਜੀ ਤੌਰ 'ਤੇ ਇਸ ਨਾਲ ਸਹਿਮਤ ਹਾਂ ਪਰ ਕੀ ਲੋਕ ਇਸ ਨੂੰ ਇੰਨੀ ਛੇਤੀ ਸਵੀਕਾਰ ਕਰਨਗੇ? ਕੌਂਸਲਰ ਬਿਨ ਹੈਂਡਰਸਨ ਨੇ ਕਿਹਾ ਕਿ ਇਹ ਪਾਬੰਦੀ ਸਫ਼ਾਈ ਨੂੰ ਧਿਆਨ ਵਿਚ ਰੱਖਦਿਆਂ ਲਗਾਈ ਗਈ ਹੈ।



ਸਤੰਬਰ ਦੇ ਸ਼ੁਰੂ ਤੋਂ ਵਿਹੜੇ ਦੇ ਕੂੜੇ ਨੂੰ ਖ਼ਾਸ ਢੰਗ ਨਾਲ ਇਕੱਠਾ ਕੀਤਾ ਜਾਵੇਗਾ ਜਿਵੇਂ ਕਿ ਕ੍ਰਿਸਮਿਸ ਟਰੀ ਵੇਲੇ ਕੀਤਾ ਜਾਂਦਾ ਹੈ। ਪਾਬੰਦੀ ਤੋਂ ਬਾਅਦ ਵਿਹੜੇ ਦਾ ਕੂੜਾ ਇਕੋ ਸਟੇਸ਼ਨਾਂ ਤੇ ਜਾਂ ਖ਼ਾਸ ਥਾਵਾਂ 'ਤੇ ਹੀ ਪ੍ਰਵਾਨ ਕੀਤਾ ਜਾਵੇਗਾ। ਕੋਸ਼ਿਸ਼ ਇਹ ਕੀਤੀ ਜਾ ਰਹੀ ਹੈ ਕਿ ਲੋਕ ਕੱਟੇ ਹੋਏ ਘਾਹ ਨੂੰ ਕੁਝ ਸਾਲਾਂ ਲਈ ਆਪਣੇ ਵਿਹੜੇ ਵਿਚ ਹੀ ਰੱਖਣ।

ਸ਼ਹਿਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਵੇ ਮੁਤਾਬਕ 58 ਪ੍ਰਤੀਸ਼ਤ ਲੋਕ ਅਜਿਹਾ ਕਰਨ ਲਈ ਰਾਜ਼ੀ ਹਨ। ਦੱਸਣਾ ਬਣਦਾ ਹੈ ਕਿ ਇਸ ਘਾਹ ਨੂੰ ਖ਼ਾਦ ਵਿਚ ਬਦਲਣ ਲਈ ਪ੍ਰਤੀ ਟਨ ਸੌ ਡਾਲਰ ਦਾ ਖਰਚ ਆਉਂਦਾ ਹੈ। ਇੱਕ ਸਾਲ ਵਿਚ ਸ਼ਹਿਰ 'ਚ ਪੰਜਾਹ ਹਜ਼ਾਰ ਟਨ ਘਾਹ ਕੱਟੀ ਜਾਂਦੀ ਹੈ ਇਸ ਲਈ ਇਸ ਨੂੰ ਖਾਦ ਵਿਚ ਬਦਲਣ ਲਈ ਸਾਲ ਵਿਚ ਪੰਜ ਮਿਲੀਅਨ ਡਾਲਰਾਂ ਦੀ ਜ਼ਰੂਰਤ ਹੈ। ਇਸ ਮਾਮਲੇ ਵਿਚ ਦੂਜੀ ਵੱਡੀ ਸਮੱਸਿਆ ਸਮਰੱਥਾ ਦੀ ਹੈ। ਇਸ ਤਰ੍ਹਾਂ ਦੇ ਘਾਹ ਨੂੰ ਸਾਂਭਣ ਲਈ ਜ਼ਰੂਰਤ ਮੁਤਾਬਕ ਥਾਂ ਨਹੀਂ ਹੈ। 2020 ਤੱਕ ਇਸ ਲਈ ਵੱਖਰੀ ਤਰ੍ਹਾਂ ਦੇ ਪ੍ਰੋਗਰਾਮ ਦਾ ਕਾਰਜਕ੍ਰਮ ਹੈ। ਇਸ ਪ੍ਰੋਗਰਾਮ ਤਹਿਤ ਲੋਕ ਵਿਹੜੇ ਅਤੇ ਰਸੋਈ ਦਾ ਕੂੜਾ ਵੱਖਰੇ ਕੂੜੇਦਾਨ ਵਿਚ ਪਾਇਆ ਕਰਨਗੇ। ਇਸ ਮਾਮਲੇ ਵਿਚ ਅਧਿਕਾਰੀਆਂ ਦੀ ਕੋਸ਼ਿਸ਼ ਇਹੀ ਹੈ ਕਿ ਕਿਸ ਤਰ੍ਹਾਂ ਵੱਧ ਤੋਂ ਵੱਧ ਕੂੜੇ ਨੂੰ ਰੀਸਾਈਕਲ ਕੀਤਾ ਜਾਵੇ ਤਾਂ ਜੋ ਇਸ ਸਮੱਸਿਆ 'ਤੇ ਕਾਬੂ ਪਾਇਆ ਜਾ ਸਕੇ।

# ਏਅਰਪੋਰਟ ਬੱਸ ਦਾ ਕਿਰਾਇਆ ਘਟ ਕੇ ਮੁੜ ਪੰਜ ਡਾਲਰ ਹੋਣ ਦੀ ਆਸ

**ਐਡਮਿੰਟਨ (ਨਦਬ) :** ਲਡੂਕ ਟਰਾਂਸਜ਼ਿਟ ਵਲੋਂ ਨਿਸਕੂ ਅਤੇ ਏਅਰਪੋਰਟ ਦਾ ਰੂਟ ਫਿਰ ਤੋਂ ਚਾਲੂ ਕੀਤਾ ਜਾਵੇਗਾ ਜਦੋਂਕਿ ਏਅਰਪੋਰਟ ਅਥਾਰਟੀ ਵਲੋਂ ਕੈਂਪਸ ਵਿਚ ਮੁਫ਼ਤ ਸੇਵਾਵਾਂ ਦਿੱਤੀਆਂ ਜਾਣਗੀਆਂ।

ਐਡਮਿੰਟਨ ਦਾ ਰੂਟ 747 ਇਸ ਬਸੰਤ ਵਿਚ ਸ਼ੁਰੂ ਹੋਵੇਗਾ ਅਤੇ ਕੌਸਟਕੋ ਤੋਂ ਪੱਤਝੜ ਦੇ ਵਿਚ ਸ਼ੁਰੂ ਹੋਣ ਦੀ ਸੰਭਾਵਨਾ ਹੈ। ਰੂਟ 747 ਏਅਰਪੋਰਟ ਤੋਂ ਹੋ ਕੇ ਜਾਵੇਗਾ। ਮੇਅਰ ਡੌਨ ਆਈਵਸਨ ਨੇ ਦੱਸਿਆ ਕਿ ਅੰਤਰਿਮ ਜਿੱਤ ਵਜੋਂ ਕੌਂਸਲ ਵਲੋਂ ਇਸ ਸਰਵਿਸ ਲਈ 336000 ਡਾਲਰ ਦੇ ਵਾਧੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਰਾਸ਼ੀ ਵਿਚ ਲਡੂਕ ਸਿਟੀ, ਲਡੂਕ ਕਾਊਂਟੀ ਅਤੇ ਐਡਮਿੰਟਨ ਏਅਰਪੋਰਟ ਵਲੋਂ ਵੀ ਯੋਗਦਾਨ ਦਿੱਤਾ ਜਾਵੇਗਾ। ਆਈਵਸਨ ਦਾ ਕਹਿਣਾ ਹੈ ਕਿ ਇਹ ਪਹਿਲੀ ਉਦਾਹਰਣ ਹੋਵੇਗੀ ਜਿਸ ਵਿਚ ਸਾਂਝੇ ਫਾਇਦੇ ਲਈ ਨਿਵੇਸ਼ ਕੀਤਾ ਜਾਵੇਗਾ। ਸਿਟੀ ਲਡੂਕ ਨੂੰ ਫਾਇਦਾ ਇਹ ਹੋਵੇਗਾ ਕਿ ਮਈ ਵਿਚ ਖੁੱਲ੍ਹਣ ਵਾਲੇ ਮਾਲ ਨੂੰ ਨਵਾਂ ਰਸਤਾ ਲੱਗ ਜਾਵੇਗਾ ਜਿਸ ਨਾਲ ਟੈਕਸਾਂ ਵਿਚ ਵਾਧੇ ਤੋਂ ਮੁਨਾਫ਼ਾ ਹੋਵੇਗਾ।

ਐਡਮਿੰਟਨ ਟਰਾਂਜ਼ਿਟ ਦੀ ਕਾਰਜਕ੍ਰਮ ਅਤੇ ਯੋਜਨਾ ਦੀ ਨਿਰਦੇਸ਼ਕ ਸਾਰਾਹ ਫੇਲਡਮਨ ਦਾ ਕਹਿਣਾ ਹੈ ਕਿ ਲਡੂਕ ਟਰਾਂਜ਼ਿਟ ਕਾਰਜਕ੍ਰਮ ਵਿਚ ਸਹਿਯੋਗ ਕਰੇ ਤਾਂ ਜੋ ਐਡਮਿੰਟਨ ਵਾਸੀਆਂ ਨੂੰ ਏਅਰਪੋਰਟ ਟਰਮੀਨਲ ਅਤੇ ਨਿਸਕੂ ਪਹੁੰਚਣ ਵਿਚ ਦਿੱਕਤ ਨਾ ਆਵੇ, ਇਸ ਨੂੰ ਲੈ ਕੇ ਅਸੀਂ




ਕੰਮ ਕਰਾਂਗੇ। ਇਸ ਵੇਲੇ ਏਅਰਪੋਰਟ 'ਤੇ ਕੰਮ ਕਰਨ ਵਾਲੇ ਛੇ ਹਜ਼ਾਰ ਲੋਕਾਂ ਵਿਚ 76 ਪ੍ਰਤੀਸ਼ਤ ਐਡਮਿੰਟਨ ਵਿਚ ਰਹਿੰਦੇ ਹਨ। ਵਿਕਾਸ ਦੀ ਹੋਰ ਯੋਜਨਾ ਮੁਤਾਬਕ ਇਸ ਵਿਚ 2000 ਜੌਬਾਂ ਹੋਰ ਜੁੜ ਜਾਣਗੀਆਂ। ਐਡਮਿੰਟਨ ਵਲੋਂ ਲਡੂਕ ਟਰਾਂਜ਼ਿਟ ਨੂੰ ਸਮਾਰਟ ਫੇਅਰ ਪ੍ਰੋਜੈਕਟ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ ਗਈ ਹੈ। ਯੋਜਨਾ ਹੈ ਕਿ 2020 ਤੱਕ ਇਸ ਖੇਤਰ ਵਿਚ ਕਾਰਡ ਆਧਾਰਤ ਇਲੈਕਟ੍ਰੋਨਿਕ ਭੁਗਤਾਨ ਪ੍ਰਣਾਲੀ ਆ ਜਾਵੇਗੀ।

# ਪਾਈਪਲਾਈਨ ਨੂੰ ਲੈ ਕੇ ਅਲਬਰਟਾ ਅਤੇ ਬੀਸੀ ਦੇ ਲੋਕ ਦੋ ਧੜਿਆਂ ਵਿਚ ਵੰਡੇ

**ਐਡਮਿੰਟਨ (ਨਦਬ)** : ਪਿਛਲੇ ਲੰਮੇ ਸਮੇਂ ਤੋਂ ਪਾਈਪਲਾਈਨ ਨੂੰ ਲੈ ਕੇ ਅਲਬਰਟਾ ਅਤੇ ਬੀਸੀ ਵਿਚਕਾਰ ਸ਼ਬਦੀ ਜੰਗ ਜਾਰੀ ਹੈ। ਹੁਣ ਇਹ ਮਾਮਲਾ ਹੋਰ ਡੂੰਘਾ ਹੋ ਗਿਆ ਹੈ। ਐਗੰਸ ਰੀਡ ਇੰਸਟੀਚਿਊਟ ਦੇ ਸਰਵੇਖਣ ਮੁਤਾਬਕ ਇਹ ਮਸਲਾ ਪਾਈਪਲਾਈਨ ਜਾਂ ਵਾਈਨ ਦਾ ਨਹੀਂ ਰਿਹਾ ਸਗੋਂ ਇਹ ਕਨੇਡੀਅਨਾਂ ਦੇ ਦਿਲਾਂ ਅਤੇ ਦਿਮਾਗ਼ਾਂ ਨੂੰ ਜਿੱਤਣ ਦੀ ਗੇਮ ਬਣ ਗਿਆ ਹੈ।







ਕੁਝ ਕਨੇਡਾ ਵਾਸੀ ਪਾਈਪਲਾਈਨ ਦੇ ਵਿਰੋਧ ਵਿਚ ਹਨ ਤੇ ਕੁਝ ਪੱਖ ਵਿਚ। ਜੇਕਰ ਅੰਕੜਿਆਂ ਦੇ ਹਿਸਾਬ ਨਾਲ ਗੱਲ ਕਰੀਏ ਤਾਂ 49 ਪ੍ਰਤੀਸ਼ਤ ਕਨੇਡਾ ਵਾਸੀ ਪਾਈਪਲਾਈਨ ਦਾ ਸਮਰਥਨ ਕਰਦੇ ਹਨ ਜਦੋਂ ਕਿ ਇੱਕ ਚੌਥਾਈ ਇਸ ਦੇ ਵਿਰੋਧ ਵਿਚ ਹਨ। ਅਲਬਰਟਾ ਦੇ ਤਿੰਨ ਚੌਥਾਈ ਵਾਸੀ ਇਸ 7.4 ਬਿਲੀਅਨ ਡਾਲਰ ਦੇ ਵੱਡੇ ਪ੍ਰੋਜੈਕਟ ਦੇ ਹੱਕ ਵਿਚ ਹਨ। ਬ੍ਰਿਟਿਸ਼ ਕੋਲੰਬੀਆਂ ਵਿਚ 48 ਪ੍ਰਤੀਸ਼ਤ ਲੋਕ ਸਮਰਥਨ ਕਰਦੇ ਹਨ ਜਦੋਂਕਿ 40 ਪ੍ਰਤੀਸ਼ਤ ਲੋਕ ਇਸ ਦੇ ਵਿਰੋਧ ਵਿਚ ਹਨ।

ਸਮੁੱਚੇ ਰੂਪ ਵਿਚ ਜੇਕਰ ਗੱਲ ਕੀਤੀ ਜਾਵੇ ਤਾਂ ਕਿਊਬਿਕ ਨੂੰ ਛੱਡ ਕੇ ਬਾਕੀ ਸਾਰੇ ਦੇਸ਼ ਵਿਚ ਜ਼ਿਆਦਾ ਲੋਕ ਪ੍ਰੋਜੈਕਟ ਦੇ ਹੱਕ ਵਿਚ ਹਨ ਤੇ ਵਿਰੋਧ ਵਿਚ ਘੱਟ ਹਨ। ਜੇਕਰ ਦੋਵੇਂ ਸੂਬਿਆਂ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਕਹਿਣਾ ਮੁਸ਼ਕਲ ਹੈ ਲੋਕ ਕਿਸ ਸੂਬੇ ਦੇ ਹੱਕ ਵਿਚ ਹਨ ਤੇ ਕਿਸ ਸੂਬੇ ਦੀਆਂ ਦਲੀਲਾਂ ਵਿਚ ਦਮ ਹੈ।

ਇਸ ਮਾਮਲੇ ਵਿਚ ਦੋਵੇਂ ਪਾਸੇ ਪਲੜਾ ਬਰਾਬਰ ਹੈ। ਜੇਕਰ ਅਲਬਰਟਾ ਅਤੇ ਸਸਕੈਚਵਨ ਦੇ ਅੰਕੜੇ ਦੇਖੇ ਜਾਣ ਤਾਂ ਕ੍ਰਮਵਾਰ 82 ਪ੍ਰਤੀਸ਼ਤ ਅਲਬਰਟਾ ਅਤੇ 70 ਪ੍ਰਤੀਸ਼ਤ ਸਸਕੈਚਵਨ ਵਾਸੀ ਨੋਟਲੇ ਸਰਕਾਰ ਦੀਆਂ ਦਲੀਲਾਂ ਤੋਂ ਪ੍ਰਭਾਵਤ ਹਨ।

ਦੋ ਤਿਹਾਈ ਕਿਊਬਿਕ, 58 ਪ੍ਰਤੀਸ਼ਤ ਬੀਸੀ ਦੇ ਲੋਕ ਤੇ 55 ਪ੍ਰਤੀਸ਼ਤ ਅਟਲਾਂਟਿਕ ਕਨੇਡਾ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਹੋਰਗਨ ਦੀਆਂ ਦਲੀਲਾਂ ਦਾ ਪ੍ਰਭਾਵ ਜ਼ਿਆਦਾ ਹੈ। ਪੂਰੇ ਕਨੇਡਾ ਦੀ ਗੱਲ ਕੀਤੀ ਜਾਵੇ ਤਾਂ 55 ਪ੍ਰਤੀਸ਼ਤ ਲੋਕਾਂ ਦਾ ਕਹਿਣਾ ਹੈ ਕਿ ਹੋਰਗਨ ਸਰਕਾਰ ਗਲਤ ਹੈ ਜਦੋਂਕਿ 45 ਪ੍ਰਤੀਸ਼ਤ ਇਸ ਨੂੰ ਸਹੀ ਦੱਸ ਰਹੇ ਹਨ। ਕੀਤੇ ਗਏ ਸਰਵੇ ਵਿਚ 2501 ਕਨੇਡਾ ਵਾਸੀਆਂ ਨੂੰ ਸ਼ਾਮਲ ਕੀਤਾ ਗਿਆ ਸੀ ਤੇ ਇਹ ਸਰਵੇਖਣ 15 ਤੋਂ 19 ਫਰਵਰੀ ਵਿਚਕਾਰ ਹੋਇਆ ਹੈ।

ਅਲਬਰਟਾ ਸਰਕਾਰ ਵੱਲੋ ਬੀਸੀ ਵਿਚ ਪ੍ਰੋਜੈਕਟ ਨੂੰ ਲੈ ਕੇ ਪ੍ਰਚਾਰ ਕਰਨ ਲਈ 62000 ਡਾਲਰ ਖਰਚ ਕੀਤੇ ਗਏ ਹਨ।

ਇਹ ਵੀ ਦੱਸਣਾ ਬਣਦਾ ਹੈ ਕਿ 53 ਪ੍ਰਤੀਸ਼ਤ ਲੋਕਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਫੈਡਰਲ ਸਰਕਾਰ ਕੋਲ ਹੱਕ ਹੋਣੇ ਚਾਹੀਦੇ ਹਨ ਜਦੋਂ ਕਿ 47 ਪ੍ਰਤੀਸ਼ਤ ਸੂਬੇ ਦੇ ਹੱਕ ਵਿਚ ਹਨ।

ਬੀਸੀ ਅਤੇ ਅਲਬਰਟਾ ਦੇ ਪ੍ਰੀਮੀਅਰ ਆਪਣੇ ਸੂਬੇ ਦੇ ਹਿੱਤਾਂ ਅਤੇ ਆਪੋ ਆਪਣੀ ਰਾਜਨੀਤੀ ਨੂੰ ਦੇਖਦਿਆਂ ਇਸ ਸਬੰਧੀ ਬਿਆਨ ਦੇ ਰਹੇ ਹਨ ਤੇ ਸਮੀਕਰਨ ਸਿਰਜ ਰਹੇ ਹਨ। ਰੈਚਲ ਨੋਟਲੇ ਦਾ ਕਹਿਣਾ ਹੈ ਕਿ ਇਸ ਪ੍ਰੋਜੈਕਟ ਨਾਲ ਬਹੁਤ ਸਾਰੀਆਂ ਨੌਕਰੀਆਂ ਪੈਦਾ ਹੋਣਗੀਆਂ ਤੇ ਦੇਸ਼ ਦੀ ਆਰਥਕ ਤਰੱਕੀ ਹੋਵੇਗੀ ਜਦੋਂਕਿ ਦੂਜੇ ਪਾਸੇ ਜੌਹਨ ਹੋਰਗਨ ਦਾ ਕਹਿਣਾ ਹੈ ਕਿ ਇਹ ਪ੍ਰੋਜੈਕਟ ਬਹੁਤ ਸਾਰੀਆਂ ਮੁਸ਼ਕਲਾਂ ਨੂੰ ਜਨਮ ਦੇਵੇਗਾ ਜਿਸ ਦਾ ਸਾਹਮਣਾ ਬੀਸੀ ਨੂੰ ਕਰਨਾ ਪਏਗਾ।

# 'ਬੱਚਿਆਂ ਵਿਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਦੌਰਾਨ ਸਟਨ ਗਾਰਨਰ ਦਾ ਹੋਵੇਗਾ ਸਨਮਾਨ

**ਕੈਲਗਰੀ (ਜੋਰਾਵਰ ਬਾਂਸਲ)** : ਪੰਜਾਬੀ ਲਿਖਾਰੀ ਸਭਾ ਕੈਲਗਰੀ ਪਿਛਲੇ 19 ਸਾਲਾਂ ਤੋਂ ਪੰਜਾਬੀ ਸਾਹਿਤਕ ਤੇ ਸਮਾਜਕ ਗਤੀਵਿਧੀਆਂ ਨਾਲ ਕਾਰਜਸ਼ੀਲ ਹੈ। ਪਿਛਲੇ ਸੱਤ ਸਾਲਾਂ ਤੋਂ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਹਰ ਸਾਲ 'ਬੱਚਿਆਂ ਵਿਚ ਪੰਜਾਬੀ ਬੋਲਣ ਦੀ ਮੁਹਾਰਤ' ਨਾਮ ਦਾ ਮੁਕਾਬਲਾ ਕਰਵਾ ਕੇ ਪੰਜਾਬੀ ਪ੍ਰਫੁਲਤ ਕਰਨ ਵਿਚ ਆਪਣਾ ਸਫਲ ਯੋਗਦਾਨ ਪਾ ਰਹੀ ਹੈ।

ਇਸ ਸਾਲ ਇਹ ਸਮਾਗਮ 17 ਮਾਰਚ ਦਿਨ ਸ਼ਨੀਵਾਰ ਨੂੰ ਵਾਈਟਹੌਰਨ ਕਮਿਊਨਟੀ ਹਾਲ ਵਿਚ ਦੁਪਿਹਰ 12.30 ਵਜੇ ਤੋਂ ਸ਼ਾਮ 4 ਵਜੇ ਤੱਕ ਹੋਏਗਾ। ਇਸ ਵਿਚ ਪਹਿਲੇ ਭਾਗ ਵਿਚ ਦੋ, ਤਿੰਨ ਤੇ ਚਾਰ ਗਰੇਡ ਦੇ ਬੱਚੇ, ਦੂਸਰੇ ਭਾਗ ਵਿਚ ਪੰਜ ਤੋਂ ਛੇ ਅਤੇ ਤੀਸਰੇ ਭਾਗ ਵਿਚ ਸੱਤ ਤੋਂ ਅੱਠ ਗਰੇਡ ਦੇ ਬੱਚੇ ਸ਼ਾਮਲ ਹਨ। ਜਿਨ੍ਹਾਂ ਨੂੰ ਜੱਜ ਵਜੋਂ ਪੰਜਾਬੀ ਕਮਿਊਨਟੀ ਵਿਚ ਮੀਡੀਆ, ਸਮਾਜ ਸੇਵਾ ਤੇ ਸਹਿਤਕ ਸਭਾਵਾਂ ਵਿਚ ਅਹੁਦੇਦਾਰ ਵਿਅਕਤੀ ਬੱਚਿਆਂ ਦੀ ਯੋਗਤਾ ਅਨੁਸਾਰ ਉਨ੍ਹਾਂ ਨੂੰ ਚੁਣ ਕੇ ਹੌਸਲਾ ਅਫਜਾਈ ਕਰਨਗੇ। ਬੱਚਿਆਂ ਵਿਚ ਉਤਸ਼ਾਹ ਤੇ ਅੱਛਾ ਕਿਰਦਾਰ ਬਣਨ ਦੀ ਜਾਗ੍ਰਿਤੀ ਲਈ ਸਭਾ ਹਰ ਸਾਲ ਇਕ ਬੱਚੇ ਦਾ ਸਨਮਾਨ ਕਰਦੀ ਹੈ। ਇਸ ਵਾਰ ਮਾਣਮੱਤਾ ਨਾਮ ਕੈਨੇਡੀਅਨ ਕਮਿਊਨਟੀ ਦੀ 13 ਸਾਲਾਂ ਸਟਨ ਗਾਰਨਰ (Sutton garner) ਦਾ ਹੈ ਜੋ ਇੰਨੀ ਛੋਟੀ ਉਮਰ ਵਿਚ (I can for kids!) ਮਿਸ਼ਨ ਹੇਠ ਸਕੂਲਾਂ ਵਿਚ ਜ਼ਰੂਰਤਮੰਦ ਬੱਚਿਆਂ ਨੂੰ ਮੁਫ਼ਤ ਖਾਣਾ ਮੁਹੱਈਆ ਕਰਦੀ ਹੈ। ਦੂਸਰਾ ਸਨਮਾਨ ਦੇਸ਼ ਤੇ ਸਮਾਜ ਸੇਵਾ ਵਿਚ ਯੋਗਦਾਨ ਪਾਉਣ ਵਾਲੇ ਲੈ. ਕਰਨਲ ਰਤਨ ਸਿੰਘ ਪਰਮਾਰ ਨੂੰ ਦਿੱਤਾ ਜਾ ਰਿਹਾ ਹੈ। ਦੋਨਾਂ ਸਖਸ਼ੀਅਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਮਾਗਮ ਦੌਰਾਨ ਦਿੱਤੀ ਜਾਵੇਗੀ।

ਸਭਾ ਵਲੋਂ ਸਾਰੇ ਪਰਿਵਾਰਾਂ ਨੂੰ ਸਮਾਗਮ ਵਿਚ ਬੱਚਿਆਂ ਸਮੇਤ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਜੇ ਤੁਹਾਡੇ ਬੱਚੇ ਮੁਕਾਬਲੇ ਵਿਚ ਭਾਗ ਨਹੀਂ ਵੀ ਲੈ ਰਹੇ ਪਰ ਦੂਸਰੇ ਬੱਚਿਆਂ ਨੂੰ ਸਟੇਜ 'ਤੇ ਪੰਜਾਬੀ ਬੋਲਦਿਆਂ ਦੇਖ ਉਨ੍ਹਾਂ ਵਿਚ ਵੀ ਅਗਲੀ ਵਾਰੀ ਬੋਲਣ ਲਈ ਉਤਸ਼ਾਹ ਜਾਗੇਗਾ।




ਨੋਟ : 'ਆਈ ਕੈਨ ਫਾਰ ਕਿਡਸ' ਸੰਸਥਾ ਲਈ ਉਸ ਦਿਨ ਹੇਠ ਲਿਖੇ ਕਿਸਮ ਦਾ (ਪੋਰਕ ਫਰੀ) ਰਾਸ਼ਨ ਦਾਨ ਕੀਤਾ ਜਾ ਸਕਦਾ ਹੈ–

ਬੰਦ ਡੱਬਾ (ਕੈਨ ਫੂਡ-ਸੂਪ, ਵੈਜੀਟੇਵਲਸ) ਚਾਵਲ, ਸੀਰੀਅਲ ਆਦਿ।

# ਟ੍ਰਿਬਿਊਨਲ ਵਲੋਂ ਦੰਦਾਂ ਦਾ ਡਾਕਟਰ ਦੋਸ਼ੀ ਕਰਾਰ

## ਬੱਚੀ ਦੇ ਦਿਮਾਗ਼ ਨੂੰ ਪਹੁੰਚਿਆ ਨੁਕਸਾਨ

**ਐਡਮਿੰਟਨ (ਨਦਬ)** : ਐਡਮਿੰਟਨ ਦੇ ਵਿਲੀਅਮ ਮੈਥਰ ਨਾਂ ਦੇ ਦੰਦਾਂ ਦੇ ਡਾਕਟਰ ਉੱਤੇ ਲਗਭਗ ਇੱਕ ਦਰਜ਼ਨ ਅਜਿਹੇ ਮਾਮਲੇ ਹਨ ਜਿਨ੍ਹਾਂ ਵਿਚ ਉਸ ਦੀ ਗੈਰ ਕਿੱਤਾਮੁਖੀ ਪਹੁੰਚ ਕਾਰਨ ਮਰੀਜ਼ਾਂ ਨੂੰ ਨੁਕਸਾਨ ਪਹੁੰਚਿਆ ਹੈ।

ਸਤੰਬਰ 2016 ਵਿਚ ਉਸ ਨੇ ਚਾਰ ਸਾਲ ਦੀ ਲੜਕੀ ਐਂਬਰ ਅਠਵਾਲ ਦਾ ਗਲਤ ਇਲਾਜ ਕਰਦਿਆਂ ਉਸ ਦੇ ਦਿਮਾਗ਼ ਨੂੰ ਨੁਕਸਾਨ ਪਹੁੰਚਾ ਦਿੱਤਾ ਸੀ ਜਿਸ ਦੇ ਬਹੁਤ ਗੰਭੀਰ ਸਿੱਟੇ ਸਾਹਮਣੇ ਆਏ ਤੇ ਕੁੜੀ ਨੂੰ ਹਸਪਤਾਲ ਭਰਤੀ ਕਰਨਾ ਪਿਆ। ਇਸ ਤੋਂ ਪਹਿਲਾਂ ਵੀ ਉਸ 'ਤੇ ਕਿੱਤੇ ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਗੰਭੀਰ ਦੋਸ਼ ਲੱਗੇ ਹਨ। ਜ਼ਿਕਰਯੋਗ ਹੈ ਕਿ ਐਂਬਰ ਦੇ ਮਾਮਲੇ ਦੀ ਜਾਂਚ ਅਲਬਰਟਾ ਡੈਂਟਲ ਐਸੋਸੀਏਸ਼ਨ ਅਤੇ ਕਾਲਜ ਹੀਅਰਿੰਗ ਟ੍ਰਿਬਿਊਨਲ ਵਲੋਂ ਕੀਤੀ ਜਾ ਰਹੀ ਸੀ। ਟ੍ਰਿਬਿਊਨਲ ਨੇ ਕਿਹਾ ਕਿ ਰਿਪੋਰਟਾਂ ਤੋਂ ਸਾਹਮਣੇ ਆਇਆ ਕਿ ਬੱਚੀ ਦੇ ਦਿਮਾਗ਼ ਨੂੰ ਕਦੇ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ ਹੈ।

ਜਾਂਚ ਦੌਰਾਨ ਮੈਥਰ ਨੇ ਮੰਨਿਆ ਕਿ ਅਜਿਹਾ ਗੈਰ ਕਿੱਤਾਮੁਖੀ ਪਹੁੰਚ ਕਾਰਨ ਵਾਪਰਿਆ ਹੈ। ਅਸਲ ਵਿਚ ਡਾਕਟਰ ਮੈਥਰ ਅਤੇ ਉਸ ਦੇ ਸਟਾਫ਼ ਵਿਚ ਨੈਤਿਕਤਾ ਦੀ ਕਮੀ ਸੀ ਕਿਉਂਕਿ ਜਿਸ ਮੈਡੀਕਲ ਹਾਲਤ ਨਾਲ ਉਹ ਨਜਿੱਠ ਨਹੀਂ ਸਕਦੇ ਇਸ ਦੇ ਬਾਵਜੂਦ ਉਹ ਲਾਲਚਵਸ ਮਰੀਜ਼ਾਂ ਨਾਲ ਖਿਲਵਾੜ ਕਰਦੇ ਸਨ। ਸਾਡੇ ਲਈ ਚਿੰਤਾ ਵਾਲੀ ਗੱਲ ਇਹ ਹੈ ਕਿ ਅਜਿਹੇ ਕੇਸਾਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ।

ਡੈਂਟਲ ਐਸੋਸੀਏਸ਼ਨ ਦੇ ਮੁੱਖ ਪ੍ਰਬੰਧਕ ਨੇ ਕਿਹਾ ਕਿ ਉਨ੍ਹਾਂ ਨੂੰ ਐਂਬਰ ਅਤੇ ਉਸ ਦੇ ਪਰਿਵਾਰ ਨਾਲ ਹਮਦਰਦੀ ਹੈ ਤੇ ਡਾਕਟਰ ਦੇ ਰਵੱਈਏ 'ਤੇ ਅਫਸੋਸ ਹੈ।

PAKISTANI & EAST AFRICAN MENU
BEEF RIB, MOGO, MISHKAKI, CHOPS, CHAPPALI KABAB, SEEKH KABAB
Shah Tandoori Grill
Party Hall Available
Catering in Town or Out of Town
Tuesday Closed
ASK For
780 462 3556
3444-93 Street, NW, Edmonton AB T6E 6A4, Fax : 780 462 3575, Toll Free : 1 866 362 3556

# ਵਾਤਾਵਰਣ ਬਚਾਉਣ ਲਈ ਸਰਕਾਰਾਂ ਦੀ ਪਹਿਲਕਦਮੀ ਲਾਜ਼ਮੀ

## ਲਗਾਤਾਰ ਵਧ ਰਿਹਾ ਹੈ ਸ਼ਹਿਰ ਦਾ ਤਾਪਮਾਨ



**ਐਡਮਿੰਟਨ (ਨਦਬ)** : ਐਡਮਿੰਟਨ ਸ਼ਹਿਰ ਦੀ ਵਾਤਾਵਰਣ ਪ੍ਰੋਜੈਕਟ ਮੈਨੇਜ਼ਰ ਚੰਦਰਾ ਤੋਮਾਰਸ ਨੇ ਪਿਛਲੇ ਦਿਨੀਂ ਵਾਤਾਵਰਣ ਬਦਲਾਅ ਨਾਲ ਸਬੰਧਤ ਸਾਇੰਸ ਕਾਨਫਰੰਸ ਵਿਚ ਬੋਲਦਿਆਂ ਕਿਹਾ ਕਿ ਪਿਛਲੀ ਸਦੀ ਵਿਚ ਔਸਤਨ ਸ਼ਹਿਰ ਦੇ ਤਾਪਮਾਨ ਵਿਚ 1.7 ਸੈਲਸੀਅਸ ਦਾ ਵਾਧਾ ਹੋਇਆ ਹੈ ਤੇ ਇਹ ਵਾਧਾ ਲਗਾਤਾਰ ਹੋ ਰਿਹਾ ਹੈ। ਪਿਛਲੇ 50 ਸਾਲਾਂ ਤੋਂ ਵਧ ਰਹੇ ਤਾਪਮਾਨ ਨੇ ਮਾਹਰਾਂ ਨੂੰ ਦੁਚਿੱਤੀ ਵਿਚ ਪਾਇਆ ਹੋਇਆ ਹੈ।

ਜੇਕਰ ਇਸ ਤਰ੍ਹਾਂ ਹੀ ਤਾਪਮਾਨ ਵਿਚ ਵਾਧਾ ਹੁੰਦਾ ਰਿਹਾ ਜਿਵੇਂ ਕਿ ਪਿਛਲੇ 50 ਸਾਲਾਂ ਤੋਂ ਹੋ ਰਿਹਾ ਹੈ ਤਾਂ ਇਸ ਹਿਸਾਬ ਨਾਲ ਭਵਿੱਖ ਵਿਚ ਪ੍ਰਤੀ ਸਦੀ ਇਹ ਵਾਧਾ 3.5 ਸੈਲਸੀਅਸ ਦਾ ਹੋਵੇਗਾ। ਉਨ੍ਹਾਂ ਨੇ ਐਡਮਿੰਟਨ ਦੇ ਲਗਾਤਾਰ ਵਧ ਰਹੇ ਤਾਪਮਾਨ ਦੇ ਦੋ ਕਾਰਨਾਂ ਬਾਰੇ ਦੱਸਿਆ। ਪਹਿਲਾਂ ਇਹ ਕਿ ਸ਼ਹਿਰ ਮਹਾਂਦੀਪ ਦੇ ਵਿਚਕਾਰ ਆਲੇ ਦੁਆਲੇ ਜ਼ਮੀਨ ਨਾਲ ਘਿਰਿਆ ਹੋਇਆ ਹੈ ਜਿਹੜਾ ਕਿ ਸਾਗਰ ਨੇੜਲੇ ਇਲਾਕੇ ਨਾਲੋਂ ਦੋ ਗੁਣਾ ਗਰਮ ਹੁੰਦਾ ਹੈ ਦੂਜਾ ਕਾਰਨ ਆਰਕਟਿਕ ਦੀ ਗਰਮੀ ਨੂੰ ਦੱਸਿਆ।

ਉਨ੍ਹਾਂ ਅੱਗੇ ਗੱਲ ਕਰਦਿਆਂ ਕਿਹਾ ਕਿ ਐਡਮਿੰਟਨ ਕੋਲ ਪੀਣ ਵਾਲੇ ਪਾਣੀ ਦਾ ਇੱਕੋ ਇੱਕ ਸ੍ਰੋਤ ਨਾਰਥ ਸਸਕੈਚਵਨ ਨਦੀ ਹੈ। ਇਸ ਨਦੀ ਨੂੰ ਜੇਕਰ ਇਤਿਹਾਸਕ ਨਜ਼ਰੀਏ ਤੋਂ ਦੇਖੀਏ ਤਾਂ ਵਾਤਾਵਰਣ ਬਦਲਾਅ ਨੇ ਕਾਫ਼ੀ ਪ੍ਰਭਾਵਤ ਕੀਤਾ ਹੈ। ਕਈ ਥਾਂਵਾਂ 'ਤੇ ਪਾਣੀ ਦਾ ਵਹਿਣ ਕਾਫ਼ੀ ਘਟਿਆ ਹੈ। ਵਾਤਾਵਰਣ ਬਦਲਾਅ ਨਾਲ ਸ਼ਹਿਰ ਦੀ ਹਵਾ ਵੀ ਪ੍ਰਦੂਸ਼ਤ ਹੋਈ ਹੈ ਜੋ ਕਿ ਮਨੁੱਖਤਾ ਲਈ ਚਿੰਤਾ ਦਾ ਵਿਸ਼ਾ ਹੈ।

ਜ਼ਿਕਰਯੋਗ ਹੈ ਕਿ ਇਸ ਸਾਇੰਸ ਕਾਨਫਰੰਸ ਵਿਚ ਵਿਸ਼ਵ ਪੱਧਰੀ 800 ਸੰਸਥਾਵਾਂ, ਸ਼ਹਿਰਾਂ ਅਤੇ ਯੂਨਾਈਟਡ ਨੇਸ਼ਨਜ਼ ਦੇ ਪ੍ਰਤੀਨਿਧ ਹਾਜ਼ਰ ਸਨ। ਕਾਨਫਰੰਸ ਵਿਚ ਇਸ ਗੱਲ ਨੂੰ ਲੈ ਕੇ ਵੀ ਚਰਚਾ ਹੋਈ ਕਿ ਵੱਡੇ ਸ਼ਹਿਰਾਂ ਵਿਚ ਵਾਤਾਵਰਣ ਬਦਲਾਅ ਦੇ ਵੱਧ ਖਤਰੇ ਹਨ ਕਿਉਂਕਿ ਇੱਥੇ ਜ਼ਿਆਦਾ ਲੋਕ ਰਹਿੰਦੇ ਹਨ ਤੇ ਉਸਾਰੀ ਹੁੰਦੀ ਹੈ ਜਿਸ ਨਾਲ ਕੁਦਰਤ 'ਤੇ ਜ਼ਿਆਦਾ ਪ੍ਰਭਾਵ ਪੈਣਾ ਆਮ ਗੱਲ ਹੈ। ਉਦਾਹਰਣ ਲਈ ਅਸੀਂ ਕੇਪ ਟਾਊਨ ਅਤੇ ਦੱਖਣੀ ਅਫ਼ਰੀਕਾ ਨੂੰ ਦੇਖ ਸਕਦੇ ਹਾਂ ਜਿੱਥੇ ਪੀਣ ਵਾਲੇ ਪਾਣੀ ਦਾ ਵੱਡਾ ਸੰਕਟ ਦਰਪੇਸ਼ ਹੈ। ਇਨ੍ਹਾਂ ਖਤਰਿਆਂ ਨੂੰ ਘਟਾਉਣ ਲਈ ਸਾਨੂੰ ਨਵੀਂ ਤਕਨੀਕ ਨਾਲ ਉਸਾਰੀ ਕਰਨੀ ਚਾਹੀਦੀ ਹੈ ਤੇ ਐਨਰਜੀ ਘਟਾਉਣੀ ਚਾਹੀਦੀ ਹੈ। ਜਨਤਕ ਟ੍ਰਾਂਸਪੋਰਟ ਮਜ਼ਬੂਤ ਕਰਨੀ ਚਾਹੀਦੀ ਹੈ ਤਾਂ ਜੋ ਸੜਕਾਂ 'ਤੇ ਵਾਹਨ ਘਟਾਏ ਜਾ ਸਕਣ। ਇਸ ਤੋਂ ਇਲਾਵਾ ਖੋਜ ਸੰਸਥਾਵਾਂ ਦੇ ਨਿਰਦੇਸ਼ਾਂ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਤਾਂ ਜੋ ਇਸ ਖੇਤਰ ਵਿਚ ਚੰਗੇ ਨਤੀਜੇ ਛੇਤੀ ਸਾਹਮਣੇ ਆ ਸਕਣ।

ਕਾਨਫਰੰਸ ਵਿਚ ਇੱਕ ਹੋਰ ਵਕਤਾ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਵਾਤਾਵਰਣ ਬਦਲਾਅ ਸਾਹਮਣੇ ਆਇਆ ਹੈ ਪਹਿਲਾਂ ਵੀ ਅਜਿਹਾ ਹੁੰਦਾ ਰਿਹਾ ਹੈ ਪਰ ਇੰਨੀ ਤੇਜ਼ੀ ਨਾਲ ਇਹ ਵਰਤਾਰਾ ਸਾਡੇ ਸਮਿਆਂ ਵਿਚ ਹੀ ਸਾਹਮਣੇ ਆਇਆ ਹੈ। ਯੂਐਨ ਰਿਫਊਜ਼ੀ ਏਜੰਸੀ ਨੇ ਇਸ ਵਰਤਾਰੇ ਬਾਰੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਅਗਲੇ ਦਹਾਕੇ ਵਿਚ ਵਾਤਾਵਰਣ ਬਦਲਾਅ ਰਿਫਊਜ਼ੀ ਸੰਕਟ ਦਾ ਵੱਡਾ ਕਾਰਨ ਹੋਵੇਗਾ।

ਇਸ ਮਾਮਲੇ ਵਿਚ ਬਹਿਸ ਤੇ ਕਾਨਫਰੰਸਾਂ ਦਾ ਆਪਣਾ ਯੋਗਦਾਨ ਹੈ ਪਰ ਜਦੋਂ ਤੱਕ ਸਰਕਾਰਾਂ ਪਹਿਲਕਦਮੀ ਨਹੀਂ ਕਰਨਗੀਆਂ ਉਦੋਂ ਤੱਕ ਇਹ ਸਮੱਸਿਆ ਦਿਨ ਪ੍ਰਤੀ ਦਿਨ ਵਧਦੀ ਹੀ ਜਾਵੇਗੀ। ਅਕਸਰ ਵੱਡੇ ਪ੍ਰੋਜੈਕਟਾਂ ਵਿਚ ਬਹੁ ਰਾਸ਼ਟਰੀ ਕੰਪਨੀਆਂ ਵਾਤਾਵਰਣ ਸਬੰਧੀ ਨਿਯਮਾਂ ਦੀਆਂ ਉਲੰਘਣਾ ਕਰਦੀਆਂ ਹਨ। ਇਹ ਸਾਰਾ ਕੁੱਝ ਸਰਕਾਰੀ ਵਿਭਾਗਾਂ ਦੀ ਨੱਕ ਹੇਠ ਹੁੰਦਾ ਹੈ ਜਦੋਂ ਤੱਕ ਵੱਡਿਆਂ ਨੂੰ ਨੱਥ ਨਹੀਂ ਪਾਈ ਜਾ ਸਕਦੀ ਉਦੋਂ ਤੱਕ ਆਮ ਆਦਮੀ ਜਾਗਰੂਕ ਨਹੀਂ ਕੀਤਾ ਜਾ ਸਕਦਾ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਇਕਤੱਤਰਤਾ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ



**ਕੈਲਗਰੀ (ਇਕਬਾਲ ਖ਼ਾਨ)** : ਅਰਪਨ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਮੀਟਿੰਗ ਸਤਪਾਲ ਕੌਰ ਬੱਲ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਹੋਈ, ਜੋ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਸੀ।

ਸਭਾ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਸਟੇਜ ਦੀ ਜ਼ਿੰਮੇਵਾਰੀ ਨਿਭਾਈ। ਸਭ ਤੋਂ ਪਹਿਲਾਂ ਕਹਾਣੀਕਾਰ ਗੁਰਪਾਲ ਲਿੱਟ, ਚਿੱਤਰਕਾਰ ਮਲਕੀਤ ਸਿੰਘ, ਪ੍ਰੋ. ਸਤਯਮ ਗੋਤਮ (ਪ੍ਰੋ. ਸੱਤਪਾਲ ਗੋਤਮ), ਇੰਗਲੈਂਡ ਵਿਚ ਲੰਬੇ ਸਮੇਂ ਤੋਂ ਰਹਿ ਰਹੇ ਲੋਕਹਿਤਾਂ ਲਈ ਜੂਝਣ ਵਾਲੇ ਅਤੇ ਅਗਾਹ-ਵਧੂ ਲੇਖਕ ਅਵਤਾਰ ਸਿੰਘ ਸਾਦਿਕ ਅਤੇ ਸਭਾ ਦੇ ਸੁਹਿਰਦ ਮੈਂਬਰ ਜਸਵੰਤ ਸਿੰਘ ਸੇਖੋਂ ਦੇ ਕੁੜਮ ਮੋਹਣ ਸਿੰਘ ਲੇਹਿਲ ਨੂੰ ਸ਼ਰਧਾਜਲੀ ਦਿੱਤੀ ਗਈ।

ਪ੍ਰੋਗਰਾਮ ਦਾ ਅਗਾਜ਼ ਡਾ. ਮਨਮੋਹਣ ਸਿੰਘ ਬਾਠ ਨੇ ਆਪਣੀ ਬੁਲੰਦ ਆਵਾਜ਼ ਵਿਚ ਕਵਿਤਾ ਗਾਇਨ ਨਾਲ ਕੀਤਾ। ਜਸਬੀਰ ਸਿੰਘ ਸਹੋਤਾ ਨੇ ਹਰੀ ਸਿੰਘ ਦਿਲਬਰ ਦੀ ਪੁਸਤਕ 'ਦਿਲਬਰ ਦੇ ਚੌਕੇ ਛੱਕੇ' ਵਿਚੋਂ ਤੇ ਉਸੇ ਵੰਨਗੀ ਦੇ ਆਪਣੇ ਲਿਖੇ ਦੋਹੇ ਸੁਣਾਏ। ਸਤਨਾਮ ਸਿੰਘ ਢਾਅ ਨੇ ਸ਼ਇਰ ਗੁਰਦਾਸ ਰਾਮ ਆਲਮ ਦੀ ਕਵਿਤਾ 'ਆਜ਼ਾਦੀ' ਸੁਣਾਈ।

ਕੁਲਦੀਪ ਕੌਰ ਘਟੋੜਾ, ਮਨਜੀਤ ਕੌਰ ਕੰਡਾ, ਕੇਸਰ ਸਿੰਘ ਨੀਰ, ਸਤਪਾਲ ਕੌਰ ਬੱਲ, ਜੋਗਾ ਸਿੰਘ ਸਿਹੋਤਾ, ਸੁਖਵਿੰਦਰ ਤੂਰ ਨੇ ਆਪਣੀਆਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮਨਜੀਤ ਕੌਰ ਕੰਡਾ ਨੇ ਆਪਣੇ ਬਣਾਏ ਹੋਏ ਪੋਸਟਰਾਂ ਰਾਹੀਂ ਨਸ਼ਿਆਂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ।

ਸੇਫ਼ਰ ਸਪੇਸਸ ਪ੍ਰੋਗਰਾਮ

# ਘਰਾਂ ਚ ਸੁਰੱਖਿਆ ਬਣਾਈ ਜਾਵੇਗੀ ਯਕੀਨੀ

**ਐਡਮਿੰਟਨ (ਨਦਬ)** : ਅਗਸਤ 2016 ਤੋਂ ਐਨਡੀਪੀ ਸਰਕਾਰ ਵਲੋਂ ਸੇਫ਼ਰ ਸਪੇਸਸ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਘਰਾਂ ਵਿਚ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਪ੍ਰੋਗਰਾਮ ਤਹਿਤ ਲੈਂਡਲਾਰਡਾਂ ਅਤੇ ਪ੍ਰੋਪਰਟੀ ਮੈਨੇਜ਼ਰਾਂ ਨੂੰ ਖ਼ਾਸ ਤਰ੍ਹਾਂ ਦੀ ਟਰੇਨਿੰਗ ਦਿੱਤੀ ਜਾਵੇਗੀ ਜਿਸ ਤਹਿਤ ਉਹ ਘਰਾਂ ਵਿਚ ਕਿਸੇ ਵੀ ਤਰ੍ਹਾਂ ਦੇ ਖ਼ਤਰਿਆਂ ਨੂੰ ਭਾਂਪ ਸਕਣਗੇ।

ਇਸ ਕੰਮ ਲਈ ਸੈਂਟਰ ਫਾਰ ਪਬਲਿਕ ਲੀਗਲ ਐਜੂਕੇਸ਼ਨ ਅਲਬਰਟਾ ਨੂੰ ਪੰਜਾਹ ਹਜ਼ਾਰ ਡਾਲਰ ਦੀ ਗ੍ਰਾਂਟ ਦਿੱਤੀ ਗਈ ਹੈ। ਔਰਤਾਂ ਦੇ ਮਾਮਲਿਆਂ ਨਾਲ ਸਬੰਧਿਤ ਮੰਤਰੀ ਸਟੀਫਨ ਮੈਕਲੀਨ ਅਤੇ ਕੈਲਗਰੀ ਬੋਅ ਤੋਂ ਐਮਐਲਏ ਡੈਬਰਾਹ ਡਰੈਵਰ ਨੇ ਪਿਛਲੇ ਦਿਨੀਂ ਇਸ ਪ੍ਰੋਗਰਾਮ ਸਬੰਧੀ ਸਮੁੱਚੀ ਜਾਣਕਾਰੀ ਦਿੱਤੀ।

ਇਸ ਪ੍ਰੋਗਰਾਮ ਤਹਿਤ ਕਿਰਾਏਦਾਰਾਂ ਨੂੰ ਇਹ ਹੱਕ ਹੋਵੇਗਾ ਕਿ ਜੇਕਰ ਉਹ ਸੁਰੱਖਿਅਤ ਨਹੀਂ ਰਹਿ ਰਹੇ ਤਾਂ ਉਹ ਬਿਨਾਂ ਕਿਸੇ ਜ਼ੁਰਮਾਨੇ ਤੋਂ ਆਪਣਾ ਠੇਕਾ ਤੋੜ ਸਕਦੇ ਹਨ ਤੇ ਸੁਰੱਖਿਤ ਥਾਂ 'ਤੇ ਰਹਿਣ ਨੂੰ ਤਰਜੀਹ ਦੇ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਹੈਲਥ ਕੇਅਰ ਮਾਹਿਰ ਤੋਂ ਸਰਟੀਫਿਕੇਟ ਲੈਣਾ ਹੋਵੇਗਾ ਜੋ ਕਿਸੇ ਤਰ੍ਹਾਂ ਦੇ ਖ਼ਤਰੇ ਦੀ ਪੁਸ਼ਟੀ ਕਰਦਾ ਹੋਵੇਗਾ।

ਜ਼ਿਕਰਯੋਗ ਹੈ ਕਿ (ਸੇਫ਼ਰ ਸਪੇਸਸ ਫਾਰ ਵਿਕਟਮ ਆਫ਼ ਡੋਮੈਸਟਿਕ ਵਾਇਲੈਂਸ ) ਅਮੈਂਡਮੈਂਟ ਐਕਟ ਡਰੈਵਰ ਵਲੋਂ 2015 ਵਿਚ ਪਹਿਲੀ ਵਾਰੀ ਪੇਸ਼ ਕੀਤਾ ਗਿਆ ਸੀ ਤੇ ਅਗਸਤ 2016 ਵਿਚ ਸਰਵ ਸਹਿਮਤੀ ਨਾਲ ਇਹ ਕਾਨੂੰਨ ਦੇ ਰੂਪ ਵਿਚ ਪਾਸ ਹੋਇਆ। ਪ੍ਰਬੰਧਕ ਨਿਰਦੇਸ਼ਕ ਜੈਫ਼ ਸਰਟੀਸ ਦਾ ਕਹਿਣਾ ਹੈ ਕਿ ਗ੍ਰਾਂਟ ਨਾਲ ਲੈਂਡਲਾਰਡਾਂ ਅਤੇ ਹਿੰਸਾ ਦੇ ਸ਼ਿਕਾਰ ਵਿਅਕਤੀਆਂ ਦੀ ਸਹਾਇਤਾ ਕਰਨ ਵਿਚ ਮਦਦ ਮਿਲੇਗੀ।



New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph. : 780-469-2677 Fax : 780-469-2026
9218 34 Ave in Plaza 34


Kapil Sharma

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਕਿਸਾਨੀ ਸੰਘਰਸ਼- ਸਫ਼ਰ ਵਿਚ ਸਾਥ ਜ਼ਰੂਰੀ ਹੈ

ਇਨ੍ਹੀ ਦਿਨੀਂ ਭਾਰਤ ਵਿਚ ਕਿਸਾਨੀ ਦਾ ਮੁੱਦਾ ਚਰਚਾ ਦੇ ਕੇਂਦਰ ਵਿਚ ਹੈ। ਭਾਵੇਂ ਪੰਜਾਬ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕਾ ਅਤੇ ਮਹਾਰਾਸ਼ਟਰਾ ਵਿਚ ਲਗਾਤਾਰ ਕਿਸਾਨ ਅੰਦੋਲਨ ਚੱਲ ਰਹੇ ਹਨ ਪਰ ਮਹਾਰਾਸ਼ਟਰਾ ਦੇ ਖੇਤੀਬਾੜੀ ਦੇ ਕੇਂਦਰ ਨਾਸਿਕ ਤੋਂ ਲਗਾਤਾਰ 6 ਦਿਨ ਪੈਦਲ ਮਾਰਚ ਕਰਕੇ ਮੁੰਬਈ ਪਹੁੰਚੇ 50,000 ਕਿਸਾਨਾਂ ਨੇ ਇਸ ਮੁੱਦੇ ਨੂੰ ਕੌਮੀ ਟੀ.ਵੀ. ਚੈਨਲਾਂ ਉਪਰ ਵੀ ਬਹਿਸ ਦਾ ਮੁੱਦਾ ਬਣਾ ਦਿੱਤਾ ਹੈ। ਸਰਕਾਰ ਅਤੇ ਸਰਕਾਰ ਦੀ ਅਗਵਾਈ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਹਾਲੇ ਵੀ ਮੋਦੀ ਰਾਜ ਦੇ ਗੁਣ ਗਾ ਰਹੇ ਹਨ, ਜਦਕਿ 4 ਸਾਲਾਂ ਦੇ ਮੋਦੀ ਰਾਜ ਵਿਚ ਛਾਲਿਆਂ ਭਰੇ ਪੈਰਾਂ ਨਾਲ ਮੁੰਬਈ ਪਹੁੰਚੇ ਕਿਸਾਨ ਮਰਦ, ਔਰਤਾਂ ਨੇ ਇਸ ਰਾਜ ਦਾ ਅਸਲ ਅਤੇ ਖ਼ੌਫ਼ਨਾਕ ਸੱਚ ਦੁਨੀਆ ਦੇ ਸਾਹਮਣੇ ਲੈ ਆਂਦਾ ਹੈ। ਭਾਵੇਂ ਅੱਜ ਕਾਂਗਰਸ ਪਾਰਟੀ ਵੀ ਆਪਣੀ ਹੋਂਦ ਲਈ ਸੰਘਰਸ਼ ਕਰ ਰਹੇ ਕਿਸਾਨਾਂ ਦੀ ਪਿੱਠ ਉੱਤੇ ਆ ਖੜ੍ਹਨ ਦੇ ਦਾਅਵੇ ਕਰ ਰਹੀ ਹੈ ਪਰ ਭਾਰਤੀ ਕਿਸਾਨੀ ਦੀ ਇਹ ਬਦ ਤੋਂ ਬਦ ਹਾਲਤ ਲਈ ਕਾਂਗਰਸ ਵੀ ਬਰਾਬਰ ਦੀ ਜ਼ਿੰਮੇਵਾਰ ਹੈ। ਇਹ ਉਹੀ ਕਾਂਗਰਸ ਹੈ ਜੋ ਮੁੰਬਈ ਵਿਚ ਤਾਂ ਸੰਘਰਸ਼ਸ਼ੀਲ ਕਿਸਾਨਾਂ ਦੀ ਪਿੱਠ 'ਤੇ ਖਲੋਣ ਦਾ ਨਾਟਕ ਕਰਦੀ ਹੈ ਜਦਕਿ ਆਪਣੀ ਹਕੂਮਤ ਵਾਲੇ ਸੂਬਿਆਂ ਕਰਨਾਟਕਾ ਅਤੇ ਪੰਜਾਬ ਵਿਚ ਲੜ ਮਰ ਰਹੇ ਕਿਸਾਨਾਂ 'ਤੇ ਡਾਂਗਾਂ ਵਰ੍ਹਾਉਂਦੀ ਹੈ।

ਦਰਅਸਲ, ਭਾਰਤੀ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਅਤੇ ਇਸ ਧੰਦੇ ਨਾਲ ਜੁੜੇ ਹੋਏ ਕਿਸਾਨ ਤੇ ਖੇਤ ਮਜ਼ਦੂਰ ਨੂੰ ਕਦੇ ਇਨ੍ਹਾਂ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਨੇ ਗੌਲਿਆ ਹੀ ਨਹੀਂ। ਜੇ ਗੌਲਿਆ ਹੁੰਦਾ ਤਾਂ ਪਿਛਲੇ 10 ਸਾਲਾਂ ਤੱਕ ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਭਾਈਵਾਲੀ ਵਾਲੇ ਰਾਜ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿਚ ਬੇਇੰਤਹਾ ਵਾਧਾ ਨਾ ਹੋਇਆ ਹੁੰਦਾ। ਅਤੇ ਅੱਜ ਕੈਪਟਨ ਅਮਰਿੰਦਰ ਦੇ ਰਾਜ ਵਿਚ ਇਨ੍ਹਾਂ ਖੁਦਕੁਸ਼ੀਆਂ ਵਿਚ ਹੋਰ ਤੇਜ਼ੀ ਕਦੇ ਨਾ ਆਉਂਦੀ। ਇਹੀ ਕੁਝ ਮਹਾਰਾਸ਼ਟਰਾ, ਆਂਧਰਾ, ਤਾਮਿਲਨਾਡੂ ਅਤੇ ਕਰਨਾਟਕਾ ਵਿਚ ਹੋ ਰਿਹਾ ਹੈ।

ਕਿਸਾਨ ਚਾਹੁੰਦੇ ਕੀ ਹਨ? ਇਹੀ ਨਾ ਕਿ ਉਨ੍ਹਾਂ ਦੀ ਜਿਣਸ ਦੀ ਲਾਗਤ ਤੋਂ ਡੇਢ ਗੁਣਾ ਜ਼ਿਆਦਾ ਕੀਮਤ ਉਨ੍ਹਾਂ ਨੂੰ ਮਿਲੇ ਜੋ ਉਨ੍ਹਾਂ ਦੇ ਪਰਿਵਾਰਾਂ ਦੇ ਜਿਉਂਦੇ ਰਹਿਣ ਲਈ ਲਾਜ਼ਮੀ ਹੈ। ਪਰ ਹਰ ਰੰਗ ਦੀ ਸਰਕਾਰ ਇਸ ਪਾਸੇ ਵੱਲ ਵਧਣ ਦੀ ਥਾਂ 'ਤੇ ਕਿਸਾਨ ਅਤੇ ਖੇਤ ਮਜ਼ਦੂਰ ਨੂੰ ਖੇਤ ਵਿਚੋਂ ਹੀ ਬਾਹਰ ਕਰਨ ਦੇ ਆਹਰ ਵਿਚ ਲੱਗੀ ਹੋਈ ਹੈ। ਇਸੇ ਲਈ ਸਰਕਾਰਾਂ ਨੇ ਲਗਾਤਾਰ ਖੇਤੀ ਵਿਚ ਹੁੰਦੇ ਪੂੰਜੀਨਿਵੇਸ਼ ਨੂੰ ਘਟਾਇਆ ਹੈ, ਕਿਸਾਨਾਂ ਨੂੰ ਮਿਲਦੀਆਂ ਸਬਸਿਡੀਆਂ ਤੇ ਲਗਾਤਾਰ ਕੱਟ ਮਾਰੇ ਹਨ। ਕਿਸਾਨੀ ਲਈ ਜ਼ਰੂਰੀ ਖਾਦਾਂ, ਬੀਜਾਂ ਅਤੇ ਕੀਟਨਾਸ਼ਕਾਂ ਦੀਆਂ ਕੀਮਤਾਂ ਨੂੰ ਨੱਥ ਪਾਉਣ ਦੀ ਥਾਂ 'ਤੇ ਬਾਜ਼ਾਰ ਦੇ ਹਵਾਲੇ ਕਰ ਦਿੱਤਾ ਹੈ। ਵਪਾਰ ਦੇ ਉਦਾਰੀਕਰਨ ਨੇ ਕਿਸਾਨੀ ਦੀਆਂ ਬੁਨਿਆਦੀ ਲੋੜੀਂਦੀਆਂ ਚੀਜ਼ਾਂ ਦੀਆਂ ਕੀਮਤਾਂ ਨੂੰ ਅਸਮਾਨੀ ਚਾੜ੍ਹਿਆ ਹੈ। ਸਰਕਾਰਾਂ ਲਗਾਤਾਰ ਬਾਜ਼ਾਰ ਅਤੇ ਵਪਾਰੀਆਂ ਦੇ ਹਿੱਤ ਪੂਰਦੀਆਂ ਨਜ਼ਰ ਆ ਰਹੀਆਂ ਹਨ। ਇਸੇ ਕਰਕੇ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਲਗਭਗ ਹਰ ਸੂਬੇ ਦੇ ਮੁੱਖ ਮੰਤਰੀ ਨੇ ਲਗਾਤਾਰ ਇਹ ਦੁਹਰਾਇਆ ਹੈ ਕਿ ਕਿਸਾਨੀ ਹੁਣ ਘਾਟੇਵੰਦਾ ਸੌਦਾ ਹੋ ਗਈ ਹੈ। ਇਹ ਘਾਟੇਵੰਦਾ ਸੌਦਾ ਲਾਹੇਵੰਦ ਸੌਦੇ ਵਿਚ ਕਿਵੇਂ ਤਬਦੀਲ ਹੋਵੇ ਇਹਦੇ ਲਈ ਸਰਕਾਰਾਂ ਦੀ ਨੀਅਤ ਹੀ ਸਾਫ਼ ਨਹੀਂ ਤਾਂ ਫਿਰ ਕਿਸਾਨ ਅਤੇ ਖੇਤ ਮਜ਼ਦੂਰ ਪੱਖੀ ਨੀਤੀ ਕਿਵੇਂ ਬਣੇਗੀ? ਬਾਕੀ ਖੇਤਰਾਂ ਵਾਂਗ ਹੀ ਕੇਂਦਰ ਅਤੇ ਸੂਬਾਈ ਸਰਕਾਰਾਂ ਦੀ ਕੋਈ ਖੇਤੀ ਨੀਤੀ ਹੀ ਨਹੀਂ ਹੈ। ਕਿਸਾਨ ਲਗਾਤਾਰ ਮੰਗ ਕਰਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਜਿਉਣ-ਥੀਣ ਲਈ ਜ਼ਰੂਰੀ ਭਾਅ ਤਾਂ ਮਿਲਣ ਪਰ ਸਰਕਾਰਾਂ ਸਿਰਫ਼ ਵਾਅਦੇ ਕਰਦੀਆਂ ਹਨ ਜੋ ਲਾਰੇ ਬਣ ਜਾਂਦੇ ਹਨ। ☛ ਬਾਕੀ ਸਫ਼ਾ 41 'ਤੇ

# ਭਾਰਤੀ ਲੋਕਾਂ ਦੇ ਕਲਿਆਣ ਲਈ ਜ਼ਰੂਰੀ ਹੈ ਫਿਰਕੂ-ਫਾਸ਼ੀਵਾਦ ਤੇ ਨਵ-ਉਦਾਰਵਾਦੀ ਨੀਤੀਆਂ ਵਿਰੁੱਧ ਜੁੜਵਾਂ ਸੰਘਰਸ਼

ਮੰਗਤ ਰਾਮ ਪਾਸਲਾ
+91-98141-82998
sangrami.lehar@gmail.com



ਦੇਸ਼ ਦੀਆਂ ਬਾਹਰਮੁਖੀ ਅਵਸਥਾਵਾਂ, ਮੌਜੂਦਾ ਲੁਟੇਰੇ ਤੇ ਹਰ ਪੱਖ ਤੋਂ ਗਰਕ ਚੁੱਕੇ ਰਾਜ ਪ੍ਰਬੰਧ ਵਿਰੁੱਧ ਇਕ ਮਜ਼ਬੂਤ ਖੱਬੀ ਅਤੇ ਜਮਹੂਰੀ ਲਹਿਰ ਉਸਾਰਨ ਦੇ ਬਹੁਤ ਹੀ ਅਨੁਕੂਲ ਹਨ। 'ਲੋੜ ਕਾਢ ਦੀ ਮਾਂ ਹੈ' ਦੇ ਕਥਨ ਅਨੁਸਾਰ ਗਰੀਬੀ, ਭੁੱਖਮਰੀ ਤੇ ਕੰਗਾਲੀ ਹੰਢਾ ਰਹੇ ਲੋਕਾਂ ਕੋਲ ਇਸ ਢਾਂਚੇ ਵਿਰੁੱਧ ਜੂਝਣ ਤੋਂ ਸਿਵਾਏ ਹੋਰ ਕੋਈ ਰਾਹ ਬਚਿਆ ਹੀ ਨਹੀਂ ਹੈ। ਜਿਹੜੇ ਲੋਕ ਸਾਮਰਾਜੀ ਸ਼ਕਤੀਆਂ ਤੇ ਕਾਰਪੋਰੇਟ ਘਰਾਣਿਆਂ ਵਲੋਂ ਕੀਤੀ ਜਾ ਰਹੀ ਬੇਕਿਰਕ ਆਰਥਕ ਲੁੱਟ ਖਸੁੱਟ ਤੋਂ ਵੱਡੀ ਹੱਦ ਤੱਕ ਅਣਜਾਣ ਸਨ, ਹੁਣ ਉਹ ਬੇਕਾਰੀ, ਕਰਜ਼ਿਆਂ ਦੇ ਭਾਰ, ਸਰਕਾਰੀ ਖੇਤਰ ਦੇ ਨਿੱਜੀਕਰਨ ਅਤੇ ਵਿਦੇਸ਼ੀ ਮਾਲ ਦੀ ਆਮਦ ਨਾਲ ਘਰੇਲੂ ਸਨਅਤ ਤੇ ਵਪਾਰ ਦੀ ਤਬਾਹੀ ਦੇ ਮੰਜ਼ਰ ਨੂੰ ਆਪ ਤੱਕ ਰਹੇ ਹਨ। ਪ੍ਰੰਤੂ ਅਫਸੋਸ ਇਸ ਗੱਲ ਦਾ ਹੈ ਕਿ ਇਸ ਸਥਿਤੀ ਤੋਂ ਲਾਹਾ ਲੈ ਕੇ ਕਮਿਊਨਿਸਟ ਅਤੇ ਖੱਬੀਆਂ ਧਿਰਾਂ ਪੀੜਤ ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਔਰਤਾਂ ਤੇ ਨੌਜਵਾਨਾਂ ਨੂੰ ਇਕ ਲੜੀ ਵਿਚ ਪਰੋ ਕੇ ਵੱਡੀ ਤੇ ਪ੍ਰਭਾਵਸ਼ਾਲੀ ਜਨਤਕ ਲਹਿਰ ਖੜ੍ਹੀ ਕਰਨ ਵਿਚ ਅਸਮਰਥ ਸਿੱਧ ਹੋ ਰਹੀਆਂ ਹਨ। ਦੂਸਰੀਆਂ ਫਿਰਕੂ ਤੇ ਸਰਮਾਏਦਾਰ-ਜਗੀਰਦਾਰ ਜਮਾਤਾਂ ਦੀਆਂ ਪਾਰਟੀਆਂ ਲੋਕ ਲੁਭਾਊ ਤੇ ਧੋਖੇ ਭਰੇ ਨਾਅਰੇ ਦੇ ਕੇ ਖੱਬੀ ਧਿਰ ਦੀ ਕਮਜ਼ੋਰੀ ਦਾ ਲਾਹਾ ਉਠਾ ਰਹੀਆਂ ਹਨ। ਕਾਂਗਰਸ ਰਾਜ ਦੇ ਲੋਕ ਮਾਰੂ ਤੇ ਭ੍ਰਿਸ਼ਟਾਚਾਰੀ ਕੁਸ਼ਾਸਨ ਦਾ ਫਾਇਦਾ ਭਾਜਪਾ ਵਰਗੀ ਅੱਤ ਦੀ ਫਿਰਕੂ ਪਾਰਟੀ ਨੂੰ ਹੋਇਆ ਹੈ, ਜੋ ਕੇਂਦਰ ਤੇ ਬਹੁਤ ਸਾਰੇ ਪ੍ਰਾਂਤਾਂ ਵਿਚ ਸੱਤਾਧਾਰੀ ਬਣ ਗਈ ਹੈ। 'ਆਪ' ਨੇ ਵੀ ਖੱਬੀ ਤੇ ਲੋਕ ਭਰਮਾਊ ਲਫਾਜ਼ੀ ਨਾਲ ਦਿੱਲੀ ਰਾਜ ਵਿਚ ਸੱਤਾ ਦੀ ਵਾਗਡੋਰ ਸੰਭਾਲੀ ਹੋਈ ਹੈ, ਜਿਸ ਕੋਲ ਲੋਕਾਂ ਦੇ ਭਲੇ ਲਈ ਕਾਂਗਰਸ ਜਾਂ ਭਾਜਪਾ ਤੋਂ ਅਲੱਗ ਹੋਰ ਕੁਝ ਵੀ ਦੇਣ ਨੂੰ ਨਹੀਂ ਹੈ।

1920 ਵਿਚ ਭਾਰਤ ਦੇ ਨਕਸ਼ੇ ਉਪਰ ਪੈਰ ਧਰਨ ਵਾਲੀ ਕਮਿਊਨਿਸਟ ਲਹਿਰ ਅੱਜ ਲਗਭਗ ਇਕ ਸਦੀ ਦੀ ਉਮਰ ਹੰਢਾ ਚੁੱਕੀ ਹੈ। ਦੇਸ਼ ਦੇ ਆਜ਼ਾਦੀ ਅੰਦੋਲਨ ਵਿਚ ਅਤੇ ਮਜ਼ਦੂਰਾਂ, ਕਿਸਾਨਾਂ ਦੀ ਮੁਕਤੀ ਲਈ ਸਰਮਾਏਦਾਰਾਂ ਤੇ ਜਗੀਰਦਾਰਾਂ ਖਿਲਾਫ ਫਸਵੀਆਂ ਲੜਾਈਆਂ ਵਿਚ ਕੁਰਬਾਨੀਆਂ ਕਰਨ ਦਾ ਮਾਣ ਵੀ ਸਭ ਤੋਂ ਵੱਧ ਕਮਿਊਨਿਸਟਾਂ ਦੇ ਹਿੱਸੇ ਆਉਂਦਾ ਹੈ। ਧਰਮ ਨਿਰਪੱਖਤਾ ਅਤੇ ਜਮਹੂਰੀਅਤ ਦੀ ਰਾਖੀ ਲਈ ਕਮਿਊਨਿਸਟਾਂ ਵਲੋਂ ਬਾਅਸੂਲ ਤੇ ਸ਼ਾਨਦਾਰ ਕੁਰਬਾਨੀਆਂ ਭਰੀ ਭੂਮਿਕਾ ਨਿਭਾਉਣ ਦੇ ਪੱਖ ਤੋਂ ਵੀ ਉਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਜਨਤਕ ਸੰਘਰਸ਼ਾਂ ਦੇ ਸਿੱਟੇ ਵਜੋਂ ਹੀ ਪੱਛਮੀ ਬੰਗਾਲ, ਕੇਰਲਾ ਤੇ ਤਰੀਪੁਰਾ ਵਿਚ ਦਹਾਕਿਆਂ ਬੱਧੀ ਕਮਿਊਨਿਸਟ ਰਾਜ ਭਾਗ 'ਤੇ ਬਿਰਾਜਮਾਨ ਰਹੇ ਹਨ। ਇਨ੍ਹਾਂ ਸਰਕਾਰਾਂ ਵਲੋਂ ਲੋਕਾਂ ਦੀ ਭਲਾਈ ਲਈ ਉਠਾਏ ਗਏ ਲੋਕ ਪੱਖੀ ਕਦਮਾਂ ਨੇ ਵੀ ਦੇਸ਼ ਪੱਧਰ ਉਤੇ ਇਕ ਹੱਦ ਤੱਕ ਕਮਿਊਨਿਸਟਾਂ ਦੇ ਮਾਣ ਸਨਮਾਨ ਵਿਚ ਵਾਧਾ ਕੀਤਾ। ਪ੍ਰੰਤੂ ਇਸ ਸਾਰੇ ਕੁਝ ਦੇ ਬਾਵਜੂਦ ਅਜੇ ਤੱਕ ਕਮਿਊਨਿਸਟ ਦੇਸ਼ ਦੀ ਰਾਜਨੀਤੀ ਵਿਚ ਇਕ ਵੱਡੀ ਰਾਜਸੀ ਤਾਕਤ ਵਜੋਂ ਨਹੀਂ ਉਭਰ ਸਕੇ ਤੇ ਹੁਣ ਕਮਿਊਨਿਸਟ ਪਾਰਟੀਆਂ ਦੇ ਗੜ੍ਹ ਜਾਣੇ ਜਾਂਦੇ ਪੱਛਮੀ ਬੰਗਾਲ ਤੇ ਕੇਰਲਾ ਅਤੇ ਇਕ ਪ੍ਰਭਾਵਸ਼ਾਲੀ ਜਨ ਆਧਾਰ ਰੱਖਣ ਵਾਲੇ ਆਂਧਰਾ ਪ੍ਰਦੇਸ਼, ਬਿਹਾਰ, ਯੂ.ਪੀ., ਪੰਜਾਬ ਆਦਿ ਸੂਬਿਆਂ ਅੰਦਰ ਵੀ ਰਵਾਇਤੀ ਕਮਿਊਨਿਸਟ ਪਾਰਟੀਆਂ ਦਾ ਪ੍ਰਭਾਵ ਸੁੰਗੜਦਾ ਜਾ ਰਿਹਾ ਹੈ। ਜੇਕਰ ਕੋਈ ਕਮਿਊਨਿਸਟ ਆਗੂ ਜਾਂ ਵਰਕਰ ਇਸ ਤੱਥ ਨੂੰ ਸਵੀਕਾਰ ਕਰਨ ਦੀ ਥਾਂ ਇਸ ਉਪਰ ਪੋਚਾ ਪਾਚੀ ਕਰਦਾ ਹੈ ਜਾਂ ਲਹਿਰ ਬਾਰੇ ਪੁਰਾਣੀਆਂ ਕਹਾਣੀਆਂ ਸੁਣਾ ਕੇ ਹੀ ਆਪਣੇ ਮੂੰਹ ਆਪ ਮਿੱਠੂ ਬਣੀ ਜਾਂਦਾ ਹੈ, ਤਾਂ ਇਸ ਨੂੰ ਕਮਿਊਨਿਸਟ ਲਹਿਰ ਦੀ ਬਦਕਿਸਮਤੀ ਹੀ ਕਿਹਾ ਜਾਣਾ ਚਾਹੀਦਾ ਹੈ। ਉਂਝ ਇਹ ਤਸੱਲੀ ਵਾਲੀ ਗੱਲ ਹੈ ਕਿ ਕਈ ਹੋਰ ਕਮਿਊਨਿਸਟ ਪਾਰਟੀਆਂ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਲੋਕ ਘੋਲਾਂ ਰਾਹੀਂ ਆਪਣੇ ਜਨ ਆਧਾਰ ਨੂੰ ਵਧਾਉਣ ਵਿਚ ਜੁੱਟੀਆਂ ਹੋਈਆਂ ਹਨ।

ਕਮਿਊਨਿਸਟ ਜੇਕਰ ਅਮੀਰੀ, ਗਰੀਬੀ ਦੇ ਵੱਧ ਰਹੇ ਆਰਥਕ ਪਾੜੇ ਦੇ ਸਮਿਆਂ ਵਿਚ ਵੀ ਕਿਰਤੀ ਲੋਕਾਂ ਅੰਦਰ ਆਪਣੇ ਪੈਰ ਨਹੀਂ ਜਮ੍ਹਾ ਪਾ ਰਹੇ, ਤਦ ਇਸ ਪਿੱਛੇ ਅੰਤਰਮੁਖੀ ਤੇ ਬਾਹਰਮੁਖੀ ਦੋਨੋਂ ਤਰ੍ਹਾਂ ਦੇ ਕਾਰਨਾਂ ਦੀ ਘੋਖ ਪੜਤਾਲ ਕਰਨੀ ਹੋਵੇਗੀ। ਉਹ ਵੀ ਆਪਾ ਪੜਚੋਲ ਦੇ ਨਜ਼ਰੀਏ ਨਾਲ। ਆਪਣੀਆਂ ਕਮਜ਼ੋਰੀਆਂ ਤੇ ਗਲਤੀਆਂ ਉਪਰ ਉਂਗਲ ਧਰਕੇ ਉਨ੍ਹਾਂ ਨੂੰ ਦਰੁਸਤ ਕਰਨ ਦੀ ਥਾਂ ਝੂਠੇ ਬਹਾਨਿਆਂ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਸਹੀ ਸਿੱਧ ਕਰਨ ਦਾ ਕੋਈ ਵੀ ਯਤਨ ਸਾਰਥਕ ਸਿੱਟੇ ਨਹੀਂ ਕੱਢ ਸਕਦਾ।

ਮਾਰਕਸਵਾਦ-ਲੈਨਿਨਵਾਦ ਦੇ ਅਸੂਲਾਂ ਨੂੰ ਪ੍ਰਣਾਈਆਂ ਹੋਈਆਂ ਕਮਿਊਨਿਸਟ ਪਾਰਟੀਆਂ ਦਾ ਮੌਜੂਦਾ ਗਲੇ ਸੜੇ ਆਰਥਕ ਢਾਂਚੇ ਨੂੰ ਮੂਲ ਰੂਪ ਵਿਚ ਬਦਲ ਕੇ ਬਰਾਬਰੀ ਦੇ ਅਸੂਲਾਂ ਉਪਰ ਆਧਾਰਤ ਸਮਾਜ ਦੀ ਉਸਾਰੀ ਕਰਨ ਦੇ ਨਿਸ਼ਾਨੇ ਤੋਂ ਭਿੰਨ ਹੋਰ ਕੋਈ ਟੀਚਾ ਹੋ ਹੀ ਨਹੀਂ ਸਕਦਾ। ਪ੍ਰੰਤੂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਅਜੇ ਤੱਕ ਸੀ.ਪੀ.ਆਈ. ਤੇ ਸੀ.ਪੀ.ਆਈ.(ਐਮ) ਭਾਰਤ ਦੀ ਰਾਜ ਸੱਤਾ 'ਤੇ ਬਿਰਾਜਮਾਨ ਜਮਾਤ ਦਾ ਸਹੀ ਨਿਰਣਾ ਹੀ ਨਹੀਂ ਕਰ ਸਕੀਆਂ। ਇਹ ਘਾਟ ਦੇਸ਼ ਅੰਦਰ ਕਮਿਊਨਿਸਟ ਲਹਿਰ ਦੇ ਕਮਜ਼ੋਰ ਹੋਣ ਦਾ ਵੱਡਾ ਕਾਰਨ ਬਣੀ ਹੋਈ ਹੈ। ਜੇਕਰ ਸੀ.ਪੀ.ਆਈ. (ਐਮ) ਨੇ 1964 ਵਿਚ ਪਾਰਟੀ ਦੇ ਗਠਨ ਸਮੇਂ ਅਪਣਾਏ ਗਏ ਪਾਰਟੀ ਪ੍ਰੋਗਰਾਮ ਅੰਦਰ ਭਾਰਤ ਦੀਆਂ ਹਾਕਮ ਜਮਾਤਾਂ ਦਾ ਠੀਕ ਨਿਰਣਾ (ਸਰਮਾਏਦਾਰ ਤੇ ਜਗੀਰਦਾਰ ਜਮਾਤਾਂ ਦੀ ਸਰਕਾਰ, ਜਿਸਦੀ ਅਗਵਾਈ ਵੱਡੀ ਸਰਮਾਏਦਾਰੀ ਕਰਦੀ ਹੈ ਤੇ ਜੋ ਸਾਮਰਾਜ ਨਾਲ ਲਗਾਤਾਰ ਸਾਂਝ ਭਿਆਲੀ ਵਧਾਈ ਜਾ ਰਹੀ ਹੈ) ਕਰ ਵੀ ਲਿਆ, ਤਦ ਇਸ ਨੇ 1980 ਵਿਆਂ ਤੋਂ ਬਾਅਦ, ਇਹ ਨਿਰਣਾ ਸਿਰਫ ਪਾਰਟੀ ਦਸਤਾਵੇਜ਼ਾਂ ਤੱਕ ਸੀਮਤ ਕਰਕੇ ਅਮਲੀ ਰਾਜਨੀਤੀ ਵਿਚ ਇਸ ਦੇ ਵਿਪਰੀਤ ਕੰਮ ਕਰਨਾ ਅਰੰਭ ਕਰ ਦਿੱਤਾ। ਭਾਵ ਜਮਾਤੀ ਘੋਲ ਤਿੱਖੇ ਕਰਨ ਦੀ ਥਾਂ ਜਮਾਤੀ ਭਿਆਲੀ ਦੀ ਲਾਈਨ ਅਪਣਾ ਲਈ। ਸੀ.ਪੀ.ਆਈ. ਤਾਂ 1964 ਤੋਂ ਹੀ ਸੱਜ ਪਿਛਾਖੜੀ ਤਾਕਤਾਂ ਨੂੰ ਹਾਰ ਦੇਣ ਲਈ ਕਾਂਗਰਸ ਦੇ ਰੂਪ ਵਿਚ ਹਾਕਮ ਧਿਰ ਦਾ ਸਾਥ ਦੇਣ ਦੀ ਲਗਾਤਾਰ ਵਕਾਲਤ ਕਰਦੀ ਆ ਰਹੀ ਹੈ। ਸੀ.ਪੀ.ਆਈ.(ਐਮ) ਵਲੋਂ ਵੱਖ-ਵੱਖ ਸਮਿਆਂ ਉਤੇ ਕਾਂਗਰਸ ਜਾਂ ਗੈਰ ਕਾਂਗਰਸੀ ਕੇਂਦਰੀ ਸਰਕਾਰਾਂ ਨਾਲ ਪਾਈ ਸਿੱਧੀ ਜਾਂ ਲੁਕਵੀਂ ਹਮਾਇਤ ਨੂੰ ਵੀ ਹਰ ਸਿਧਾਂਤਕ ਕੋਨ ਤੋਂ ਜਮਾਤੀ ਮਿਲਵਰਤੋਂ ਹੀ ਕਿਹਾ ਜਾਣਾ ਚਾਹੀਦਾ ਹੈ। ਸੀ.ਪੀ. ਆਈ.(ਐਮ) ਹੁਣੇ ਹੀ ਜਨਵਰੀ 2018 ਨੂੰ ਹੋਈ ਕੇਂਦਰੀ ਕਮੇਟੀ ਦੀ ਮੀਟਿੰਗ ਅੰਦਰ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾਉਣ ਵਾਸਤੇ ਕਾਂਗਰਸ ਪਾਰਟੀ ਨਾਲ ਗਠਜੋੜ ਕਰਨ ਦੇ ਸਵਾਲ ਉਪਰ ਸਾਫ ਤੌਰ 'ਤੇ ਦੋ ਧੜਿਆਂ ਅੰਦਰ ਵੰਡੀ ਗਈ ਹੈ। ਪਾਰਟੀ ਦੀ ਅਪ੍ਰੈਲ 2018 ਵਿਚ ਹੋਣ ਵਾਲੀ ਹੈਦਰਾਬਾਦ ਕਾਂਗਰਸ ਅੰਦਰ ਇਨ੍ਹਾਂ ਵਿਚੋਂ ਭਾਵੇਂ ਕੋਈ ਧੜਾ ਵੀ ਬਹੁਮੱਤ ਨਾਲ ਜਿੱਤ ਜਾਵੇ, ਪ੍ਰੰਤੂ ਸਮੁੱਚੀ ਪਾਰਟੀ ਅੰਦਰ ਰਾਜਸੀ ਦਾਅਪੇਚਾਂ ਬਾਰੇ ਜੋ ਵੰਡ ਉਪਰ ਤੋਂ ਹੇਠਾਂ ਤੱਕ ਪੈਦਾ ਹੋ ਗਈ ਹੈ, ਉਸ ਨਾਲ ਪਾਰਟੀ ਅੰਦਰ "ਇਰਾਦੇ ਦੀ ਏਕਤਾ" ਕਿਵੇਂ ਆ ਸਕਦੀ ਹੈ? ਪਾਰਟੀ ਅਨੁਸ਼ਾਸਨ ਦਾ ਤਾਂ ਇਹ ਹਾਲ ਹੈ ਕਿ ਕੇਂਦਰੀ ਕਮੇਟੀ ਵਿਚ ਪਈਆਂ ਵੋਟਾਂ ਦਾ ਪ੍ਰਾਂਤਵਾਰ ਵੇਰਵਾ ਵੀ ਜਗ ਜ਼ਾਹਰ ਹੋ ਗਿਆ ਹੈ, ਜੋ ਕਿਸੇ ਪਾਰਟੀ ਆਗੂ ਵਲੋਂ ਪ੍ਰੈੱਸ ਨੂੰ ਦਿੱਤੀ ਜਾਣਕਾਰੀ ਕਾਰਨ ਹੀ ਸੰਭਵ ਹੋਇਆ ਹੋਵੇਗਾ। ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਨੂੰ ਤਿਆਗ ਕੇ ਜਦੋਂ ਕਮਿਊਨਿਸਟ ਪਾਰਲੀਮਾਨੀ ਮੌਕਾਪ੍ਰਸਤੀ ਦੇ ਕੁਰਾਹੇ ਪੈ ਜਾਣ, ਤਦ ਪਾਰਟੀ ਦਾ ਇਨਕਲਾਬੀ ਅਨੁਸ਼ਾਸਨ ਕਾਇਮ ਰੱਖਿਆ ਹੀ ਨਹੀਂ ਜਾ ਸਕਦਾ। ☛ ਬਾਕੀ ਸਫ਼ਾ 41 'ਤੇ

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਕਮਲ ਦੁਸਾਂਝ, ਰਾਮਾ ਕਾਂਤ ਡਾਵਰ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਹੁਸ਼ਿਆਰਪੁਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਵੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਮੋਹਿੰਦਰ ਸਿੰਘ ਕੰਡਾ (ਫਰਿਜ਼ਨੋ ਪ੍ਰਤੀਨਿਧ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Kamal Dosanjh, Rama Kant Dawar*
*Advisory Board : Dr. Karamjeet Singh (Hushiarpur)*
*Prof. Rakesh Raman (Ludhiana)*
*Sulakhan Sarhadi (Gurdaspur)*
*Jasvir Deol (Edmonton)*
*Kirtmeet Kohar (Edmonton)*
*Jessie Singh (Calgary)*
*Mohinder Singh Kanda (Fresno Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ 'ਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# 'ਭਾਰਤੀ ਗਣਤੰਤਰ' ਦੀ ਦਸ਼ਾ

ਮੱਖਣ ਕੁਹਾੜ
+91-95013-65522
makhansinghkohar@gmail.com

26 ਜਨਵਰੀ 1950 ਨੂੰ 'ਗਣਰਾਜ' ਐਲਾਨਿਆ ਗਿਆ ਭਾਰਤ ਅੱਜ 68 ਸਾਲ ਦੇ ਅਰਸੇ ਵਿਚ ਵੀ ਆਪਣੇ ਗਣਰਾਜੀ ਹੋਣ ਦੇ ਚੌਖਟੇ ਵਿਚ ਸਹੀ ਤਰ੍ਹਾਂ ਫਿਟ ਨਹੀਂ ਹੋਇਆ। ਗਣਰਾਜ ਜਿਸ ਦਾ ਸੰਵਿਧਾਨ ਲੋਕਾਂ ਵਲੋਂ, ਲੋਕਾਂ ਵਾਸਤੇ ਤੇ ਲੋਕਾਂ ਦਾ ਰਾਜ; 'ਲੋਕ ਰਾਜ' ਹੋਣ ਦਾ ਐਲਾਨ ਕਰਦਾ ਹੈ, ਉਹ ਆਪਣੇ ਮੂਲ ਸਿਧਾਂਤਾਂ ਤੋਂ ਦੂਰ ਜਾ ਰਿਹਾ ਹੈ। ਹੁਣ ਤਾਂ ਹਾਲਤ ਇਹ ਹੋ ਗਈ ਹੈ ਕਿ ਸੰਵਿਧਾਨ ਵਿਚਲੇ ਮੌਲਿਕ ਅਧਿਕਾਰਾਂ ਅਤੇ ਇਸ ਦੇ ਮੂਲ ਤੱਤ, ਭੂਮਿਕਾ ਵਿਚਲੀ 'ਸਮਾਜਵਾਦੀ ਭਾਵਨਾ' ਦੀ ਮੌਲਿਕਤਾ ਹੀ ਗੁੰਮ-ਗੁਆਚ ਗਈ ਹੈ।

ਭਾਰਤ ਦੀ ਆਜ਼ਾਦੀ ਵਾਸਤੇ ਲਗਭਗ ਭਾਰਤ ਦੇ ਸਾਰੇ ਹੀ ਗਰੀਬ ਲੋਕ ਲੜੇ ਅਤੇ ਉਨ੍ਹਾਂ ਦੀ ਭਾਵਨਾ ਅਨੁਸਾਰ ਸ਼ਾਸਨ ਪ੍ਰਣਾਲੀ ਕਿਸ ਤਰ੍ਹਾਂ ਦੀ ਹੋਵੇ, ਵਾਸਤੇ ਸੰਵਿਧਾਨ ਘੜਨੀ ਸਭਾ ਬਣਾ ਕੇ ਭਾਰਤ ਨੂੰ ਲੋਕਰਾਜੀ ਦੇਸ਼ ਐਲਾਨਿਆ ਗਿਆ। ਇਸ ਦੀ ਭੂਮਿਕਾ ਵਿਚ ਦਰਜ ਹੈ - "ਅਸੀਂ ਭਾਰਤ ਦੇ ਲੋਕ ਇਸ ਸੁਤੰਤਰ ਸਮਾਜਵਾਦੀ, ਧਰਮ ਨਿਰਪੱਖ, ਗਣਤੰਤਰਿਕ ਗਣਰਾਜ ਵਿਚ ਭਾਰਤ ਦਾ ਗਠਨ ਕਰਨ ਅਤੇ ਆਪਣੇ ਸਾਰੇ ਨਾਗਰਿਕਾਂ ਨੂੰ ਸਮਾਜਕ, ਆਰਥਕ ਅਤੇ ਸਿਆਸੀ ਨਿਆਂ, ਵਿਚਾਰ ਪ੍ਰਗਟਾਵੇ, ਵਿਸ਼ਵਾਸ ਅਤੇ ਪੂਜਾ ਦੀ ਆਜ਼ਾਦੀ ਅਤੇ ਮੌਕੇ ਦੀ ਬਰਾਬਰਤਾ, ਭਾਈਚਾਰਾ ਤੇ ਵਿਅਕਤੀ ਦੇ ਮਾਣ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਭਰੋਸਾ ਦਿਵਾਉਂਦੇ ਹਾਂ...।"

ਪਰ ਅਫਸੋਸ ਕਿ ਭਾਰਤ ਦਾ ਲੋਕ ਰਾਜ ਕਹਿਣ ਨੂੰ ਹੀ ਲੋਕਾਂ ਦਾ ਰਾਜ ਹੈ। ਅਸਲ ਵਿਚ ਇਸ ਨੂੰ ਅਮੀਰ ਸ਼੍ਰੇਣੀ ਨੇ ਹਥਿਆ ਲਿਆ ਹੈ। ਅੱਜ ਕੋਈ ਵੀ ਆਮ ਵਿਅਕਤੀ ਚੋਣ ਨਹੀਂ ਲੜ ਸਕਦਾ। ਚੋਣਾਂ ਵਿਚ ਕਰੋੜਾਂ ਰੁਪਏ ਖਰਚ ਹੁੰਦੇ ਹਨ। ਗਰੀਬਾਂ ਦੀ ਮਜਬੂਰੀ ਦਾ ਲਾਭ ਉਠਾ ਕੇ ਵੋਟਾਂ ਖ਼ਰੀਦੀਆਂ ਜਾਂਦੀਆਂ ਹਨ। ਲੋਕਾਂ ਨੂੰ ਲਾਰੇ ਵੇਚੇ/ਵੰਡੇ ਜਾਂਦੇ ਹਨ। ਹਰ ਤਰ੍ਹਾਂ ਨਾਲ ਵੋਟਰਾਂ ਨੂੰ ਭਰਮਾਇਆ ਜਾਂਦਾ ਹੈ। ਵੋਟਾਂ ਵੇਲੇ ਪਾਰਟੀਆਂ ਜੋ ਚੋਣ ਮੈਨੀਫੈਸਟੋ ਜਾਰੀ ਕਰਦੀਆਂ ਹਨ, ਉਨ੍ਹਾਂ ਮੁਤਾਬਕ ਕੋਈ ਵਾਅਦਾ ਪੂਰਾ ਨਹੀਂ ਹੁੰਦਾ। ਸੰਵਿਧਾਨ ਵਿਚ ਕਿਧਰੇ ਵੀ ਦਰਜ ਨਹੀਂ ਹੈ ਕਿ ਜੋ ਚੋਣ ਮੈਨੀਫੈਸਟੋ ਵਿਚ ਵਾਅਦੇ ਕੀਤੇ ਗਏ ਹਨ, ਉਹ ਜੇਤੂ ਪਾਰਟੀ ਲਈ ਪੂਰੇ ਕਰਨੇ ਜ਼ਰੂਰੀ ਹਨ, ਵਰਨਾ ਮਾਨਤਾ ਰੱਦ ਹੋ ਜਾਵੇਗੀ ਆਦਿ। ਜੇ ਹੋਵੇ ਵੀ ਤਾਂ ਵੀ ਲਾਗੂ ਹੋਣ ਦੀ ਆਸ ਨਹੀਂ ਹੈ। ਇਸ ਅਮੀਰ ਸ਼੍ਰੇਣੀ ਤੋਂ ਵੀ ਦੇਸੀ ਕਾਰਪੋਰੇਟ ਸੈਕਟਰ ਇਸ ਨੂੰ ਹਥਿਆ ਰਿਹਾ ਹੈ। ਅਸਲੀਅਤ ਇਹ ਹੈ ਕਿ ਭਾਰਤੀ 'ਗਣਰਾਜ' ਇਸ ਵਕਤ ਦੇਸੀ-ਵਿਦੇਸ਼ੀ ਕਾਰਪੋਰੇਟ ਸੈਕਟਰ ਦੇ ਸ਼ਿਕੰਜੇ ਵਿਚ ਹੈ।

ਇਸ ਵਕਤ ਭਾਰਤੀ ਲੋਕ ਰਾਜ ਸਰਕਾਰਾਂ ਬਦਲਣ ਤੀਕ ਹੀ ਸੀਮਤ ਹੈ। ਪਾਰਟੀਆਂ ਦੇ ਨਾਮ ਤੇ ਝੰਡਿਆਂ ਦੇ ਰੰਗ ਬਦਲਦੇ ਹਨ, ਪਰ ਨੀਤੀਆਂ ਵਿਚ ਕੋਈ ਤਬਦੀਲੀ ਨਹੀਂ ਹੋ ਰਹੀ। ਹਰ ਪਾਰਟੀ ਚਾਹੇ ਉਹ ਕਾਂਗਰਸ ਹੋਵੇ, ਭਾਰਤੀ ਜਨਤਾ ਪਾਰਟੀ ਜਾਂ ਕੋਈ ਵੀ ਹੋਰ ਪਾਰਟੀ, ਕਾਰਪੋਰੇਟ ਸੈਕਟਰ ਅਤੇ ਧਨਾਢਾਂ ਦੇ ਹਿੱਤ ਵਿਚ ਹੀ ਕੰਮ ਕਰਦੀਆਂ ਹਨ। ਸਿੱਟੇ ਵਜੋਂ ਭਾਰਤੀ ਗਣਤੰਤਰ ਨੇ ਅਮੀਰਾਂ ਨੂੰ ਹੋਰ ਅਮੀਰ ਅਤੇ ਗਰੀਬਾਂ ਨੂੰ ਹੋਰ ਗਰੀਬ ਕੀਤਾ ਹੈ। ਜਨਵਰੀ 2018 ਦੇ ਇੰਟਰਨੈਸ਼ਨਲ ਰਾਈਟਸ ਗਰੁੱਪ (ਆਕਸਫੈਮ) ਵਲੋਂ ਜਾਰੀ ਇਕ ਸਰਵੇਖਣ ਅਨੁਸਾਰ ਭਾਰਤ ਦੇ 1% ਅਮੀਰਾਂ ਕੋਲ 73% ਜਾਇਦਾਦ ਹੈ। 67 ਕਰੋੜ ਭਾਰਤੀਆਂ ਦੀ ਜਾਇਦਾਦ 'ਚ ਪਿਛਲੇ ਸਾਲ ਸਿਰਫ 1% ਵਾਧਾ ਹੋਇਆ ਹੈ। ਵਿਸ਼ਵ ਆਰਥਕ ਮੰਚ ਦੇ ਸਰਬਵਿਆਪੀ ਸੂਚਕ ਅੰਕ ਮੁਤਾਬਕ ਧੰਨ ਦੇ ਗੈਰ-ਬਰਾਬਰ ਵੰਡ ਪੱਖੋਂ ਭਾਰਤ ਦੁਨੀਆਂ 'ਚ 64ਵੇਂ ਸਥਾਨ 'ਤੇ ਹੈ। (ਪਾਕਿਸਤਾਨ ਵਰਗਾ ਗਰੀਬ ਦੇਸ਼ ਵੀ ਇਸ ਪੱਖੋਂ 49ਵੇਂ ਸਥਾਨ 'ਤੇ ਹੈ) ਗਰੀਬੀ-ਅਮੀਰੀ ਦਾ ਪਾੜਾ ਪਿਛਲੇ ਦੋ ਸਾਲਾਂ ਤੋਂ ਹੋਰ ਵਧੇਰੇ ਹੋਇਆ ਹੈ। ਸੰਵਿਧਾਨਕ ਤੌਰ 'ਤੇ ਭਾਰਤ ਸਮਾਜਵਾਦੀ ਗਣਰਾਜ ਹੈ, ਪਰ ਸਿਆਸੀ ਸਿਹਤ, ਸਿੱਖਿਆ ਤੇ ਹੋਰ ਜ਼ਰੂਰੀ ਅਤੇ ਬੁਨਿਆਦੀ ਸਹੂਲਤਾਂ ਕੇਵਲ ਅਮੀਰਾਂ ਲਈ ਹੀ ਹਨ। ਇਹ ਗਰੀਬ ਵਰਗ ਦੀ ਪਹੁੰਚ ਤੋਂ ਬਾਹਰ ਹਨ। 99% ਲੋਕਾਂ ਕੋਲ ਕੇਵਲ 27% ਜਾਇਦਾਦ ਦਾ ਹੋਣਾ ਆਪਣੇ ਆਪ 'ਚ ਹੀ ਇਸ 'ਸਮਾਜਵਾਦੀ' ਗਣਰਾਜੀ ਭਾਰਤ ਦੀ ਦਸ਼ਾ ਦਰਸਾਉਂਦਾ ਹੈ।

ਆਮ ਲੋਕਾਂ ਦਾ ਭਾਰਤੀ 'ਲੋਕ ਰਾਜ' ਤੋਂ ਵਿਸ਼ਵਾਸ਼ ਉਠ ਗਿਆ ਹੈ। ਗਣਰਾਜੀ ਭਾਰਤ ਸੰਵਿਧਾਨ ਦੀ ਭੂਮਿਕਾ 'ਚ ਦਰਜ ਬਰਾਬਰਤਾ ਅਤੇ ਸਮਾਜਵਾਦੀ ਭਾਵਨਾ ਬਹੁਤ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ। ਸਾਧਨਹੀਣ ਲੋਕਾਂ ਦਾ ਬਹੁਤ ਬੁਰਾ ਹਾਲ ਹੈ। ਸਾਧਨ ਸੰਪੰਨ ਲੋਕਾਂ ਦੀਆਂ ਜਾਇਦਾਦਾਂ ਵਿਚ ਅਥਾਹ ਵਾਧਾ ਹੋਇਆ ਜਾ ਰਿਹਾ ਹੈ।

ਸਿਰਫ਼ ਆਰਥਕ ਪੱਖੋਂ ਹੀ ਨਹੀਂ ਸਮਾਜਕ ਬਰਾਬਰਤਾ ਵੀ ਦਰਕਿਨਾਰ ਕਰ ਦਿਤੀ ਗਈ ਹੈ। ਔਰਤ ਨਾਲ ਹਰ ਪੱਧਰ 'ਤੇ ਵਿਤਕਰਾ ਹੋ ਰਿਹਾ ਹੈ। 'ਲਵ ਜੇਹਾਦ' ਨੇ ਜਿਸ ਤਰ੍ਹਾਂ ਰਾਜਸਥਾਨ ਦੇ ਰਾਜਸਮੰਦ ਜ਼ਿਲ੍ਹੇ ਵਿਚ ਸ਼ੰਭੂ ਭਵਾਨੀ ਨਾਂ ਦੇ ਹਤਿਆਰੇ ਨੇ ਮੁਹੰਮਦ ਅਫਸਲ ਦਾ ਕਤਲ ਕਰਕੇ ਕਹਿਰ ਗੁਜਾਰਿਆ ਹੈ, ਉਹ ਬਰਾਬਰਤਾ ਦਾ ਮੂੰਹ ਚਿੜ੍ਹਾਉਂਦਾ ਹੈ। ਅਜੇ ਥੋੜ੍ਹਾ ਸਮਾਂ ਹੋਇਆ ਹੈ, ਮੁਜ਼ਫਰਾਬਾਦੀ ਦੰਗੇ ਤੇ ਯੂ.ਪੀ. ਦੇ ਬ੍ਰੀਗੇਡਾਂ ਨੇ ਗਣਤੰਤਰ ਦੇ ਮੂੰਹ 'ਤੇ ਇਕ ਭਰਵੇਂ ਚਪੇੜ ਮਾਰੀ ਹੈ। ਥਾਣੇ-ਪਥਾਣੇ ਕਚਹਿਰੀ ਅਮੀਰ ਤੇ ਗਰੀਬ ਨੂੰ ਵੱਖ-ਵੱਖ 'ਢੰਗ' ਨਾਲ ਨਿਪਟਾਇਆ ਜਾਂਦਾ ਹੈ। ਔਰਤਾਂ ਉੱਪਰ ਬਲਾਤਕਾਰ ਦੀਆਂ ਘਟਨਾਵਾਂ ਆਏ ਦਿਨ ਵੱਧ ਰਹੀਆਂ ਹਨ। ਸਮੂਹਕ ਬਲਾਤਕਾਰ ਹੁਣ ਬਾਲੜੀਆਂ ਨੂੰ ਵੀ ਸ਼ਿਕੰਜੇ 'ਚ ਲੈ ਰਿਹਾ ਹੈ। ਦੋਸ਼ੀਆਂ ਨੂੰ ਢੁਕਵੀਂ ਸਜ਼ਾ ਦੇਣ 'ਚ ਗਣਰਾਜ ਸਫਲ ਨਹੀਂ ਹੋ ਰਿਹਾ। ਅਦਾਲਤੀ ਫ਼ੈਸਲੇ ਐਨੇ ਦੇਰ ਨਾਲ ਹੁੰਦੇ ਹਨ ਕਿ ਖੁਦ-ਬ-ਖੁਦ ਹੀ ਬੇਇਨਸਾਫ਼ੀ ਦਾ ਕਾਰਨ ਬਣਦੇ ਹਨ।




ਦੇਸ਼ ਵਿਚ ਧਰਮ ਨਿਰਪੱਖਤਾ ਦੀ ਗਣਰਾਜੀ ਭਾਵਨਾ ਸਹਿਕ ਰਹੀ ਹੈ। ਘੱਟਗਿਣਤੀਆਂ ਅਤੇ ਦਲਿਤਾਂ ਉੱਪਰ ਹਮਲੇ ਹੋ ਰਹੇ ਹਨ। ਘੱਟਗਿਣਤੀਆਂ ਖਾਸ ਕਰਕੇ ਮੁਸਲਿਮ ਘੱਟਗਿਣਤੀ ਸਹਿਮ ਦੇ ਸਾਏ ਹੇਠ ਜੀਅ ਰਹੀ ਹੈ। ਮਹਾਰਾਸ਼ਟਰ 'ਚ ਦਲਿਤਾਂ ਵਲੋਂ 200 ਸਾਲਾ ਜਿੱਤ ਜਸ਼ਨਾਂ ਸਮੇਂ ਜੋ ਉਨ੍ਹਾਂ ਨਾਲ ਬੀਤੀ ਇਕ ਸੋਚੀ-ਸਮਝੀ ਸਾਜ਼ਿਸ਼ ਦਾ ਹੀ ਹਿੱਸਾ ਸੀ। ਸਰਕਾਰੀ ਤੰਤਰ ਐਸੇ ਮੌਕਿਆਂ ਨੂੰ ਅੱਖੋਂ ਪਰੋਖੇ ਕਰ ਛੱਡਦਾ ਹੈ। ਗੁਜਰਾਤ ਵਿਚ ਮਰੀ ਹੋਈ ਗਾਂ ਦੀ ਖੱਲ ਲਾਹੁੰਦੇ ਦਲਿਤਾਂ ਨਾਲ ਸ਼ਰੇਆਮ ਕੁੱਟਮਾਰ ਦਾ ਜੋ ਦੁਖਾਂਤ ਵਾਪਰਿਆ ਅਤੇ ਉਸ ਨੂੰ ਧੜੱਲੇ ਨਾਲ ਸੋਸ਼ਲ ਮੀਡੀਆ 'ਤੇ ਪਾਇਆ ਗਿਆ, ਉਹ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ। ਮਨੂੰਵਾਦੀ ਬਿਰਤੀ ਨੂੰ ਫਿਰ ਤੋਂ ਉਭਾਰਿਆ ਜਾ ਰਿਹਾ ਹੈ। ਅਜੇ ਵੀ ਅਨੇਕਾਂ ਥਾਵਾਂ 'ਤੇ ਬ੍ਰਾਹਮਣੀ ਸੋਚ ਤਹਿਤ ਦਲਿਤਾਂ ਨਾਲ ਘੋਰ ਨਫ਼ਰਤ ਔਰਤਾਂ ਦੀ ਆਜ਼ਾਦੀ ਦੀ ਸਖ਼ਤ ਵਿਰੋਧਤਾ ਕੀਤੀ ਜਾ ਰਹੀ ਹੈ।

ਭਾਰਤ ਗਣਤੰਤਰ ਦੇ ਤੀਸਰੇ ਥੰਮ੍ਹ ਨਿਆਂਪਾਲਿਕਾ ਦੀ ਦਸ਼ਾ ਬਹੁਤ ਬੁਰੀ ਹੈ। ਜਿੱਥੇ ਲੋਕਾਂ ਦਾ ਲੋਕਰਾਜ ਤੋਂ ਇਤਬਾਰ ਉਠ ਗਿਆ ਹੈ, ਉਥੇ ਨਿਆਂਪਾਲਿਕਾ ਉੱਪਰ ਵੀ ਵਿਸ਼ਵਾਸ ਟੁੱਟ ਰਿਹਾ ਹੈ। ਨਿਆਂਪਾਲਿਕਾ ਵਿਚ ਰਾਜਨੀਤਕ ਦਖ਼ਲ ਅਤੇ ਭ੍ਰਿਸ਼ਟਾਚਾਰ ਵੀ ਵੱਧ ਰਿਹਾ ਹੈ। ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਵਲੋਂ 17 ਜਨਵਰੀ 2018 ਨੂੰ ਪ੍ਰੈੱਸ ਕਾਨਫ਼ਰੰਸ ਕਰਕੇ ਚੀਫ਼ ਜਸਟਿਸ ਦੀਪਕ ਮਿਸ਼ਰਾ ਉੱਪਰ ਪੱਖਪਾਤ ਕਰਨ ਅਤੇ ਜਸਟਿਸ ਲੋਹੀਆ ਦੀ ਮੌਤ ਦੀ ਪੜਤਾਲ ਇਕ ਵਿਸ਼ੇਸ਼ ਜੱਜ ਨੂੰ ਸੌਂਪਣ ਦਾ ਦੋਸ਼ ਲਾਇਆ ਹੈ, ਉਸ ਨਾਲ ਕੋਈ ਭੁਲੇਖਾ ਨਹੀਂ ਰਹਿ ਗਿਆ ਕਿ ਅਦਾਲਤਾਂ ਕਿਵੇਂ ਕੰਮ ਕਰ ਰਹੀਆਂ ਹਨ। ਪੰਜਾਬ-ਹਰਿਆਣਾ ਹਾਈਕੋਰਟ ਵਿਚ ਇਕ ਜੱਜ ਦੇ ਘਰ ਲੱਖਾਂ ਰੁਪਏ ਦੀ ਰਿਸ਼ਵਤ ਥੈਲੀ ਦੋ ਜੱਜ ਸਾਹਿਬਾਨ ਦਾ ਇਕੋ ਨਾਮ ਹੋਣ ਕਾਰਨ ਦੂਸਰੇ ਘਰ ਪੁੱਜ ਗਈ ਸੀ। ਇਸ 'ਤੇ ਬਹੁਤ ਸ਼ੋਰ ਮਚਿਆ, ਪਰ ਹੋਇਆ ਕੁੱਝ ਵੀ ਨਹੀਂ। ਨਿਆਂ ਗਰੀਬ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਅਦਾਲਤਾਂ ਨਿਆਂ ਨਹੀਂ ਫੈਸਲੇ ਕਰਦੀਆਂ ਹਨ ਅਤੇ ਫੈਸਲਾ ਉਡੀਕਦੇ-ਉਡੀਕਦੇ ਬੰਦਾ ਬਿਰਧ ਹੋ ਕੇ ਮੌਤ ਦੇ ਮੂੰਹ ਚਲਾ ਜਾਂਦਾ ਹੈ। 1992 ਦੀ ਬਾਬਰੀ ਮਸਜਿਦ ਢਾਹੁਣ ਦਾ ਕੇਸ, 2002 ਦੇ ਗੁਜਰਾਤ ਦੰਗੇ ਅਤੇ 1984 ਦੇ ਦਿੱਲੀ ਦੰਗੇ, ਜੋ ਦੰਗੇ ਨਹੀਂ ਸੋਚੇ ਸਮਝੇ ਸਾਜਿਸ਼ੀ ਹਮਲੇ ਸਨ, ਨਿਆਂ ਦੀ ਉਡੀਕ ਵਿਚ ਅਦਾਲਤਾਂ ਦਾ ਮੂੰਹ ਚਿੜਾ ਰਹੇ ਹਨ। ਨਿਆਂ ਤਰਾਜ਼ੂ ਦੇ ਛਾਬੇ ਸੋਨੇ ਦੇ ਬਣ ਗਏ ਹਨ, ਜਿਨ੍ਹਾਂ ਵਿਚ ਹਮੇਸ਼ਾ ਪਾਸਕੂੰ ਰਹਿੰਦਾ ਹੈ। ਨਿਆਂ ਪ੍ਰਾਪਤ ਕਰਨ ਦੀ ਭਾਰਤੀ ਗਣਤੰਤਰੀ ਪ੍ਰਣਾਲੀ ਤੇ ਲੋਕ ਦਿਲੋਂ ਯਕੀਨ ਨਹੀਂ ਕਰ ਰਹੇ। ਜੱਜਾਂ ਦੀ ਅਸਾਮੀਆਂ ਦਾ ਹੀ ਸਾਲਾਂਬੱਧੀ ਖਾਲੀ ਰਹਿਣਾ ਤੇ ਅਦਾਲਤਾਂ ਦਾ ਵਿਸਥਾਰ ਨਾ ਕਰਨਾ ਹਰ ਰਾਜ ਦੀ ਵੱਖਰੀ ਹਾਈਕੋਰਟ ਨਾ ਬਣਨਾ ਆਪਣੇ ਆਪ ਵਿਚ ਹੀ ਪ੍ਰਸ਼ਨ ਚਿੰਨ ਖੜ੍ਹੇ ਕਰਦਾ ਹੈ।

ਭਾਰਤੀ ਗਣਤੰਤਰ ਦਾ ਚੌਥੇ ਥੰਮ੍ਹ ਮੀਡੀਆ ਦਾ ਇਸ ਸਮੇਂ ਵੱਡਾ ਹਿੱਸਾ ਨੰਗੀ ਚਿੱਟੀ ਬੇਸ਼ਰਮੀ ਨਾਲ ਹਾਕਮਾਂ ਦੀ ਸ਼੍ਰੇਣੀ ਦਾ 'ਹਿਜ਼ ਮਾਸਟਰਜ਼ ਵਾਇਸ' ਬਣ ਕੇ ਹੀ ਰਹਿ ਗਿਆ ਹੈ। ਇਸ 'ਚ ਬਿਜਲਈ ਮੀਡੀਆ ਦੀ ਸਭ ਤੋਂ ਮੰਦੀ ਹਾਲਤ ਹੈ। ਅੱਜ ਲਗਭਗ ਹਰ ਕੋਈ ਟੀ.ਵੀ. ਵੇਖਦਾ ਹੈ। ਅਖ਼ਬਾਰ ਹਰ ਘਰ ਤੀਕ ਭਾਵੇਂ ਨਾ ਵੀ ਪੁੱਜਦੀ ਹੋਵੇ, ਟੈਲੀਵਿਜ਼ਨ ਜ਼ਰੂਰ ਪੁੱਜ ਗਿਆ ਹੈ। ਪਰ ਇਸ ਦੀ ਸੂਚਨਾ ਤੇ ਵਿਸ਼ਲੇਸ਼ਣਾ 'ਤੇ ਯਕੀਨ ਕਰਨਾ ਮੁਸ਼ਕਲ ਹੋ ਗਿਆ ਹੈ। ਕਾਰਪੋਰੇਟ ਸ਼੍ਰੇਣੀ ਨੇ ਇਸ ਨੂੰ ਬੰਧੂਆ ਬਣਾ ਲਿਆ ਹੈ। ਕੋਈ ਵਿਕ-ਅੱਧ ਚੈਨਲ ਹੀ ਹੈ, ਜੋ ਨਿਰਪੱਖਤਾ ਦਾ ਸਬੂਤ ਦੇ ਰਿਹਾ ਹੈ। ਹੁਣ ਤਾਂ ਛੱਲ-ਫਰੇਬ ਕਰਕੇ ਵੀ ਹਾਕਮ ਪਾਰਟੀ ਦਾ ਪੱਖ ਪੂਰਿਆ ਜਾਣ ਲੱਗਾ ਹੈ। ਚੋਣਾਂ ਵੇਲੇ ਤਾਂ ਇਸ ਦੀ ਭੂਮਿਕਾ ਹੋਰ ਵੀ ਅਣਸੁਖਾਵੀਂ ਹੋ ਜਾਂਦੀ ਹੈ। ਹਰ ਸੂਚਨਾ, ਹਰ ਇੰਟਰਵਿਊ, ਹਰ ਬਹਿਸ, ਹਰ ਪ੍ਰੋਗਰਾਮ ਨੂੰ ਇਸ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਸਰੋਤੇ ਨੂੰ ਪਤਾ ਹੀ ਨਹੀਂ ਲੱਗਦਾ ਸੱਚ ਕੀ ਹੈ?

ਹੁਣ ਮੀਡੀਆ ਦਾ ਉਦੇਸ਼ ਲੋਕਾਂ ਤੱਕ ਸੱਚ ਪਹੁੰਚਾਉਣਾ ਨਹੀਂ ਰਿਹਾ। ਲੋਕਾਂ ਨੂੰ ਸਹੀ ਜਾਣਕਾਰੀ ਦੇਣਾ ਉਸ ਦਾ ਉਦੇਸ਼ ਨਹੀਂ, ਸਗੋਂ ਪੈਸੇ ਕਮਾਉਣਾ ਹੀ ਉਸ ਦਾ ਉਦੇਸ਼ ਹੈ। ਇਸ਼ਤਿਹਾਰਾਂ ਦੀ ਭਰਮਾਰ ਅਤੇ ਇਸ ਤਰ੍ਹਾਂ ਦੇ ਡਿਗਦੇ ਕਿਰਦਾਰ/ਮਿਆਰ ਬੇਹੱਦ ਚਿੰਤਾ ਦੇ ਵਿਸ਼ੇ ਹਨ। ਔਰਤ ਨੂੰ ਇਸ਼ਤਿਹਾਰਾਂ ਨੇ ਮਾਣ-ਸਨਮਾਨ ਤਾਂ ਕੀ ਦੇਣਾ ਸੀ, ਉਸ ਨੂੰ ਕੇਵਲ ਭੋਗ-ਵਸਤੂ ਹੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਵਿਚਲਾ ਨੰਗੇਜ਼ ਸਾਰੇ ਹੱਦਾਂ-ਬੰਨ੍ਹੇ ਉਲੰਘ ਗਿਆ ਹੈ।

ਭਾਵੇਂ ਸੋਸ਼ਲ ਮੀਡੀਆ ਨੂੰ ਸੂਚਨਾਵਾਂ ਦੇ ਇਕ ਬਦਲ ਵਜੋਂ ਵੇਖਿਆ ਜਾ ਸਕਦਾ ਹੈ, ਪਰ ਇਸ 'ਤੇ ਵੀ ਇਤਬਾਰ ਕਰਨਾ ਮੁਸ਼ਕਲ ਹੈ। ਸੱਚ ਦੀ ਖੋਜ ਲਈ ਸੋਸ਼ਲ ਮੀਡੀਆ ਵੀ ਹੁਣ ਭਰੋਸੇਯੋਗ ਨਹੀਂ ਕਿਹਾ ਜਾ ਸਕਦਾ। ਇਸ ਨੂੰ ਵੀ ਕਈ ਵਾਰ ਸਾਜ਼ਿਸ਼ਕਾਰਾਂ ਵਲੋਂ ਹਾਕਮੀ ਧਿਰ ਦੇ ਹੱਕ ਵਿਚ ਭੁਗਤਾਇਆ ਜਾਂਦਾ ਹੈ। ਕੁੱਝ ਵੀ ਹੈ, ਭਾਰਤੀ ਮੀਡੀਆ ਵਿਚ ਆਏ ਵਿਗਾੜਾਂ ਦਾ ਸੋਸ਼ਲ ਮੀਡੀਆ ਮਹੱਤਵਪੂਰਨ ਬਦਲ ਨਹੀਂ ਹੈ।

ਭਾਰਤੀ ਗਣਤੰਤਰ ਨੇ ਸੰਵਿਧਾਨ ਰਾਹੀਂ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਬਾਕਾਇਦਾ ਮੁਢਲਾ ਅਧਿਕਾਰ ਮੰਨਿਆ ਹੈ। ਪਰ ਜੋ ਪਿਛਲੇ ਕੁੱਝ ਸਾਲਾਂ ਵਿਚ ਵਾਪਰਿਆ ਹੈ, ਉਹ ਇਸ ਦੇ ਉਲਟ ਹੈ। ਇਸ ਵਕਤ ਮੁਲਕ ਵਿਚ ਅਸਹਿਣਸ਼ੀਲਤਾ ਦਾ ਜ਼ਹਿਰੀਲਾ ਮਾਹੌਲ ਉੱਸਰਿਆ ਹੋਇਆ ਹੈ। ਇਕ ਵਿਸ਼ੇਸ਼ ਹਿੰਦੂਤਵੀ ਵਿਚਾਰਧਾਰਾ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਹੈ। ਜੇ ਕੋਈ ਧਰਮ ਨਿਰਪੱਖਤਾ ਦੇ ਹੱਕ ਵਿਚ ਬੋਲਦਾ ਜਾਂ ਲਿਖਦਾ ਹੈ, ਜੇ ਕੋਈ ਆਜ਼ਾਦੀ ਮਾਣਦਿਆਂ ਖਾਣ-ਪੀਣ, ਬੋਲਣ-ਚਾਲਣ, ਪਾਠ-ਪੂਜਾ, ਪਹਿਨਣ ਦੀ ਭਾਰਤੀ ਨਾਗਰਿਕ ਦੀ ਮਨਮਰਜ਼ੀ ਕਰਨ ਦੀ ਵਕਾਲਤ ਕਰਦਾ ਹੈ ਤਾਂ ਉਹ ਦੇਸ਼ ਧਰੋਹੀ ਹੈ, ਉਸ ਦਾ ਕਤਲ ਤੱਕ ਕਰ ਦਿੱਤਾ ਜਾਂਦਾ ਹੈ। ਕੁਲਬਰਗੀ, ਡਾਭੋਲਕਰ, ਗੋਬਿੰਦ ਪਨਸਾਰੇ ਤੇ ਗੌਰੀ ਲੰਕੇਸ਼ ਦੇ ਕਤਲ ਇਸੇ ਗੱਲ ਦੀ ਹੀ ਗਵਾਹੀ ਭਰਦੇ ਹਨ। ਹਾਲਾਤ ਇਥੋਂ ਤੀਕ ਚਿੰਤਾਜਨਕ ਹੋ ਗਏ ਹਨ ਕਿ ਦੇਸ਼ ਦੇ ਮਹਾਨ ਲੇਖਕਾਂ ਤੇ ਚਿੰਤਕਾਂ ਨੂੰ ਆਪਣੇ ਸਾਹਿਤ ਅਕਾਦਮੀ ਤੇ ਹੋਰ ਰਾਸ਼ਟਰੀ ਪੁਰਸਕਾਰ ਤੀਕ ਵਾਪਸ ਕਰਨੇ ਪਏ। ਸਿੱਖਿਆ ਦੇ ਭਗਵੇਂਕਰਨ ਦੀਆਂ ਵਿਉਂਤਾਂ ਖੂਬ ਪਨਪ ਰਹੀਆਂ ਹਨ। ਦਕਿਆਨੂਸੀ ਸੋਚ ਨੂੰ ਉਭਾਰਿਆ ਜਾ ਰਿਹਾ ਹੈ। ਮਿਥਿਹਾਸ ਨੂੰ ਇਤਿਹਾਸ ਬਣਾ ਕੇ ਉਸ ਨੂੰ ਸੱਚ ਸਾਬਤ ਕਰਨ ਲਈ ਬੇਤੁਕੇ ਤੱਥ ਪੇਸ਼ ਕੀਤੇ ਜਾ ਰਹੇ ਹਨ। ਇਥੋਂ ਤੱਕ ਕਿ ਮਿਥਿਹਾਸ ਵਿਚ ਦਰਜ ਕਾਲਪਨਿਕ ਘਟਨਾਵਾਂ ਨੂੰ ਅੱਜ ਦੇ ਵਿਗਿਆਨ ਤੋਂ ਵੀ ਬਹੁਤ ਅੱਗੇ ਰਹੇ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ, ਜੋ ਵੀ ਪੁਰਾਤਨ ਗ੍ਰੰਥਾਂ ਵਿਚ ਦਰਜ ਹੈ, ਉਸੇ ਨੂੰ ਹੀ ਆਖਰੀ ਸੱਚ ਸਾਬਤ ਕੀਤਾ ਜਾ ਰਿਹਾ ਹੈ। ਡਾਰਵਿਨ ਦੇ ਵਿਗਿਆਨ ਸਿਧਾਂਤ ਨੂੰ ਗਲਤ ਤੇ ਧਾਰਮਕ ਗ੍ਰੰਥਾਂ, ਕਾਲਪਨਿਕ ਕਥਾਵਾਂ ਨੂੰ ਸੱਚ ਸਾਬਤ ਕੀਤਾ ਜਾਣ ਲੱਗਾ ਹੈ। ਸਮੁੱਚੇ ਇਤਿਹਾਸ ਨੂੰ ਬਦਲਣ ਦੀ ਸਾਜ਼ਿਸ਼ ਰਚੀ ਗਈ ਹੈ। 21 ਜਨਵਰੀ 2018 ਨੂੰ ਭਾਰਤੀ ਜਨਤਾ ਪਾਰਟੀ ਦੇ ਮਨੁੱਖੀ ਸਾਧਨ ਵਿਕਾਸ ਮਾਮਲਿਆਂ ਦੇ ਕੇਂਦਰੀ ਮੰਤਰੀ ਸਤਿਆਪਾਲ ਸਿੰਘ ਨੇ ਚਾਰਲਸ ਡਾਰਵਿਨ ਦੇ ਮਨੁੱਖੀ ਉਤਪਤੀ ਦੇ ਸਿਧਾਂਤ, ਜੋ ਹਰ ਪੱਖੋਂ ਸਹੀ ਸਾਬਤ ਹੋ ਚੁੱਕਾ ਹੈ, ਨੂੰ ਗੈਰ-ਵਿਗਿਆਨਕ ਕਹਿ ਕੇ ਇਸ ਨੂੰ ਦੇਸ਼ ਦੇ ਸਕੂਲੀ ਸਲੇਬਸ ਵਿਚੋਂ ਕੱਢਣ ਦੀ ਗੱਲ ਕੀਤੀ ਹੈ।

ਬਾਕੀ ਸਫ਼ਾ 41 'ਤੇ

# ਮੰਦਰਾਂ ਦੇ ਭਰਮ ਵਿਚ ਦਲਿਤ

ਸ਼ੈਲੇਂਦਰ ਸਿੰਘ

ਇਹ ਧਰਮ ਹੀ ਦੱਸਦਾ ਹੈ ਕਿ ਕਿਸੇ ਵੀ ਜਣੇ ਦਾ ਉੱਚੀ ਜਾਂ ਨੀਵੀਂ ਜਾਤ ਵਿਚ ਪੈਦਾ ਹੋਣਾ ਉਸ ਦੇ ਪਿਛਲੇ ਜਨਮ ਵਿਚ ਕੀਤੇ ਪੁੰਨ ਜਾਂ ਪਾਪ ਦਾ ਸਿੱਟਾ ਹੁੰਦਾ ਹੈ। ਸਮਾਜ ਵਿਚ ਸਭ ਤੋਂ ਹੇਠਲੇ ਪਾਇਦਾਨ ਉੱਤੇ ਦਲਿਤ ਹਨ। ਸਭ ਤੋਂ ਉੱਪਰ ਬ੍ਰਾਹਮਣ, ਜਿਸ ਨੂੰ ਸਮਾਜ ਦਾ ਦਿਮਾਗ਼ ਕਿਹਾ ਗਿਆ, ਇਸੇ ਤਰ੍ਹਾਂ ਕਸ਼ੱਤਰੀ ਨੂੰ ਛਾਤੀ, ਬਾਣੀਏ ਨੂੰ ਢਿੱਡ ਅਤੇ ਸ਼ੂਦਰ ਨੂੰ ਸਭ ਤੋਂ ਹੇਠਾਂ ਪੈਰਾਂ ਦਾ ਹਿੱਸਾ ਦੱਸਿਆ ਗਿਆ ਹੈ।

ਧਾਰਮਕ ਕਹਾਣੀਆਂ ਦੇ ਦੁਆਰਾ ਵਾਰ-ਵਾਰ ਇਸ ਗੱਲ ਨੂੰ ਦੱਸਿਆ ਗਿਆ ਹੈ ਕਿ ਮੰਦਰਾਂ ਵਿਚ ਪੂਜਾ ਪਾਠ, ਧਰਮ ਕਰਮ ਕਰਨਾ ਆਪਣੇ ਆਉਣ ਵਾਲੇ ਜਨਮ ਨੂੰ ਵਧੀਆ ਬਣਾਉਣ ਦੇ ਕੰਮ ਆਉਂਦਾ ਹੈ। ਦਲਿਤਾਂ ਨੂੰ 5ਵੀਂ ਜਾਤੀ ਯਾਨੀ ਅਛੂਤ ਜਾਂ ਜਾਤੀ ਦੇ ਬਾਹਰ ਦੇ ਲੋਕ ਕਿਹਾ ਜਾਂਦਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਵਾਰ-ਵਾਰ ਅਹਿਸਾਸ ਕਰਾਇਆ ਗਿਆ ਕਿ ਮੰਦਰਾਂ ਵਿਚ ਪੂਜਾ ਪਾਠ ਕਰਨਾ ਜਾਂ ਧਾਰਮਕ ਗ੍ਰੰਥ ਪੜ੍ਹਨਾ, ਇਹ ਸਭ ਉਨ੍ਹਾਂ ਦੇ ਲਈ ਨਹੀਂ ਹਨ।

ਅੱਜ ਵੀ ਦੇਸ਼ ਵਿਚ ਬਹੁਤ ਮੰਦਰ ਅਜਿਹੇ ਹਨ, ਜਿਥੇ ਦਲਿਤਾਂ ਦੇ ਲਈ ਪੂਜਾ ਪਾਠ ਮਨ੍ਹਾਂ ਹੈ। ਕਈ ਵਾਰ ਅਜਿਹੇ ਮੰਦਰਾਂ ਵਿਚ ਦਾਖ਼ਲ ਹੋਣ ਨੂੰ ਲੈ ਕੇ ਲੜਾਈ ਝਗੜਾ ਤੱਕ ਹੁੰਦਾ ਰਹਿੰਦਾ ਹੈ। ਮੰਦਰਾਂ ਵਿਚ ਪੁਜਾਰੀ ਦੇ ਰੂਪ ਵਿਚ ਕਿਤੇ ਵੀ ਦਲਿਤ ਨਹੀਂ ਹਨ। ਧਰਮ ਦੇ ਇਸੇ ਭੇਦਭਾਵ ਦਾ ਸ਼ਿਕਾਰ ਹੋ ਕੇ ਡਾਕਟਰ ਭੀਮ ਰਾਓ ਅੰਬੇਦਕਰ ਨੇ ਬੁੱਧ ਧਰਮ ਅਪਨਾਇਆ ਸੀ।

ਆਜ਼ਾਦੀ ਦੇ ਸਮੇਂ ਵਿਚ ਧਾਰਮਕ ਪੱਧਰ 'ਤੇ ਭੇਦਭਾਵ ਅਤੇ ਛੂਆਛਾਤ ਵੱਡੇ ਪੈਮਾਨੇ 'ਤੇ ਸੀ। ਇਹੀ ਕਾਰਨ ਹੈ ਕਿ ਦਲਿਤ ਸਮਾਜ ਨੂੰ ਬਰਾਬਰੀ ਦਾ ਦਰਜਾ ਦੇਣ ਲਈ ਸਰਕਾਰੀ ਨੌਕਰੀਆਂ ਅਤੇ ਚੋਣ ਲੜਨ ਲਈ ਰਾਜਨੀਤਿਕ ਹਲਕਿਆਂ ਵਿਚ ਰਾਖਵਾਂਕਰਨ ਦਿੱਤਾ ਗਿਆ। ਇਸ ਤਰ੍ਹਾਂ ਸਮਾਜ ਦਾ ਇਕ ਵੱਡਾ ਤਬਕਾ/ਵਰਗ ਆਰਥਕ ਅਤੇ ਸਮਾਜਕ ਤੌਰ 'ਤੇ ਅੱਗੇ ਵੱਧ ਗਿਆ। ਪਰੰਤੂ ਇਸ ਤਬਕੇ ਨੇ ਸਮਾਜ ਦੀ ਸਮਾਜਕ ਭਲਾਈ ਲਈ ਕਿਸੇ ਤਰ੍ਹਾਂ ਦਾ ਸਹਿਯੋਗ ਨਹੀਂ ਕੀਤਾ। ਇਹ ਤਬਕਾ ਪੂਰੀ ਤਰ੍ਹਾਂ ਤੇ ਇਸ ਕੋਸ਼ਿਸ਼ ਵਿਚ ਲੱਗ ਗਿਆ ਕਿ ਉਹ ਸਮਾਜਕ ਤੌਰ ਦਲਿਤ ਦੀ ਪਛਾਣ ਤੋਂ ਛੁੱਟ ਜਾਵੇ। ਨਾਲ ਹੀ ਇਸ ਤਬਕੇ ਨੇ ਦਲਿਤ ਤਬਕੇ ਨਾਲ ਆਪਣਾ ਰਿਸ਼ਤਾ ਉੱਥੇ ਤੱਕ ਰੱਖਿਆ, ਜਿਥੇ ਉਸ ਨੂੰ ਰਾਖਵੇਂਕਰਨ ਦੀ ਲੋੜ ਪਈ।

ਆਪਣੇ ਨਾਂ ਦੇ ਅੱਗੇ ਦਲਿਤ ਜਾਤੀ ਤੋਂ ਵੱਖਰਾ 'ਸਰਨੇਮ' ਰੱਖ ਲਿਆ। ਇਹੀ ਨਹੀਂ, ਇਹ ਤਬਕਾ ਮੰਦਰਾਂ ਵਿਚ ਜਾ ਕੇ ਪੂਜਾ ਕਰਨ ਲੱਗਾ। ਆਪਣੇ ਘਰ ਵਿਚ ਹੀ ਮੰਦਰ ਬਣਾ ਲਿਆ। ਇਹ ਤਬਕਾ ਦਲਿਤ ਸਮਾਜ ਦੇ ਕਮਜ਼ੋਰ ਅਤੇ ਗਰੀਬ ਤਬਕੇ ਨੂੰ ਇਹ ਸਮਝਾਉਣ ਲੱਗਾ ਕਿ ਪੂਜਾ ਪਾਠ ਦਾ ਹੀ ਨਤੀਜਾ ਹੈ ਕਿ ਉਹ ਅੱਜ ਉੱਚ ਤਬਕੇ ਦੇ ਬਰਾਬਰ ਖੜ੍ਹਾ ਹੈ।

ਦਲਿਤਾਂ ਦਾ ਮੰਦਰਾਂ ਨਾਲ ਕੋਈ ਭਲਾ ਨਹੀਂ ਹੋਵੇਗਾ। ਇਹ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਕਿ ਕਾਰ ਸੇਵਾ ਕਰਨ ਵਾਲੇ ਦਲਿਤ ਹੀ ਤਾਂ ਹਨ, ਪਰ ਉਨ੍ਹਾਂ ਦੇ ਨਾਲ ਜਦੋਂ ਗ਼ੈਰ-ਦਲਿਤ ਹੋਣ ਤਾਂ ਘਰ ਵਾਲੇ ਉਨ੍ਹਾਂ ਦਾ ਸ਼ੁੱਧੀਕਰਨ ਕਰਾਉਂਦੇ ਹਨ। ਜਦ ਉਹ ਘਰ ਮੁੜਦੇ ਹਨ ਤਾਂ ਉਨ੍ਹਾਂ ਨੂੰ ਗਊ ਛੂਹਣ ਨੂੰ ਕਿਹਾ ਜਾਂਦਾ ਹੈ ਅਤੇ ਉਨ੍ਹਾਂ 'ਤੇ ਗੰਗਾ ਜਲ ਛਿੜਕਿਆ ਜਾਂਦਾ ਹੈ।

ਅਹਿਮਦਾਬਾਦ ਦੇ ਇਕ ਰਿਟਾਇਰਡ ਆਈ.ਏ.ਐਸ. ਅਫ਼ਸਰ ਰਾਜਨ ਪ੍ਰਿਅਦਰਸ਼ੀ ਕਹਿੰਦੇ ਹਨ, "ਦਲਿਤਾਂ ਨੂੰ ਗ਼ੈਰ-ਦਲਿਤ ਗੁਆਂਢੀ ਤੱਕ ਬਣਾਉਣ ਲਈ ਤਿਆਰ ਨਹੀਂ ਹਨ। ਗੁਜਰਾਤ ਵਿਚ ਕੋਈ ਦਲਿਤ ਆਪਣੀ ਮਨਪਸੰਦ ਥਾਂ 'ਤੇ ਨਹੀਂ ਰਹਿ ਸਕਦਾ। 98.1 ਫ਼ੀਸਦੀ ਪਿੰਡਾਂ ਵਿਚ ਦਲਿਤਾਂ ਨੂੰ ਪੂਜਾ ਪਾਠ ਕਰਨ ਦੇ ਬਾਵਜੂਦ ਗ਼ੈਰ-ਦਲਿਤਾਂ ਦੇ ਇਥੇ ਮਕਾਨ ਕਿਰਾਏ ਉੱਤੇ ਨਹੀਂ ਮਿਲ ਸਕਦਾ। ਮੈਨੂੰ ਆਪ ਮਜਬੂਰੀ ਵੱਸ ਦਲਿਤ ਬਹੁ-ਸੰਖਿਆ ਇਲਾਕੇ ਵਿਚ ਹੀ ਰਹਿਣਾ ਪਿਆ ਹੈ।"

2014 ਨੂੰ ਪਿਲਖੁਵਾ, ਉੱਤਰ ਪ੍ਰਦੇਸ਼ ਦੇ ਸ਼ੁਕਲਾਨ ਮੁਹੱਲੇ ਵਿਚ ਚੰਡੀ ਮੰਦਰ ਵਿਚ ਪੂਜਾ ਪਾਠ ਕਰਨ ਗਏ ਇਕ ਜੋੜੇ ਨੂੰ ਪੁਜਾਰੀ ਨੇ ਪੂਜਾ ਨਹੀਂ ਕਰਨ ਦਿੱਤੀ ਅਤੇ ਅੰਜੂ ਬਾਲਮੀਕ ਤੇ ਪ੍ਰਮੋਦ ਬਾਲਮੀਕ ਨੂੰ ਰੋਕ ਦਿੱਤਾ। ਉਹ ਉੱਥੇ ਕਰਨ ਹੀ ਕੀ ਗਏ ਸਨ?

ਚੰਦੌਲੀ, ਉੱਤਰ ਪ੍ਰਦੇਸ਼ ਦੇ ਇਕ ਸਕੂਲ ਤੋਂ ਇਸੇ ਅਕਤੂਬਰ ਮਹੀਨੇ ਵਿਚ ਇਕ ਵਿਦਿਆਰਥਣ ਨੂੰ ਕੱਢ ਦਿੱਤਾ ਗਿਆ, ਕਿਉਂਕਿ ਉਹ ਦਲਿਤ ਜਾਤੀ ਦੀ ਸੀ। ਜਦ ਸਕੂਲਾਂ ਵਿਚ ਉਨ੍ਹਾਂ ਨੂੰ ਸਵੀਕਾਰਿਆ ਨਹੀਂ ਜਾ ਰਿਹਾ, ਜੋ ਸਰਕਾਰੀ ਪੈਸਿਆਂ ਉੱਤੇ ਚੱਲ ਰਹੇ ਹਨ, ਜਿੱਥੇ ਪੂਜਾ-ਪਾਠ ਨਹੀਂ ਹੋ ਰਿਹਾ, ਤਾਂ ਮੰਦਰਾਂ ਵਿਚ ਕੀ ਸਵੀਕਾਰ ਹੋਣਗੇ ਅਤੇ ਦਲਿਤਾਂ ਨੂੰ ਮਿਲੇਗਾ ਕੀ?

ਕਾਂਗਰਸ ਦੀ ਲੀਡਰ ਕੁਮਾਰੀ ਸ਼ੈਲਜਾ 2013 'ਚ ਜਦ ਦਵਾਰਕਾ ਗਈ ਤਾਂ ਉਨ੍ਹਾਂ ਤੋਂ ਪੁਜਾਰੀ ਨੇ ਉਨ੍ਹਾਂ ਦੀ ਜਾਤੀ ਪੁੱਛੀ। ਸਾਬਕਾ ਮੰਤਰੀ ਕੁਮਾਰੀ ਸ਼ੈਲਜਾ ਕਾਂਗਰਸ ਦੀ ਦਲਿਤ ਲੀਡਰ ਹੈ, ਫੇਰ ਵੀ ਉਨ੍ਹਾਂ ਨੂੰ ਇਸ ਅਪਮਾਨ/ਬੇਇੱਜ਼ਤੀ ਤੋਂ ਮੁਕਤੀ ਨਹੀਂ ਮਿਲੀ। ਅਫ਼ਸੋਸ ਇਹ ਹੈ ਕਿ ਕੁਮਾਰੀ ਸ਼ੈਲਜਾ ਮੰਦਰ ਦੇਖਣ ਨਹੀਂ ਗਈ, ਉੱਥੇ ਮੱਥਾ ਟੇਕਣ ਗਈ ਅਤੇ ਇਹੀ ਗ਼ਲਤ ਹੈ।

ਕੁਝ ਸਾਲ ਪਹਿਲਾਂ ਨਿਤੀਸ਼ ਕੁਮਾਰ ਨੇ ਜੀਤ ਰਾਮ ਮਾਂਝੀ ਨੂੰ ਬਿਹਾਰ ਦਾ ਮੁੱਖ ਮੰਤਰੀ ਬਣਵਾਇਆ ਸੀ, ਪਰ ਮਧੁਬਨੀ ਜ਼ਿਲ੍ਹੇ ਵਿਚ ਇਕ ਮੰਦਰ ਵਿਚ ਬਤੌਰ ਮੁੱਖ ਮੰਤਰੀ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਧੋਤਾ ਗਿਆ ਅਤੇ ਉਸ ਬਿਹਾਰ 'ਚ ਉਸੇ ਜੀਤ ਰਾਮ ਮਾਂਝੀ ਦੇ ਸੁਰੱਖਿਅਕ ਰਹੇ ਨਿਤੀਸ਼ ਕੁਮਾਰ ਅੱਜ ਉਸੇ ਭਾਜਪਾ ਦੇ ਪੈਰਾਂ ਉੱਤੇ ਡਿੱਗ ਪਏ ਹਨ, ਜੋ ਦਲਿਤਾਂ ਨੂੰ ਆਪਣੀ ਹੈਸੀਅਤ ਵਿਚ ਰੱਖਣਾ ਚਾਹੁੰਦੀ ਹੈ ਅਤੇ ਮੰਦਰ ਉਸ ਦੀ ਸਾਜ਼ਿਸ਼ ਦੀ ਧੁਰੀ ਹੈ।

**ਦਲਿਤਾਂ ਵਿਚ ਵੱਧ ਰਿਹਾ ਪਾਖੰਡ :** ਧਰਮ ਦੇ ਨਾਂ 'ਤੇ ਚੱਲ ਰਹੇ ਸਾਰੇ ਪਾਖੰਡ ਚੜ੍ਹਾਵਾ ਚੜ੍ਹਾਉਣ ਲਈ ਹੁੰਦੇ ਹਨ। ਦਲਿਤ ਤਬਕੇ ਦੇ 'ਨਵਹਿੰਦੁਤਵ' ਵਿਚ ਸ਼ਾਮਲ ਹੋਏ ਲੋਕ ਚੜ੍ਹਾਵਾ ਚੜ੍ਹਾਉਣ ਵਿਚ ਸਵਰਣਾਂ ਤੋਂ ਵੀ ਅੱਗੇ ਹੋਣ ਲੱਗੇ ਹਨ। ਉਹ ਆਪਣੇ ਘਰ ਵਿਚ ਪੂਜਾ ਪਾਠ ਕਰਨ ਲਈ ਪੁਜਾਰੀਆਂ ਨੂੰ ਬੁਲਾਉਣ ਲੱਗੇ ਹਨ। ਗ਼ਰੀਬ ਦਲਿਤ ਦੇ ਜਾਣ ਤੋਂ ਆਨਾਕਾਨੀ ਕਰਨ ਵਾਲੇ ਪੁਜਾਰੀ ਇਥੇ ਪੂਜਾ ਕਰਾਉਣ ਆਉਣ ਲੱਗੇ ਹਨ। ਇਸ ਦਾ ਕਾਰਨ ਇਹ ਨਹੀਂ ਸੀ ਕਿ ਪੁਜਾਰੀ ਦੇ ਮਨ ਤੋਂ ਛੂਆਛਾਤ ਦੀ ਭਾਵਨਾ ਖ਼ਤਮ ਹੋ ਗਈ ਸੀ। ਇਸ ਦੀ ਵਜ੍ਹਾ ਇਹ ਸੀ ਕਿ ਇਥੇ ਮੂੰਹ ਮੰਗਿਆ ਚੜ੍ਹਾਵਾ ਮਿਲਣ ਲੱਗਿਆ ਸੀ।

ਇਕ ਪੁਜਾਰੀ ਨੇ ਦੱਸਿਆ ਕਿ "ਨਰਾਤੇ ਦੇ ਦਿਨਾਂ ਵਿਚ ਮੈਂ ਇਕ ਅਜਿਹੇ ਹੀ ਪਰਿਵਾਰ ਦੇ ਰੋਜ਼ ਪੂਜਾ ਪਾਠ ਅਤੇ ਹਵਨ ਕਰਨ ਜਾਂਦਾ ਸੀ। ਉਨ੍ਹਾਂ ਲੋਕਾਂ ਨੇ ਹਰੇਕ ਦਿਨ ਲਈ ਨਵੇਂ ਕੱਪੜੇ ਦਿੱਤੇ ਅਤੇ ਕਿਹਾ ਕਿ ਤੁਸੀਂ ਰੋਜ਼ ਨਵੇਂ ਕੱਪੜੇ ਪਾ ਕੇ ਹੀ ਹਵਨ ਕਰਨਾ ਹੈ। ਉਨ੍ਹਾਂ ਨੇ ਸਾਡੀ ਸੋਚ ਤੋਂ ਵੱਧ ਚੜ੍ਹਾਵਾ ਦਿੱਤਾ। ਨਰਾਤਿਆਂ ਦੇ ਖ਼ਤਮ ਹੋਣ 'ਤੇ ਮੈਨੂੰ ਦੱਛਣਾ ਦੇ ਕੇ ਵਿਦਾ ਕੀਤਾ। ਸਾਨੂੰ ਉਥੋਂ ਏਨਾ ਚੜ੍ਹਾਵਾ ਮਿਲਿਆ ਜਿੰਨਾ 5 ਸਵਰਣ ਪਰਿਵਾਰ ਮਿਲ ਕੇ ਵੀ ਨਹੀਂ ਦਿੰਦੇ।"

ਆਜ਼ਾਦੀ ਦੇ ਕੁਝ ਸਾਲਾਂ ਤੱਕ ਦਲਿਤਾਂ ਦੇ ਸਾਰੇ ਸੰਗਠਨ ਅਜਿਹੇ ਸਨ, ਜੋ ਇਹ ਦੱਸਦੇ ਸਨ ਕਿ ਦਲਿਤਾਂ ਦੀ ਹਾਲਤ ਲਈ ਜ਼ਿੰਮੇਵਾਰ ਧਾਰਮਕ ਕੁਰੀਤੀਆਂ, ਰੂੜ੍ਹੀਵਾਦ ਅਤੇ ਛੂਆਛਾਤ ਹਨ। ਜਦ ਤੱਕ ਇਹ ਹੈ, ਤਦ ਤੱਕ ਦਲਿਤਾਂ ਨੂੰ ਸਮਾਜ ਵਿਚ ਬਰਾਬਰੀ ਦਾ ਹੱਕ ਨਹੀਂ ਮਿਲਣ ਵਾਲਾ।

ਡਾ. ਭੀਮ ਰਾਓ ਅੰਬੇਦਕਰ ਦੇ ਬਾਅਦ ਉੱਤਰ ਪ੍ਰਦੇਸ਼ ਵਿਚ ਕਾਂਸ਼ੀ ਰਾਮ ਨੇ ਦਲਿਤਾਂ ਨੂੰ ਜਾਗਰੂਕ ਕਰਨ ਦਾ ਕੰਮ ਕੀਤਾ। ਉਨ੍ਹਾਂ ਨੂੰ ਇਹ ਜਾਪਦਾ ਸੀ ਕਿ ਰਾਜਨੀਤਿਕ ਸੱਤਾ/ਹਕੂਮਤ ਪ੍ਰਾਪਤ ਕਰਕੇ ਹੀ ਦਲਿਤਾਂ ਦੀ ਤਰੱਕੀ ਕੀਤੀ ਜਾ ਸਕਦੀ ਹੈ। ਕਾਂਸ਼ੀ ਰਾਮ ਦੇ ਬਾਅਦ ਬਸਪਾ ਦੀ ਲੀਡਰ ਮਾਇਆਵਤੀ ਨੂੰ ਆਪਣੇ ਸੋਸ਼ਲ ਇੰਜਨੀਅਰਿੰਗ ਫਾਰਮੂਲੇ ਦੇ ਬਾਅਦ ਲੱਗਾ ਕਿ ਜਿਹੜੇ ਸਵਰਣ ਸਟੇਜ ਉੱਤੇ ਉਨ੍ਹਾਂ ਦੇ ਪੈਰ ਛੂਹ ਰਹੇ ਹਨ, ਉਸ ਨਾਲ ਦਲਿਤਾਂ ਦੇ ਹਾਲਾਤ ਬਦਲ ਜਾਣਗੇ, ਜਦਕਿ ਉੱਚਿਆਂ ਦਾ ਮਾਇਆਵਤੀ ਦੇ ਪੈਰ ਛੂਹਣਾ ਇਕ ਰਾਜਨੀਤਿਕ ਮਜਬੂਰੀ ਸੀ। ਇਸ ਦਾ ਸਮਾਜਕ ਬਰਾਬਰੀ ਨਾਲ ਕੋਈ ਲੈਣਾ-ਦੇਣਾ ਨਹੀਂ ਸੀ।

**ਪੂਜਾ ਪਾਠ ਵਿਚ ਦਿਲਚਸਪੀ :** ਦਲਿਤਾਂ ਦੀ ਤਾਕਤ ਸਮਝ ਚੁੱਕੇ ਉੱਚ ਜਾਤੀ ਵਾਲੇ ਤਕੜਿਆਂ ਨੂੰ ਸਮਝ ਵਿਚ ਆ ਗਿਆ ਸੀ ਕਿ ਜਾਤੀਵਾਦ ਦੇ ਸਹਾਰੇ ਤਾਕਤ ਪ੍ਰਾਪਤ ਕਰਨਾ ਔਖਾ ਹੈ। ਅਜਿਹੀ ਹਾਲਤ ਵਿਚ ਦਲਿਤਾਂ ਨੂੰ ਧਾਰਮਕ ਪਾਖੰਡ ਨਾਲ ਜੋੜਿਆ ਜਾਣ ਲੱਗਾ। ਜਿਹੜੇ ਮੰਦਰਾਂ ਵਿਚ ਕਦੇ ਦਲਿਤਾਂ ਨੂੰ ਵੜਨ ਨਹੀਂ ਦਿੱਤਾ ਜਾਂਦਾ ਸੀ, ਉੱਥੇ ਉਨ੍ਹਾਂ ਨੂੰ ਪ੍ਰਵੇਸ਼/ਦਾਖ਼ਲਾ ਦਿੱਤਾ ਜਾਣ ਲੱਗਾ। ਹੁਣ ਬਹੁਤ ਹੀ ਘੱਟ ਅਜਿਹੇ ਮੰਦਰ ਬਚੇ ਹਨ, ਜਿੱਥੇ ਦਲਿਤਾਂ ਨੂੰ ਪ੍ਰਵੇਸ਼ ਨਾ ਮਿਲਦਾ ਹੋਵੇ। ਦਲਿਤਾਂ ਨੂੰ ਇਸ ਗੱਲ ਲਈ ਦਿਮਾਗੀ ਤੌਰ'ਤੇ ਤਿਆਰ ਕੀਤਾ ਜਾਣ ਲੱਗਾ ਹੈ ਕਿ ਉਹ ਆਪਣੇ ਮੰਦਰ ਆਪ ਬਣਾ ਲੈਣ।

ਹੁਣ ਦਲਿਤਾਂ ਦੀ ਗੱਭਰੂ/ਨੌਜਵਾਨ ਪੀੜ੍ਹੀ ਇਸ ਧਾਰਮਕ ਪੂਜਾ ਪਾਠ ਵਿਚ ਦਿਲਚਸਪੀ ਰੱਖਣ ਲੱਗੀ ਹੈ। ਇਹ ਪੀੜ੍ਹੀ ਅਜਿਹੀ ਹੈ, ਜੋ ਥੋੜ੍ਹੀ ਬਹੁਤ ਪੜ੍ਹੀ-ਲਿਖੀ ਹੈ। ਉਹ ਕਿਤਾਬਾਂ ਪੜ੍ਹ ਲੈਂਦੀ ਹੈ। ਵੱਡੇ ਘਰਾਂ ਨੂੰ ਦੇਖ ਕੇ ਆਪਣੇ ਘਰ ਵਿਚ ਧਾਰਮਕ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨ ਲੱਗੀ ਹੈ। ਕਿਤਾਬਾਂ ਵਿਚ ਲਿਖੀ ਵਿਧੀ ਦੇ ਹਿਸਾਬ ਨਾਲ ਪੂਜਾ ਪਾਠ ਕਰਕੇ ਉਨ੍ਹਾਂ ਦੀਆਂ ਗਣੇਸ਼, ਦੁਰਗਾ ਅਤੇ ਸਰਸਵਤੀ ਦੀ ਪੂਜਾ ਕਰਕੇ ਉਨ੍ਹਾਂ ਦੀਆਂ ਮੂਰਤੀਆਂ ਦੇ ਜਲਪ੍ਰਵਾਹ ਕਰਦੇ ਸਮੇਂ ਦੇਖਿਆ ਜਾਂਦਾ ਹੈ ਕਿ ਬਹੁਤ ਸਾਰੀਆਂ ਦਲਿਤ ਬਸਤੀਆਂ ਵਿਚ ਇਹ ਸ਼ੁਰੂ ਹੋ ਚੁੱਕਾ ਹੈ। ਪਹਿਲਾਂ ਇਹ ਰਿਵਾਜ਼ ਸ਼ਹਿਰਾਂ ਵਿਚ ਸੀ, ਪਰ ਹੁਣ ਪਿੰਡਾਂ ਅਤੇ ਕਸਬਿਆਂ ਵਿਚ ਵੀ ਦਿਸਣ ਲੱਗਾ ਹੈ। ਸਾਰੀ ਰਾਤ ਆਰਕੈਸਟਰਾ ਉੱਤੇ ਫ਼ਿਲਮੀ ਗਾਣਿਆਂ ਦੀਆਂ ਧੁਨਾਂ ਉੱਤੇ ਭਜਨ ਵੱਜਦੇ ਹਨ।

ਦਲਿਤ ਚਿੰਤਕ ਰਾਮ ਚੰਦਰ ਕਟਿਆਰ ਜੀ ਕਹਿੰਦੇ ਹਨ, "ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਦਲਿਤ ਅਤੇ ਪਿਛੜੇ ਤਬਕੇ ਦੇ ਇਹ ਨੌਜਵਾਨ ਪੜ੍ਹੇ-ਲਿਖੇ ਹੋਣ ਦੇ ਬਾਅਦ ਵੀ ਧਰਮ ਦੀਆਂ ਕਹਾਣੀਆਂ ਵਿਚ ਲਿਖੀਆਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਕਿਹੜੀਆਂ ਚੌਪਾਈਆਂ/ਛੰਦਾਂ ਅਤੇ ਕਹਾਣੀਆਂ ਵਿਚ ਦਲਿਤ ਵਰਗ ਦੀ ਬੁਰਾਈ ਕੀਤੀ ਗਈ ਹੈ, ਉਸ ਲਾਈਨ ਨੂੰ ਵੀ ਉਹ ਜ਼ੋਰ ਸ਼ੋਰ ਨਾਲ ਪੜ੍ਹਦੇ ਹਨ। ਉਹ ਇਹ ਵੀ ਨਹੀਂ ਸੋਚਦੇ ਕਿ ਇਨ੍ਹਾਂ ਲਾਈਨਾਂ ਵਿਚ ਦਲਿਤ ਤਬਕੇ ਨੂੰ ਹੀ ਗ਼ਲਤ ਦੱਸਿਆ ਗਿਆ ਹੈ।"

"ਅਸਲ ਵਿਚ ਇਨ੍ਹਾਂ ਨੌਜਵਾਨਾਂ ਦਾ ਕਸੂਰ ਵੀ ਨਹੀਂ ਹੈ। ਪਹਿਲਾਂ ਦਲਿਤਾਂ ਦੇ ਲਈ ਕੰਮ ਕਰਨ ਵਾਲੇ ਸੰਗਠਨ ਦੱਸਦੇ ਸਨ ਕਿ ਕਿਹੜੇ-ਕਿਹੜੇ ਧਰਮ ਗ੍ਰੰਥਾਂ ਵਿਚ ਕਹਾਣੀਆਂ ਦੁਆਰਾ ਦਲਿਤਾਂ ਦੀ ਬੁਰਾਈ ਕੀਤੀ ਗਈ ਹੈ। ਉਸ ਸਮੇਂ ਬਹੁਤ ਸਾਰੇ ਦਲਿਤ ਹੋਲੀ, ਦੀਵਾਲੀ ਨਹੀਂ ਮਨਾਉਂਦੇ ਸਨ। ਇਹ ਤਿਉਹਾਰ ਉੱਚੀ ਜਾਤੀ ਦੇ ਤਿਉਹਾਰ ਮੰਨੇ ਜਾਂਦੇ ਸਨ। ਰਾਮ ਦੀ ਆਲੋਚਨਾ ਹੁੰਦੀ ਸੀ। ਇਹ ਗੱਲਾਂ ਅੱਜ ਵੀ ਨੌਜਵਾਨ ਪੀੜ੍ਹੀ ਨੂੰ ਨਹੀਂ ਪਤਾ। ਧਰਮ ਦਾ ਪ੍ਰਚਾਰ ਕਰਨ ਵਾਲੇ ਧਰਮ ਦੀ ਸੱਚਾਈ ਦੱਸਣ ਵਾਲਿਆਂ ਤੋਂ ਵੱਧ ਸੰਗਠਿਤ ਹੋ ਗਏ ਹਨ।"

**ਵੱਧ ਰਹੇ ਹਨ ਧਾਰਮਕ ਮੇਲੇ :** ਦਲਿਤ ਪਰਿਵਾਰਾਂ ਵਿਚ ਧਾਰਮਕ ਮੇਲਿਆਂ ਦੀ ਅਹਿਮੀਅਤ ਵੱਧ ਰਹੀ ਹੈ। ਅੱਜ ਵੀ ਪਿੰਡਾਂ ਕਸਬਿਆਂ ਦੀਆਂ ਇਸਤਰੀਆਂ ਨੂੰ ਘੁੰਮਣ ਫਿਰਨ ਦੀ ਆਜ਼ਾਦੀ ਨਹੀਂ ਹੈ। ਅਜਿਹੀ ਹਾਲਤ ਵਿਚ ਜਦੋਂ ਕੋਈ ਉਨ੍ਹਾਂ ਦੇ ਆਸਪਾਸ ਮੇਲਾ ਲੱਗਦਾ ਹੈ ਤਾਂ ਉਨ੍ਹਾਂ ਦਾ ਉੱਥੇ ਜਾਣਾ ਆਸਾਨ ਹੋ ਜਾਂਦਾ ਹੈ। ਇਥੇ ਜਾਣ ਵਾਲਿਆਂ ਨੂੰ ਦੋ ਤਰ੍ਹਾਂ ਦਾ ਲਾਭ ਹੋ ਜਾਂਦਾ ਹੈ। ਉਹ ਮੇਲਾ ਵੀ ਘੁੰਮ ਲੈਂਦੇ ਹਨ ਅਤੇ ਘਰਾਂ ਦੀ ਲੋੜ ਦਾ ਸਾਮਾਨ ਵੀ ਖ਼ਰੀਦ ਲੈਂਦੇ ਹਨ। ਬਿਮਾਰੀ ਤੋਂ ਲੈ ਕੇ ਬਾਕੀ ਲੋੜਾਂ ਦੇ ਲਈ ਇਹ ਲੋਕ ਮੰਦਰਾਂ, ਬਾਬਿਆਂ ਅਤੇ ਸਿਆਣਿਆਂ ਦੀ ਸ਼ਰਨ ਵਿਚ ਜਾਣ ਤੋਂ ਨਹੀਂ ਚੁਕਦੇ। ਦਲਿਤ ਇਸਤਰੀਆਂ ਪਹਿਲਾਂ ਤੋਂ ਹੀ ਧਰਮ ਨੂੰ ਲੈ ਕੇ ਬਹੁਤ ਡਰੀਆਂ ਰਹਿੰਦੀਆਂ ਹਨ। ਅਜਿਹੇ ਵਿਚ ਉਹ ਬਾਬਿਆਂ ਦੀ ਹਰ ਗੱਲ ਮੰਨ ਲੈਂਦੀਆਂ ਹਨ।

ਲਖਨਊ ਦੇ ਕੋਲ ਬਾਰਾਬੰਕੀ ਜ਼ਿਲ੍ਹੇ ਵਿਚ ਇਕ ਬਾਬੇ ਦੀ ਸੀ.ਡੀ. ਸਾਹਮਣੇ ਆਈ, ਜਿਸ 'ਚ ਉਹ ਸਭਨਾਂ ਜਨਾਨੀਆਂ ਦਾ ਬਾਂਝਪਨ ਦੂਰ ਕਰਨ ਦਾ ਉਪਾਅ ਕਰਦੇ ਹਨ। ਕਈ ਸੀਡੀਆਂ ਵਿਚ ਉਹ ਸੈਕਸ/ਸੰਭੋਗ ਕਰਦੇ ਵੀ ਦਿਸੇ। ਇਨ੍ਹਾਂ ਜਨਾਨੀਆਂ ਵਿਚ ਵੱਡੀ ਗਿਣਤੀ ਦਲਿਤ ਜਨਾਨੀਆਂ ਦੀ ਸੀ।

**ਜਾਗਰੂਕਤਾ ਦੀ ਘਾਟ :** ਧਾਰਮਕ ਮੇਲਿਆਂ ਵਿਚ ਭਗਦੜ ਸਮੇਂ ਮਰਨ ਵਾਲਿਆਂ ਵਿਚ ਜੇਕਰ ਦੇਖੀਏ, ਤਾਂ ਉਨ੍ਹਾਂ ਵਿਚ ਇਨ੍ਹਾਂ ਗ਼ਰੀਬ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੁੰਦੀ ਹੈ। ਧਾਰਮਕ ਭਰੋਸੇ ਦੇ ਮਾਮਲੇ ਵਿਚ ਦਲਿਤ ਸਭ ਤੋਂ ਵੱਧ ਧਰਮਭੀਰੂ ਬਣਦੇ ਜਾ ਰਹੇ ਹਨ। ਉਨ੍ਹਾਂ ਦੇ ਧਰਮ ਨਾਲ ਪ੍ਰਭਾਵਤ ਹੋਣ ਦਾ ਕਾਰਨ ਗ਼ਰੀਬੀ ਹੈ। ਗ਼ਰੀਬ ਨੂੰ ਜਾਪਦਾ ਹੈ ਕਿ ਇਹ ਸਭ ਉਸ ਦੇ ਪਿਛਲੇ ਜਨਮ ਦੇ ਕੀਤੇ ਬੁਰੇ ਕੰਮਾਂ ਦਾ ਨਤੀਜਾ ਹੈ। ਅਜਿਹੇ ਵਿਚ ਉਹ ਇਸ ਜਨਮ ਵਿਚ ਆਪਣੇ ਕੰਮ ਦੇ ਪ੍ਰਤੀ ਧਾਰਮਕ ਹੋ ਜਾਂਦੇ ਹਨ।

ਹੁਣ ਦਲਿਤ ਵਰਗ ਦੇ ਕੋਲ ਵੀ ਪੈਸਾ ਹੈ। ਉਹ ਰੋਜ਼ ਨਾ ਸਹੀ, ਪਰ 2-4 ਮਹੀਨਿਆਂ ਵਿਚ ਕਿਸੇ ਨਾ ਕਿਸੇ ਧਾਰਮਕ ਪ੍ਰੋਗਰਾਮ ਵਿਚ ਸ਼ਾਮਲ ਹੁੰਦਾ ਹੈ। ਮੀਡੀਆ ਵੀ ਅਜਿਹੀਆਂ ਖ਼ਬਰਾਂ ਨੂੰ ਪਹਿਲ ਨਾਲ ਦਿਖਾਉਂਦਾ ਹੈ। ਕੁੰਭ ਦੇ ਮੌਕੇ ਉੱਤੇ ਦਲਿਤਾਂ ਦੇ ਲਈ ਇਸ਼ਨਾਨ ਕਰਨ ਦਾ ਵੱਖਰਾ ਪ੍ਰਬੰਧ ਹੁੰਦਾ ਹੈ। ਇਹ ਗੱਲ ਇਸ ਤਰ੍ਹਾਂ ਤੋਂ ਸਾਹਮਣੇ ਰੱਖੀ ਗਈ ਹੈ, ਜਿਸ ਨਾਲ ਕੁੰਭ ਨਹਾਉਣ ਦੇ ਬਾਅਦ ਦਲਿਤਾਂ ਦੀਆਂ ਸਾਰੀਆਂ ਪ੍ਰੇਸ਼ਾਨੀਆਂ ਦਾ ਖ਼ਾਤਮਾ ਹੋ ਜਾਵੇਗਾ। ਸਿਰਫ਼ ਪੂਜਾ ਪਾਠ ਹੀ ਨਹੀਂ ਹੁਣ ਦਲਿਤ ਵੀ ਪਰਿਵਾਰ ਵਿਚ ਕਿਸੇ ਦੇ ਮਰਨ ਦੇ ਬਾਅਦ ਤੇਰ੍ਹਵੀਂ ਵਰਗੇ ਭੋਜ/ਦਾਅਵਤ/ਪਾਰਟੀ ਕਰਨ ਲੱਗੇ ਹਨ।

ਇਸ ਬਾਰੇ ਰਾਮ ਚੰਦਰ ਕਟਿਆਰ ਕਹਿੰਦੇ ਹਨ, "ਛੂਆਛਾਤ ਅਤੇ ਗ਼ੈਰ-ਬਰਾਬਰੀ ਦੀ ਗੱਲ ਧਰਮ ਦੀ ਹੀ ਦੇਣ ਹੈ। ਇਸ ਦੇ ਬਾਅਦ ਵੀ ਧਰਮ ਉੱਤੇ ਭਰੋਸਾ ਵਧਦਾ ਜਾ ਰਿਹਾ ਹੈ। ਅੱਜ ਕਈ ਦਲਿਤ ਇਸ ਗੱਲ ਲਈ ਅੰਦੋਲਨ ਕਰਦੇ ਹਨ ਕਿ ਉਨ੍ਹਾਂ ਨੂੰ ਮੰਦਰ ਵੜਨ ਨਹੀਂ ਦਿੱਤਾ ਜਾਂਦਾ। ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜੇ ਮੰਦਰ ਵਿਚ ਉਨ੍ਹਾਂ ਨੂੰ ਬਰਾਬਰੀ ਦਾ ਹੱਕ ਨਹੀਂ ਦਿੱਤਾ ਜਾਂਦਾ, ਉੱਥੇ ਜਾ ਕੇ ਉਹ ਕੀ ਪ੍ਰਾਪਤ ਕਰ ਲੈਣਗੇ? ਇਸ ਦੇ ਬਾਅਦ ਵੀ ਉਹ ਅਜਿਹੇ ਮੰਦਰਾਂ ਵਿਚ ਜਾਣ ਦੀ ਜ਼ਿੱਦ ਕਰਨ ਲੱਗਦੇ ਹਨ। ਅਸਲ ਵਿਚ ਆਜ਼ਾਦੀ ਦੇ ਬਾਅਦ ਦਲਿਤਾਂ ਵਿਚ ਜਿਸ ਤਰ੍ਹਾਂ ਨਾਲ ਮੰਦਰ ਦਾ ਭਰਮ ਘੱਟ ਹੋਇਆ ਸੀ, ਉਹ ਅਯੁੱਧਿਆ ਵਿਚ ਰਾਮ ਮੰਦਰ ਅੰਦੋਲਨ ਦੇ ਬਾਅਦ ਫੇਰ ਤੋਂ ਉੱਭਰ ਆਇਆ ਹੈ। ਅਯੁੱਧਿਆ ਵਿਚ ਰਾਮ ਮੰਦਰ ਅੰਦੋਲਨ ਸਮੇਂ ਸਮਾਜ ਦਲਿਤ ਪਿਛੜਿਆਂ ਅਤੇ ਉੱਚ ਜਾਤਾਂ ਦੀ ਜਮਾਤ ਵਿਚ ਖੜ੍ਹਾ ਸੀ, ਪਰ ਹੁਣ ਜਾਤੀਵਾਦ ਉੱਤੇ ਧਰਮ ਭਾਰੂ/ਹਾਵੀ ਹੋ ਗਿਆ ਹੈ।

**ਦਲਿਤ ਲੀਡਰ ਬਣੇ ਰਾਹ-ਦਸੇਰੇ :** ਪਹਿਲਾਂ ਦਲਿਤਾਂ ਦੇ ਨੇਤਾ ਆਪਣੇ ਲੋਕਾਂ ਨੂੰ ਜਾਗਰੂਕ ਕਰਦੇ ਸਨ ਅਤੇ ਆਪ ਵੀ ਅਜਿਹੇ ਅਡੰਬਰਾਂ ਤੋਂ ਦੂਰ ਰਹਿੰਦੇ ਸਨ। ਡਾ. ਭੀਮ ਰਾਓ ਅੰਬੇਦਕਰ ਅਤੇ ਕਾਂਸ਼ੀ ਰਾਮ ਦੋਵਾਂ ਨੇ ਆਪਣੀ ਨਿੱਜੀ ਜ਼ਿੰਦਗੀ ਵਿਚ ਪਾਖੰਡ ਨੂੰ ਕਦੇ ਮਹੱਤਵ ਨਹੀਂ ਦਿੱਤਾ। ਬਾਅਦ ਵਿਚ ਆਉਣ ਵਾਲੇ ਲੀਡਰਾਂ ਵਿਚ ਪਾਖੰਡ ਵਧਣ ਲੱਗਾ। ਇਹ ਲੋਕ ਨਾ ਸਿਰਫ਼ ਮੰਦਰ ਜਾਣ ਲੱਗੇ, ਬਲਕਿ ਆਪ ਵੀ ਪੂਜਾ ਪਾਠ, ਹੱਥ ਵਿਚ ਅੰਗੂਠੀ, ਖੰਮ੍ਹਣੀ/ਰੰਗੇ ਹੋਏ ਸੂਤ ਦਾ ਡੋਰਾ ਬੰਨ੍ਹਣ ਲੱਗੇ। ਆਪਣੇ ਅਹੁਦੇ ਨੂੰ ਬਚਾਈ ਰੱਖਣ ਲਈ ਹਵਨ ਅਤੇ ਜਾਪ ਕਰਾਉਣ ਲੱਗੇ। ਇਨ੍ਹਾਂ ਨੂੰ ਦੇਖ ਦੇ ਇਨ੍ਹਾਂ ਦੇ ਹਮਾਇਤੀ ਅਤੇ ਪੈਰੋਕਾਰ ਵੀ ਉਸੇ ਦਿਸ਼ਾ ਵਿਚ ਵਧਣ ਲੱਗੇ।

ਸ਼ਹਿਰਾਂ ਵਿਚ ਵਸ ਚੁੱਕੇ ਦਲਿਤ ਸਿਰਫ਼ ਰਾਖਵਾਂਕਰਨ ਦਾ ਲਾਭ ਲੈਣ ਸਮੇਂ ਹੀ ਦਲਿਤ ਹੋਣ ਦਾ ਪ੍ਰਮਾਣ ਪੱਤਰ ਦਾਖ਼ਲ ਕਰਦੇ ਹਨ। ਉਸ ਦੇ ਬਾਅਦ ਉਹ ਖ਼ੁਦ ਨੂੰ ਸਵਰਣ ਸਮਝ ਲੈਂਦੇ ਹਨ। ਧਰਮ ਦੇ ਕੰਮਾਂ ਵਿਚ ਲੱਗ ਕੇ ਉਹ ਉੱਚੀਆਂ ਜਾਤਾਂ ਦੀ ਬਰਾਬਰੀ ਦਾ ਸੁਪਨਾ ਦੇਖਣ ਲੱਗਦੇ ਹਨ।

ਦਲਿਤਾਂ ਨੂੰ ਇਹ ਸਮਝ ਨਹੀਂ ਆਉਂਦਾ ਕਿ ਮੰਦਰਾਂ ਵਿਚ ਪੂਜਾ ਪਾਠ ਕਰਨ ਨਾਲ ਸਮਾਜ ਵਿਚ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਪ੍ਰਾਪਤ ਕਰਨ ਲਈ ਉਸ ਨੂੰ ਕੁਰੀਤੀਆਂ ਨਾਲ ਮੁਕਾਬਲਾ ਕਰਨਾ ਹੋਵੇਗਾ। ਉਹ ਕੁਰੀਤੀਆਂ ਧਰਮ ਦੇ ਪਾਖੰਡ ਦੇ ਕਾਰਨ ਹੀ ਸਮਾਜ ਵਿਚ ਫੈਲੀਆਂ ਹੋਈਆਂ ਹਨ। ਦਲਿਤਾਂ ਨੂੰ ਸਮਾਜ ਤੋਂ ਛੂਆਛਾਤ ਅਤੇ ਭੇਦਭਾਵ ਨੂੰ ਦੂਰ ਕਰਨਾ ਹੈ ਤਾਂ ਮੰਦਰਾਂ ਦੇ ਭਰਮ ਤੋਂ ਉਸ ਨੂੰ ਬਾਹਰ ਨਿਕਲਣਾ ਹੋਵੇਗਾ। ਜਦ ਤੱਕ ਉਹ ਪਾਪ-ਪੁੰਨ, ਪਿਛਲਾ ਜਨਮ ਭੁੱਲ ਕੇ ਪੜ੍ਹ-ਲਿਖ ਨਹੀਂ ਜਾਵੇਗਾ, ਤਕ ਤੱਕ ਸਮਾਜ ਵਿਚ ਗ਼ੈਰ-ਬਰਾਬਰੀ ਦਾ ਸ਼ਿਕਾਰ ਹੁੰਦਾ ਰਹੇਗਾ।

- ਅਨੁਵਾਦਕ : ਪਵਨ ਕੁਮਾਰ ਰੱਤੋਂ

**ਕੌਮਾਂਤਰੀ ਮਹਿਲਾ ਦਿਵਸ 'ਤੇ ਵਿਸ਼ੇਸ਼**

# ਔਰਤਾਂ ਦੇ ਕੌਮਾਂਤਰੀ ਦਿਵਸ ਦਾ ਅਜੋਕਾ ਮਹੱਤਵ

ਹਰਕੰਵਲ ਸਿੰਘ

ਦੁਨੀਆ ਭਰ ਦੀਆਂ ਔਰਤਾਂ ਲਈ 8 ਮਾਰਚ ਦਾ ਦਿਨ ਇਕ ਮਹੱਤਵਪੂਰਨ ਇਤਿਹਾਸਕ ਦਿਹਾੜਾ ਹੈ। ਸਾਰੇ ਦੇਸ਼ਾਂ ਵਿਚ ਇਸ ਦਿਨ, ਔਰਤਾਂ ਦੀਆਂ ਸਮੱਸਿਆਵਾਂ ਉਪਰ ਉਚੇਚੇ ਤੌਰ 'ਤੇ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਇਸ ਮੰਤਵ ਲਈ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ। ਕਈ ਥਾਵਾਂ 'ਤੇ ਔਰਤਾਂ ਦੇ ਮਾਨ ਸਨਮਾਨ ਦੀ ਰਾਖੀ ਲਈ ਅਤੇ ਉਨ੍ਹਾਂ ਦੀ ਸਮਾਜਕ-ਆਰਥਕ ਸਥਿਤੀ ਨੂੰ ਬੇਹਤਰ ਬਣਾਉਣ ਲਈ ਲੋੜੀਂਦੇ ਪ੍ਰੋਗਰਾਮ ਵੀ ਉਲੀਕੇ ਜਾਂਦੇ ਹਨ। ਅਸਲ ਵਿਚ ਇਹ ਦਿਹਾੜਾ ਕੌਮਾਂਤਰੀ ਮਜ਼ਦੂਰ ਲਹਿਰ ਦਾ ਇਕ ਅੰਗ ਹੀ ਹੈ; ਕਿਉਂਕਿ ਇਸ ਦਿਵਸ ਦੀ ਸ਼ੁਰੂਆਤ ਹੀ ਕਿਰਤੀ ਔਰਤਾਂ ਦੀ ਆਰਥਕ ਲੁੱਟ ਅਤੇ ਔਰਤਾਂ ਨਾਲ ਹੋ ਰਹੇ ਸਮਾਜਕ-ਰਾਜਨੀਤਕ ਵਿਤਕਰਿਆਂ ਵਿਰੁੱਧ ਸੰਘਰਸ਼ ਦੇ ਰੂਪ ਵਿਚ ਹੋਈ ਸੀ। ਇਸ ਲਈ ਔਰਤਾਂ ਦੇ ਇਸ ਕੌਮਾਂਤਰੀ ਦਿਹਾੜੇ ਦੀ ਮਹਾਨਤਾ ਨੂੰ ਕੇਵਲ ਏਸੇ ਦ੍ਰਿਸ਼ਟੀਕੋਨ ਤੋਂ ਹੀ ਸਹੀ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ।

ਇਤਿਹਾਸਕ ਪੱਖੋਂ : ਅਮਰੀਕਾ ਦੇ ਸ਼ਹਿਰ ਨਿਊਯਾਰਕ ਅੰਦਰ ਕੱਪੜੇ ਸਿਊਣ ਵਾਲੇ ਕਾਰਖਾਨਿਆਂ ਵਿਚ ਕੰਮ ਕਰਦੀਆਂ ਔਰਤਾਂ ਨੇ 8 ਮਾਰਚ 1908 ਨੂੰ ਇਕ ਦਿਨ ਦੀ ਹੜਤਾਲ ਕੀਤੀ ਸੀ। ਇਨ੍ਹਾਂ ਔਰਤ ਮਜ਼ਦੂਰਾਂ ਨੇ ਹੜਤਾਲ ਉਪਰੰਤ ਹਜ਼ਾਰਾਂ ਦੀ ਗਿਣਤੀ ਵਿਚ ਸ਼ਹਿਰ ਅੰਦਰ ਇਕ ਰੋਸ ਮੁਜ਼ਾਹਰਾ ਕੀਤਾ। ਇਸ ਰੋਸ ਐਕਸ਼ਨ ਦੇ ਨਿਸ਼ਾਨੇ 'ਤੇ ਉਨ੍ਹਾਂ ਕਿਰਤੀ ਔਰਤਾਂ ਦੀਆਂ ਆਰਥਕ ਤੇ ਸੇਵਾ ਹਾਲਤਾਂ ਨਾਲ ਸਬੰਧਤ ਮੰਗਾਂ ਵੀ ਸਨ। ਪ੍ਰੰਤੂ ਇਨ੍ਹਾਂ ਮੰਗਾਂ ਤੋਂ ਇਲਾਵਾ ਉਨ੍ਹਾਂ ਨੇ ਔਰਤਾਂ ਵਾਸਤੇ 'ਵੋਟ ਦੇ ਅਧਿਕਾਰ' ਦੀ ਮੰਗ ਨੂੰ ਵੀ ਜ਼ੋਰਦਾਰ ਢੰਗ ਨਾਲ ਉਭਾਰਿਆ ਸੀ। ਉਦੋਂ ਤੱਕ ਰਾਜਨੀਤੀ ਦਾ ਖੇਤਰ ਪੂਰੀ ਤਰ੍ਹਾਂ ਮਰਦਾਂ ਲਈ ਹੀ ਰਾਖਵਾਂ ਸਮਝਿਆ ਜਾਂਦਾ ਸੀ ਅਤੇ ਕੇਵਲ ਮਰਦਾਂ ਨੂੰ ਹੀ ਵੋਟ ਪਾਉਣ ਦਾ ਅਧਿਕਾਰ ਸੀ। ਇਸ ਲਈ ਉਨ੍ਹਾਂ ਕਿਰਤੀ ਔਰਤਾਂ ਨੇ ਇਸ ਰਾਜਨੀਤਕ ਮੰਗ ਨੂੰ ਪਹਿਲੀ ਵਾਰ ਉਠਾਇਆ ਸੀ।

ਇਸ ਤੋਂ ਬਾਅਦ, ਅਗਸਤ 1910 ਵਿਚ ਯੂਰਪ ਅੰਦਰ ਸਵੀਡਨ ਦੇ ਸ਼ਹਿਰ ਕੋਪਨਹੈਗਨ ਵਿਚ 'ਸਮਾਜਵਾਦੀ ਔਰਤਾਂ ਦੀ ਕੌਮਾਂਤਰੀ ਕਾਨਫਰੰਸ' ਹੋਈ। ਇਸ ਕਾਨਫਰੰਸ ਵਿਚ ਫੈਸਲਾ ਕੀਤਾ ਗਿਆ ਕਿ 8 ਮਾਰਚ ਦਾ ਦਿਨ 'ਕਿਰਤੀ ਔਰਤਾਂ ਦੇ ਕੌਮਾਂਤਰੀ ਦਿਵਸ' ਵਜੋਂ ਹਰ ਸਾਲ ਮਨਾਇਆ ਜਾਵੇ ਅਤੇ ਔਰਤਾਂ ਨਾਲ ਹਰ ਖੇਤਰ ਵਿਚ ਹੋ ਰਹੇ ਘੋਰ ਵਿਤਕਰਿਆਂ ਨੂੰ ਖਤਮ ਕਰਾਉਣ ਵਾਸਤੇ ਅਤੇ ਮਰਦਾਂ ਨਾਲ ਬਰਾਬਰਤਾ ਹਾਸਲ ਕਰਨ ਲਈ 'ਵੋਟ ਦੇ ਅਧਿਕਾਰ' ਨੂੰ ਵੀ ਜ਼ੋਰਦਾਰ ਢੰਗ ਨਾਲ ਉਭਾਰਿਆ ਜਾਵੇ।

ਇਸ ਤਰ੍ਹਾਂ, 1911 ਵਿਚ ਔਰਤਾਂ ਵਲੋਂ 8 ਮਾਰਚ ਦਾ ਦਿਨ ਪਹਿਲੀ ਵਾਰ ਇਕ ਕੌਮਾਂਤਰੀ ਦਿਵਸ ਵਜੋਂ ਮਨਾਇਆ ਗਿਆ। 1917 ਵਿਚ ਰੂਸ ਅੰਦਰ ਮਹਾਨ ਲੈਨਿਨ ਦੀ ਅਗਵਾਈ ਹੇਠ ਸਮਾਜਵਾਦੀ ਇਨਕਲਾਬ ਹੋ ਜਾਣ ਅਤੇ ਉਥੇ ਮਜ਼ਦੂਰ ਜਮਾਤ ਦਾ ਰਾਜ ਸਥਾਪਤ ਹੋ ਜਾਣ ਨਾਲ ਔਰਤਾਂ ਨੂੰ ਵੀ ਵੋਟ ਦਾ ਅਧਿਕਾਰ ਮਿਲ ਗਿਆ। ਨਿਸ਼ਚੇ ਹੀ ਆਪਣੇ ਹੱਕਾਂ-ਹਿੱਤਾਂ ਦੀ ਪ੍ਰਾਪਤੀ ਵਾਸਤੇ ਜਥੇਬੰਦ ਹੋਈਆਂ ਔਰਤਾਂ ਦੀ ਇਹ ਸ਼ਾਨਦਾਰ ਰਾਜਸੀ ਜਿੱਤ ਸੀ, ਜਿਸ ਨਾਲ ਇਸ ਕੌਮਾਂਤਰੀ ਦਿਹਾੜੇ ਦਾ ਮਹੱਤਵ ਹੋਰ ਵੀ ਵੱਧ ਗਿਆ। ਅਤੇ, ਅਨੇਕਾਂ ਦੇਸ਼ਾਂ ਵਿਚ ਔਰਤਾਂ ਵਲੋਂ ਇਸ ਦਿਨ ਨੂੰ ਹੋਰ ਵੀ ਵਧੇਰੇ ਸਾਰਥਕ ਰੂਪ ਵਿਚ ਤੇ ਇਨਕਲਾਬੀ ਉਤਸ਼ਾਹ ਨਾਲ ਮਨਾਇਆ ਜਾਣ ਲੱਗਾ। ਜਿਸਦੇ ਫਲਸਰੂਪ ਹੁਣ ਤੱਕ ਇਹ ਦਿਨ, "ਔਰਤਾਂ ਦੀ ਮਰਦਾਂ ਨਾਲ ਬਰਾਬਰਤਾ" ਅਤੇ "ਨਾਰੀ ਮੁਕਤੀ ਲਈ ਸੰਘਰਸ਼" ਦਾ ਇਕ ਅਹਿਮ ਚਿੰਨ੍ਹ ਬਣ ਚੁੱਕਾ ਹੈ।

ਇਸ ਕੌਮਾਂਤਰੀ ਦਿਵਸ ਦੇ ਆਰੰਭ ਹੋਣ ਤੋਂ ਬਾਅਦ ਦੀ ਬੀਤੀ ਇਕ ਸ਼ਤਾਬਦੀ ਤੋਂ ਵੱਧ ਵਰ੍ਹਿਆਂ ਵਿਚ, ਜਥੇਬੰਦ ਔਰਤਾਂ ਦੀ ਇਸ ਕੌਮਾਂਤਰੀ ਲਹਿਰ ਨੇ ਕਈ ਮਹੱਤਵਪੂਰਨ ਜਿੱਤਾਂ ਪ੍ਰਾਪਤ ਕੀਤੀਆਂ ਹਨ। ਔਰਤਾਂ ਨੂੰ ਵੋਟ ਦਾ ਅਧਿਕਾਰ ਹੁਣ ਤੱਕ ਲਗਭਗ ਸਾਰੇ ਦੇਸ਼ਾਂ ਅੰਦਰ ਮਿਲ ਚੁੱਕਾ ਹੈ। ਕੁਲ ਮਿਲਾ ਕੇ ਔਰਤਾਂ ਲਈ ਸਿੱਖਿਆ ਸਹੂਲਤਾਂ ਵੀ ਵਧੀਆਂ ਹਨ, ਜਿਸ ਨਾਲ ਔਰਤ ਦੀ ਸ਼ਖਸ਼ੀਅਤ ਦੇ ਬਹੁਪੱਖੀ ਵਿਕਾਸ ਲਈ ਚੋਖੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਔਰਤਾਂ ਨੇ ਮਾਨਵ ਸਮਾਜ ਨਾਲ ਸਬੰਧਤ ਹਰ ਖੇਤਰ ਵਿਚ ਜਿਵੇਂ ਕਿ ਵਿਗਿਆਨਕ ਖੋਜਾਂ, ਸਾਹਿਤ ਸਿਰਜਣਾ, ਖੇਡਾਂ, ਰਾਜਨੀਤਕ ਸੰਘਰਸ਼ਾਂ, ਪ੍ਰਸ਼ਾਸਨਿਕ ਪ੍ਰਬੀਨਤਾ, ਕਲਾਤਮਿਕ ਪ੍ਰਾਪਤੀਆਂ, ਸਿੱਖਿਆ ਤੇ ਸਿਹਤ ਸੇਵਾਵਾਂ ਦੇ ਖੇਤਰਾਂ ਵਿਚ ਮਰਦਾਂ ਦੇ ਬਰਾਬਰ ਬੌਧਿਕ ਤੇ ਵਿਹਾਰਕ ਸਮਰਥਾਵਾਂ ਅਤੇ ਵਿਅਕਤੀਗਤ ਸ਼੍ਰੇਸ਼ਠਤਾ ਦੀਆਂ ਚੰਗੀਆਂ ਧਾਕਾਂ ਜਮਾਈਆਂ ਹਨ। ਪ੍ਰੰਤੂ ਦੁੱਖ ਦੀ ਗੱਲ ਇਹ ਹੈ ਕਿ ਇਸ ਦੇ ਬਾਵਜੂਦ ਅਨੇਕਾਂ ਥਾਵਾਂ 'ਤੇ ਔਰਤਾਂ ਨਾਲ ਵਿਤਕਰੇ ਤੇ ਵਧੀਕੀਆਂ ਅਜੇ ਵੀ ਜਾਰੀ ਹਨ। ਸਾਧਾਰਨ ਕਿਰਤੀ ਔਰਤਾਂ ਦਾ ਆਰਥਕ ਸ਼ੋਸ਼ਣ ਤਾਂ ਸਗੋਂ ਹੋਰ ਵਧੇਰੇ ਵੱਧ ਗਿਆ ਹੈ।

ਮਰਦ ਪ੍ਰਧਾਨ ਜਗੀਰੂ ਤੇ ਪੂਰਵ ਜਾਗੀਰੂ ਸਮਾਜਕ ਬਣਤਰਾਂ ਅੰਦਰ ਹਜ਼ਾਰਾਂ ਵਰ੍ਹਿਆਂ ਦੇ ਲੰਬੇ



ਅਰਸੇ ਦੌਰਾਨ ਹਾਕਮਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ ਵਲੋਂ ਔਰਤਾਂ ਦੇ ਸੰਦਰਭ ਵਿਚ ਘੜੇ ਗਏ ਵਿਤਕਰੇ ਤੇ ਤੁਅੱਸਬੀ ਧਾਰਨਾਵਾਂ ਵੱਡੀ ਹੱਦ ਤੱਕ ਉਵੇਂ ਹੀ ਕਾਇਮ ਹਨ। ਪੂੰਜੀਵਾਦੀ ਪ੍ਰਬੰਧ ਨੇ ਵੀ ਔਰਤ ਨੂੰ ਕਾਨੂੰਨੀ ਤੌਰ 'ਤੇ 'ਵੋਟ ਦੇ ਅਧਿਕਾਰ' ਵਰਗੇ ਕੁਝ ਰਾਜਸੀ ਅਧਿਕਾਰਾਂ ਦੇ ਪੱਖ ਤੋਂ ਤਾਂ ਮਰਦਾਂ ਨਾਲ ਬਰਾਬਰਤਾ ਦੇ ਦਿੱਤੀ ਹੈ ਪਰ ਆਰਥਕ 'ਤੇ ਸ਼ਹਿਰੀ ਆਜ਼ਾਦੀਆਂ ਦੇ ਪੱਖ ਤੋਂ ਅਜੇ ਵੀ ਔਰਤਾਂ ਵਧੇਰੇ ਕਰਕੇ ਦੋ ਨੰਬਰ ਦੀਆਂ ਨਾਗਰਿਕ ਹੀ ਸਮਝੀਆਂ ਜਾ ਰਹੀਆਂ ਹਨ। ਪਰਿਵਾਰਕ ਫੈਸਲਿਆਂ ਅਤੇ ਹਰ ਔਰਤ ਦੇ ਨਿੱਜੀ ਜੀਵਨ ਨਾਲ ਸਬੰਧਤ ਮੁੱਦਿਆਂ ਵਿਚ ਜੇਕਰ ਕਾਨੂੰਨੀ ਤੌਰ 'ਤੇ ਨਹੀਂ ਤਾਂ ਘੱਟੋ ਘੱਟ ਵਿਹਾਰਕ ਤੌਰ 'ਤੇ ਲਾਜ਼ਮੀ ਪਿਤਾ ਤੇ ਪਤੀ ਦੀ ਰਾਏ ਨੂੰ ਹੀ ਅਜੇ ਪ੍ਰਮੁਖਤਾ ਮਿਲਦੀ ਹੈ। ਪਰਿਵਾਰਕ ਜਾਇਦਾਦ ਵਿਚ, ਵਧੇਰੇ ਕਰਕੇ, ਔਰਤ ਦੀ ਹੱਕਦਾਰੀ ਤੇ ਹਿੱਸੇਦਾਰੀ ਮੰਨੀ ਹੀ ਨਹੀਂ ਜਾਂਦੀ। ਇਸ ਸਬੰਧ ਵਿਚ ਜਿਹੜੀਆਂ ਥੋੜ੍ਹੀਆਂ-ਬਹੁਤੀਆਂ ਕਾਨੂੰਨੀ ਵਿਵਸਥਾਵਾਂ ਬਣੀਆਂ ਵੀ ਹਨ, ਉਨ੍ਹਾਂ ਨੂੰ ਵੀ ਅਕਸਰ ਨਜ਼ਰ ਅੰਦਾਜ਼ ਹੀ ਕੀਤਾ ਜਾਂਦਾ ਹੈ। ਬਹੁਤੇ ਪਰਿਵਾਰਾਂ ਵਿਚ ਲੜਕੀ ਨੂੰ ਬੇਲੋੜਾ ਸਮਾਜਕ ਅਤੇ ਆਰਥਕ ਭਾਰ ਹੀ ਸਮਝਿਆ ਜਾਂਦਾ ਹੈ; ਤਦ ਹੀ ਤਾਂ ਸਾਡੇ ਦੇਸ਼ ਵਿਚ ਭਰੂਣ ਹੱਤਿਆਵਾਂ ਵੱਧ ਰਹੀਆਂ ਹਨ ਅਤੇ ਔਰਤਾਂ ਤੇ ਮਰਦਾਂ ਦੀ ਅਬਾਦੀ ਵਿਚਲੇ ਅਨੁਪਾਤ ਦਾ ਸੰਤੁਲਨ ਨਿਰੰਤਰ ਵਿਗੜਦਾ ਜਾ ਰਿਹਾ ਹੈ।

ਲਗਭਗ ਸਮੁੱਚੇ ਸੰਸਾਰ ਵਿਚ, ਔਰਤਾਂ ਅਜੇ ਵੀ ਵੱਡੀ ਹੱਦ ਤੱਕ ਜਿਣਸੀ ਜਬਰ ਦੀਆਂ ਸ਼ਿਕਾਰ ਹਨ। ਸਾਮਰਾਜਵਾਦੀ ਵਿੱਤੀ ਪੂੰਜੀ ਦੀ ਪ੍ਰਮੁਖਤਾ ਦੇ ਇਸ ਦੌਰ ਵਿਚ ਔਰਤਾਂ ਦੀਆਂ ਜੀਵਨ ਹਾਲਤਾਂ ਅਤੇ ਉਨ੍ਹਾਂ ਦੇ ਮਾਨ ਸਨਮਾਨ ਉਪਰ ਹਮਲੇ ਹੋਰ ਵੱਧ ਗਏ ਹਨ ਅਤੇ ਬਲਾਤਕਾਰਾਂ ਦੀਆਂ ਅਤੀ ਸ਼ਰਮਨਾਕ ਤੇ ਹਿਰਦੇਵੇਦਕ ਘਟਨਾਵਾਂ ਰੋਜ਼ਾਨਾ ਸਾਹਮਣੇ ਆ ਰਹੀਆਂ ਹਨ। ਪੂੰਜੀਵਾਦੀ ਲੁੱਟ-ਘਸੁੱਟ ਦੇ ਇਸ ਧਾੜਵੀ ਵਰਤਾਰੇ ਨੇ ਸਭਿਆਚਾਰਕ ਨਿਘਾਰ ਦੀ ਰਫ਼ਤਾਰ ਹੋਰ ਵਧਾ ਦਿੱਤੀ ਹੈ। ਪੂੰਜੀਪਤੀ ਜਰਵਾਣੇ ਔਰਤ ਨੂੰ ਵੀ ਇਕ ਭੋਗ ਵਿਲਾਸ ਦੀ ਵਪਾਰਕ ਵਸਤ ਹੀ ਸਮਝਦੇ ਹਨ। ਉਨ੍ਹਾਂ ਲਈ ਤਾਂ ਨੰਗੇਜ਼ ਤੇ ਲਚਰਤਾ ਵੀ 'ਸਨਮਾਨਜਨਕ' ਵਰਤਾਰੇ ਹਨ ਅਤੇ ਉਹ ਇਨ੍ਹਾਂ ਘਿਰਨਾਜਨਕ ਵਰਤਾਰਿਆਂ ਨੂੰ ਵੀ 'ਸਭਿਆਚਾਰਕ ਵਿਕਾਸ' ਵਜੋਂ ਮਾਨਤਾ ਦਿੰਦੇ ਹਨ। ਏਸੇ ਲਈ ਪੂੰਜੀਪਤੀ ਆਪਣੀਆਂ ਵਸਤਾਂ ਦੇ ਪ੍ਰਚਾਰ ਲਈ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਵਿਚ ਲਚਰਤਾ ਅਤੇ ਕਾਮ ਉਕਸਾਊ ਨੰਗੇਜ਼ਵਾਦ ਦੀ ਸ਼ਰੇਆਮ ਵਰਤੋਂ ਕਰਦੇ ਹਨ। ਜਿਸ ਦੇ ਫਲਸਰੂਪ ਵੀ ਔਰਤਾਂ ਉਪਰ ਹੁੰਦੇ ਲਿੰਗਕ ਜਬਰ ਦੀਆਂ ਘਟਨਾਵਾਂ ਵਧਦੀਆਂ ਹਨ ਅਤੇ ਇਹ ਦਿਨੋ ਦਿਨ ਹੋਰ ਵਧੇਰੇ ਭਿਅੰਕਰ ਰੂਪ ਧਾਰਨ ਕਰਦੀਆਂ ਜਾ ਰਹੀਆਂ ਹਨ।

ਕੇਂਦਰ ਵਿਚ ਮੋਦੀ ਸਰਕਾਰ ਦੇ ਸਥਾਪਤ ਹੋਣ ਉਪਰੰਤ ਸੰਘ ਪਰਿਵਾਰ ਵਲੋਂ ਪਿਛਾਖੜੀ ਮਨੂੰਵਾਦੀ ਸਭਿਅਤਾ ਦੀ ਪੁਨਰ ਸੁਰਜੀਤੀ ਲਈ ਤਿੱਖੇ ਕੀਤੇ ਗਏ ਪ੍ਰਚਾਰ ਨਾਲ ਜਿੱਥੇ ਦੇਸ਼ ਭਰ ਵਿਚ ਪਿੱਤਰੀ ਪ੍ਰਥਾ ਨੂੰ ਬਲ ਮਿਲਿਆ, ਉਥੇ ਕੁਦਰਤੀ ਤੌਰ 'ਤੇ ਔਰਤਾਂ ਦੇ ਮਾਨ-ਸਨਮਾਨ ਲਈ ਖ਼ਤਰੇ ਹੋਰ ਵੱਧ ਗਏ ਹਨ। ਏਹੋ ਕਾਰਨ ਹੈ ਕਿ ਅੱਜ ਏਥੇ ਔਰਤਾਂ ਉਪਰ, ਏਥੋਂ ਤੱਕ ਕਿ ਮਾਸੂਮ ਬੱਚੀਆਂ ਉਪਰ ਵੀ ਬਲਾਤਕਾਰ ਵਰਗੇ ਘਿਨਾਉਣੇ ਲਿੰਗਕ ਹਮਲਿਆਂ ਵਿਚ ਤਿੱਖਾ ਵਾਧਾ ਹੋਇਆ ਹੈ। ਇਹ ਅਮਾਨਵੀ ਘਟਨਾਵਾਂ ਕੇਵਲ ਔਰਤਾਂ ਲਈ ਹੀ ਨਹੀਂ ਸਾਰੇ ਸੰਵੇਦਨਸ਼ੀਲ ਵਿਅਕਤੀਆਂ ਲਈ ਵੱਡੀ ਫਿਕਰਮੰਦੀ ਵਾਲਾ ਮੁੱਦਾ ਬਣਦੀਆਂ ਜਾ ਰਹੀਆਂ ਹਨ। ਦੂਜੇ ਪਾਸੇ, ਇਸ ਸਰਕਾਰ ਵਲੋਂ ਸਾਮਰਾਜ-ਨਿਰਦੇਸ਼ਤ ਨਵ-ਉਦਾਰਵਾਦੀ ਆਰਥਕ ਨੀਤੀਆਂ ਨੂੰ ਲਾਗੂ ਕਰਨ ਵਿਚ ਲਿਆਂਦੀ ਗਈ ਤੇਜ਼ੀ ਨਾਲ ਰੁਜ਼ਗਾਰ ਦੇ ਖੇਤਰ ਵਿਚ ਵੀ ਔਰਤਾਂ ਦੀਆਂ ਮੁਸ਼ਕਲਾਂ ਵਿਚ ਹੋਰ ਵਾਧਾ ਹੋ ਗਿਆ ਹੈ। ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਘਟੇ ਵੀ ਹਨ ਅਤੇ ਉਨ੍ਹਾਂ ਦੀ, ਵਿਸ਼ੇਸ਼ ਤੌਰ 'ਤੇ ਅਰਧ ਬੇਰੁਜ਼ਗਾਰ ਔਰਤ ਦੀ ਆਰਥਕ ਲੁੱਟ-ਘਸੁੱਟ ਵੀ ਹੋਰ ਵੱਧ ਗਈ ਹੈ। ਇਸ ਨਾਲ ਵੀ ਔਰਤਾਂ ਦੇ ਮਾਨ-ਸਨਮਾਨ ਨੂੰ ਵੱਡੀ ਸੱਟ ਵੱਜੀ ਹੈ।

ਦੇਸ਼ ਵਿਚ ਮਰਦ ਪ੍ਰਧਾਨ ਆਰਥਕਤਾ ਤੇ ਸਭਿਆਚਾਰ ਦੇ ਭਾਰੂ ਹੋਣ ਕਾਰਨ ਏਥੇ ਮੀਡੀਏ ਵਲੋਂ ਵੀ ਬਹੁਤੀ ਵਾਰ ਅਤੀ ਗੰਭੀਰ ਜ਼ਿਆਦਤੀਆਂ ਦੀਆਂ ਸ਼ਿਕਾਰ ਹੋਈਆਂ ਔਰਤਾਂ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਉਨ੍ਹਾਂ ਨੂੰ ਇੰਝ ਪੇਸ਼ ਕੀਤਾ ਜਾਂਦਾ ਹੈ ਜਿਵੇਂ ਉਹ ਹਰ ਪ੍ਰਕਾਰ ਦੇ ਘਟੀਆ ਅਹਿਸਾਸਾਂ ਤੇ ਅਵਗੁਣਾਂ ਨੂੰ ਮੂਰਤੀਮਾਨ ਕਰਦੀਆਂ ਹੋਣ। ਟੀ.ਵੀ. ਚੈਨਲਾਂ 'ਤੇ ਦਿਖਾਏ ਜਾਂਦੇ ਬਹੁਤੇ ਲੜੀਵਾਰਾਂ (ਸੀਰੀਅਲਜ਼) ਵਿਚ ਔਰਤ ਨੂੰ ਫਜ਼ੂਲ ਖਰਚ, ਈਰਖਾਲੂ, ਝਗੜਾਲੂ, ਸਰੀਰਕ ਹੀ ਨਹੀਂ ਮਾਨਸਿਕ ਤੌਰ 'ਤੇ ਵੀ ਕਮਜ਼ੋਰ, ਲਾਈਲੱਗ, ਡਰਪੋਕ, ਢੌਂਗੀ ਤੇ ਚਲਿੱਤਰਬਾਜ਼ ਪਾਤਰਾਂ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਅਤੇ ਇੰਝ ਔਰਤਾਂ ਨਾਲ ਹੁੰਦੀਆਂ ਬੇਇਨਸਾਫੀਆਂ ਨੂੰ ਜਾਇਜ਼ ਠਹਿਰਾਉਣ ਦਾ ਲੁਕਵਾਂ ਯਤਨ ਕੀਤਾ ਜਾਂਦਾ ਹੈ। ਭਾਜਪਾ ਦੇ ਕਈ ਉਘੇ ਆਗੂਆਂ ਵਲੋਂ ਇਸ ਦਿਸ਼ਾ ਵਿਚ ਔਰਤਾਂ ਬਾਰੇ ਕਈ ਵਾਰ ਬਹੁਤ ਹੀ ਨਿੰਦਣਯੋਗ ਟਿੱਪਣੀਆਂ ਕੀਤੀਆਂ ਗਈਆਂ ਹਨ।

ਸਾਡੇ ਦੇਸ਼ ਅੰਦਰ, ਕਿਰਤੀ (ਕੰਮਕਾਜ਼ੀ) ਔਰਤਾਂ ਦੇ ਹੋ ਰਹੇ ਆਰਥਕ ਸ਼ੋਸ਼ਣ ਦਾ ਤਾਂ ਸਰਕਾਰ ਵਲੋਂ ਹੀ ਕਾਨੂੰਨੀਕਰਨ ਕਰ ਦਿੱਤਾ ਗਿਆ ਹੈ। ਇਸ ਦਾ ਪ੍ਰਗਟਾਵਾ ਦੇਸ਼ ਭਰ ਵਿਚ ਲੱਖਾਂ ਦੀ ਗਿਣਤੀ ਵਿਚ "ਮਾਣਭੱਤੇ" 'ਤੇ ਕੰਮ ਕਰ ਰਹੀਆਂ ਔਰਤਾਂ ਦੀ ਦਰਦਨਾਕ ਦਸ਼ਾ ਤੋਂ ਭਲੀਭਾਂਤ ਹੋ ਜਾਂਦਾ ਹੈ। ਆਂਗਣਬਾੜੀ ਵਰਕਰਾਂ ਤੇ ਹੈਲਪਰਾਂ, ਸਿਹਤ ਵਿਭਾਗ ਵਿਚ ਕੰਮ ਕਰਦੀਆਂ ਆਸ਼ਾ ਵਰਕਰਾਂ, ਸਕੂਲਾਂ ਵਿਚ ਬੱਚਿਆਂ ਲਈ ਦੁਪਹਿਰ ਦਾ ਖਾਣਾ ਤਿਆਰ ਕਰਦੀਆਂ ਔਰਤਾਂ ਅਤੇ ਸਿਲਾਈ ਸਿਖਾਉਣ ਵਾਲੀਆਂ ਅਧਿਆਪਕਾਵਾਂ ਨੂੰ ਮਾਣਭੱਤੇ ਦੇ ਰੂਪ ਵਿਚ ਸਰਕਾਰ ਬਹੁਤ ਹੀ ਨਿਗੁਣੀਆਂ ਤਨਖਾਹਾਂ ਦੇ ਕੇ ਉਨ੍ਹਾਂ ਤੋਂ ਰੈਗੂਲਰ ਮੁਲਾਜ਼ਮਾਂ ਦੇ ਬਰਾਬਰ ਹੀ ਨਹੀਂ ਬਲਕਿ ਕਈ ਵਾਰ ਤਾਂ ਉਨ੍ਹਾਂ ਤੋਂ ਵੀ ਵੱਧ ਕੰਮ ਲੈ ਰਹੀ ਹੈ। ਇਨ੍ਹਾਂ ਪੜ੍ਹੀਆਂ, ਲਿਖੀਆਂ ਕਿਰਤੀ ਔਰਤਾਂ ਦੀ ਮਿਹਨਤ ਦੀ ਇਹ ਨੰਗੀ ਚਿੱਟੀ ਲੁੱਟ ਹੈ, ਜਿਸ ਨੂੰ ਦੇਸ਼ ਦੀਆਂ ਸਰਕਾਰਾਂ ਨੇ ਕਾਨੂੰਨੀ ਰੂਪ ਦਿੱਤਾ ਹੋਇਆ ਹੈ ਅਤੇ ਉਹ ਇਸ ਘੋਰ ਬੇਇਨਸਾਫੀ ਨੂੰ ਵੀ ਜਾਇਜ਼ ਠਹਿਰਾਅ ਰਹੀਆਂ ਹਨ। ਅਜੇਹੀ ਹਾਲਤ ਵਿਚ 'ਬਰਾਬਰ ਕੰਮ ਲਈ ਮਰਦਾਂ ਦੇ ਬਰਾਬਰ ਉਜਰਤ' ਦੀ ਵਿਵਸਥਾ ਬਣਨ ਦੇ ਦਰਵਾਜ਼ੇ ਤਾਂ ਭਾਰਤ ਸਰਕਾਰ ਨੇ ਹੀ ਬੰਦ ਕਰ ਦਿੱਤੇ ਹਨ। ਪ੍ਰਾਈਵੇਟ ਮਿਲਾਂ, ਸੜਕਾਂ ਅਤੇ ਹੋਰ ਸੰਸਥਾਵਾਂ ਵਿਚ ਅਤੇ ਉਸਾਰੀ ਮਜ਼ਦੂਰਾਂ ਵਜੋਂ ਕੰਮ ਕਰਦੀਆਂ ਔਰਤਾਂ ਲਈ ਅਜੇਹੀ ਵਿਵਸਥਾ ਦੀ ਇਹ ਸਰਕਾਰ ਹਮਾਇਤ ਕਿਵੇਂ ਕਰੇਗੀ?

ਬੁਰਜਵਾ ਰਾਜਨੀਤੀ ਦੇ ਖੇਤਰ ਵਿਚ ਵੀ, ਏਥੇ, ਔਰਤਾਂ ਨੇ ਮਰਦਾਂ ਦੇ ਬਰਾਬਰ ਦੀ ਪ੍ਰਸ਼ਾਸਨਿਕ ਪ੍ਰਬੀਨਤਾ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾਵਾ ਕੀਤਾ ਹੈ। ਪੰਚਾਇਤੀ ਰਾਜ ਸੰਸਥਾਵਾਂ, ਰਾਜ ਸਰਕਾਰਾਂ ਤੇ ਕੇਂਦਰੀ ਸਰਕਾਰ ਦੇ ਮੰਤਰੀਆਂ, ਮੁੱਖ ਮੰਤਰੀਆਂ ਅਤੇ ਦੇਸ਼ ਦੀ ਪ੍ਰਧਾਨ ਮੰਤਰੀ ਬਣਨ ਤੱਕ ਔਰਤਾਂ ਨੇ ਆਪਣੀ ਯੋਗਤਾ ਦਿਖਾਈ ਹੈ। ਅੱਜਕਲ ਲੋਕ ਸਭਾ ਦੀ ਸਪੀਕਰ ਵੀ ਇਕ ਔਰਤ ਹੀ ਹੈ। ਇਸ ਦੇ ਬਾਵਜੂਦ ਦੇਸ਼ ਦੀ ਇਸ ਲਗਭਗ ਅੱਧੀ ਆਬਾਦੀ ਲਈ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ 33% ਸੀਟਾਂ ਰਾਖਵੀਆਂ ਕਰਨ ਲਈ ਲੋਕ ਸਭਾ ਵਿਚ ਪੇਸ਼ ਕੀਤਾ ਗਿਆ ਬਿਲ ਪਿਛਲੇ 20 ਸਾਲਾਂ ਤੋਂ ਪ੍ਰਵਾਨ ਨਹੀਂ ਕਰਵਾਇਆ ਜਾ ਸਕਿਆ। ਇਸ ਬਿਲ ਦੇ ਪਾਸ ਹੋ ਜਾਣ ਨਾਲ ਭਾਵੇਂ ਸਰਮਾਏਦਾਰ-ਜਗੀਰਦਾਰ ਜਮਾਤਾਂ ਦੀ ਮੌਜੂਦਾ ਰਾਜਸੱਤਾ ਲਈ ਜਮਾਤੀ ਦ੍ਰਿਸ਼ਟੀਕੋਨ ਤੋਂ ਕੋਈ ਉਲਟ ਅਸਰ ਨਹੀਂ ਪੈਣਾ। ਕਿਉਂਕਿ ਪ੍ਰਚਲਤ ਚੋਣ ਪ੍ਰਣਾਲੀ ਅਧੀਨ ਰਾਖਵੀਆਂ ਸੀਟਾਂ ਉਪਰ ਵੀ ਇਨ੍ਹਾਂ ਹਾਕਮ ਜਮਾਤਾਂ ਦੇ ਪਰਿਵਾਰਾਂ ਦੀਆਂ ਔਰਤਾਂ ਨੇ ਹੀ ਸੁਸ਼ੋਭਤ ਹੋਣਾ ਹੈ, ਪਰ ਫਿਰ ਵੀ ਖੱਬੀਆਂ ਪਾਰਟੀਆਂ ਦੇ ਪ੍ਰਤੀਨਿੱਧਾਂ ਤੋਂ ਬਿਨਾਂ ਬਾਕੀ ਸਾਰੀਆਂ ਹੀ ਪਾਰਟੀਆਂ ਦੇ ਪ੍ਰਤੀਨਿੱਧ ਪਾਰਲੀਮੈਂਟ ਵਿਚ ਇਸ ਬਿਲ ਦੀ ਵਿੰਗੇ ਟੇਢੇ ਢੰਗ ਨਾਲ ਲਗਾਤਾਰ ਮੁਖਾਲਫਤ ਕਰਦੇ ਆ ਰਹੇ ਹਨ।

ਇਸੇ ਕਾਰਨ ਹੀ ਇਹ ਬਿਲ ਪਾਸ ਨਹੀਂ ਹੋ ਰਿਹਾ। ਇਸ ਨਾਲ ਜਿੱਥੇ ਦੇਸ਼ ਦੀਆਂ ਹਾਕਮ ਜਮਾਤਾਂ ਦੀਆਂ ਰਾਜਨੀਤਕ ਪਾਰਟੀਆਂ ਦੀ ਔਰਤਾਂ ਦੇ ਅਧਿਕਾਰਾਂ ਪ੍ਰਤੀ ਦੋਗਲੀ ਪਹੁੰਚ ਨੰਗੀ ਹੋਈ ਹੈ, ਉਥੇ ਇਹ ਗੱਲ ਵੀ ਸਪਸ਼ਟ ਹੋ ਗਈ ਹੈ ਕਿ ਏਥੇ ਮੌਜੂਦਾ ਸਮਾਜਕ ਤੇ ਆਰਥਕ ਵਿਤਕਰਿਆਂ ਵਿਰੁੱਧ ਔਰਤਾਂ ਨੂੰ ਅਜੇ ਬੜਾ ਲੰਮਾ ਤੇ ਕਠਿਨ ਸੰਘਰਸ਼ ਲੜਨਾ ਪਵੇਗਾ।

ਇਨ੍ਹਾਂ ਹਾਲਤਾਂ ਵਿਚ ਔਰਤਾਂ ਦੇ ਸੰਗਠਨਾਂ ਦੀ ਮਜ਼ਬੂਤੀ ਅਤੇ ਉਨ੍ਹਾਂ ਦੀ ਜਥੇਬੰਦਕ ਸ਼ਕਤੀ ਨਾਲ ਮੋਚਵੇਂ, ਝੱਜਵੇਂ ਤੇ ਨਿਰੰਤਰ ਘੋਲ ਹੀ ਉਨ੍ਹਾਂ ਨੂੰ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਤੋਂ ਮੁਕਤੀ ਦੁਆ ਸਕਦੇ ਹਨ। ਕਿਉਂਕਿ ਔਰਤਾਂ ਦੀਆਂ ਅਜੋਕੀਆਂ ਸਾਰੀਆਂ ਸਮੱਸਿਆਵਾਂ ਇਸ ਪੂੰਜੀਵਾਦੀ ਤੇ ਪੂਰਬ-ਪੂੰਜੀਵਾਦੀ ਜਾਗੀਰੂ ਸਮਾਜਕ ਪ੍ਰਬੰਧਾਂ ਦੀ ਦੇਣ ਹਨ ਇਸ ਲਈ ਇਨ੍ਹਾਂ ਸਮੱਸਿਆਵਾਂ ਤੋਂ ਮੁਕੰਮਲ ਰੂਪ ਵਿਚ ਮੁਕਤੀ ਤਾਂ ਸਾਂਝੀਵਾਲਤਾ 'ਤੇ ਆਧਾਰਤ ਅਗਲੇਰੇ ਨਿਆਂਸੰਗਤ ਸਮਾਜਕ ਪ੍ਰਬੰਧ ਭਾਵ ਸਮਾਜਵਾਦ ਵਿਚ ਹੀ ਯਕੀਨੀ ਤੌਰ 'ਤੇ ਹਾਸਲ ਹੋ ਸਕਦੀ ਹੈ। ਜਿਸ ਵਾਸਤੇ ਔਰਤਾਂ ਨੂੰ ਆਪਣੀਆਂ ਸਮੱਸਿਆਵਾਂ ਲਈ ਸੰਘਰਸ਼ ਕਰਨ ਦੇ ਨਾਲ-ਨਾਲ ਇਨਕਲਾਬੀ ਸਮਾਜਕ ਤਬਦੀਲੀ ਲਈ ਜੂਝ ਰਹੀਆਂ ਜਮਹੂਰੀ ਸ਼ਕਤੀਆਂ ਦੇ ਵਡੇਰੇ ਸੰਘਰਸ਼ ਵਿਚ ਵੀ ਆਪਣੀ ਸਮਰੱਥਾ ਅਨੁਸਾਰ ਹਿੱਸਾ ਪਾਉਣ ਦੇ ਉਪਰਾਲੇ ਲਾਜ਼ਮੀ ਕਰਨੇ ਪੈਣਗੇ।

# ਲੈਨਿਨ ਮੂਰਤੀ ਸੰਵਾਦ / ਅਸਗਰ ਵਜ਼ਾਹਤ

1. ਲੈਨਿਨ ਦੀ ਮੂਰਤੀ ਤੋੜ ਦਿੱਤੀ ਗਈ ਪਰ ਫੇਰ ਸਵਾਲ ਪੈਦਾ ਹੋਇਆ ਕਿ ਉਸ ਨੂੰ ਕਿੱਥੇ ਸੁੱਟਿਆ ਜਾਵੇ। ਕਾਫ਼ੀ ਬਹਿਸ ਹੁੰਦੀ ਰਹੀ। ਵਾਦ-ਵਿਵਾਦ ਹੁੰਦਾ ਰਿਹਾ। ਜਦੋਂ ਕੁਝ ਤੈਅ ਨਾ ਹੋ ਸਕਿਆ ਤਾਂ ਲੈਨਿਨ ਦੀ ਟੁੱਟੀ ਹੋਈ ਮੂਰਤੀ ਨੇ ਕਿਹਾ, "ਮੈਨੂੰ ਉਥੇ ਹੀ ਸੁੱਟ ਦਿਓ ਜਿੱਥੇ ਹਜ਼ਾਰਾਂ ਸਾਲ ਤੋਂ ਟੁੱਟੀਆਂ ਹੋਈਆਂ ਮੂਰਤੀਆਂ ਸੁੱਟੀਆਂ ਜਾਂਦੀਆਂ ਰਹੀਆਂ ਹਨ।"

2. ਲੈਨਿਨ ਦੀ ਮੂਰਤੀ ਤੋੜ ਦਿੱਤੀ ਗਈ ਪਰ ਫੇਰ ਬਹਿਸ ਹੋਣ ਲੱਗੀ ਕਿ ਮੂਰਤੀ ਕਿਸ ਨੇ ਤੋੜੀ ਹੈ। ਸਾਰੇ ਲੋਕ ਆਪਣਾ ਆਪਣਾ ਦਾਅਵਾ ਪੇਸ਼ ਕਰਨ ਲੱਗੇ। ਕਿਸੇ ਨੇ ਕਿਹਾ, "ਮੈਂ ਤੋੜੀ ਹੈ।" ਕਿਸੇ ਨੇ ਕਿਹਾ, "ਮੈਂ ਤੋੜੀ ਹੈ।" ਬੜੀ ਬਹਿਸ ਸ਼ੁਰੂ ਹੋ ਗਈ ਜੋ ਘਸੁੰਨ-ਮੁੱਕਿਆਂ ਵਿਚ ਬਦਲ ਗਈ। ਕਿਉਂਕਿ ਲੈਨਿਨ ਦੀ ਮੂਰਤੀ ਤੋੜਨ ਵਾਲੇ ਦਾ ਸ਼ਾਨਦਾਰ 'ਕੈਰੀਅਰ' ਸਾਹਮਣੇ ਸੀ। ਜਦੋਂ ਇਹ ਤੈਅ ਨਾ ਹੋਇਆ ਕਿ ਲੈਨਿਨ ਦੀ ਮੂਰਤੀ ਕਿਸ ਨੇ ਤੋੜੀ ਹੈ ਤਾਂ ਲੈਨਿਨ ਦੀ ਟੁੱਟੀ ਹੋਈ ਮੂਰਤੀ ਨੇ ਕਿਹਾ, "ਤੁਸੀਂ ਲੋਕਾਂ ਨੇ ਨਹੀਂ, ਮੇਰੇ ਲੋਕਾਂ ਨੇ ਹੀ ਮੇਰੀ ਮੂਰਤੀ ਤੋੜੀ ਹੈ।"

3. ਲੈਨਿਨ ਦੀ ਮੂਰਤੀ ਜਦੋਂ ਤੋੜੀ ਜਾ ਰਹੀ ਸੀ ਤਾਂ ਮੂਰਤੀ ਦੇ ਚਿਹਰੇ 'ਤੇ ਮੁਸਕਰਾਹਟ ਆ ਗਈ। ਕੁਝ ਦੇਰ ਬਾਅਦ ਮੂਰਤੀ ਹੱਸਣ ਲੱਗੀ। ਤੋੜਨ ਵਾਲਿਆਂ ਨੂੰ ਬੜੀ ਹੈਰਾਨੀ ਹੋਈ। ਉਨ੍ਹਾਂ ਨੇ ਪੁਛਿਆ, ਤੁਸੀਂ ਕਿਉਂ ਹੱਸ ਰਹੇ ਹੋ? ਤੁਹਾਨੂੰ ਤਾਂ ਤੋੜਿਆ ਜਾ ਰਿਹਾ ਹੈ।

ਮੂਰਤੀ ਨੇ ਕਿਹਾ, "ਤੁਸੀਂ ਲੋਕ ਮੇਰੀ ਪਸੰਦ ਦਾ ਕੰਮ ਕਰ ਰਹੇ ਹੋ।" ਤੋੜਨ ਵਾਲਿਆਂ ਨੇ ਕਿਹਾ, "ਕਿਵੇਂ?" ਲੈਨਿਨ ਬੋਲੇ, "ਮੈਂ ਜੀਵਨ ਭਰ ਇਹੀ ਕਰਦਾ ਰਿਹਾ ਹਾਂ।"

4. ਲੈਨਿਨ ਦੀ ਮੂਰਤੀ ਨੇ ਆਪਣੇ ਤੋੜਨ ਵਾਲਿਆਂ ਨੂੰ ਸਵਾਲ ਕੀਤਾ। ਮੂਰਤੀ ਨੇ ਕਿਹਾ, "ਤੁਸੀਂ ਲੋਕ ਕਿਸ ਦੀ ਮੂਰਤੀ ਤੋੜ ਰਹੇ ਹੋ?" ਲੋਕਾਂ ਨੇ ਕਿਹਾ, "ਲੈਨਿਨ ਦੀ।"

ਮੂਰਤੀ ਨੇ ਕਿਹਾ, "ਮੇਰਾ ਪੂਰਾ ਨਾਂ ਕੀ ਹੈ, ਜਾਣਦੇ ਹੋ?"



ਤੋੜਨ ਵਾਲਿਆਂ ਨੇ ਕਿਹਾ, "ਓਏ, ਸਾਨੂੰ ਆਪਣੇ ਆਪਣੇ ਨਾਂ ਨਹੀਂ ਪਤਾ, ਤੁਹਾਡਾ ਨਾਂ ਸਵਾਹ ਪਤਾ ਹੋਵੇਗਾ।"

5. ਲੈਨਿਨ ਦੀ ਟੁੱਟੀ ਹੋਈ ਮੂਰਤੀ ਨੇ ਤੋੜਨ ਵਾਲਿਆਂ ਤੋਂ ਪੁਛਿਆ, "ਤੁਸੀਂ ਲੋਕ ਸਿਰਫ਼ ਤੋੜਦੇ ਹੋ ਜਾਂ ਕੁਝ ਜੋੜ ਵੀ ਸਕਦੇ ਹੋ?"

ਉਨ੍ਹਾਂ ਲੋਕਾਂ ਨੇ ਕਿਹਾ, "ਜੋੜਨ ਦਾ ਕੰਮ ਸਾਡਾ ਨਹੀਂ ਹੈ।"

ਮੂਰਤੀ ਨੇ ਪੁਛਿਆ, "ਜੋੜਨ ਵਾਲੇ ਕਿੱਥੇ ਹਨ?"

ਤੋੜਨ ਵਾਲਿਆਂ ਨੇ ਜਵਾਬ ਦਿੱਤਾ, "ਉਹ ਉਧਰ ਬੈਠੇ ਹਨ।"

"ਕਿਉਂ ਉਧਰ ਕਿਉਂ ਬੈਠੇ ਹਨ?" ਮੂਰਤੀ ਨੇ ਪੁਛਿਆ।

ਤੋੜਨ ਵਾਲਿਆਂ ਨੇ ਕਿਹਾ, "ਅਸੀਂ ਏਨਾ ਤੋੜ ਦਿੱਤਾ ਹੈ ਕਿ ਹੁਣ ਉਨ੍ਹਾਂ ਦੀ ਸਮਝ ਵਿਚ ਨਹੀਂ ਆ ਰਿਹਾ ਕਿ ਕੀ ਕੀ ਜੋੜੀਏ।"

6. ਮੂਰਤੀ ਨੇ ਤੋੜਨ ਵਾਲਿਆਂ ਨੂੰ ਪੁਛਿਆ, "ਤੁਸੀਂ ਮੂਰਤੀ ਤੋਂ ਇਲਾਵਾ ਹੋਰ ਕੀ-ਕੀ ਤੋੜ ਸਕਦੇ ਹੋ?"

ਤੋੜਨ ਵਾਲਿਆਂ ਨੇ ਕਿਹਾ, "ਬਹੁਤ ਕੁਝ ਤੋੜ ਸਕਦੇ ਹਾਂ। ਜਿਸ ਨੂੰ ਵੀ ਨਾ ਪਸੰਦ ਕਰਦੇ ਹਾਂ, ਜੋ ਸਾਨੂੰ ਪਸੰਦ ਨਹੀਂ ਹੈ, ਉਸ ਨੂੰ ਅਸੀਂ ਤੋੜ ਦਿੰਦੇ ਹਾਂ। ਵੱਡੀਆਂ-ਵੱਡੀਆਂ ਇਮਾਰਤਾਂ ਤੋੜ ਦਿੰਦੇ ਹਾਂ। ਜ਼ਿੰਦਾ ਲੋਕਾਂ ਨੂੰ ਤੋੜ ਦਿੰਦੇ ਹਾਂ। ਹੋਰ ਤਾਂ ਹੋਰ ਅਸੀਂ ਮੁਰਦਿਆਂ ਨੂੰ ਤੋੜ ਦਿੰਦੇ ਹਾਂ। ਸਾਡੇ ਨਾਲੋਂ ਚੰਗਾ ਕੰਮ ਹੋਰ ਕੋਈ ਨਹੀਂ ਕਰ ਸਕਦਾ।"

ਮੂਰਤੀ ਨੇ ਪੁਛਿਆ, "ਕੀ ਤੁਸੀਂ ਜੋੜਨਾ ਵੀ ਜਾਣਦੇ ਹੋ?"

ਤੋੜਨ ਵਾਲਿਆਂ ਨੇ ਕਿਹਾ, "ਇਹ ਕੀ ਹੁੰਦਾ ਹੈ?"

7. ਮੂਰਤੀ ਨੇ ਆਪਣੇ ਤੋੜਨ ਵਾਲਿਆਂ ਨੂੰ ਪੁਛਿਆ, "ਇਹ ਦੱਸੋ ਕੀ ਸੰਸਾਰ ਦੇ ਦੂਸਰੇ ਮੁਲਕਾਂ ਵਿਚ ਵੀ ਮੂਰਤੀਆਂ ਤੋੜੀਆਂ ਜਾ ਰਹੀਆਂ ਹਨ?"

ਮੂਰਤੀ ਤੋੜਨ ਵਾਲੇ ਖ਼ੁਸ਼ ਹੋ ਗਏ। ਉਨ੍ਹਾਂ ਨੇ ਕਿਹਾ, "ਇਹ ਪਵਿੱਤਰ ਕੰਮ ਤਾਂ ਸਾਰੇ ਸੰਸਾਰ ਵਿਚ ਹੋ ਰਿਹਾ ਹੈ।"

ਮੂਰਤੀ ਨੇ ਪੁਛਿਆ, "ਕੌਣ ਕੌਣ ਕਰ ਰਿਹਾ ਹੈ?"

ਮੂਰਤੀ ਤੋੜਨ ਵਾਲਿਆਂ ਨੇ ਕਿਹਾ, "ਜੋ ਜੋ ਕਰ ਰਹੇ ਹਨ, ਸਾਰੇ ਸਾਡੇ ਭਰਾ ਹਨ।"

8. ਮੂਰਤੀ ਤੋੜਨ ਵਾਲਿਆਂ ਨੇ ਮੂਰਤੀ ਨੂੰ ਪਹਿਲਾ ਸਵਾਲ ਕੀਤਾ, "ਤੈਨੂੰ ਕੋਈ ਬਚਾਉਣ ਕਿਉਂ ਨਹੀਂ ਆ ਰਿਹਾ?"

ਮੂਰਤੀ ਨੇ ਜਵਾਬ ਦਿੱਤਾ, "ਜੇਕਰ ਉਹ ਆਪਣੇ ਆਪ ਨੂੰ ਬਚਾ ਸਕੇ ਤਾਂ ਮੈਨੂੰ ਬਚਾਉਣ ਆਉਣਗੇ।"

9. ਮੂਰਤੀ ਨੇ ਆਪਣੇ ਤੋੜਨ ਵਾਲਿਆਂ ਨੂੰ ਪੁਛਿਆ, "ਤੁਹਾਨੂੰ ਮੇਰੇ ਨਾਲ ਏਨੀ ਨਫ਼ਰਤ ਸੀ ਤਾਂ ਤੁਸੀਂ ਮੈਨੂੰ ਪਹਿਲਾਂ ਕਿਉਂ ਨਹੀਂ ਤੋੜਿਆ?"

ਮੂਰਤੀ ਤੋੜਨ ਵਾਲਿਆਂ ਨੇ ਕਿਹਾ, "ਵਿਰੋਧ ਦਾ ਡਰ ਸੀ।"

ਮੂਰਤੀ ਨੇ ਪੁਛਿਆ, "ਤੁਸੀਂ ਵਿਰੋਧ ਨੂੰ ਪਸੰਦ ਨਹੀਂ ਕਰਦੇ?"

ਮੂਰਤੀ ਤੋੜਨ ਵਾਲਿਆਂ ਨੇ ਕਿਹਾ, "ਬਿਲਕੁਲ ਨਹੀਂ, ਅਸੀਂ ਵਿਰੋਧ ਤੇ ਵਿਰੋਧੀਆਂ ਨੂੰ ਪਸੰਦ ਨਹੀਂ ਕਰਦੇ। ਅਸੀਂ ਬਹਾਦਰ ਹਾਂ। ਅਸੀਂ ਆਪਣੀ ਸ਼ਕਤੀ ਉਥੇ ਹੀ ਦਿਖਾਉਂਦੇ ਹਾਂ, ਜਿੱਥੇ ਕੋਈ ਵਿਰੋਧ ਨਹੀਂ ਹੁੰਦਾ।"

10. ਲੈਨਿਨ ਦੀ ਮੂਰਤੀ ਨੇ ਪੁਛਿਆ, "ਤੁਸੀਂ ਮੂਰਤੀਆਂ ਤੋਂ ਇਲਾਵਾ ਹੋਰ ਕੀ-ਕੀ ਤੋੜੋਗੇ?"

ਉਨ੍ਹਾਂ ਕਿਹਾ, "ਅਸੀਂ ਤੋੜਨ ਵਿਚ ਮਾਹਰ ਹਾਂ। ਜੋ ਚਾਹਾਂਗੇ ਤੋੜ ਦਿਆਂਗੇ।"

ਲੈਨਿਨ ਦੀ ਮੂਰਤੀ ਨੇ ਕਿਹਾ, "ਤੁਸੀਂ ਸਭ ਕੁਝ ਤੋੜ ਸਕਦੇ ਹੋ ਪਰ ਲੋਕਾਂ ਦਾ ਹੌਸਲਾ ਨਹੀਂ ਤੋੜ ਸਕਦੇ।"

– ਹਿੰਦੀ ਤੋਂ ਪੰਜਾਬੀ : ਕਮਲ ਦੁਸਾਂਝ



**Nidhi Kapoor**
REALTOR® BA, ABR
COMMERCIAL & RESIDENTIAL REAL ESTATE

REALTY EXECUTIVES
POLARIS

**780 318 3434**

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ

nidhi@nidhikapoor.ca www.nidhikapoor.ca

**# 217 6608 28 AV** MLS# E3399888



**Bedroom :** 1 + Den Condo **Bathroom :** 1
**Special Feature:** Adult 55+ Condo, on-site service of a guest room for out-of-town visitors, private bus foroutings, home care coordinator, hairdresser
**Parking :** 1 Titled Underground Parking
**Sqft. 620 Sq.Ft**
Condo Fees: $260.00

**# 401 4316 139 AV NW** MLS# E3405945



**Bedroom :** 2
**Bathroom :** 2
Special Feature: **Top Floor Unit, Quck Access to** LRT Station
**Parking :** 1 Titled Underground Parking
**Sqft : 1002 Sq ft.**
Condo Fees: $420.00

**#1472 LAKEWOOD RD W** MLS# E3409941




**Bedroom :** 3
**Bathroom :** 1
**Special Feature :** newly renovated,walking distance to Grant MacEwan, Lakewood Transit Center,
**Sqft. 1011 sq.ft**
Condo Fees : $281.00

*Services available in Hindi, Punjabi & Urdu Also.* *Real Estate Service for your Success*

**2.5 Acre for Sale** 51151 Range Road 235, (SW) Edmonton Close to Ellerslie Road **$ 399,900**

# ਨੀਰਵ ਮੋਦੀ ਦਾ ਡਾਕਾ ਬਨਾਮ ਬੈਂਕਾਂ ਦਾ ਨਿੱਜੀਕਰਨ

ਇੰਦਰਜੀਤ ਚੁਗਾਵਾਂ

ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਇਹ ਨਾਅਰਾ ਪੂਰੇ ਦੇਸ਼ ਵਿਚ ਘੁਮਾਇਆ ਗਿਆ ਸੀ 'ਹਰ ਹਰ ਮੋਦੀ ਘਰ ਘਰ ਮੋਦੀ' ਅੱਜ ਸੱਚਮੁੱਚ ਘਰ ਘਰ ਮੋਦੀ ਦੀਆਂ ਗੱਲਾਂ ਹੋ ਰਹੀਆਂ ਹਨ। ਇਕ ਮੋਦੀ ਜੋ ਦੇਸ਼ ਦਾ ਪ੍ਰਧਾਨ ਮੰਤਰੀ ਹੈ ਪਰ ਉਹ ਦੇਸ਼ ਦਾ ਚੌਂਕੀਦਾਰ ਹੋਣ ਦਾ ਦਾਅਵਾ ਕਰਦਾ ਹੈ ਤੇ ਇਕ ਦੂਸਰਾ ਮੋਦੀ ਹੈ ਜੋ ਦੇਸ਼ ਦੀਆਂ ਸਭ ਤੋਂ ਵੱਡੀਆਂ ਬੈਂਕਾਂ 'ਚੋਂ ਇਕ ਪੰਜਾਬ ਨੈਸ਼ਨਲ ਬੈਂਕ 'ਚ ਹੁਣ ਤੱਕ ਦੇ ਬੈਂਕ ਇਤਿਹਾਸ ਦਾ ਸਭ ਤੋਂ ਵੱਡਾ ਡਾਕਾ ਮਾਰ ਕੇ ਦੇਸ਼ 'ਚੋਂ ਫਰਾਰ ਹੋ ਗਿਆ ਹੈ।

ਹੀਰਿਆਂ ਦਾ ਵਪਾਰ ਕਰਨ ਵਾਲਾ ਦੇਸ਼ ਦਾ ਮਸ਼ਹੂਰ ਕਾਰੋਬਾਰੀ ਨੀਰਵ ਮੋਦੀ ਪੰਜਾਬ ਨੈਸ਼ਨਲ ਬੈਂਕ ਨਾਲ 11400 ਕਰੋੜ ਦੀ ਜਾਲ੍ਹਸਾਜੀ ਕਰਕੇ ਫਰਾਰ ਹੈ। ਇਹ ਉਹ ਨੀਰਵ ਮੋਦੀ ਹੈ ਜਿਸ ਦੀਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਨਜ਼ਦੀਕੀਆਂ ਕਿਸੇ ਤੋਂ ਛੁਪੀਆਂ ਨਹੀਂ। ਉਹ ਭਾਜਪਾ ਦਾ ਸਾਂਝੀਦਾਰ ਰਿਹਾ ਹੈ। ਉਸਨੇ ਚੋਣਾਂ 'ਚ ਧਨ ਜੁਟਾਉਣ 'ਚ ਪਾਰਟੀ ਦੀ ਮਦਦ ਕੀਤੀ ਸੀ। ਪੂਰੇ ਦੇਸ਼ ਵਿਚ ਇਸ ਜਾਲ੍ਹਸਾਜ਼ੀ, ਜਿਸਨੂੰ ਮਹਾਂਘੁਟਾਲੇ ਦਾ ਨਾਂਅ ਦਿੱਤਾ ਗਿਆ ਹੈ, ਨੇ ਪੂਰੇ ਦੇਸ਼ ਵਿਚ ਤਰਥੱਲੀ ਮਚਾਈ ਹੋਈ ਹੈ। ਆਪਣੇ ਖੂਨ ਪਸੀਨੇ ਦੀ ਕਮਾਈ ਬੈਂਕਾਂ 'ਚ ਜਮ੍ਹਾਂ ਕਰਵਾਉਣ ਵਾਲੇ ਲੋਕ ਫਿਕਰਮੰਦ ਹਨ ਕਿ ਉਨ੍ਹਾਂ ਦੇ ਪੈਸੇ ਦਾ ਕੀ ਬਣੇਗਾ ਪਰ ਦੇਸ਼ ਦਾ ਚੌਂਕੀਦਾਰ ਮੂੰਹੋਂ ਇਕ ਲਫਜ਼ ਵੀ ਨਹੀਂ ਕੱਢ ਰਿਹਾ। ਨਿੱਕੀ ਨਿੱਕੀ ਗੱਲ 'ਤੇ ਟਵਿੱਟਰ 'ਤੇ ਟਿੱਪਣੀਆਂ ਕਰਨ ਵਾਲਾ ਪ੍ਰਧਾਨ ਮੰਤਰੀ ਸੰਕਟ ਸਮੇਂ ਗਾਇਬ ਹੋ ਜਾਣ ਜਾਂ ਘੇਸਲ ਵੱਟ ਜਾਣ ਦੀ ਆਪਣੀ ਦੰਭੀ ਕਲਾ ਦਾ ਪੂਰਾ ਮੁਜ਼ਾਹਰਾ ਕਰ ਰਿਹਾ ਹੈ।

ਅਜਿਹੇ ਸੰਕਟਮਈ ਹਾਲਤ ਵਿਚ ਸੱਤਾ 'ਤੇ ਬਿਰਾਜਮਾਨ ਧਿਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਹਮਣੇ ਆਵੇ ਤੇ ਪੈਦਾ ਹੋਏ ਹਾਲਾਤ ਬਾਰੇ ਤੱਥ ਸਾਹਮਣੇ ਰੱਖੇ ਪਰ ਇਸਦੇ ਉਲਟ ਮਾਮਲੇ ਨੂੰ ਭਟਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮੰਤਰੀਆਂ ਦੀ ਫੌਜ ਇੱਧਰ ਓਧਰ ਦੀਆਂ ਗੱਲਾਂ ਮਾਰਨ ਲਈ ਉਤਾਰ ਦਿੱਤੀ ਗਈ। ਕਾਨੂੰਨ ਮੰਤਰੀ, ਮਨੁੱਖੀ ਸਰੋਤ ਮੰਤਰੀ ਤੋਂ ਬਾਅਦ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੇ ਪ੍ਰੈਸ ਕਾਨਫਰੰਸ ਕੀਤੀ ਤੇ ਦੋਸ਼ ਲਾਇਆ ਕਿ ਮੁੰਬਈ 'ਚ ਜਿਸ ਬਿਲਡਿੰਗ 'ਚ ਨੀਰਵ ਮੋਦੀ ਦੀ ਕੰਪਨੀ ਦਾ ਸ਼ੋਅ ਰੂਮ ਕਿਰਾਏ 'ਤੇ ਚਲ ਰਿਹਾ ਸੀ, ਉਸਦੀ ਮਾਲਕ ਕੰਪਨੀ ਅਦਵੈਤ ਹੋਲਡਿੰਗ 'ਚ ਕਾਂਗਰਸ ਆਗੂ ਅਭਿਸ਼ੇਕ ਮਨੂੰ ਸਿੰਘਵੀ ਦੀ ਪਤਨੀ ਤੇ ਬੇਟੇ ਹਿੱਸੇਦਾਰ ਹਨ। 11400 ਕਰੋੜ ਦਾ ਚੂਨਾ ਲਾ ਕੇ ਭੱਜਿਆ ਤਾਂ ਕਿਰਾਏਦਾਰ ਹੈ ਪਰ ਗੁਨਾਹਗਾਰ ਬਿਲਡਿੰਗ ਦੀ ਮਾਲਕ ਕੰਪਨੀ ਅਦਵੈਤ ਹੋਲਡਿੰਗ ਨੂੰ ਬਣਾ ਦਿੱਤਾ ਗਿਆ।

ਇਹ ਪੂਰੀ ਖੇਡ ਲੈਟਰ ਆਫ ਅੰਡਰਟੇਕਿੰਗ (ਐਲਓਯੂ) ਰਾਹੀਂ ਖੇਡੀ ਗਈ ਹੈ। ਐਲਓਯੂ ਇਕ ਕਿਸਮ ਦੀ ਬੈਂਕ ਗਰੰਟੀ ਹੁੰਦੀ ਹੈ ਜੋ ਬੈਂਕ ਆਪਣੇ ਗ੍ਰਾਹਕ ਦੇ ਹਿੱਤ ਵਿਚ ਕਿਸੇ ਭਾਰਤੀ ਬਦੇਸ਼ੀ ਬੈਂਕ ਨੂੰ ਦਿੰਦਾ ਹੈ, ਜਿਸ ਦੀ ਵਰਤੋਂ ਕਰਕੇ ਉਹ ਗ੍ਰਾਹਕ ਉਸ ਬੈਂਕ ਤੋਂ ਥੋੜ੍ਹੀ ਮਿਆਦ ਦਾ ਕਰਜ਼ਾ ਉਠਾ ਸਕਦਾ ਹੈ। ਜੇ ਉਹ ਦਿੱਤੀ ਗਈ ਮਿਆਦ ਵਿਚ ਕਰਜ਼ਾ ਵਾਪਸ ਨਹੀਂ ਕਰਦਾ ਤਾਂ ਉਹ ਕਰਜ਼ਾ, ਐਲ.ਓ.ਯੂ. ਜਾਰੀ ਕਰਨ ਵਾਲੀ ਬੈਂਕ ਦੀ ਦੇਣਦਾਰੀ ਬਣ ਜਾਂਦਾ ਹੈ। ਇਸ ਤਰ੍ਹਾਂ ਐਲਓਯੂ ਹਰ ਕਿਸੇ ਨੂੰ ਜਾਰੀ ਨਹੀਂ ਕੀਤਾ ਜਾਂਦਾ। ਬੈਂਕ ਨੂੰ ਭਰੋਸਾ ਹੋਣਾ ਚਾਹੀਦਾ ਹੈ ਕਿ ਸਬੰਧਤ ਵਿਅਕਤੀ ਜਾਂ ਫਰਮ ਸਮੇਂ ਸਿਰ ਪੈਸਾ ਵਾਪਸ ਕਰ ਦੇਵੇਗੀ ਪਰ ਜਿਸ ਤਰ੍ਹਾਂ ਥੋਕ ਦੇ ਭਾਅ ਐਲਓਯੂ ਨੀਰਵ ਮੋਦੀ ਤੇ ਉਸਦੇ ਪਰਵਾਰ ਨੂੰ ਜਾਰੀ ਕੀਤੇ ਗਏ ਉਸ ਤੋਂ ਇਹ ਪੱਖ ਵੀ ਸਾਹਮਣੇ ਆਇਆ ਕਿ ਨੀਰਵ ਮੋਦੀ ਬੈਂਕ ਦਾ ਗ੍ਰਾਹਕ ਨਹੀਂ ਸਗੋਂ ਮਾਲਕ ਬਣ ਬੈਠਾ ਸੀ। ਉਸ ਦੀ ਟੀਮ ਬਿਨਾਂ ਕਿਸੇ ਰੁਕਾਵਟ ਦੇ ਬੈਂਕ ਦੇ ਕੰਪਿਊਟਰ ਸਿਸਟਮ ਦੀ ਵਰਤੋਂ ਕਰਦੀ ਸੀ ਤੇ ਖੁਦ ਹੀ ਐਲਓਯੂ ਜਾਰੀ ਕਰ ਦਿੰਦੀ ਸੀ। ਪੰਜਾਬ ਨੈਸ਼ਨਲ ਬੈਂਕ ਨੇ ਖੁਦ ਹੀ ਖੁਲਾਸਾ ਕੀਤਾ ਹੈ ਕਿ ਨੀਰਵ ਮੋਦੀ ਨੇ ਫਰਜ਼ੀ ਐਲਓਯੂ ਜਾਰੀ ਕਰਕੇ ਹੋਰਨਾਂ ਭਾਰਤੀ ਬੈਂਕਾਂ ਤੋਂ ਬਦੇਸ਼ੀ ਕਰਜ਼ਾ ਹਾਸਲ ਕਰ ਲਿਆ। ਬੈਂਕ ਦੇ ਚੋਟੀ ਦੇ ਅਫਸਰਾਂ ਤੇ ਸਾਬਕਾ ਅਫਸਰਾਂ ਨੇ ਮੰਨਿਆ ਹੈ ਕਿ ਐਲਓਯੂ ਲਈ ਜ਼ਰੂਰੀ ਸਭ ਲਾਗ-ਇਨ ਪਾਸਵਰਡ ਨੀਰਵ ਦੀ ਟੀਮ ਦੇ ਕੋਲ ਸਨ। ਸਵਿਫਟ ਸਿਸਟਮ 'ਚ ਲਾਗ-ਇਨ ਲਈ ਅਕਾਊਂਟ ਡਿਟੇਲ ਤੇ ਪਾਸਵਰਡ ਨੀਰਵ ਦੀ ਟੀਮ ਦੇ ਕੋਲ ਸਨ। ਉਨ੍ਹਾਂ ਕੋਲ ਸਵਿਫਟ ਸਿਸਟਮ ਦਾ ਪਾਸਵਰਡ ਸੀ ਜਿਹੜਾ ਐਲਓਯੂ ਲਈ ਜ਼ਰੂਰੀ ਹੁੰਦਾ ਹੈ। ਨੀਰਵ ਦੇ ਲੋਕ ਪੀਐਨਬੀ ਅਫਸਰ ਦੇ ਤੌਰ 'ਤੇ ਕੰਮ ਕਰਦਿਆਂ ਨਜਾਇਜ਼ ਢੰਗ ਰਾਹੀਂ ਕੇਵਲ ਸਵਿਫਟ ਸਿਸਟਮ ਦੇ ਲਾਗ-ਇਨ ਕਰਦੇ ਸਨ। ਹੇਰਾਫੇਰੀ ਕਿਸ ਪੱਧਰ 'ਤੇ ਹੋਈ ਹੈ ਇਸ ਦਾ ਪਤਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਹੀਰਾ ਕਾਰੋਬਾਰ ਲਈ ਐਲਓਯੂ ਦੀ ਸਮਾਂ ਸੀਮਾਂ 90 ਦਿਨ ਹੈ, ਮਤਲਬ ਕਿ ਇਸ ਰਾਹੀਂ ਉਠਾਇਆ ਕਰਜ਼ਾ 90 ਦਿਨ 'ਚ ਅਦਾ ਕਰਨਾ ਲਾਜ਼ਮੀ ਹੈ ਪਰ ਪੀਐਨਬੀ ਤੋਂ ਇਹ 365 ਦਿਨ ਲਈ ਜਾਰੀ ਹੋਏ ਸਨ। ਹਾਂਗਕਾਂਗ 'ਚ 11 ਭਾਰਤੀ ਬੈਂਕਾਂ ਦੀਆਂ ਬਰਾਂਚਾਂ ਹਨ। ਅਜੇ ਤੱਕ ਭਾਰਤੀ ਸਟੇਟ ਬੈਂਕ ਨੇ 1357 ਕਰੋੜ, ਯੂਨੀਅਨ ਬੈਂਕ ਨੇ 1920 ਕਰੋੜ, ਯੂਕੋ ਬੈਂਕ ਨੇ 2635 ਕਰੋੜ ਤੇ ਇਲਾਹਾਬਾਦ ਬੈਂਕ ਨੇ 2000 ਕਰੋੜ ਫਸੇ ਹੋਣ ਦੀ ਜਾਣਕਾਰੀ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਬਹੁਤ ਸਾਰੇ ਐਲਓਯੂ ਦੀ ਸਮਾਂ ਸੀਮਾ ਮਈ 2018 ਤੱਕ ਹੈ ਤੇ ਇਸ ਸਥਿਤੀ ਦੇ ਘਪਲੇ ਦੀ ਰਕਮ ਵਧਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਂਝ ਕਾਂਗਰਸ ਇਹ ਰਕਮ 30 ਹਜ਼ਾਰ ਕਰੋੜ ਰੁਪਏ ਦੱਸ ਰਹੀ ਹੈ।

ਖ਼ਬਰਾਂ ਪੜ੍ਹ ਸੁਣ ਕੇ ਜਾਪ ਰਿਹਾ ਹੈ ਕਿ ਅਸਲ ਦੋਸ਼ੀ ਬੈਂਕਾਂ ਦੇ ਕਲਰਕ ਹਨ ਜਦਕਿ ਬੈਂਕ ਮੈਨੇਜਰ ਆਪਣੇ ਪੱਧਰ 'ਤੇ 10 ਕਰੋੜ ਦਾ ਕਰਜ਼ਾ ਵੀ ਮਨਜ਼ੂਰ ਨਹੀਂ ਕਰ ਸਕਦਾ। ਇਹ ਦੱਸਿਆ ਨਹੀਂ ਜਾ ਰਿਹਾ ਕਿ ਐਲ.ਓ.ਯੂ. ਦੀ ਜਾਣਕਾਰੀ ਚੋਟੀ ਦੇ ਪ੍ਰਬੰਧਨ 'ਚੋਂ ਕਿਸ ਕਿਸ ਨੂੰ ਸੀ। ਜਦ ਲੈਟਰ ਆਫ ਅੰਡਰਟੇਕਿੰਗ ਜਾਰੀ ਹੁੰਦਾ ਹੈ ਤਾਂ ਉਸਦੀ ਸੂਚਨਾ ਸਵਿਫਟ ਨਾਂਅ ਦੀ ਵਿਵਸਥਾ 'ਚ ਦਿੱਤੀ ਜਾਂਦੀ ਹੈ। ਜਦ ਕੋਈ ਵੀ ਇਸ ਲੈਟਰ ਰਾਹੀਂ ਕਿਸੇ ਦੂਸਰੇ ਬੈਂਕ 'ਚੋਂ ਪੈਸੇ ਕਢਵਾਉਂਦਾ ਹੈ ਤਾਂ ਉਹ ਬੈਂਕ ਇਸੇ ਸਵਿਫਟ ਸਿਸਟਮ ਰਾਹੀਂ ਪੁਸ਼ਟੀ ਕਰਦਾ ਹੈ ਕਿ ਐਲਓਯੂ ਅਸਲੀ ਵੀ ਹੈ ਜਾਂ ਨਹੀਂ। ਸਵਿਫਟ 'ਚ ਸੂਚਨਾ ਤਿੰਨ ਵੱਡੇ ਅਫਸਰ ਆਪਣੇ ਆਪਣੇ ਪਾਸਵਰਡ ਰਾਹੀਂ ਜਮਾਂ ਕਰਦੇ ਹਨ। ਇਹ ਪਾਸਵਰਡ ਕਿਸੇ ਕਲਰਕ ਜਾਂ ਮੈਨੇਜਰ ਕੋਲ ਨਹੀਂ ਹੁੰਦਾ। ਹਰ ਸ਼ਾਮ ਜਾਂ ਅਗਲੀ ਸਵੇਰ ਨੂੰ ਜਾਰੀ ਕਰਤਾ ਬੈਂਕ ਨੂੰ ਸਵਿਫਟ ਤੋਂ ਲਿਸਟ ਆ ਜਾਂਦੀ ਹੈ ਕਿ ਤੁਹਾਡੇ ਬੈਂਕ ਤੋਂ ਕਿੰਨੇ ਐਲਓਯੂ ਜਾਰੀ ਹੋਏ ਹਨ। ਇਸ ਤਰ੍ਹਾਂ ਇੰਨੀ ਵੱਡੀ ਪੱਧਰ 'ਤੇ ਐਲਓਯੂ ਬਿਨਾਂ ਕਿਸੇ ਸਿਆਸੀ ਦਬਾਅ ਦੇ ਜਾਰੀ ਨਹੀਂ ਹੁੰਦੇ। ਇਸ ਮਾਮਲੇ 'ਚ ਇਹ ਦਬਾਅ ਕਿਸ ਪੱਧਰ 'ਤੇ ਹੋ ਸਕਦਾ ਹੈ,



ਉਹ ਦਾਵੋਸ 'ਚ ਵਿਸ਼ਵ ਆਰਥਕ ਸੰਮੇਲਨ ਦੇ ਮੰਚ 'ਤੇ ਪ੍ਰਧਾਨ ਮੰਤਰੀ ਮੋਦੀ ਨਾਲ ਖਿੱਚੀ ਗਈ ਨੀਰਵ ਮੋਦੀ ਦੀ ਤਸਵੀਰ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਇਹ ਤਸਵੀਰ ਜਿਸ ਸਮੇਂ ਖਿੱਚੀ ਗਈ ਸੀ ਉਸ ਸਮੇਂ ਨੀਰਵ ਖਿਲਾਫ਼ ਐਫਆਈਆਰ ਦਰਜ ਹੋ ਚੁੱਕੀ ਸੀ। ਅਜਿਹੀ ਸਥਿਤੀ 'ਚ ਨੀਰਵ ਦਾਵੋਸ ਜਾਣ ਅਤੇ ਸਨਅਤਕਾਰਾਂ ਦੇ ਨਾਲ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਤੇ ਮੰਚ ਸਾਂਝਾ ਕਰਨ 'ਚ ਕਿਸ ਤਰ੍ਹਾਂ ਸਫਲ ਹੋ ਗਿਆ? ਇਨਫੋਰਸਮੈਂਟ ਡਾਇਰੈਕਟੋਰੇਟ ਉਸ ਵੇਲੇ ਹਰਕਤ ਵਿਚ ਆਇਆ ਜਦੋਂ ਨੀਰਵ ਮੋਦੀ ਸਮੇਤ ਪਰਵਾਰ ਦੇਸ਼ ਛੱਡ ਚੁੱਕਾ ਸੀ।

ਇੰਨਾ ਵੱਡਾ ਘਪਲਾ ਕੋਈ ਰਾਤੋ-ਰਾਤ ਨਹੀਂ ਹੋਇਆ। ਪੰਜ ਵਿਸਲ ਬਲੋਅਰਾਂ (ਘੁਟਾਲੇ ਦਾ ਭਾਂਡਾ ਫੋੜ ਕਰਨ ਦੇ ਮੋਹਰੀ) ਨੇ ਇਸ ਸਬੰਧ ਵਿਚ ਪ੍ਰਧਾਨ ਮੰਤਰੀ ਦਫਤਰ ਨੂੰ ਸ਼ਿਕਾਇਤ ਭੇਜੀ ਸੀ, ਜਿਸ ਦਿਨ ਗੀਤਾਂਜਲੀ ਜੈਮਸ ਲਿਮਟਿਡ ਤੇ ਉਸਦੇ ਮਾਲਕ ਮੇਹੁਲ ਚੌਕਸੀ 'ਤੇ ਕਈ ਸ਼ੱਕੀ ਦੋਸ਼ ਲਗਾਏ ਗਏ ਸਨ। ਉਦੋਂ ਦੋ ਦਿਨ ਦੇ ਅੰਦਰ ਇਹ ਸ਼ਿਕਾਇਤ ਰਜਿਸਟਰਾਰ ਆਫ ਕੰਪਨੀਜ਼ ਨੂੰ ਭੇਜ ਦਿੱਤੀ ਗਈ। ਇਹ ਵਿਭਾਗ ਮੰਤਰੀ ਨਿਰਮਲਾ ਸੀਤਾਰਮਨ ਕੋਲ ਸੀ। ਉਨ੍ਹਾਂ ਦੇ ਵਿਭਾਗ ਨੇ ਇਨ੍ਹਾਂ ਪੰਜਾਂ ਵਿਸਲ ਬਲੋਅਰਾਂ ਨਾਲ ਗੱਲ ਕੀਤੇ ਬਿਨਾਂ ਸ਼ਿਕਾਇਤ ਰੱਦ ਕਰ ਦਿੱਤੀ। ਇਕ ਲਾਈਨ ਦਾ ਈਮੇਲ ਭੇਜਿਆ ਗਿਆ ਜਿਸ ਵਿਚ ਲਿਖਿਆ ਸੀ ਕਿ ਪ੍ਰਧਾਨ ਮੰਤਰੀ ਦਫਤਰ 'ਚ ਦਰਜ ਤੁਹਾਡੀ ਸ਼ਿਕਾਇਤ ਰੱਦ ਕਰ ਦਿੱਤੀ ਗਈ ਹੈ।

ਪ੍ਰਧਾਨ ਮੰਤਰੀ ਮੋਦੀ ਦੇ ਇਹ 'ਮੇਹੁਲ ਭਾਈ' ਕਿੰਨੇ ਕੁ ਤਾਕਤਵਰ ਹਨ, ਇਸ ਦੀ ਮਿਸਾਲ ਇਲਾਹਾਬਾਦ ਬੈਂਕ ਦੇ ਸਾਬਕਾ ਨਿਰਦੇਸ਼ਕ ਦਿਨੇਸ਼ ਦੂਬੇ ਦੇ ਮਾਮਲੇ ਤੋਂ ਮਿਲ ਜਾਂਦੀ ਹੈ। ਇਲਾਹਾਬਾਦ ਬੈਂਕ ਬੋਰਡ ਦੀ ਮੀਟਿੰਗ 'ਚ ਜਦ ਗੀਤਾਂਜਲੀ ਜੈਮਸ ਨੂੰ ਪਹਿਲਾਂ ਕਰਜ਼ਾ ਚੁਕਾਏ ਬਗੈਰ ਹੋਰ ਕਰਜ਼ਾ ਦੇਣ ਦਾ ਮਤਾ ਆਇਆ ਤਾਂ ਦੂਬੇ ਨੇ ਉਸ ਦਾ ਵਿਰੋਧ ਕੀਤਾ। ਸ਼ੇਅਰ ਹੋਲਡਰ ਡਾਇਰੈਕਟਰ ਅਸ਼ੋਕ ਵਿਜ ਨੇ ਵੀ ਇਸਦਾ ਵਿਰੋਧ ਕੀਤਾ। ਮੈਨੇਜਮੈਂਟ ਨੇ ਕਿਹਾ ਕਿ ਬੈਂਕਿੰਗ ਸਿਸਟਮ 'ਚ ਰਿਸਟਰੱਕਚਰ ਕਰਨਾ ਜ਼ਰੂਰੀ ਹੈ ਅਤੇ ਐਨ.ਪੀ.ਏ. ਘੱਟ ਕਰਨ ਲਈ ਅਜਿਹਾ ਜ਼ਰੂਰੀ ਹੈ। ਉਨ੍ਹਾਂ ਆਪਣਾ ਅਸਹਿਮਤੀ (ਡਿਸੇਂਟ) ਨੋਟ ਲਿਖ ਦਿੱਤਾ। ਉਨ੍ਹਾਂ ਇਸ ਬਾਰੇ ਵੇਲੇ ਦੇ ਡਿਪਟੀ ਗਵਰਨਰ ਰਿਜ਼ਰਵ ਬੈਂਕ ਕੇ.ਸੀ. ਚੱਕਰਵਰਤੀ ਤੇ ਵਿੱਤ ਸਕੱਤਰ ਨੂੰ ਚਿੱਠੀ ਲਿਖੀ। ਵਿੱਤ ਸਕੱਤਰ ਨਾਲ ਜਦ ਉਨ੍ਹਾਂ ਦੀ ਮੁਲਾਕਾਤ ਹੋਈ ਤਾਂ ਉਸਨੇ ਦੂਬੇ ਨੂੰ ਕਿਹਾ ਕਿ ਬੈਂਕਿੰਗ ਇੰਡਸਟਰੀ 'ਚ ਅਸਹਿਮਤੀ ਨੋਟ ਖਤਰਨਾਕ ਹੁੰਦਾ ਹੈ। ਇਸ ਲਈ ਜਾਂ ਤਾਂ ਅਸਤੀਫਾ ਦੇ ਦਿਓ ਜਾਂ ਫਿਰ ਆਪਣਾ ਤੌਰ ਤਰੀਕਾ ਬਦਲ ਲਓ। ਦੂਬੇ ਨੇ ਉਸੇ ਵੇਲੇ ਅਸਤੀਫਾ ਲਿਖ ਕੇ ਉਸਨੂੰ ਸੌਂਪ ਦਿੱਤਾ। ਇਸੇ ਤਰ੍ਹਾਂ ਇਕ ਹੋਰ ਵਿਸਲ ਬਲੋਅਰ ਸੁਭਾਸ਼ ਸ਼੍ਰੀਵਾਸਤਵ ਅਨੁਸਾਰ ਉਨ੍ਹਾਂ ਵਿਰੁੱਧ ਗੀਤਾਂਜਲੀ ਜੈਮਸ ਕੰਪਨੀ ਨੇ ਕਈ ਤਰ੍ਹਾਂ ਦੇ ਝੂਠੇ ਮਾਮਲੇ ਦਰਜ ਕਰਵਾ ਦਿੱਤੇ ਸਨ ਜਿਨ੍ਹਾਂ ਦੀ ਜਾਂਚ ਦਿੱਲੀ ਦੀ ਆਰਥਕ ਅਪਰਾਧ ਸ਼ਾਖਾ ਨੇ ਕੀਤੀ ਅਤੇ ਲਿਖਕੇ ਦਿੱਤਾ ਕਿ ਇਨ੍ਹਾਂ ਪੰਜਾਂ 'ਤੇ ਝੂਠੇ ਮੁਕੱਦਮੇਂ ਦਰਜ ਕੀਤੇ ਗਏ ਹਨ। ਇਸ ਜਾਂਚ ਰਿਪੋਰਟ ਨੂੰ ਇਹ ਵੀ ਲਿਖਿਆ ਗਿਆ ਸੀ ਕਿ ਗੀਤਾਂਜਲੀ ਕੰਪਨੀ ਦੇ ਖਾਤੇ ਵਿਚ ਗੜਬੜ ਹੈ। ਇਸ ਸਭ ਕੁਝ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ।

ਇੰਨਾ ਕੁਝ ਹੋਣ ਦੇ ਬਾਵਜੂਦ ਨੀਰਵ ਮੋਦੀ ਦਾ ਹੌਂਸਲਾ ਦੇਖੋ ਕਿ ਉਸ ਨੂੰ ਦੇਸ਼ ਦੀ ਕਿਸੇ ਵੀ ਜਾਂਚ ਏਜੰਸੀ ਕਿਸੇ ਵੀ ਕਾਨੂੰਨ ਦਾ ਕੋਈ ਡਰ ਭੈਅ ਨਹੀਂ ਹੈ, ਉਹ ਬੈਂਕ ਨੂੰ ਖਤ ਲਿਖਦਾ ਹੈ ਕਿ ਤੁਸੀਂ ਮੇਰਾ ਬਰਾਂਡ ਨਾਂਅ ਖਰਾਬ ਕਰ ਦਿੱਤਾ ਹੈ, ਇਸ ਲਈ ਮੈਂ ਬੈਂਕ ਨੂੰ ਧੇਲਾ ਵੀ ਵਾਪਸ ਨਹੀਂ ਕਰਨਾ। ਉਸਨੇ ਆਪਣੇ ਸਮੁੱਚੇ ਮੁਲਾਜ਼ਮਾਂ ਨੂੰ ਫਰਵਰੀ ਦੇ ਅਖੀਰ 'ਚ ਕੋਈ ਦੂਸਰੀ ਨੌਕਰੀ ਲੱਭਣ ਲਈ ਆਖ ਦਿੱਤਾ ਹੈ। ਇਹ ਸਭ ਦਾਵੋਸ ਵਾਲੀ ਫੋਟੋ ਦਾ ਹੀ ਕਮਾਲ ਹੈ, ਨਹੀਂ ਤਾਂ ਕਿਸੇ ਦੀ ਕੀ ਜ਼ੁਅਰਤ ਕਿ ਉਹ ਕਾਨੂੰਨ ਨੂੰ ਅੰਗੂਠਾ ਦਿਖਾਉਣ ਵਾਲੀਆਂ ਗੱਲਾਂ ਕਰੇ? ਉਂਝ ਇਹ ਗੱਲ ਵੀ ਸਾਡੀ ਹੀ ਸੁਪਰੀਮ ਕੋਰਟ ਦੇ ਇਕ ਜੱਜ ਨੇ ਕਹੀ ਸੀ ਕਿ ਕਾਨੂੰਨ ਆਮ ਆਦਮੀ ਲਈ ਹੀ ਹੁੰਦਾ ਹੈ ਇਸ ਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਜੇ ਕਾਨੂੰਨ ਦਾ ਡਰ ਹੁੰਦਾ ਤਾਂ ਦੁਨੀਆਂ ਭਰ 'ਚ ਜਾਰੀ ਕੀਤੇ ਗਏ ਰੈਡ ਅਲਰਟ ਦੇ ਹੁੰਦਿਆਂ ਨੀਰਵ ਮੋਦੀ ਮਕਾਊ ਤੇ ਬਹਿਰੀਨ 'ਚ ਦੋ ਨਵੇਂ ਸ਼ੋਅਰੂਮ ਨਾ ਖੋਲ੍ਹ ਪਾਉਂਦਾ।

ਅਜੇ ਕੱਲ ਦੀ ਹੀ ਗੱਲ ਹੈ ਜਦੋਂ ਦੇਸ਼ ਦਾ ਦਾ ਚੋਟੀ ਦਾ ਸਨਅਤਕਾਰ ਵਿਜੈ ਮਾਲਿਆ ਬੈਂਕਾਂ ਦਾ 9 ਹਜ਼ਾਰ ਕਰੋੜ ਰੁਪਏ ਲੈ ਕੇ ਫਰਾਰ ਹੋ ਗਿਆ ਸੀ। ਉਹ ਇੰਗਲੈਂਡ ਬੈਠਾ ਹੈ, ਦੇਸ਼ ਦੀਆਂ ਜਾਂਚ ਏਜੰਸੀਆਂ ਉਸ ਦਾ ਵਾਲ ਵੀ ਵਿੰਗਾ ਨਹੀਂ ਕਰ ਸਕੀਆਂ। ਉਸ ਦੀਆਂ ਭਾਜਪਾ ਨਾਲ ਨਜ਼ਦੀਕੀਆਂ ਕਿਸੇ ਤੋਂ ਗੁੱਝੀਆਂ ਨਹੀਂ। ਪ੍ਰਧਾਨ ਮੰਤਰੀ ਮੋਦੀ ਦਾ ਸਭ ਤੋਂ ਨਜ਼ਦੀਕੀਆਂ 'ਚੋਂ ਇਕ ਗੌਤਮ ਅਡਾਨੀ ਸਿਰ ਬੈਂਕਾਂ ਦਾ 72 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। ਭਲਕ ਨੂੰ ਉਹ ਦੇਸ਼ ਛੱਡਕੇ ਚਲਾ ਜਾਵੇ ਤਾਂ ਬਣੇਗਾ ਕੀ? ਜਨਤਕ ਖੇਤਰ ਦੀਆਂ ਬੈਂਕਾਂ ਤਾਂ ਵੱਡੇ ਕਾਰਪੋਰੇਟ ਘਰਾਣਿਆਂ ਦੀਆਂ ਸੇਵਾਦਾਰ ਬਣਾਕੇ ਰੱਖ ਦਿੱਤੀਆਂ ਗਈਆਂ ਹਨ। ਇਨ੍ਹਾਂ ਬੈਂਕਾਂ ਦਾ 5 ਲੱਖ ਕਰੋੜ ਰੁਪਏ ਦਾ ਕਰਜ਼ਾ ਕਾਰਪੋਰੇਟ ਘਰਾਣਿਆਂ ਸਿਰ ਖੜ੍ਹਾ ਹੈ। ਬੈਂਕਾਂ ਦੇ ਵੱਟੇ ਖਾਤੇ ਪਏ ਕੁੱਲ ਕਰਜ਼ੇ ਦਾ 25 ਫੀਸਦੀ ਸਿਰਫ 12 ਵੱਡੀਆਂ ਕੰਪਨੀਆਂ ਸਿਰ ਹੈ। ਭੂਸ਼ਣ ਸਟੀਲ ਸਿਰ 44,478 ਕਰੋੜ ਦਾ ਕਰਜ਼ਾ ਹੈ, ਲੈਂਕੋ ਇਨਫਰਾਟੈਕ ਸਿਰ 44,364 ਕਰੋੜ, ਏਸਾਰ ਸਟੀਲ ਸਿਰ 37,284 ਕਰੋੜ, ਭੂਸ਼ਣ ਵਾਇਰ ਐਂਡ ਸਟੀਲ ਸਿਰ 37,248 ਕਰੋੜ, ਅਲੋਕ ਇੰਡਸਟਰੀਜ਼ ਸਿਰ 22,975 ਕਰੋੜ, ਏਮਟੈਕ ਆਟੋ ਸਿਰ 14,074 ਕਰੋੜ, ਮੋਨੈਟ ਇਸਪਾਤ ਐਂਡ ਇਨਰਜ਼ੀ ਸਿਰ 12,115 ਕਰੋੜ, ਇਲੈਕਟਰੋ ਸਟੀਲ ਸਟੀਲ ਸਿਰ 10,273 ਕਰੋੜ, ਏਰਾ ਇਨਫਰਾ ਇੰਜੀਨੀਅਰਿੰਗ ਸਿਰ 10,065 ਕਰੋੜ, ਜੇਪੀ ਇਨਫਰਾਟੈਕ ਸਿਰ 9,635 ਕਰੋੜ, ਏਬੀਜੀ ਸ਼ਿਪਯਾਰਡ 6,953 ਕਰੋੜ ਅਤੇ ਜਿਓਤੀ ਸਟਰਕਚਰਜ਼ ਸਿਰ 5165 ਕਰੋੜ ਰੁਪਏ ਦਾ ਕਰਜ਼ਾ ਹੈ। ਇਹ ਉਹ ਕਰਜ਼ਾ ਹੈ ਜਿਸ ਨੂੰ ਇਹ ਕੰਪਨੀਆਂ ਮੋੜਨ ਤੋਂ ਇਨਕਾਰੀ ਹਨ।

ਇਹ ਕੋਈ ਮੌਕਾ ਮੇਲ ਨਹੀਂ ਹੈ ਕਿ ਇਕ ਪਾਸੇ ਨੀਰਵ ਮੋਦੀ ਦੇਸ਼ ਤਿਆਗਣ ਦੀ ਤਿਆਰੀ ਕਰ ਰਿਹਾ ਸੀ ਤੇ ਦੂਸਰੇ ਪਾਸੇ ਮੋਦੀ ਸਰਕਾਰ ਵਿੱਤੀ ਨਿਪਟਾਰਾ ਬਿੱਲ (ਐਫ.ਆਰ.ਡੀ.ਆਈ.) ਬਿੱਲ ਤਿਆਰ ਕਰ ਰਹੀ ਹੈ। ਇਸ ਬਿੱਲ ਵਿਚ ਲੋਕਾਂ ਨੂੰ ਉਨ੍ਹਾਂ ਦੇ ਜਮ੍ਹਾਂ ਖਾਤਿਆਂ 'ਤੇ ਇਕ ਲੱਖ ਰੁਪਏ ਦੇ ਬੀਮੇ ਦੀ ਵਿਵਸਥਾ ਨੂੰ ਵੀ ਖਤਮ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ। ਮਤਲਬ ਇਹ ਕਿ ਪੈਸਾ ਕਿੰਨੀ ਵੀ ਵੱਡੀ ਮਾਤਰਾ 'ਚ ਕਿਉਂ ਨਾ ਹੋਵੇ, ਬੈਂਕ ਦੀਵਾਲੀਆ ਹੋਣ 'ਤੇ ਪਹਿਲਾਂ ਉਸਨੂੰ ਕੇਵਲ ਇਕ ਲੱਖ ਰੁਪਏ ਹੀ ਦੇਣ ਦੀ ਗਰੰਟੀ ਹੈ। ਇਸ ਬਿੱਲ ਰਾਹੀਂ ਸਰਕਾਰ ਵਲੋਂ ਬਣਾਈ ਕਮੇਟੀ ਤਹਿ ਕਰੇਗੀ ਕਿ ਖਾਤਾਧਾਰਕ ਨੂੰ ਕੁਝ ਦੇਣਾ ਹੈ ਕਿ ਜਾਂ ਫਿਰ ਪੂਰੀ ਰਕਮ ਜਾਂ ਉਸਦਾ ਬਹੁਤਾ ਹਿੱਸਾ ਬੈਂਕ ਦੇ ਸ਼ੇਅਰਾਂ ਵਿਚ ਬਦਲ ਜਾਣਾ ਹੈ। ਇਸ ਤਰ੍ਹਾਂ ਸਾਧਾਰਨ ਲੋਕਾਂ 'ਚ ਆਪਣੀ ਹੀ ਬੱਚਤ ਪ੍ਰਤੀ ਹੀ ਬੇਭਰੋਸਗੀ ਪੈਦਾ ਨਹੀਂ ਕੀਤੀ ਜਾ ਰਹੀ ਸਗੋਂ ਜਨਤਕ ਖੇਤਰ ਦੀਆਂ ਬੈਂਕਾਂ ਪ੍ਰਤੀ ਵੀ ਬੇਵਿਸ਼ਵਾਸੀ ਪੈਦਾ ਕਰਕੇ ਬੈਂਕਾਂ ਦੇ ਨਿੱਜੀਕਰਨ ਲਈ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ।

ਕਿਸੇ ਵੀ ਵਿਅਕਤੀ ਨੂੰ ਚੌਂਕੀਦਾਰ ਉਸ ਵੇਲੇ ਬਣਾਇਆ ਜਾਂਦਾ ਹੈ ਜਦ ਉਸ 'ਤੇ ਪੂਰਾ ਭਰੋਸਾ ਹੋਵੇ। ਮੋਦੀ ਸਾਹਿਬ ਤਾਂ ਦੇਸ਼ ਦੇ ਚੌਂਕੀਦਾਰ ਹਨ। ਇਸ ਚੌਂਕੀਦਾਰ ਦੇ ਹੁੰਦਿਆਂ ਵੱਡੇ ਘਰਾਣਿਆਂ ਨੇ ਤਾਂ ਲੁੱਟ ਮਚਾ ਰੱਖੀ ਹੈ, ਲੋਕ ਸਦਮੇਂ ਦੀ ਹਾਲਤ ਵਿਚ ਹਨ ਤੇ ਚੌਂਕੀਦਾਰ ਚੁੱਪ ਹੈ, ਬੋਲ ਹੀ ਨਹੀਂ ਰਿਹਾ।

ਮੌਕਾ ਹੈ ਕਿ ਜਨਤਕ ਖੇਤਰ ਦੀਆਂ ਬੈਂਕਾਂ ਦੀ ਸਲਾਮਤੀ ਲਈ ਇਕ ਜ਼ੋਰਦਾਰ ਅੰਦੋਲਨ ਖੜ੍ਹਾ ਕੀਤਾ ਜਾਵੇ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਵੀ 2000 ਵਿਚ ਜਨਤਕ ਖੇਤਰ ਦੀਆਂ ਬੈਂਕਾਂ ਦੇ ਨਿੱਜੀਕਰਨ ਦੀ ਕੋਸ਼ਿਸ਼ ਕੀਤੀ ਸੀ। ਉਸਨੇ ਇਕ ਬਿੱਲ ਲਿਆ ਕਿ ਇਨ੍ਹਾਂ ਬੈਂਕਾਂ ਵਿਚ ਸਰਕਾਰ ਦਾ ਹਿੱਸਾ 51 ਫੀਸਦੀ ਤੋਂ ਘਟਾ ਕੇ 33 ਫੀਸਦੀ ਕਰਨ ਦੀ ਕੋਸ਼ਿਸ਼ ਕੀਤੀ ਪਰ ਬੈਂਕ ਮੁਲਾਜਮਾਂ ਦੀਆਂ ਯੂਨੀਅਨਾਂ ਵਲੋਂ ਕੀਤੀਆਂ ਨਿਰੰਤਰ ਹੜਤਾਲਾਂ ਨੇ ਇਸ ਬਿੱਲ ਦਾ ਰਾਹ ਰੋਕਿਆ ਸੀ।

## ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ

ਮਲਵਿੰਦਰਜੀਤ ਸਿੰਘ ਵੜੈਚ

*ਸਾਲ 2013 ਵਿਚ ਜਦੋਂ ਦੁਨੀਆ ਭਰ ਵਿਚ ਗ਼ਦਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਐਡਮਿੰਟਨ ਵਿਚ ਕੰਮ ਕਰਦੀ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਵਲੋਂ ਜਿਥੇ ਇਕੋ ਸਾਲ ਵਿਚ ਐਡਮਿੰਟਨ ਵਿਚ ਗ਼ਦਰ ਸ਼ਤਾਬਦੀ ਨਾਲ ਸਬੰਧਤ ਛੇ ਵੱਡੇ ਸਮਾਗਮ ਰਚਾਏ ਗਏ ਉਥੇ ਇਸੇ ਸਾਲ ਗ਼ਦਰ ਲਹਿਰ ਨੂੰ ਸਮਰਪਤ ਇਕ ਕਿਤਾਬ The Ghadar Movement And India's Anti-Imperialist Struggle ਵੀ ਛਾਪੀ ਗਈ। ਡਾ. ਪ੍ਰਿਥਵੀ ਰਾਜ ਕਾਲੀਆ ਦੀ ਸੰਪਾਦਨਾ ਵਿਚ ਛਪੀ ਇਸ ਕਿਤਾਬ ਵਿਚ 18 ਵਿਦਵਾਨਾਂ ਦੇ ਗ਼ਦਰ ਲਹਿਰ ਬਾਰੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ। ਬਾਅਦ ਵਿਚ ਕਿਤਾਬ ਦਾ ਪੰਜਾਬੀ ਐਡੀਸ਼ਨ ਵੀ ਛਾਪਿਆ ਗਿਆ। ਇਸ ਪੰਜਾਬੀ ਐਡੀਸ਼ਨ ਬਾਰੇ ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ ਲਿਖਦੇ ਹਨ, "ਅੱਜ ਜਦੋਂ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦਸ਼ ਉਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸਕੀਰਣ ਢੰਗ ਨਾਲ ਪ੍ਰਭਾਸ਼ਿਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮ ਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜ੍ਹੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸ ਦਾ ਦੇਸ਼ ਭਗਤੀ ਨਾਲ ਕਦੇ ਕੋਈ ਸੰਬਧ ਨਹੀਂ ਰਿਹਾ, ਇਕ ਵਿਆਪਕ ਸਾਜ਼ਸ਼ੀ ਮੁਹਿਮ ਤਹਿਤ ਆਪਣੇ ਤੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਆਪਣੇ ਫਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ ਗ਼ਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ ਭਗਤਾਂ ਦੀ ਲਹਿਰ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ ਗ਼ਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਅਤੇ ਉਸ ਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ ਫ਼ਰਜ਼ ਹੈ...*

*.... ਸਾਨੂੰ ਉਮੀਦ ਹੈ ਕਿ ਗ਼ਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾਂ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਦੀ ਇਸ ਲੜਾਈ ਵਿਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗੀ ਜੋ ਸਾਡੇ ਦੇਸ਼ ਦੀ ਸਮਾਜਕ ਏਕਤਾ ਨੂੰ ਤਹਿਸ-ਨਹਿਸ ਕਰਨ ਤੇ ਅਗਾਂਹਵਧੂ ਵਿਚਾਰਾਂ ਨੂੰ ਕੁਚਲ ਕੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।"*

*ਅਦਾਰਾ 'ਨਵੀਂ ਦੁਨੀਆ' 'ਗ਼ਦਰ ਲਹਿਰ- ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ' ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਅਤੇ ਖੋਜ ਭਰਪੂਰ ਲੇਖਾਂ ਨੂੰ ਲੜੀਵਾਰ ਆਪਣਾ ਪਾਠਕਾਂ ਦੀ ਨਜ਼ਰ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।*

# ਇਕ ਹੋਰ ਗ਼ਦਰ

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

### "ਮੁੱਲ" ਜੋ ਤਾਰਨਾ ਪਿਆ

ਹਕੂਮਤੀ ਮਸ਼ੀਨਰੀ "ਬੁਰਾਈ ਨੂੰ ਜੰਮਦਿਆਂ ਮਾਰ ਦੇਣ" ਤੋਂ ਬਾਅਦ ਬਹੁਤ ਤੇਜ਼ੀ ਨਾਲ ਹਰਕਤ ਵਿਚ ਆ ਗਈ। ਪੰਜਾਬ ਦੇ ਗਵਰਨਰ, ਸਰ ਮਾਈਕਲ ਓਡਵਾਇਰ (ਜਿਹੜਾ ਬਾਅਦ ਵਿਚ 1919 ਦੇ ਜੱਲ੍ਹਿਆਂ ਵਾਲੇ ਬਾਗ਼ ਸਾਕੇ ਕਾਰਨ ਬਦਨਾਮ ਹੋਇਆ ਤੇ ਜਿਸ ਦੀ 1940 ਵਿਚ ਸ਼ਹੀਦ ਊਧਮ ਸਿਘ ਨੇ ਅਲਖ ਮੁਕਾਈ) ਨੇ ਬਰਤਾਨਵੀ ਸੰਸਦ ਦੇ ਇਕ ਚੀਫ਼ ਅਤੇ ਦੋ ਵਿਸ਼ੇਸ਼ ਕਮਿਸ਼ਨਰਾਂ (ਜੱਜ ਨਹੀਂ) ਉੱਤੇ ਅ ਧਾਰਤ ਇਕ ਟ੍ਰਿਬਿਊਨਲ, ਜਿਸ ਨੂੰ ਕਾਰਜ ਪ੍ਰਨਾਲੀ ਦੇ ਅਤੇ ਬੇਰੋਕ-ਟੋਕ ਬੇਥਾਹ ਅਧਿਕਾਰ ਦਿੱਤੇ ਗਏ ਸਨ (ਨਾ ਵਕੀਲ, ਨਾ ਦਲੀਲ, ਨਾ ਅਪੀਲ), ਬਣਾਉਣ ਦੇ ਨੋਟੀਫ਼ੀਕੇਸ਼ਨ ਦਾ ਖ਼ੂਬ ਫ਼ਾਇਦਾ ਉਠਾਇਆ।

ਓ) ਲਾਹੌਰ ਸਾਜ਼ਿਸ਼ ਮੁਕੱਦਮਾ ਟ੍ਰਿਬਿਊਨਲ ਨੂੰ ਦਿੱਤੇ ਗਏ ਅਧਿਕਾਰਾਂ ਦੇ ਇਸ 'ਬਲੈਂਕ ਚੈੱਕ' ਅਤੇ ਨਾਲ ਹੀ ਬੁਰੀ ਤਰ੍ਹਾਂ ਨਾਲ ਹਿੰਦੁਸਤਾਨੀ ਵਿਰੋਧੀ ਪੰਜਾਬ ਦੇ ਗਵਰਨਰ, ਦੋਵਾਂ ਦਾ ਰੱਜ ਕੇ ਇਸਤੇਮਾਲ ਕੀਤਾ ਗਿਆ। ਲਾਹੌਰ ਸਾਜ਼ਿਸ਼ ਮੁਕੱਦਮੇ ਦੇ 61 ਮੁਲਜ਼ਮਾਂ ਵਿਚੋਂ 24 ਨੂੰ ਸਜ਼ਾ-ਏ-ਮੌਤ, 27 ਦੀ ਜਾਇਦਾਦ ਜ਼ਬਤੀ ਅਤੇ ਕਾਲੇਪਾਣੀ ਉਮਰ ਕੈਦ, 6 ਨੂੰ ਘੱਟ ਸਜ਼ਾ ਦਿੱਤੀ ਗਈ ਅਤੇ ਸਿਰਫ਼ ਚਾਰ ਜਣੇ ਹੀ ਬਰੀ ਕੀਤੇ ਗਏ।

ਮੁਲਜ਼ਮਾਂ ਸਬੰਧੀ ਜੋ ਫ਼ੈਸਲੇ ਸੁਣਾਏ ਗਏ ਉਨ੍ਹਾਂ ਦੀ ਲਾਪ੍ਰਵਾਹੀ ਵਾਲੀ ਸ਼ਬਦਾਵਲੀ ਤਕਰੀਬਨ ਸੰਕੇਤਕ ਸੀ, ਜੇ ਕਿਸੇ ਅਪੀਲ ਅਦਾਲਤ ਵਿਚ ਉਨ੍ਹਾਂ ਉੱਤੇ ਜਿਰਾਹ ਹੁੰਦੀ ਤਾਂ (ਸੰਭਵ ਹੈ ਕਿ) ਉਸ ਅੱਗੇ ਉਨ੍ਹਾਂ ਨੇ ਨਹੀਂ ਸੀ ਠਹਿਰਨਾ। ਜਿਹਾ ਕਿ ਹੋਣਾ ਹੀ ਸੀ, ਇਕੋ ਸੱਟੇ 24 ਜਣਿਆਂ ਨੂੰ ਸਜ਼ਾ-ਏ-ਮੌਤ ਸੁਣਾਏ ਜਾਣ ਉੱਤੇ ਹਿੰਦੁਸਤਾਨ ਦੇ ਸਭ ਤੋਂ ਉੱਪਰਲੇ ਅਧਿਕਾਰੀਆਂ ਦਾ, ਯਾਨੀ, ਗਵਰਨਰ ਜਨਰਲ ਦਾ ਧਿਆਨ ਖਿੱਚਿਆ ਗਿਆ। ਜਿੱਥੋਂ ਤਕ ਕਾਨੂੰਨੀ ਕਾਰਵਾਈ ਦਾ ਸਵਾਲ ਹੈ ਪੰਜਾਬ ਗਵਰਨਰ ਨੇ ਕਾਨੂੰਨੀ ਅਧਿਕਾਰੀ ਹੋਣ ਦੇ ਨਾਤੇ, ਇਸ ਫ਼ੈਸਲੇ ਉੱਤੇ "ਕਾਨੂੰਨੀ ਮੋਹਰ" ਲਗਾ ਦਿੱਤੀ। ਬੇਸ਼ਕ ਕਿ ਰਹਿਮ ਦੀ ਅਪੀਲ ਵਾਸਤੇ ਵੀ ਗੁੰਜਾਇਸ਼ ਮੌਜੂਦ ਸੀ ਜਿਸ ਦਾ 24 ਜਣਿਆਂ ਵਿੱਚੋਂ ਇਕ ਜਾਂ ਦੋ ਨੇ ਇਸਤੇਮਾਲ ਕੀਤਾ। ਸੋ ਕਾਨੂੰਨੀ ਸੋਚ ਦੀ ਬਜਾਏ ਵਿਹਾਰਕ ਤਰੀਕੇ ਅਨੁਸਾਰ ਮਾਮਲਾ ਗਵਰਨਰ ਜਨਰਲ ਦੀ ਕੌਂਸਲ ਦੇ ਸਪੁਰਦ ਹੋਇਆ।



**ਗ਼ਦਰ ਪਾਰਟੀ (ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ ਵਜੋਂ) ਦਾ ਆਗਾਜ਼ 4 ਜੂਨ 1913 ਨੂੰ ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ ਵਿਖੇ ਲਾਲਾ ਹਰਦਿਆਲ ਦੀ ਜਨਤਕ ਤਕਰੀਰ ਨਾਲ ਕੀਤਾ ਗਿਆ ਸੀ।**

ਫ਼ੈਸਲਾ 13.9.1915 ਨੂੰ ਸੁਣਾਇਆ ਗਿਆ ਸੀ। ਇਹ ਕੈਦੀ "ਫਾਂਸੀ ਕੋਠੀਆਂ" ਵਿਚ ਕੈਦ ਕਰ ਦਿੱਤੇ ਗਏ ਸਨ। ਇਸ ਵਕਤ ਦੌਰਾਨ ਉਨ੍ਹਾਂ ਦੀ ਫਾਂਸੀ ਦੀ ਤਰੀਕ 5.10.15 ਤੈਅ ਕੀਤੀ ਗਈ। ਉਨ੍ਹਾਂ ਦੇ ਆਪਣੀ "ਆਖ਼ਰੀ ਰਾਤ" ਇਕ ਦੂਜੇ ਨੂੰ ਆਪੋ ਆਪਣੀ ਕੋਠੀ ਵਿੱਚੋਂ ਵਧਾਈਆਂ ਦੇਣ ਤੇ ਦੁਆ ਸਲਾਮ ਕਰਨ ਵਿਚ ਗੁਜ਼ਾਰੀ ਅਤੇ ਉੱਚੀ ਆਵਾਜ਼ ਵਿਚ ਕਵਿਤਾਵਾਂ ਗਾ ਕੇ ਆਜ਼ਾਦੀ ਦੀ ਵੇਦੀ ਉੱਪਰ ਆਪਣੇ ਆਪ ਨੂੰ ਕੁਰਬਾਨ ਕਰ ਦੇਣ ਦੇ ਅਕੀਦੇ ਦੀ ਤਸਦੀਕ ਕੀਤੀ। 5 ਅਕਤੂਬਰ ਸਵੇਰੇ-ਸਵੇਰੇ ਜਦ ਉਹ ਵਾਰਡਨ ਦੀ ਆਖ਼ਰੀ ਦਸਤਕ ਦੀ ਇੰਤਜ਼ਾਰ ਕਰ ਰਹੇ ਸਨ ਤਾਂ ਕਿ ਉਹ "ਆਖ਼ਰੀ ਇਸ਼ਨਾਨ" ਵਾਸਤੇ ਪਾਣੀ ਦੀ ਭਰੀ ਬਾਲਟੀ ਲੈ ਕੇ ਆਵੇ, ਉਸ ਵਕਤ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਫਾਂਸੀ ਮੁਲਤਵੀ ਕਰ ਦਿੱਤੀ ਗਈ ਹੈ। ਬਾਬਾ ਸੋਹਣ ਸਿੰਘ ਭਕਨਾ ਨੇ ਆਪਣੀ ਸਵੈਜੀਵਨੀ "ਜੀਵਨ ਸੰਗਰਾਮ" ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਗਵਰਨਰ ਜਨਰਲ ਨੇ ਐਸਾ ਕਿਉਂ ਕੀਤਾ, ਉਹ ਖ਼ੁਦ ਵੀ ਇਨ੍ਹਾਂ 24 ਵਿਚੋਂ ਇਕ ਸਨ। "ਫਿਰ ਪਤਾ ਲੱਗਾ ਕਿ ਸ੍ਰੀ ਰਘੁਨਾਥ ਸਹਾਏ ਤੇ ਕੁਝ ਹੋਰ ਦੇਸ਼ ਭਗਤ ਵਕੀਲਾਂ ਨੇ ਇਸ ਮੁਕੱਦਮੇ ਦਾ ਡਰਾਮਾ ਅੱਖੀਂ ਵੇਖਿਆ ਸੀ। ਉਹਨਾਂ ਨੇ ਇੱਕ ਕਮੇਟੀ ਬਣਾਈ, ਜਿਸ ਨੇ ਇਸ ਮੁਕੱਦਮੇ ਦੇ ਕਾਗਜ਼ ਅਲਾਹਾਬਾਦ ਪੰਡਿਤ ਮੋਤੀ ਲਾਲ ਨਹਿਰੂ ਅੱਗੇ ਪੇਸ਼ ਕੀਤੇ। ਕਾਗਜ਼ਾਂ ਦੀ ਪੜਤਾਲ ਕਰਕੇ ਉਹ ਕਹਿਣ ਲੱਗੇ ਕਿ 24 ਵਿੱਚੋਂ 17 ਅਜਿਹਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ, ਜਿਹੜੇ ਹਿੰਦੁਸਤਾਨ ਦੀ ਜ਼ਮੀਨ ਉੱਤੇ ਉਤਰੇ ਹੀ ਨਹੀਂ ਤੇ ਜਹਾਜ਼ਾਂ ਤੋਂ ਹੀ ਫੜੇ ਗਏ ਹਨ। ਇਹ ਕਾਨੂੰਨੀ ਕਮਜ਼ੋਰੀ ਹੈ। ਵਕੀਲਾਂ ਦਾ ਡੈਪੂਟੇਸ਼ਨ ਵਾਇਸਰਾਏ ਦੀ ਕੌਂਸਲ ਦੇ ਨਾਮਜ਼ਦ ਮੈਂਬਰਾਂ - ਸਰ ਹਰਨਾਮ ਸਿੰਘ ਕਪੂਰਥਲਾ, ਸ੍ਰੀ ਮਦਨ ਮੋਹਨ ਮਾਲਵੀਆ ਤੇ ਸਰ ਅਲੀ ਇਮਾਮ ਮਦਰਾਸ ਨੂੰ ਮਿਲਿਆ। ਕੇਸ ਸਮਝਾਇਆ ਅਤੇ ਕਾਨੂੰਨੀ ਨੁਕਤੇ ਨਾਲ ਉਹਨਾਂ ਨੂੰ ਸਹਿਮਤ ਕਰ ਲਿਆ। ਫੇਰ ਇਹ ਡੈਪੂਟੇਸ਼ਨ ਲਾਰਡ ਹਾਰਡਿੰਗ ਨੂੰ ਮਿਲਿਆ ਤੇ ਉਸ ਨੇ ਉਸ ਕਾਨੂੰਨੀ ਕਮਜ਼ੋਰੀ ਦੀ ਬਿਨਾ ਤੇ ਉਹਨਾਂ 17 ਆਦਮੀਆਂ ਦੀ ਮੌਤ ਦੀ ਸਜ਼ਾ ਤੋੜ ਦਿੱਤੀ।"

ਜਦ ਮੁਕੱਦਮੇ ਦੇ ਸਬੂਤਾਂ ਨੂੰ ਕਾਨੂੰਨ ਜ਼ਾਵੀਏ ਤੋਂ ਵਿਚਾਰਿਆ ਗਿਆ ਤਾਂ ਐਸੇ ਖੱਪੇ ਸਾਹਮਣੇ ਆਏ ਜਿਨ੍ਹਾਂ ਨੂੰ ਅੱਖੋਂ ਪਰੋਖੇ ਕਰਨਾ ਮੁਸ਼ਕਲ ਸੀ। ਟ੍ਰਿਬਿਊਨਲ ਤਾਂ ਇਸ ਸਿੱਧੀ ਸਾਦੀ ਧਾਰਨਾ ਉੱਤੇ ਚੱਲ ਰਿਹਾ ਸੀ ਕਿ ਸਾਰੇ ਸਾਜ਼ਿਸ਼ੀਆਂ (ਮੁਜਰਮਾਂ) ਦੇ "ਜੁਲਾਈ-ਅਗਸਤ 1914 ਤਕ ਕੀਤੇ ਕੰਮ ਜੰਗ ਛੇੜਨ ਦੀ ਸਾਜ਼ਿਸ਼ ਦੇ ਕਾਰੇ ਸਨ, ਤੇ ਪਿੱਛੋਂ ਜਦੋਂ ਜੰਗ ਲੱਗ ਗਈ ਤਾਂ ਇਸ ਜੰਗ ਨੂੰ ਅਗਾਂਹ ਵਧਾਉਣ ਵਾਲੇ ਅਤੇ ਐਸੀ ਜੰਗ ਨੂੰ ਉਕਸਾਉਣ ਵਾਲੇ ਕੰਮ ਸਨ।"

ਤਾਜ਼ੀਰਾਤ-ਏ-ਹਿੰਦ (IPC) ਮੁਤਾਬਕ ਸਾਜ਼ਿਸ਼ ਕਰਨ ਦੇ ਇਲਜ਼ਾਮਾਂ ਦੀ ਸਜ਼ਾ ਉਮਰ ਕੈਦ ਹੈ ਜਦੋਂਕਿ ਜੰਗ ਲੜਨ ਦੀ ਸਜ਼ਾ ਸਜ਼ਾ-ਏ-ਮੌਤ ਵੀ ਹੋ ਸਕਦੀ ਹੈ। ਟ੍ਰਿਬਿਊਨਲ ਨੇ 4.8.1915 ਦੇ "ਐਲਾਨ-ਏ-ਜੰਗ" ਨੂੰ ਜੰਗ ਸ਼ੁਰੂ ਕਰਨ ਦੇ ਪ੍ਰਤੱਖ ਠੋਸ ਸਬੂਤ ਵਜੋਂ ਲਿਆ ਕਿਉਂਕਿ ਸਾਜ਼ਿਸ਼ੀਆਂ ਦੇ ਇਸ ਪਿੱਛੋਂ ਹੋਣ ਵਾਲੇ ਸਾਰੇ ਮੁਜਰਮਾਨਾ ਕੰਮ ਇਸ ਸਿੱਧਮ-ਸਿੱਧੀ ਹਠਧਰਮੀ ਕਾਰਨ ਆਪਣੇ ਆਪ ਹੀ ਇਨ੍ਹਾਂ ਕੰਮਾਂ ਨੂੰ ਜੰਗ ਦੇ ਜ਼ੁਮਰੇ ਵਿਚ ਲੈ ਗਏ। ਸੋਹਣ ਸਿੰਘ ਭਕਨਾ ਵਰਗੇ "ਕੇਂਦਰੀ ਸਾਜ਼ਿਸ਼ੀਆਂ ਅਤੇ ਜੰਗਬਾਜ਼ਾਂ" ਦੇ ਫਾਂਸੀ ਤੋਂ ਬਚ ਜਾਣ ਕਾਰਨ ਸਰ ਮਾਈਕਲ ਓਡਵਾਇਰ ਵਰਗੇ ਆਦਮੀ ਨੂੰ ਨਿਰਾਸ਼ਾ ਹੋਈ। ਜਦੋਂਕਿ ਤਿੰਨ ਗਿੱਲਵਾਲੀਏ (ਅੰਮ੍ਰਿਤਸਰ) ਸਥਾਨਕ ਮਦਦਗਾਰ - ਸਰਦਾਰ ਬਖ਼ਸ਼ੀਸ਼ ਸਿੰਘ, ਸਰਦਾਰ ਸੁਰੈਣ ਸਿੰਘ ਪੁੱਤਰ ਸਰਦਾਰ ਬੂੜ ਸਿੰਘ ਅਤੇ ਸਰਦਾਰ ਸੁਰੈਣ ਸਿੰਘ ਪੁੱਤਰ ਸਰਦਾਰ ਈਸ਼ਰ ਸਿੰਘ - ਚਾਰ ਮੁੱਖ ਇਨਕਲਾਬੀ ਆਗੂਆਂ (ਸਰਦਾਰ ਕਰਤਾਰ ਸਿੰਘ ਸਰਾਭਾ, ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ, ਸਰਦਾਰ ਹਰਨਾਮ ਸਿੰਘ (ਸਿਆਲਕੋਟ) ਅਤੇ ਸਰਦਾਰ ਜਗਤ ਸਿੰਘ (ਸੁਰ ਸਿੰਘ) ਸਮੇਤ ਫਾਂਸੀ ਚੜ੍ਹਾ ਦਿੱਤੇ ਗਏ। ਸਜ਼ਾਵਾਂ ਸੁਣਾਏ ਜਾਣ ਤੋਂ ਬਾਅਦ ਦੀਆਂ ਘਟਨਾਵਾਂ ਤੋਂ ਟ੍ਰਿਬਿਊਨਲ ਨੇ 'ਠੀਕ ਹੀ' ਸਬਕ ਸਿੱਖੇ। ਜਦੋਂ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਸਜ਼ਾਵਾਂ ਸੁਣਾਈਆਂ ਗਈਆਂ ਤਾਂ ਫ਼ਰਕ ਹਰ ਕਿਸੇ ਨੂੰ ਸਾਫ਼ ਨਜ਼ਰ ਆਇਆ।

### ਅ) ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਮੁਕੱਦਮਾ

ਇਸ ਤਹਿਤ ਦਿੱਤੀਆਂ ਗਈਆਂ ਸਜ਼ਾਵਾਂ ਦਾ ਰੁਝਾਨ ਕੁਲ-ਮਿਲਾਕੇ ਮੁਕਾਬਲਤਨ ਨਰਮ ਸਜ਼ਾਵਾਂ ਵਾਲਾ ਸੀ, ਇਹ ਵੱਡਾ ਫ਼ਰਕ ਸ਼ਾਇਦ ਇਸ ਕਾਰਨ ਸੀ ਕਿ ਲਹਿਰ ਦੇ ਬਹੁਤ ਸਾਰੇ ਉੱਭਰਵੇਂ ਆਗੂਆਂ ਨਾਲ ਪਹਿਲੇ ਮੁਕੱਦਮੇ ਦੌਰਾਨ ਹੀ ਨਜਿੱਠਿਆ ਜਾ ਚੁੱਕਾ ਸੀ। ਜਿਨ੍ਹਾਂ 74 ਜਣਿਆਂ ਉੱਤੇ ਮੁਕੱਦਮਾ ਚੱਲਿਆ ਉਨ੍ਹਾਂ ਵਿੱਚੋਂ ਪੰਜਾਂ (ਅਸਲ ਵਿਚ ਚਾਰਾਂ) ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ, 18 ਨੂੰ ਕਾਲੇਪਾਣੀ ਉਮਰ ਕੈਦ ਦੀ ਸਜ਼ਾ ਹੋਈ, ਕੋਈ 36 ਜਣਿਆਂ ਨੂੰ ਨਰਮ ਸਜ਼ਾਵਾਂ ਦਿੱਤੀਆਂ ਗਈਆਂ ਜਦੋਂਕਿ ਬਰੀ ਹੋਣ ਵਾਲਿਆਂ ਦੀ ਤਾਦਾਦ 15 ਸੀ। ਬਾਅਦ ਵਿਚ, ਸਪਲੀਮੈਂਟਰੀ ਮਾਮਲਿਆਂ ਦੀ ਲੜੀ ਚਾਰ ਤਕ ਚੱਲੀ। ਇਹ ਮੁਕੱਦਮੇ ਉਨ੍ਹਾਂ ਉੱਤੇ ਚਲਾਏ ਗਏ ਜਿਹੜੇ ਬਾਅਦ ਵਿਚ ਗ੍ਰਿਫ਼ਤਾਰ ਹੋਏ (ਉਹ 'ਫ਼ਰਾਰ' ਰਹੇ ਸਨ)। ਇਸ ਤੋਂ ਛੁੱਟ, ਇਸ ਤਰ੍ਹਾਂ ਦੇ ਮੁਕੱਦਮਿਆਂ ਦਾ ਇਕ ਪੂਰਾ ਸਿਲਸਿਲਾ ਚੱਲਿਆ ਜਿਵੇਂ ਕਿ ਮੰਡੀ (ਹਿਮਾਚਲ ਪ੍ਰਦੇਸ) ਸਾਜ਼ਿਸ਼ ਮਾਮਲਾ, ਬਰਮਾ ਸਾਜ਼ਿਸ਼ ਮਾਮਲਾ (ਪਹਿਲਾ ਤੇ ਦੂਜਾ), ਬਨਾਰਸ ਸਾਜ਼ਿਸ਼ ਮਾਮਲਾ ਪਹਿਲਾ ਅਤੇ ਦੂਜਾ, ਫ਼ਿਰੋਜ਼ਪੁਰ ਕਤਲ ਮਾਮਲਾ, ਅਨਾਰਕਲੀ ਭਵਨ ਮਾਮਲਾ, ਜਗਤਪੁਰ ਕਤਲ ਮਾਮਲਾ, ਨੰਗਲ ਕਲਾਂ ਕਤਲ ਮਾਮਲਾ, ਪੱਧਰੀ ਕਤਲ ਮਾਮਲਾ, ਵੱਲਾ ਪੁਲਹਮਲੇ ਦਾ ਮਾਮਲਾ ਅਤੇ ਅਮਰੀਕਾ ਦੇ ਸ਼ਿਕਾਗੋ ਸਾਜ਼ਿਸ਼ ਤੇ ਸਾਨ ਫਰਾਂਸਿਸਕੋ ਸਾਜ਼ਿਸ਼ ਮਾਮਲੇ।

### ੲ) ਕੋਰਟ ਮਾਰਸ਼ਲ

ਐਪਰ ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਗ਼ਦਰੀਆਂ ਦੇ ਸੱਦੇ ਉੱਪਰ ਜਿਨ੍ਹਾਂ ਫ਼ੌਜੀਆਂ ਨੇ ਬਗ਼ਾਵਤ ਕੀਤੀ ਉਨ੍ਹਾਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਦੀ ਹੱਦ ਅਤੇ ਆਕਾਰ ਇਸ ਤਰ੍ਹਾਂ ਸੀ, ਇਕਤਾਲੀ ਜਣਿਆਂ ਨੂੰ ਸਿੰਗਾਪੁਰ ਵਿਚ ਸ਼ਰੇਆਮ ਗੋਲੀ ਮਾਰ ਦਿੱਤੀ ਗਈ ਅਤੇ ਤਿੰਨ ਨੂੰ ਫਾਂਸੀ ਦਿੱਤੀ ਗਈ, ਬਾਰਾਂ ਜਣੇ ਅੰਬਾਲਾ ਵਿਚ ਫਾਂਸੀ ਲਾਏ ਗਏ ਜਦੋਂਕਿ ਸੈਂਕੜਿਆਂ ਨੂੰ ਅੰਡੇਮਾਨ ਵਿਚ ਉਮਰ ਭਰ ਲਈ ਜਲਾਵਤਨ ਕਰ ਦਿੱਤਾ ਗਿਆ। ਇਸ ਲੇਖਕ ਨੇ ਹੁਣੇ ਜਿਹੇ ਇਕ ਕਿਤਾਬ "ਸੋਲਜਰਜ਼ ਇਨ ਰਿਵੋਲਟ" ਲਿਖੀ ਹੈ ਜਿਸ ਵਿਚ ਬਰਤਾਨਵੀ ਹਿੰਦੁਸਤਾਨੀ ਫ਼ੌਜ ਵਿਚ ਹੋਈਆਂ ਵੱਖ-ਵੱਖ ਬਗ਼ਾਵਤਾਂ ਬਾਰੇ ਲਿਖਿਆ ਗਿਆ ਹੈ।14 ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਗ਼ਦਰ ਕਰਨ ਲਈ ਹਿੰਦੁਸਤਾਨ ਵੱਲ ਪਰਤਦੇ ਹੋਏ ਗ਼ਦਰੀ ਰਸਤੇ ਵਿਚ ਬੰਦਰਗਾਹਾਂ ਉੱਪਰ ਰੁਕਦੇ ਰਹੇ ਅਤੇ ਉਹ ਉਥੇ ਤਾਇਨਾਤ ਹਿੰਦੁਸਤਾਨੀ ਫ਼ੌਜੀਆਂ ਨੂੰ ਲਹਿਰ ਵਿਚ ਸ਼ਾਮਲ ਹੋਣ ਲਈ ਮਨਾਉਣ ਵਾਸਤੇ ਸ਼ਰੇਆਮ ਮਿਲਦੇ ਰਹੇ।

**(ਬਾਕੀ ਅਗਲੇ ਅੰਕ 'ਚ)**

# ਹਰਭਜਨ ਸਿੰਘ ਹੁੰਦਲ



ਹਰਭਜਨ ਸਿੰਘ ਹੁੰਦਲ (ਜਨਮ 1934) ਦਾ ਜਨਮ ਲਾਇਲਪੁਰ (ਪਾਕਿਸਤਾਨ) ਵਿਚ ਹੋਇਆ। ਉਹ ਪੰਜਾਬੀ ਦੇ ਪ੍ਰਤਿਬੱਧ ਕਵੀ ਬਹੁ-ਪੱਖੀ ਲੇਖਕ ਹਨ। ਉਹ ਮਾਰਕਸਵਾਦ ਨੂੰ ਕਵਿਤਾ ਰਾਹੀਂ ਆਪਣੇ ਸੰਘਰਸ਼ ਦਾ ਰਹਿਨੁਮਾ ਦਰਸ਼ਨ ਮੰਨਦੇ ਹਨ। ਇਸ ਲਈ ਉਹ ਆਪਣੇ ਕਾਵਿ ਨੂੰ ਲੋਕ ਮੁਕਤੀ ਦਾ ਸਾਧਨ ਮੰਨਦੇ ਹਨ। ਉਨ੍ਹਾਂ ਨੇ ਕਾਵਿ ਰਚਨਾ, ਰੇਖਾ ਚਿੱਤਰ, ਸਵੈਜੀਵਨੀ ਦੇ ਨਾਲ-ਨਾਲ ਵਿਸ਼ਵ ਕਵਿਤਾ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ ਹੈ। 1992 ਤੋਂ ਉਹ ਤ੍ਰੈਮਾਸਿਕ ਰਸਾਲੇ 'ਚਿਰਾਗ਼' ਦਾ ਸੰਪਾਦਨ ਕਰ ਰਹੇ ਹਨ। ਉਨ੍ਹਾਂ ਦੀਆਂ ਰਚਨਾਵਾਂ ਹਨ; ਕਾਵਿ ਰਚਨਾਵਾਂ: ਮਾਰਗ (1965) , ਅਸਲ ਗੱਲ (1974), ਕਾਲੇ ਦਿਨ (1978), ਜੇਲ੍ਹ ਅੰਦਰ ਜੇਲ੍ਹ (1982), ਚਾਨਣ ਦਾ ਸਰਨਾਵਾਂ (1986), ਅੱਗ ਦਾ ਬੂਟਾ (1986), ਸਤਲੁਜ ਦਾ ਸਰਨਾਵਾਂ (1993), ਜੰਗਨਾਮਾ ਪੰਜਾਬ (1994), ਰੰਗ ਆਪੋ ਆਪਣਾ (2000), ਮੇਰੇ ਸਮਕਾਲੀ ਕਵੀ (2002 ), ਕਵਿਤਾ ਦੀ ਤਲਾਸ਼ (2003), ਕਵੀਆਂ ਦੇ ਅੰਗ ਸੰਗ (2004), ਸੰਨ ਸੰਤਾਲੀ ਦੇ ਦਿਨ (2007), ਨਜ਼ਰਬੰਦੀ ਦੇ ਦਿਨ (2007), ਕਵਿਤਾ ਦੇ ਰੂ-ਬਰੂ (2007), ਮੇਰੀ ਗ਼ਜ਼ਲ (2010), ਸਿਤਾਰਿਆਂ ਦੀ ਸੱਥ (2011)।

## ਹਰਭਜਨ ਸਿੰਘ ਹੁੰਦਲ ਦੀਆਂ ਕੁਝ ਰਚਨਾਵਾਂ

### ਸਾਨੂੰ ਸਰਘੀ ਦੀ ਜਾਣ ਕੇ ਤਰੀਕ ਪੁੱਛਦੀ

ਸਾਨੂੰ ਸਰਘੀ ਦੀ ਜਾਣ ਕੇ ਤਰੀਕ ਪੁੱਛਦੀ
ਗੱਲ ਤੂੰ ਵੀ ਬੜੀ ਗੋਰੀਏ ਬਰੀਕ ਪੁੱਛਦੀ

ਅਸੀਂ ਮੰਨਿਆਂ ਹਨੇਰਿਆਂ ਮਧੋਲ ਸੁਟਿਆ
ਪਰ ਰੌਸ਼ਨੀ ਦੇ ਨਾਲੋਂ ਨਾ ਸਬੰਧ ਟੁੱਟਿਆ
ਅੜੀ ਸੰਘ 'ਚ ਨਿਦੋਸ਼ਿਆਂ ਦੀ ਚੀਕ ਪੁੱਛਦੀ...

ਅਸੀਂ ਕੀਤੀਆਂ ਨਾ ਕਦੇ ਵੀ ਭਵਿੱਖ ਬਾਣੀਆਂ
ਪਰ ਸਮੇਂ ਦੀਆਂ ਨਬਜ਼ਾਂ ਜ਼ਰੂਰ ਜਾਣੀਆਂ
ਸਾਨੂੰ ਵਾਰ ਵਾਰ ਨੈਣਾਂ ਦੀ ਉਡੀਕ ਪੁੱਛਦੀ...

ਗੱਲਾਂ ਕਰਦੇ ਹਾਂ ਸੱਚੀਆਂ ਨਿਰੋਲ ਕੋਰੀਆਂ
ਅਸੀਂ ਡੋਲਦੇ ਨਾ, ਭਾਵੇਂ ਕੱਟ ਦੇਣ ਪੋਰੀਆਂ
ਸਾਡੇ ਹੌਂਸਲੇ ਅਡੋਲ ਬਾਰੇ, ਠੀਕ ਪੁੱਛਦੀ...

ਅਸੀਂ ਆਸ ਤੇ ਉਮੀਦ ਦੇ ਹਾਂ ਰਾਹ ਚੱਲਦੇ
ਤਾਂ ਹੀ ਸਭ ਨਾਲੋਂ ਵੱਧ ਹਾਂ ਤਸੀਹੇ ਝੱਲਦੇ
ਗੱਲ ਲੋੜ ਨਾਲੋਂ ਲਗਦਾ ਵਧੀਕ ਪੁੱਛਦੀ

ਹਰ ਗੱਲ ਹਾਂ ਪਿਆਰ ਨਾਲ ਰਹੇ ਦੱਸਦੇ
ਕਦੇ ਤੇਰੇ ਤੇ ਵਿਅੰਗ ਦੇ ਨਾ ਤੀਰ ਕਸਦੇ
ਤੂੰ ਤੇ ਜਾਣ ਜਾਣ ਗੱਲ ਨੂੰ ਧਰੀਕ ਪੁੱਛਦੀ...

### ਸ਼ੁਰੂ ਤੋਂ ਅਹਿਦ ਕੀਤਾ ਸੀ ਕਿ ਸਭੇ ਨਾਲ ਰੱਖਾਂਗੇ

ਸ਼ੁਰੂ ਤੋਂ ਅਹਿਦ ਕੀਤਾ ਸੀ ਕਿ ਸਭੇ ਨਾਲ ਰੱਖਾਂਗੇ
ਹਨੇਰੀ, ਧੁੱਪ, ਛਾਂ ਅੰਦਰ, ਹਮੇਸ਼ਾਂ ਖਿਆਲ ਰੱਖਾਂਗੇ।

ਕਦੇ ਜੇ ਆਣ ਪਈ ਬਿਪਤਾ, ਇਕੱਠੇ ਸਹਾਂਗੇ ਸਿਰ 'ਤੇ
ਮਾੜੇ ਵੇਲਿਆਂ ਲਈ, ਹੋਸ਼ ਨੂੰ ਸੰਭਾਲ ਰੱਖਾਂਗੇ।

ਬੜੀ ਹੀ ਦੂਰ ਹੈ ਮੰਜ਼ਿਲ ਤੇ, ਰਸਤੇ ਬਹੁਤ ਨੇ ਬਿੱਖੜੇ
ਜਾਰੀ ਹੁਸਨ ਦੀ ਪਰ, ਆਪਣੀ ਇਹ ਭਾਲ ਰੱਖਾਂਗੇ।

ਹੋਇਆ ਕੁਫ਼ਰ ਹੈ ਆਕੀ, ਅਜੇ ਨਾ ਰੌਸ਼ਨੀ ਲੱਭੇ
ਅਸਾਂ ਪਰ ਕੌਲ ਕੀਤੇ ਸੀ, ਕਿ ਦੀਵੇ ਬਾਲ ਰੱਖਾਂਗੇ।

ਬੂਹੇ ਬਾਰੀਆਂ ਖੁੱਲੇ, ਤੇ ਆਵਣ ਪੌਣ ਦੇ ਬੁੱਲੇ
ਉਨ੍ਹਾਂ ਲਈ ਫੁੱਲ ਹੋਵਣਗੇ, ਕਬੂਤਰ ਪਾਲ ਰੱਖਾਂਗੇ।

ਮਿੱਤਰ ਸਾਥ ਦੇਵਣ ਤਾਂ, ਅਸਾਡੀ ਤੋਰ ਵਧੇਗੀ
ਤੁਰਦੇ, ਝੂਮਦੇ ਹੋਏ ਵੀ, ਪੈਰੀਂ ਤਾਲ ਰੱਖਾਂਗੇ।

ਅਸਾਡਾ ਦੋਸ਼ ਹੈ ਇਕੋ, ਅਸੀਂ ਖਾਮੋਸ਼ ਨਹੀਂ ਰਹਿੰਦੇ
ਸ਼ਬਦ ਦੀ ਓਟ ਹੁੰਦੀ ਹੈ, ਗ਼ਜ਼ਲ ਦੀ ਢਾਲ ਰੱਖਾਂਗੇ।

### ਜਾਦੂਗਰਾਂ ਸਾਨੂੰ ਚੱਕਰਾਂ 'ਚ ਪਾਈ ਰੱਖਿਆ

ਜਾਦੂਗਰਾਂ ਸਾਨੂੰ ਚੱਕਰਾਂ 'ਚ ਪਾਈ ਰੱਖਿਆ,
ਜੂਠੇ ਸ਼ਬਦਾਂ ਨੂੰ ਸੁੱਚੇ ਸੀ ਬਣਾਈ ਰੱਖਿਆ।

ਕਦੇ ਆਖਦੇ, 'ਸੁਲੱਖਣੀ' ਬਹਾਰ ਆਏਗੀ,
ਲੈ ਕੇ ਰੁੱਤ ਨਵੀਂ, ਸੁਪਨੇ ਹਜ਼ਾਰ ਆਏਗੀ।
ਗੱਲਾਂ ਕਰ ਕਰ ਦੁਬਿਧਾ 'ਚ ਪਾਈ ਰੱਖਿਆ।

ਕਦੇ ਕਹਿਣ ਵਿਹੜੇ-ਵਿਹੜੇ ਗੁਲਜ਼ਾਰ ਹੋਣਗੇ,
ਫੁੱਲ ਹੱਥਾਂ ਵਿਚ ਫੜੀ, ਦਿਲਦਾਰ ਹੋਣਗੇ,
ਟੂਣੇਹਾਰਾਂ ਦਿਨ ਰਾਤ ਭਰਮਾਈ ਰੱਖਿਆ।

ਕਦੇ ਦੱਸਿਆ ਕਿ ਤਾਰਿਆਂ ਦੇ ਥਾਲ ਆਉਣਗੇ,
ਸਾਡੇ ਦੁੱਖ ਸੁੱਖ ਵਿਚ ਹੋ ਭਿਆਲ ਆਉਣਗੇ,
ਵੰਡ ਲਾਰਿਆਂ ਦੇ ਤੋਹਫੇ ਉਲਝਾਈ ਰੱਖਿਆ।

ਗੱਲਾਂ ਸੁਣ-ਸੁਣ ਅਸੀਂ ਤਾਂ ਨਿਹਾਲ ਹੋ ਗਏ,
ਸਾਨੂੰ ਜਾਪੇ ਰਾਤੋ ਰਾਤ ਖੁਸ਼ਹਾਲ ਹੋ ਗਏ,
ਬੈਂਕਾਂ ਵਾਲਿਆਂ ਨੇ ਜਾਲ ਸੀ ਵਿਛਾਈ ਰੱਖਿਆ।

ਸਾਨੂੰ ਲਿਮਟਾਂ ਨੇ ਮਾਰਿਆ ਤੇ ਰੋਲ ਸੁੱਟਿਆ,
ਰਹਿੰਦਾ ਕਿਸ਼ਤਾਂ ਤੇ ਸੂਦ ਨੇ ਮਧੋਲ ਸੁੱਟਿਆ,
ਪੁੱਠਾ ਵਾਂਗ ਤ੍ਰਿਸ਼ੰਕੂ ਲਟਕਾਈ ਰੱਖਿਆ।

### ਵੰਡ-ਡਬਲਯੂ. ਐਚ. ਆਡਨ

ਜਦੋਂ ਉਹ ਆਪਣੇ ਮਿਸ਼ਨ ਤੇ ਆਇਆ
ਉਹ ਪੱਖਪਾਤੀ ਨਹੀਂ ਸੀ
ਉਸਨੇ ਜਿਸ ਦੇਸ਼ ਦੀ ਵੰਡ ਕਰਨੀ ਸੀ
ਕਦੇ ਉਹਨੇ ਉਸਦੇ
ਦਰਸ਼ਨ ਤੀਕ ਵੀ ਨਹੀਂ ਸੀ ਕੀਤੇ।
ਉਸਨੇ ਉਸ ਦੇਸ਼ ਦੀ ਵੰਡ ਕਰਨੀ ਸੀ
ਜਿੱਥੇ ਦੋਵਾਂ ਧਿਰਾਂ ਦਾ
ਸਿਰ-ਵੱਢਵਾਂ ਵੈਰ ਸੀ।
ਜਿੱਥੇ ਭੋਜਨ ਵੱਖਰਾ ਸੀ
ਤੇ ਦੇਵਤੇ ਅੱਡੋ-ਅੱਡ।

ਲੰਡਨ ਵਿਚ ਉਨ੍ਹਾਂ ਨੇ
ਉਸਨੂੰ ਹਦਾਇਤ ਦਿੱਤੀ
"ਸਮਾਂ ਥੋੜ੍ਹਾ ਹੈ
ਤੇ ਆਪਸੀ ਸਮਝੌਤੇ ਤੇ ਤਰਕ-ਸੰਗਤ
ਵਿਚਾਰ-ਵਟਾਂਦਰੇ ਲਈ ਪਹਿਲਾਂ ਹੀ ਬਹੁਤ
ਦੇਰ ਹੋ ਚੁੱਕੀ ਹੈ।
ਹੁਣ ਅੱਡ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ।

'ਵਾਇਸਰਾਏ ਸੋਚਦਾ ਹੈ
ਤੇ ਤੂੰ ਉਸਦੀ ਚਿੱਠੀ ਪੜ੍ਹਕੇ
ਖ਼ੁਦ ਵੇਖ ਲਵੇਂਗਾ
ਜਿੰਨਾ ਘੱਟ ਤੂੰ ਉਸਦੇ ਗੋਡੇ ਮੁੱਢ ਬਹੇਂਗਾ
ਓਨਾ ਹੀ ਬਿਹਤਰ
ਇਸ ਕਾਰਜ ਲਈ
ਤੇਰੀ ਕੋਠੀ ਵੱਖਰੀ ਹੋਵੇਗੀ
ਤੈਨੂੰ ਚਾਰ ਜੱਜ ਦੇਵਾਂਗੇ,
ਸਲਾਹ ਮਸ਼ਵਰੇ ਲਈ
ਦੋ ਮੁਸਲਮਾਨ ਤੇ ਦੋ ਹਿੰਦੂ
ਪਰ ਅੰਤਮ ਫੈਸਲਾ ਤੇਰਾ ਹੋਵੇਗਾ।'
ਵੱਖਰੀ ਕੋਠੀ ਵਿਚ ਕੈਦ
ਤੇ ਬਾਗਾਂ ਵਿਚ
ਰਾਤ-ਦਿਨ ਪੁਲਸ ਦੀ ਗਸ਼ਤ ਹੇਠਾਂ
ਕਾਤਲਾਂ ਦੀ ਮਾਰ ਤੋਂ ਬਚਦਾ
ਲੱਖਾਂ ਲੋਕਾਂ ਦੀ
ਕਿਸਮਤ ਦਾ ਫੈਸਲਾ ਕਰਨ ਲਈ
ਉਹ ਸਿਰ-ਸੁੱਟ ਕੇ ਕੰਮ ਵਿਚ ਖੁੱਭ ਗਿਆ।

ਉਸਦੇ ਨਕਸ਼ੇ ਪੁਰਾਣੇ ਸਨ
ਤੇ ਜਨਸੰਖਿਆ ਦੀਆਂ ਰਿਪੋਰਟਾਂ ਗਲਤ
ਪਰ ਇਨ੍ਹਾਂ ਨੂੰ ਚੈੱਕ ਕਰਨ ਲਈ
ਨਾ ਸਮਾਂ ਸੀ
ਤੇ ਨਾ ਝਗੜੇ ਵਾਲੇ ਇਲਾਕਿਆਂ ਨੂੰ
ਵੇਖਣ-ਪਰਖਣ ਦਾ ਵੇਲਾ।

ਮੌਸਮ ਅਤਿ ਦਾ ਗਰਮ ਸੀ
ਤੇ ਪੇਚਸ, ਉਸਨੂੰ ਦੁੜਕੀ ਲਾਈ ਰੱਖਦੀ
ਪੂਰੇ ਸੱਤ ਹਫ਼ਤਿਆਂ ਵਿਚ
ਉਸਨੇ ਕੰਮ ਕਰਕੇ ਔਹ ਮਾਰਿਆ
ਸਰਹੱਦਾਂ ਵੰਡ ਦਿੱਤੀਆਂ
ਤੇ ਮਹਾਂ-ਦੀਪ ਨੂੰ
ਚੰਗਾ ਜਾਂ ਬੁਰਾ ਪਾੜ ਸੁੱਟਿਆ

ਵਿਹਲਾ ਹੋ ਕੇ ਅਗਲੇ ਦਿਨ
ਜਹਾਜ਼ ਵਿਚ ਬੈਠਕੇ
ਉਹ ਇੰਗਲਿਸਤਾਨ ਨੂੰ ਤੁਰ ਗਿਆ
ਉੱਥੇ ਪਹੁੰਚ ਚੰਗੇ ਵਕੀਲ ਵਾਂਗੂ
ਉਹ ਸਭ ਕੁਝ ਭੁੱਲ ਭੁਲਾ ਗਿਆ
ਡਰੇ ਹੋਏ ਨੇ, ਵਾਪਸ ਆ ਕੇ ਉਸਨੇ
ਕਿੱਥੇ ਵੇਖਣਾ ਸੀ
ਉਹਨੇ ਆਪਣੇ ਕਲੱਬ ਨੂੰ ਦਸਿਆ
ਕਿ ਕੋਈ ਉਸਨੂੰ
ਗੋਲੀ ਵੀ ਮਾਰ ਸਕਦਾ ਸੀ।

*(ਇਹ ਕਵਿਤਾ ਬਰਤਾਨਵੀ ਵਕੀਲ ਸਰ ਰੈਡਕਲਿਫ ਬਾਰੇ ਹੈ ਜਿਸਨੂੰ ਭਾਰਤ-ਪਾਕਿ ਸਰਹੱਦ ਮਿਥਣ ਲਈ ਭੇਜਿਆ ਗਿਆ ਸੀ।)*

### ਗ਼ਦਰੀ ਬਾਬਿਆਂ ਦੇ ਨਾਂ

ਪਲ ਪਲ, ਗਿਣ ਗਿਣ, ਕਦੇ ਗੁਜ਼ਾਰੇ, ਜੇਲ੍ਹੀਂ, ਸੂਲੀਂ-ਟੰਗੇ ਦਿਨ।
ਵਰ੍ਹਿਆਂ ਪਿੱਛੋਂ, ਅੱਜ ਕਿਉਂ ਲੱਗਣ, ਸਾਨੂੰ ਚੰਗੇ ਚੰਗੇ ਦਿਨ।

ਰਾਤਾਂ ਭਾਵੇਂ ਸੱਤ-ਰੰਗੀਆਂ ਸਨ, ਰੌਸ਼ਨੀਆਂ ਦੀ ਝਿਲਮਿਲ ਵੀ,
ਆਖਣ, 'ਮੰਗ ਲੈ, ਜੋ ਵੀ ਚਾਹੇਂ', ਅਸਾਂ ਹਮੇਸ਼ਾ ਮੰਗੇ, ਦਿਨ।

ਦਿਨਾਂ ਦਿਨਾਂ ਦਾ ਚੱਕਰ ਹੁੰਦੈ, ਉਹ ਲੰਘੇ, ਇਹ ਲੰਘ ਜਾਣੇ,
ਕੀ ਹੋਇਆ ਜੇ ਅੱਜ ਧੁਆਂਖੇ, ਕੌੜੇ, ਕਾਲਖ਼-ਰੰਗੇ ਦਿਨ।

ਗੱਲ ਹਮੇਸ਼ਾ ਕੋਰੀ ਕਰੀਏ, ਕੌੜੀ ਲੱਗੇ ਜਾਂ ਮਿੱਠੀ,
ਅੱਗ ਦੀ ਰੁੱਤੇ, ਧਮਕੀ ਵਾਂਗੂੰ ਸਾਡੇ ਸਿਰ ਤੋਂ ਲੰਘੇ ਦਿਨ।

ਐਵੇਂ ਪੱਤੇ ਵਾਂਗ ਨਾ ਕੰਬੀਂ, ਸਦੀਆਂ ਦਾ ਇਤਿਹਾਸ ਬਣਨ,
ਫਾਂਸੀ ਚੜ੍ਹਦੇ, ਜੋ ਮੁਸਕਾਏ, ਹੱਸੇ, ਸੂਲੀ ਟੰਗੇ ਦਿਨ।

ਬੁਜ਼ਦਿਲ ਦਾ ਕੀ ਜੀਣਾ ਹੁੰਦਾ, ਕੀ ਜੀਣਾ ਕਮਜ਼ੋਰਾਂ ਦਾ,
ਤਰਲੇ ਲੈ ਲੈ ਕਾਤਲ ਕੋਲੋਂ, ਜਿਨ੍ਹਾਂ ਹੁਧਾਰੇ ਮੰਗੇ ਦਿਨ।

ਉਹ ਦਿਨ ਸਦਾ ਸਲਾਮਤ ਰਹਿੰਦੇ, ਅਣਖ ਜਿਨ੍ਹਾਂ ਦੇ ਹੈ ਪੱਲੇ,
ਸੰਗੀਨਾਂ ਨੂੰ ਕਰਨ ਮਸ਼ੌਲਾਂ ਕਾਤਲ ਬੂਹੇ ਖੰਘੇ ਦਿਨ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

Secure Your Future

JeevanBima Inc

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

# ਕਾਮਰੇਡ ਹਰਭਜਨ ਸਿੰਘ ਦਰਦੀ ਨੂੰ ਸ਼ਰਧਾਂਜਲੀ



**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) :** ਕਾਮਰੇਡ ਹਰਭਜਨ ਸਿੰਘ ਦਰਦੀ ਦੀ ਯਾਦ ਵਿਚ ਭਾਰਤੀ ਮਜ਼ਦੂਰ ਸਭਾ ਗ੍ਰੇਟ ਬ੍ਰਿਟੇਨ ਦੀ ਬ੍ਰਮਿੰਘਮ ਤੇ ਸੈਂਡਵੈੱਲ ਬਰਾਂਚ ਵਲੋਂ ਆਸਰਾ ਹਾਊਸ, ਸਮੈਦਿਕ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਹਰਭਜਨ ਦਰਦੀ ਦੀ ਬੀਤੀ 3 ਫਰਵਰੀ ਨੂੰ ਕੈਂਸਰ ਦੇ ਰੋਗ ਨਾਲ ਮੌਤ ਹੋ ਗਈ ਸੀ। ਸੋਹਣ ਢਿੱਲੋਂ ਨੇ ਦੱਸਿਆ ਕਿ ਦਰਦੀ ਦੇ ਯਤਨਾਂ ਸਦਕਾ ਹੀ ਸਥਾਨਕ ਕਾਸਲ ਵਲੋਂ ਢਾਹੀ ਜਾਣ ਵਾਲੀ ਇਮਾਰਤ ਦਾ ਫ਼ੈਸਲਾ ਬਦਲਿਆ, ਜਿਸ ਨੂੰ ਬਾਅਦ ਵਿਚ ਮੁਰੰਮਤ ਕਰਕੇ ਏਸ਼ੀਅਨ ਲੋਕਾਂ ਦੀ ਵਰਤੋਂ ਲਈ ਸੌਂਪੀ ਗਈ। ਉਕਤ ਸੈਂਟਰ ਦੇ ਮੈਂਬਰਾਂ ਤੇ ਮਿਲਨ ਕਲੱਬ ਦੇ ਮੈਂਬਰਾਂ ਵਲੋਂ ਦਰਦੀ ਦੀ ਯਾਦ ਵਿਚ ਭਾਰਤੀ ਮਜ਼ਦੂਰ ਸਭਾ ਨੂੰ ਦਾਨ ਦਿੱਤਾ ਗਿਆ। ਲੇਬਰ ਕੌਂਸਲਰ ਬਾਬੂ ਸਿੰਘ ਤੇ ਗੁਰਿਦਰ ਸਿੰਘ ਜੋਸਨ ਨੇ ਹਰਭਜਨ ਦਰਦੀ ਦੇ ਕੰਮਾਂ ਦੀ ਸ਼ਲਾਘਾ ਕੀਤੀ। ਅਕਾਲੀ ਦਲ ਇੰਗਲੈਂਡ ਦੇ ਪ੍ਰਧਾਨ ਗੁਰਦੇਵ ਸਿੰਘ ਚੌਹਾਨ ਨੇ ਕਿਹਾ ਕਿ ਲੋਕ ਉਨ੍ਹਾਂ ਨੂੰ ਸਦਾ ਯਾਦ ਰੱਖਣਗੇ। ਹਰਭਜਨ ਦਰਦੀ ਦੀ ਪੋਤਰੀ ਕਿਰਨ ਨੇ ਕਿਹਾ ਕਿ ਉਹ ਸਮਾਜ ਨੂੰ ਫੁੱਲਾਂ ਵਾਂਗ ਮਹਿਕਦਾ ਦੇਖਣਾ ਚਾਹੁੰਦੇ ਸਨ। ਕਵੀ ਮਹਿੰਦਰ ਦਿਲਬਰ, ਕਿਰਪਾਲ ਪੂੰਨੀ, ਪ੍ਰਕਾਸ਼ ਆਜ਼ਾਦ, ਸੁਰਿੰਦਰ ਵਿਰਦੀ, ਰਾਣੂ, ਰਜਿੰਦਰ ਦੂਲੇ, ਕਾਂਗਰਸੀ ਨੇਤਾ ਬਲਬੀਰ ਸਿੰਘ ਮੰਡੇਰ, ਕਰਨੈਲ ਸਿੰਘ ਚੀਮਾ, ਆਈ. ਡਬਲਿਊ.ਏ. ਦੇ ਜਗਤਾਰ ਸਹੋਤਾ ਤੇ ਰਜਿੰਦਰ ਬੈਂਸ, ਸ਼ੀਰਾ ਜੌਹਲ, ਕੁਲਬੀਰ ਸੰਘੇੜਾ ਦੇਸ਼ ਭਗਤ ਯਾਦਗਾਰ ਕਮੇਟੀ, ਰੈਵੋਲਿਊਸ਼ਨਰੀ ਮਾਰਕਸਿਸਟ ਪਾਰਟੀ ਇੰਡੀਆ, ਸੀ.ਪੀ.ਆਈ.ਐਮ.ਐਲ. (ਨਿਊ ਡੈਮੋਕਰੇਸੀ), ਦੌਲਤਾ ਬਾਲੀ ਬੁਧਿਸਟ ਸੁਸਾਇਟੀ ਤੇ ਅੰਬੇਡਕਰ ਮੈਮੋਰੀਅਲ ਕਮੇਟੀ ਵਲੋਂ ਵੀ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਟੇਜੀ ਕਾਰਵਾਈ ਭਗਵੰਤ ਸਿੰਘ ਨੇ ਨਿਭਾਈ।

WESTFORK
kitchen Cabinet
Specializing in Cabinets & Counter Tops
Kitchen & Vanities,
Custom Cabinets,
Staining & Spraying Doors
ਕੈਬਨਿਟ ਅਤੇ ਕਾਊਂਟਰ ਟੌਪ ਬਣਾਉਣ ਦੇ ਮਾਹਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਕਿਚਨ ਕੈਬਨਿਟ
Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.
Gurmail Matharu : 780-990-9349
Ranjit Matharu : 780-907-9889
9248 34A Ave NW Edmonton, AB T6E 5P4
Tel : 780-490-4983
Fax : 780-490-4982
westforkkc@gmail.com

ਰੋਜ਼ਾਨਾ ਗੁਰਬਾਣੀ, ਕਥਾ, ਕੀਰਤਨ, ਮਸਕੀਨ ਜੀ ਅਤੇ ਸ਼ਬਦਾਂ ਦਾ ਅਨੰਦ ਮਾਣੋ
Nitnem
Ardass
Sukhmani Sahib
Asa Di War
Naam Simran
300 Shabads
Dhadi Varan
Paath Shri Guru Granth Sahib Ji
ਐਡਮਿੰਟਨ ਵਿਚ ਗੁਰਬਾਣੀ ਰੇਡੀਓ ਖਰੀਦਣ ਲਈ ਕਮਲ ਲਾਇਲ ਨੂੰ ਫੋਨ ਕਰੋ
780-807-6265, 780-466-8019
ਅਸਲੀ ਦਿੱਲੋਂ ਗੁਰਬਾਣੀ ਰੇਡੀਓ ਟੋਰਾਂਟੋ
140 hours of Gurbani AM-FM Radio
Rainbow Print & Sign # 780-461-6000

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Removal
Move to New & Bigger Location for Better Service
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

SPRING SALE!
PRE HUNG DOOR BLOWOUT - HELD OVER Until June 29!
MASONITE
$200 RAIN GLASS Pre Hung Size: 24" W - 80" H 4.5" MDF Jamb
$65 ROCKPORT Pre Hung Size: 18" to 36" W - 80" H 4.5" MDF Jamb
$250 METAL 6 PANEL METAL W/ Brick Moulding Pre Hung 6.5" Pine Jamb Size: 32" to 36" W - 80" H
$350 FIBREGLASS 6 PANEL FIBREGLASS W/ Brick Moulding Pre Hung 6.5" Fibreglass Jamb Size: 32" & 36" W - 80" H
$1400 BLOWOUT CRAFTSMAN FIBREGLASS Pre Hung Sidelite: 12" W Door: 32" & 36" W - 80" H 6.5" Fibreglass Jamb
We Sell Commercial Doors and Hardware
ALEXANDRIA Moulding
#3140 Moulding MDF Primed 3/8 x 3 1/4 ¢.40/LF
#356 Moulding MDF Primed 2 1/4 x 3/8 ¢.25/LF
#00438 Moulding MDF Primed 1/2 x 3 1/2 ¢.47/LF
#00435 Moulding MDF Primed 1/2 x 2 1/2 ¢.37/LF
+Cash and cary only. Sales prices not available on customer or in store credit accounts, other restrictions may apply. Prices valid while supply lasts. See in store for details.
Taymor ERIE Passage, Privacy Lever - C26D $10 Dummy $14 Passage $15 Privacy
WEISER HALIFAX Only Polish Chrome $16 Dummy $28 Passage $30 Privacy
DEAD BOLT WSCRDDB26D WSCRDTDB26 Or WSCSQDB26D WSCSQDB26 $25
SELECTRA 4 PIECE BATH SETS $75 C26 / C15
ANNO 3 PIECE BATH SETS C26 / C15 $35.00
HURRY while stocks lasts!
Largest Showroom in Alberta
FANCY DOORS AND MOULDINGS
780.432.7700 | fancydoors.com | 4421 Roper Road

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਵੈਨਕੂਵਰ ਦੀ ਟੈਕਸੀ ਸਨਅਤ

# ਨਵਾਂ ਸਾਲ




ਹਰਪ੍ਰੀਤ ਸੇਖਾ
778-231-1189

ਊਂ ਵੀ ਆਪਣੇ ਬੰਦੇ ਤੋਂ ਕਿਰਾਇਆ ਫੜਦਿਆਂ ਈ ਸੰਗ ਜੀ ਆਉਂਦੀ ਆ। ਫੇਰ ਓਹ ਚਿੰਤਾ ਜੀ ਕਰਨ ਲੱਗ ਪਿਆ ਬਈ ਕੁੜੀ ਦੀ ਫਲੈਟ ਨਾ ਨੰਘਜੇ। ਮੈਂ ਸਪੀਡ ਚੱਕਤੀ ਸੋਚਿਆ ਬਈ ਨਹੀਂ ਤਾਂ ਸਾਲੇ ਨੇ ਕੰਨ ਖਾਈ ਜਾਣੇ ਆ। ਨਾਲੇ ਕੋਈ ਸੱਚੀਂ ਨਾ ਸਕੀਰੀ ਕੱਢਲੇ। ਪਰ ਕਰਾਇਆ ਦੇ ਗਿਆ ਪੂਰਾ।

"ਟਿੱਪ-ਟੁੱਪ ਦੇ ਗਿਆ ਸੀ ?" ਮੈਂ ਪੁੱਛਿਆ।

"ਕਰਾਇਆ ਤਾਂ ਪੂਰਾ ਈ ਦਿੱਤਾ। ਸਗੋਂ ਮੈਂ ਛੱਡੇ ਓਹਨੂੰ ਉਤਲੇ ਸੈਂਟ। ਪਰ ਜਾਂਦਾ ਜਾਂਦਾ 'ਸੀਸ ਦੇ ਗਿਆ। ਕਹਿੰਦਾ ਸ਼ਾਬਸ਼ੇ, ਜਿਉਂਦਾ ਰਹਿ।"

"ਸ਼ਾਬਸ਼ੇ ਨਾਲ ਟੈਕਸੀ ਦੀ ਟੈਂਕੀ ਭਰਗੀ ਸੀ ਗੈਸ ਨਾਲ ?" ਪਹਿਲਾ ਹੱਸ ਕੇ ਬੋਲਿਆ। ਅਸੀਂ ਵੀ ਹੱਸ ਪਏ।

ਵੀਡਸ : ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ 'ਤੇ ਵਾਰੀ ਦੀ ਉਡੀਕ 'ਚ ਟੈਕਸੀਆਂ ਖੜ੍ਹਾਉਣ ਵਾਲੀ ਥਾਂ ਕੱਚੀ ਹੁੰਦੀ ਸੀ। ਉੱਥੇ ਘਾਹ-ਫੂਸ ਉੱਗਿਆ ਹੁੰਦਾ ਸੀ। ਉਦੋਂ ਡਰਾਈਵਰ ਇਸ ਥਾਂ ਨੂੰ ਵੀਡਸ ਆਖਦੇ। ਹੁਣ ਇਹ ਜਗ੍ਹਾ ਬੱਜਰੀ ਵਿਛਾ ਕੇ ਪੱਕੀ ਕਰ ਦਿੱਤੀ ਗਈ ਹੈ। ਇਕ ਵੱਡ-ਅਕਾਰੀ ਸਕਰੀਨ ਲੱਗ ਚੁੱਕੀ ਹੈ ਅਤੇ ਡਰਾਈਵਰਾਂ ਦੇ ਬੈਠਣ-ਉੱਠਣ ਲਈ ਵਧੀਆ ਇਮਾਰਤ ਵੀ ਬਣ ਗਈ ਹੈ ਪਰ ਵਜਦੀ ਇਹ ਜਗ੍ਹਾ ਹਾਲੇ ਵੀ ਵੀਡਸ ਹੀ ਹੈ।

### ਟੈਕਸੀ ਡਰਾਈਵਰ ਦੀ ਇਕ ਬੇ-ਰੰਗ-ਰਸ ਸ਼ਿਫ਼ਟ

**ਸ਼ਨਿੱਚਰਵਾਰ, ਨਵੰਬਰ 2009**

ਮੈਂ ਸਵੇਰੇ ਦੋ ਵੱਜ ਕੇ ਪੰਜਾਹ ਮਿੰਟ 'ਤੇ ਜਾਗਦਾ ਹਾਂ ਅਤੇ ਤਿੰਨ ਪਚਵੰਜਾ 'ਤੇ ਟੈਕਸੀ ਮਾਲਕ ਦੇ ਘਰ ਮੂਹਰੇ ਪਹੁੰਚ ਜਾਂਦਾ ਹਾਂ। ਉੱਥੇ ਪਹਿਲਾਂ ਹੀ ਟੈਕਸੀ ਖੜ੍ਹੀ ਦੇਖ ਕੇ ਮੈਨੂੰ ਚੰਗਾ ਲੱਗਦਾ ਹੈ। ਸਵੇਰ ਦੇ ਉਸ ਵਕਤ ਉਡੀਕ ਕਰਨੀ ਬਹੁਤ ਹੀ ਔਖੀ ਲਗਦੀ ਹੈ; ਭਾਵੇਂ ਦੋ ਮਿੰਟ ਦੀ ਹੀ ਉਡੀਕ ਕਿਓਂ ਨਾ ਹੋਵੇ। ਟੈਕਸੀ ਦਾ ਦਰਵਾਜ਼ਾ ਖੋਲ੍ਹਦਾ ਹਾਂ ਤਾਂ ਕਾਰ ਵਿਚੋਂ ਮੁਸ਼ਕ ਦੀ ਭਬਕ ਨੱਕ ਨੂੰ ਚੜ੍ਹਦੀ ਹੈ। ਮੇਰਾ ਜੀਅ ਕਰਦਾ ਹੈ ਕਿ ਟੈਕਸੀ ਦੇ ਸ਼ੀਸ਼ੇ ਖੋਹਲ ਦੇਵਾਂ ਪਰ ਬਾਹਰ ਮੀਂਹ ਪੈ ਰਿਹਾ ਹੈ। ਗਲਵ ਕੰਪਾਰਟਮੈਂਟ 'ਚ ਦੇਖਦਾ ਹਾਂ ਜੇ ਏਅਰ ਫਰੈਸ਼ਨਰ ਸਪਰੇਅ ਪਈ ਹੋਵੇ। ਉਥੇ ਸਟਰਾਅ ਬੇਰੀ ਸੈਂਟ ਦੀ ਸਪਰੇਅ ਪਈ ਹੈ। ਇਹ ਸੈਂਟ ਮੈਨੂੰ ਚੰਗਾ ਨਹੀਂ ਲੱਗਦਾ। ਪਰ ਉਹ ਟੈਕਸੀ ਵਿਚੋਂ ਆ ਰਹੀ ਭੈੜੀ ਬੋਅ ਨਾਲੋਂ ਤਾਂ ਬੇਹਤਰ ਹੀ ਹੋਵੇਗਾ ਇਹ ਸੋਚ ਕੇ ਮੈਂ ਟੈਕਸੀ ਅੰਦਰ ਛਿੜਕ ਦਿੰਦਾ ਹਾਂ। ਟੈਕਸੀ 'ਚ ਆਪਣੀ ਫੋਟੋ ਵਾਲਾ ਪਛਾਣ ਪੱਤਰ ਟੰਗ ਕੇ ਮੈਂ ਕੰਪਿਊਟਰ ਸਕਰੀਨ ਔਨ ਕਰ ਕੇ ਆਪਣਾ ਪਾਸਵਰਡ ਪਾ ਦਿੰਦਾ ਹਾਂ। ਟੈਕਸੀ ਨੂੰ 180 ਤੇ 150 ਜ਼ੋਨ 'ਚ ਬੁੱਕ ਕਰ ਦਿੰਦਾ ਹਾਂ। ਫਿਰ ਨਵੀਂ ਟ੍ਰਿੱਪ ਸ਼ੀਟ ਕੱਢ ਕੇ ਉਸ 'ਚ ਕਿਰਾਏ ਵਾਲੇ ਮੀਟਰ 'ਤੇ ਪਹਿਲਾਂ ਚੱਲਿਆ ਕਿਰਾਇਆ, ਕੁਲ ਕਿਲੋਮੀਟਰ, ਕਿਰਾਏ ਵਾਲੇ ਕਿਲੋਮੀਟਰ, ਕੰਮ ਸ਼ੁਰੂ ਕਰਨ ਦਾ ਸਮਾਂ, ਟੈਕਸੀ ਨੰਬਰ ਤੇ ਆਪਣਾ ਨਾਂ ਪਤਾ ਭਰ ਕੇ ਟੈਕਸੀ ਤੋਰ ਲੈਂਦਾ ਹਾਂ। ਮੇਰਾ ਵਿਚਾਰ ਹੈ ਕਿ ਸਿੱਧਾ ਡਾਊਨ-ਟਾਊਨ ਵੱਲ ਜਾਵਾਂਗਾ। ਰਾਹ 'ਚ ਜੇ ਬੁੱਕ ਕੀਤੇ ਜ਼ੋਨਾਂ ਵਿਚੋਂ ਕੋਈ ਟ੍ਰਿੱਪ ਮਿਲ ਗਿਆ ਤਾਂ ਠੀਕ ਨਹੀਂ ਤਾਂ ਸਿੱਧਾ ਡਾਊਨ-ਟਾਊਨ ਦੇ ਕਿਸੇ ਹੋਟਲ ਮੂਹਰੇ ਜਾ ਲਾਵਾਂਗਾ, ਉਥੋਂ ਕਈ ਵਾਰ ਸਵੇਰੇ ਸਵੇਰੇ ਲੰਮਾ ਟ੍ਰਿੱਪ ਮਿਲ ਜਾਂਦਾ ਹੈ। ਪਰ ਮੈਨੂੰ 150 ਜ਼ੋਨ ਵਿਚੋਂ ਹੀ ਟ੍ਰਿੱਪ ਮਿਲ ਜਾਂਦਾ ਹੈ। ਮੈਂ ਦੋ-ਤਿੰਨ ਮਿੰਟਾਂ 'ਚ ਹੀ ਉਸ ਅਪਾਰਟਮੈਂਟ ਦੇ ਮੂਹਰੇ ਪਹੁੰਚ ਜਾਂਦਾ ਹਾਂ। ਕੰਪਿਊਟਰ 'ਤੇ ਦੱਸੇ ਪਤੇ 'ਚ ਸੂਈਟ ਨੰਬਰ ਨਹੀਂ ਦਿੱਤਾ ਹੋਇਆ ਪਰ 'ਕਾਲ-ਆਊਟ' ਲਿਖਿਆ ਹੋਇਆ ਹੈ। ਇਹ ਨਵਾਂ ਹੀ ਸ਼ੁਰੂ ਹੋਇਆ ਹੈ। ਇਸ ਦੀ ਇਕ ਮੌਜ ਇਹ ਹੈ ਕਿ ਟੈਕਸੀ 'ਚੋਂ ਨਿਕਲ ਕੇ ਘਰ ਦੀ ਘੰਟੀ ਨਹੀਂ ਖੜਕਾਉਣੀ ਪੈਂਦੀ। ਕੰਪਿਊਟਰ ਸਕਰੀਨ 'ਤੇ ਲੱਗੇ 'ਕਾਲ-ਆਊਟ' ਬਟਨ ਨੂੰ ਦੱਬਣ ਨਾਲ ਉਹ ਆਪ ਹੀ ਉਸ ਪਤੇ 'ਤੇ ਫ਼ੋਨ ਕਰਕੇ ਟੈਕਸੀ ਦੇ ਪਹੁੰਚ ਚੁੱਕੀ ਹੋਣ ਦੀ ਸੂਚਨਾ ਦੇ ਦਿੰਦਾ ਹੈ। ਇਸ ਪਤੇ 'ਤੇ 'ਕਾਲ-ਆਊਟ' ਨੱਪਣ ਨਾਲ ਕੁਝ ਸਕਿੰਟਾਂ ਬਾਅਦ 'ਨੋ ਅਨਸਰ' ਦਾ ਸੁਨੇਹਾ ਆ ਜਾਂਦਾ ਹੈ। ਹੋ ਸਕਦਾ ਹੈ ਕਿ ਸਵਾਰੀ ਘਰੋਂ ਚੱਲ ਪਈ ਹੋਵੇ, ਸੋਚ ਕੇ ਮੈਂ ਦੋ ਕੁ ਮਿੰਟ ਉਡੀਕ ਕਰਨ ਬਾਰੇ ਸੋਚਦਾ ਹਾਂ। ਉਸੇ ਵਕਤ ਇਕ ਵੀਹ-ਬਾਈ ਸਾਲ ਦਾ ਮੁੰਡਾ ਟੈਕਸੀ ਦਾ ਮੂਹਰਲਾ ਦਰਵਾਜ਼ਾ ਖੋਲ੍ਹ ਕੇ ਆ ਬੈਠਦਾ ਹੈ। ਉਹ ਨੌਰਥ ਵੈਨਕੂਵਰ ਚੱਲਣ ਲਈ ਆਖਦਾ ਹੈ। ਮੈਨੂੰ ਉਸ ਤੋਂ ਬੀਅਰ ਦਾ ਮੁਸ਼ਕ ਆਉਂਦਾ ਹੈ। ਮੈਂ ਉਸ ਦੀਆਂ ਅੱਖਾਂ 'ਚ ਦੇਖਦਾ ਹਾਂ। ਉਹ ਲਾਲ ਭਾਅ ਮਾਰਦੀਆਂ ਹਨ। ਮੈਂ ਨਰਮੀ ਨਾਲ ਉਸ ਨੂੰ ਦੱਸਦਾ ਹਾਂ ਕਿ ਲੰਮੇ ਟ੍ਰਿੱਪ ਲਈ ਟੈਕਸੀ ਦੀ ਨੀਤੀ ਪਹਿਲਾਂ ਅੰਦਾਜ਼ਨ ਕਰਾਇਆ ਵਸੂਲਣ ਦੀ ਹੈ। ਉਹ ਫ਼ਿਕਰ ਨਾ ਕਰਨ ਲਈ ਆਖ ਕੇ ਚੱਲਣ ਦਾ ਇਸ਼ਾਰਾ ਕਰਦਾ ਹੈ। ਮੈਨੂੰ ਸ਼ੱਕ ਹੁੰਦਾ ਹੈ ਕਿ ਉਸ ਕੋਲ ਕਰਾਏ ਜੋਗੇ ਡਾਲਰ ਨਹੀਂ ਹਨ। ਮੈਂ ਫਿਰ ਆਪਣੀ ਬੇਨਤੀ ਦੁਹਰਾਉਂਦਾ ਹਾਂ। ਉਹ ਖ਼ਰ੍ਹਵੀ ਆਵਾਜ਼ 'ਚ ਚੱਲਣ ਲਈ ਆਖਦਾ ਹੈ। ਮੈਂ ਕਿਸੇ ਪੰਗੇ ਤੋਂ ਬਚਣ ਲਈ ਟੈਕਸੀ ਤੋਰ ਲੈਂਦਾ ਹਾਂ। ਮੇਰਾ ਦਿਮਾਗ ਚੌਕਸ ਹੋ ਜਾਂਦਾ ਹੈ। ਉਹ ਆਖਦਾ ਹੈ, "ਮੈਨ, ਯੂ ਥਿੰਕ ਆਈ ਵਿੱਲ ਰੌਬ ਯੂ ਔਰ ਸਮਥਿੰਗ!" ਮੈਂ ਫਿਰ ਅਧੀਨਗੀ ਨਾਲ ਆਖਦਾ ਹਾਂ ਕਿ ਮੇਰਾ ਮਤਲਬ ਉਸ ਨੂੰ ਇਸ ਤਰ੍ਹਾਂ ਦਾ ਬੰਦਾ ਸਮਝਣ ਤੋਂ ਨਹੀਂ ਸਿਰਫ਼ ਕੰਪਨੀ ਦੀ ਨੀਤੀ ਦੱਸਣ ਤੋਂ ਸੀ। ਫਿਰ ਮੈ ਸਾਧਾਰਨ ਜਿਹੇ ਲਹਿਜ਼ੇ 'ਚ ਆਖਦਾ ਹਾਂ ਕਿ ਉਸ ਨੇ ਤਾਂ ਕਰਾਇਆ ਦੇਣਾ ਹੀ ਦੇਣਾ ਹੈ ਪਹਿਲਾਂ ਕੀ ਤੇ ਪਿੱਛੋਂ ਕੀ। ਪਰ ਉਹ ਟੱਸ ਤੋਂ ਮੱਸ ਨਹੀਂ ਹੁੰਦਾ। ਮੈਂ ਕੁਝ ਬਲਾਕ 'ਤੇ ਹੀ ਯੈਲੋ ਕੈਬ ਦੀ ਪਾਰਕਿੰਗ ਲਾਟ 'ਚ ਟੈਕਸੀ ਲਿਜਾ ਖੜ੍ਹਾਉਂਦਾ ਹਾਂ। ਸ਼ਿਫਟ ਬਦਲਣ ਦਾ ਸਮਾਂ ਹੋਣ ਕਰਕੇ ਉੱਥੇ ਬਹੁਤ ਸਾਰੀਆਂ ਟੈਕਸੀਆਂ ਤੇ ਡਰਾਈਵਰ ਹਨ। ਆਪਣੇ ਘਰ ਆ ਕੇ ਮੈਂ ਸ਼ੇਰ ਹੋ ਜਾਂਦਾ ਹਾਂ। ਮੈਂ ਸਖ਼ਤ ਆਵਾਜ਼ 'ਚ ਆਖਦਾ ਹਾਂ ਕਿ ਜਾਂ ਤਾਂ ਕਿਰਾਇਆ ਪਹਿਲਾਂ ਦੇ ਜਾਂ ਟੈਕਸੀ 'ਚੋਂ ਬਾਹਰ ਨਿਕਲ। ਉਹ ਨਰਮ ਆਵਾਜ਼ 'ਚ ਆਖਦਾ ਹੈ ਕਿ ਉਸ ਕੋਲ ਕਿਰਾਇਆ ਨਹੀਂ ਹੈ ਪਰ ਉਹ ਟਿਕਾਣੇ 'ਤੇ ਪਹੁੰਚ ਕੇ ਘਰੋਂ ਲਿਆ ਕੇ ਦੇ ਦੇਵੇਗਾ। ਮੇਰਾ ਤਜਰਬਾ ਉਸ 'ਤੇ ਵਿਸ਼ਵਾਸ ਨਾ ਕਰਨ ਲਈ ਆਖਦਾ ਹੈ। ਮੈਂ ਉਸ ਨੂੰ ਟੈਕਸੀ ਵਿਚੋਂ ਬਾਹਰ ਨਿਕਲਣ ਲਈ ਆਖ ਦਿੰਦਾ ਹਾਂ। ਉਸ ਦੇ ਟੈਕਸੀ 'ਚੋਂ ਬਾਹਰ ਨਿਕਲਦਿਆਂ ਹੀ ਮੈਂ ਉਸ ਬਾਰੇ ਡਿਸਪੈਚਰ ਨੂੰ ਰੇਡੀਓ ਰਾਹੀਂ ਦੱਸ ਦਿੰਦਾ ਹਾਂ। ਉਹ ਮਿੰਟ ਕੁ 'ਚ ਹੀ ਸਾਰੀਆਂ ਟੈਕਸੀਆਂ ਨੂੰ ਸੁਨੇਹਾ ਪਾ ਦਿੰਦੀ ਹੈ : "ਯੈਲੋ ਕੈਬ ਦੀ ਪਾਰਕਿੰਗ ਲਾਟ 'ਚ ਇਕ ਵੀਹ-ਬਾਈ ਸਾਲ ਦਾ ਗੋਰਾ ਮੁੰਡਾ, ਜਿਸ ਨੇ ਨੌਰਥ ਵੈਨਕੂਵਰ ਜਾਣਾ ਹੈ, ਉਸ ਕੋਲ ਕਿਰਾਇਆ ਨਹੀਂ ਹੈ।" ਮੈਂ ਟੈਕਸੀ ਡਾਊਨ-ਟਾਊਨ ਵੱਲ ਕਰ ਦਿੰਦਾ ਹਾਂ ਅਤੇ 'ਦਾ ਵੈਸਟਰਨ ਗਰੈਂਡ ਹੋਟਲ' ਮੂਹਰੇ ਜਾ ਰੋਕਦਾ ਹਾਂ। ਉਥੋਂ ਛੇਤੀ ਹੀ ਇਕ 'ਸ਼ੌਰਟੀ' ਮਿਲ ਜਾਂਦੀ ਹੈ। ਉਨ੍ਹਾਂ ਨੂੰ ਟਿਕਾਣੇ 'ਤੇ ਪਹੁੰਚਾ ਕੇ ਮੈਂ ਟੈਕਸੀ ਹੋਟਲ 'ਸੈਂਡਮੈਨ' ਮੂਹਰੇ ਜਾ ਪਾਰਕ ਕਰਦਾ ਹਾਂ। ਛੇਤੀ ਹੀ ਇਕ ਟ੍ਰਿੱਪ ਸਿਟਡੇਲ ਪਲੇਸ ਤੋਂ ਡਿਸਪੈਚ ਹੁੰਦਾ ਹੈ। ਇਹ ਬਾਈ-ਤੇਈ ਸਾਲ ਦੇ ਗੇੜ 'ਚ ਦੋ ਮੁੰਡੇ ਹਨ। ਇਨ੍ਹਾਂ ਨੇ ਕੈਟਸੀਲੈਨੋ ਏਰੀਏ ਵੱਲ ਜਾਣਾ ਹੈ। ਮੈਂ ਉਨ੍ਹਾਂ ਦਾ ਹਾਲ ਪੁੱਛਦਾ ਹਾਂ। ਉਨ੍ਹਾਂ 'ਚੋਂ ਇਕ ਆਖਦਾ ਹੈ ਕਿ ਉਹ ਥੱਕੇ ਹੋਏ ਹਨ ਤੇ ਸ਼ਰਾਬੀ ਵੀ ਹਨ। "ਫਿਰ ਤਾਂ ਪਾਰਟੀ ਵਧੀਆ ਰਹੀ ਹੋਵੇਗੀ ?" ਮੈਂ ਤੁੱਕਾ ਮਾਰਦਾ ਹਾਂ। ਪਰ ਉਹ ਨਿਰਾਸ਼ਾ 'ਚ ਸਿਰ ਮਾਰਦੇ ਹਨ। ਉਨ੍ਹਾਂ ਦੀ ਰਾਤ ਅਜਾਈਂ ਹੀ ਲੰਘ ਗਈ ਸੀ, ਉਨ੍ਹਾਂ ਨੂੰ ਮਨਭਾਉਂਦੀਆਂ ਕੁੜੀਆਂ ਦਾ ਸਾਥ ਨਹੀਂ ਸੀ ਮਿਲਿਆ। ਮੈਂ ਕੰਪਿਊਟਰ ਸਕਰੀਨ 'ਤੇ ਉਂਗਲ ਮਾਰ ਕੇ ਦੇਖਦਾ ਹਾਂ ਕਿ ਉਨ੍ਹਾਂ ਦੇ ਟਿਕਾਣੇ ਵਾਲੇ ਜ਼ੋਨ 'ਚ ਕਿੰਨੀਆਂ ਕੁ ਟੈਕਸੀਆਂ ਪਹਿਲਾਂ ਹੀ ਬੁੱਕ ਹਨ। ਉੱਥੇ ਪੰਦਰਾਂ ਟੈਕਸੀਆਂ ਬੁੱਕ ਹਨ। ਮੈਂ ਆਸੇ-ਪਾਸੇ ਦੇ ਜ਼ੋਨ 'ਚ ਦੇਖਦਾ ਹਾਂ। ਉੱਥੇ ਕੁਝ ਘੱਟ ਹਨ। ਉਨ੍ਹਾਂ ਨੂੰ ਉਤਾਰ ਕੇ ਮੈਂ ਟੈਕਸੀ ਬੁੱਕ ਕਰਨ 'ਪਲਾਜ਼ਾ 500' ਹੋਟਲ' ਵੱਲ ਚੱਲ ਪੈਂਦਾ ਹਾਂ। ਉੱਥੇ ਕੁਝ ਚਿਰ ਉਡੀਕ ਤੋਂ ਬਾਅਦ ਕੈਂਸਰ ਸੁਸਾਇਟੀ ਤੋਂ ਡਲਿਵਰੀ ਮਿਲ ਜਾਂਦੀ ਹੈ। ਇਕ ਛੋਟਾ ਲਿਫਾਫਾ, ਜਿਸ 'ਚ ਦੋ ਸ਼ੀਸ਼ੀਆਂ ਲੱਗਦੀਆਂ ਹਨ, ਨੂੰ ਦੋ-ਤਿੰਨ ਬਲਾਕ ਦੀ ਵਿੱਥ 'ਤੇ ਵੈਕਨੂਵਰ ਜਨਰਲ ਹਸਪਤਾਲ 'ਚ ਪਹੁੰਚਾਉਣਾ ਹੈ। ਇਸ ਦਾ ਕਿਰਾਇਆ ਪੰਦਰਾਂ ਡਾਲਰ ਫਲੈਟ ਰੇਟ ਹੈ। ਇਹ ਚਾਰਜ ਟ੍ਰਿੱਪ ਹੈ। (ਚਲਦਾ)


# Elite Driving School

Learn to drive with experienced, caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- Class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



Tel : 780-265-6990
Email : elitedriving@hotmail.com



# ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗਦੀ ਲਲਕ

# ਨਿਰੂਪਮਾ ਦੱਤ

**ਮੁਲਾਕਾਤੀ**

**ਸੁਸ਼ੀਲ ਦੁਸਾਂਝ, ਕਮਲ ਦੁਸਾਂਝ**

ਨਿਰੂਪਮਾ ਦੱਤ ਪੰਜਾਬੀ ਦੀ ਕਵਿਤਰੀ ਤੇ ਅੰਗਰੇਜ਼ੀ ਦੀ ਪੱਤਰਕਾਰ ਹੈ। ਇਹਨੇ ਬੇਹੱਦ ਸੰਜਮੀ ਅਤੇ ਸਲੀਕੇਦਾਰ ਵਾਰਤਕ ਵੀ ਲਿਖੀ ਤੇ ਅਨੁਵਾਦ ਦਾ ਵੀ ਚੋਖਾ ਕੰਮ ਕੀਤਾ ਹੈ। ਇਹਦੇ ਕਾਵਿ-ਸੰਗ੍ਰਹਿ 'ਇਕ ਨਦੀ ਸਾਂਵਲੀ ਜਿਹੀ' ਨੂੰ ਪੰਜਾਬੀ ਅਕਾਦਮੀ ਦਿੱਲੀ ਨੇ ਸਾਲ 2000 ਵਿਚ ਐਵਾਰਡ ਦੇਣ ਦਾ ਐਲਾਨ ਕੀਤਾ; ਜਿਹੜਾ ਮਿਲਿਆ ਤਿੰਨ ਸਾਲ ਬਾਅਦ।

ਨਿਰੂਪਮਾ ਦੱਤ ਕਵਿਤਾ ਬਹੁਤ ਧੀਮੀ ਗਤੀ ਨਾਲ ਲਿਖਦੀ ਹੈ, ਔਸਤਨ ਸਾਲ ਵਿਚ ਤਿੰਨ ਕਵਿਤਾਵਾਂ। ਪਰ ਜਦੋਂ ਵੀ ਉਹਦੀ ਕੋਈ ਨਵੀਂ ਕਵਿਤਾ ਪਾਠਕਾਂ ਤੀਕ ਪੁੱਜੀ ਹੈ, ਉਹਦੇ ਨਾਲ ਨਿਰੂਪਮਾ ਹੋਰ ਵਿਸਥਾਰਤ ਹੋਈ ਹੈ। ਇਹਦੀ ਕਵਿਤਾ ਨਿੱਕੀ ਇੱਟ ਤੋਂ ਵੀ ਪੁਰਾਣੀਆਂ ਧਾਰਨਾਵਾਂ ਅਤੇ ਰਵਾਇਤਾਂ ਨੂੰ ਜੜ੍ਹੋਂ ਉਖਾੜਨ ਦਾ ਬਲ ਪੂਰੇ ਵੇਗ ਨਾਲ ਪਾਠਕਾਂ ਦੇ ਅੰਤਰ-ਮਨ ਤੱਕ ਸੰਚਾਰਤ ਕਰਦੀ ਹੈ।

ਅਸੀਂ ਪੁੱਛਿਆ-ਤੁਸੀਂ ਭਾਵੇਂ ਕਵਿਤਾ ਘੱਟ ਲਿਖਦੇ ਓ ਪਰ ਕਵਿਤਾ ਨੂੰ ਜੀਉਣ ਦਾ ਵੱਲ ਤੁਹਾਨੂੰ ਆਉਂਦੈ, ਕੀ ਹੈ ਤੁਹਾਡਾ ਕਵਿਤਾ ਨੂੰ ਜੀਉਣ ਦਾ ਤਰੀਕਾ? ਨਿਰੂਪਮਾ ਠਹਾਕਾ ਮਾਰ ਕੇ ਖਿੜਖਿੜਾਈ, ਫੇਰ ਕਹਿਣ ਲੱਗੀ-"ਸੱਚ ਤਾਂ ਇਹ ਐ ਕਿ ਅੱਜਕਲ੍ਹ ਮੈਂ ਵਾਰਤਕ ਹੀ ਲਿਖ ਰਹੀ ਆਂ ਤੇ ਵਾਰਤਕ ਹੀ ਜੀਅ ਰਹੀ ਆਂ...ਹਾ...ਹਾ...ਹਾ।"

ਇਸ ਲਾਪਰਵਾਹ ਹਾਸੇ ਜਿਹਾ ਹੀ ਨਿਰੂਪਮਾ ਦੇ ਜੀਉਣ ਦਾ ਤਰੀਕਾ ਹੈ ਤੇ ਇਹਦੇ ਅੰਦਰ ਹੀ ਕਿਤੇ ਸਮੋਇਆ ਹੋਇਆ ਹੈ ਉਹ ਸਲੀਕਾ ਜੋ ਦਿਖਦਾ ਨਹੀਂ ਹੈ, ਮਹਿਸੂਸ ਕੀਤਾ ਜਾ ਸਕਦਾ ਹੈ।

ਨਿਰੂਪਮਾ ਦੇ ਲਾਪਰਵਾਹ ਠਹਾਕਿਆਂ, ਦੋਸਤ ਮੰਡਲੀ ਨਾਲ ਬੈਠ ਕੇ ਡੇਢ ਪੈੱਗ ਰਮ ਤੇ ਸਿਗਰਟ ਦੇ ਕਸ਼ ਲੈ ਲੈਣ ਅਤੇ ਕਵਿਤਾ, ਵਾਰਤਕ ਅਤੇ ਆਪਣੀ ਪੱਤਰਕਾਰੀ ਵਿਚ ਦਲੇਰਾਨਾ ਅਤੇ ਬੇਬਾਕ ਪਹੁੰਚ ਅਪਣਾਉਣ ਕਾਰਨ ਹੀ ਸਾਹਿਤ ਦੇ ਸਿਆਸਤਦਾਨ ਅਤੇ ਅਚੇਤ ਹੀ ਸਥਾਪਤੀ ਦੇ ਹੱਕ ਵਿਚ ਭੁਗਤਣ ਵਾਲੇ ਲੇਖਕ/ਅਲੇਖਕ ਨਿਰੂਪਮਾ ਨੂੰ ਬੁਰੀ ਔਰਤ ਦਾ ਦਰਜਾ ਦੇ ਦਿੰਦੇ ਹਨ। ਨਿਰੂਪਮਾ ਖ਼ੁਦ ਆਪਣੀ ਕਵਿਤਾ 'ਬੁਰੀ ਔਰਤ' ਵਿਚ ਕਹਿੰਦੀ ਹੈ-

*-ਜੇਕਰ ਤੁਸੀਂ ਮੇਰੇ ਸ਼ਹਿਰ ਆਓਗੇ*
*ਤਾਂ ਬੁਰੀਆਂ ਔਰਤਾਂ ਦੀ ਸੂਚੀ ਵਿਚ*
*ਮੇਰਾ ਨਾਂਅ ਵੀ ਦਰਜ ਪਾਉਗੇ।*
*ਇਸੇ ਕਵਿਤਾ ਦੇ ਅਖੀਰ ਵਿਚ ਨਿਰੂਪਮਾ ਕਹਿੰਦੀ ਹੈ-*
*-ਸੱਚ ਦੱਸਾਂ*
*ਹੁਣ ਮੈਨੂੰ ਬੁਰੀਆਂ ਔਰਤਾਂ ਬਹੁਤ ਹੀ*
*ਚੰਗੀਆਂ ਲੱਗਣ ਲੱਗੀਆਂ ਹਨ।*

ਫੇਰ 'ਹੁਣ' ਨਾਲ 'ਗੱਲਾਂ' ਕਰਦਿਆਂ ਨਿਰਛਲ ਹਾਸੇ 'ਚ ਉਹ ਕਹਿੰਦੀ ਹੈ,

-ਬੁਰੀ ਔਰਤ ਹੋਣਾ ਤਾਂ ਗ਼ਜ਼ਬ ਦੀ ਆਜ਼ਾਦੀ ਹੈ... ਹਾ...ਹਾ... ਹਾ...।"

ਨਿਰੂਪਮਾ ਦੱਤ ਦੇ ਇੰਝ ਕਹਿਣ ਦਾ ਅਰਥ ਕੀ ਹੈ? ਉਹਨੂੰ ਬੁਰੀਆਂ ਔਰਤਾਂ ਚੰਗੀਆਂ ਕਿਉਂ ਲੱਗਦੀਆਂ ਹਨ?

ਨਿਰੂਪਮਾ ਖ਼ੁਦ ਕੀ ਹੈ? ਆਂਦਰਾਂ ਨੂੰ ਚੀਰਦੀ ਹੋਈ ਇਹਦੀ ਕਵਿਤਾ ਇਹਦੇ ਤੱਕ ਕਿਵੇਂ ਪਹੁੰਚਦੀ ਹੈ? ਇਹਦੇ ਪੈਰਾਂ ਵਿਚਲਾ ਨਿਰੰਤਰ ਸਫ਼ਰ ਇਹਦੀ ਭਟਕਣ ਹੈ ਜਾਂ ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗਦੀ ਲਲਕ?

ਇਹਦੀ ਪੱਤਰਕਾਰੀ ਰਵਾਇਤੀ ਪੱਤਰਕਾਰੀ ਅਤੇ ਪੱਤਰਕਾਰਤਾ ਦੇ ਸੱਤਾ ਸਤੰਭਾਂ ਦੀਆਂ ਨੀਹਾਂ ਨੂੰ ਕਿਵੇਂ ਟੱਕ ਮਾਰਦੀ ਹੈ?

ਨਿਰੂਪਮਾ ਦੀ ਸ਼ਖ਼ਸੀਅਤ ਉਸਾਰੀ ਵਿਚ ਇਹਦੇ ਮਾਂ-ਪਿਓ, ਭੈਣਾਂ-ਭਰਾਵਾਂ, ਦੋਸਤਾਂ, ਸਮਕਾਲੀ ਲੇਖਕਾਂ/ਪੱਤਰਕਾਰਾਂ ਅਤੇ ਸਮਾਜਕ/ਆਰਥਕ ਅਤੇ ਸਿਆਸੀ ਵਰਤਾਰਿਆਂ ਦਾ ਕਿੰਨਾ ਕੁ ਦਖ਼ਲ ਹੈ?

ਇਹਦੇ ਵਿਸਥਾਰਤ ਪਾਸਾਰਾਂ ਵਿਚੋਂ ਗੁਜ਼ਰਨਾ 'ਨਵੀਂ ਦੁਨੀਆ' ਦੇ ਪਾਠਕਾਂ ਲਈ ਦਿਲਚਸਪ ਅਤੇ ਲਾਹੇਵੰਦ ਜ਼ਰੂਰ ਹੋਵੇਗਾ। ਆਓ ਫਿਰ ਮਿਲੀਏ ਨਿਰੂਪਮਾ ਦੱਤ ਨੂੰ।

-ਸੰਪਾਦਕ

## ਬੁਰੀ ਔਰਤ

***ਸਵਾਲ :*** *ਜੇਕਰ ਤੁਸੀਂ ਮੇਰੇ ਸ਼ਹਿਰ ਆਉਗੇ*
*ਤਾਂ ਬੁਰੀਆਂ ਔਰਤਾਂ ਦੀ ਸੂਚੀ ਵਿਚ*
*ਮੇਰਾ ਨਾਂਅ ਵੀ ਦਰਜ ਪਾਉਗੇ*

ਇਹ ਤੁਹਾਡੀ ਕਵਿਤਾ 'ਬੁਰੀ ਔਰਤ' ਦੀਆਂ ਸ਼ੁਰੂਆਤੀ ਸਤਰਾਂ ਨੇ। ਕੌਣ ਹੈ ਇਹ ਬੁਰੀ ਔਰਤ ਤੇ ਕਿਉਂ?

***ਨਿਰੂਪਮਾ :*** ਬੁਰੀ ਔਰਤ ਦਾ ਸਿਲਸਿਲਾ ਬੜਾ ਦਿਲਚਸਪ ਹੈ। ਇਹ ਜੋ ਬੁਰੀ ਔਰਤ ਐ, ਉਹ ਤੇ ਮੈਂ ਈਂ ਆਂ...ਹਾ...ਹਾ...। ਇਸ ਬੁਰੀ ਔਰਤ ਨੂੰ ਤਨਜ਼ ਨਾਲ ਇਸਤੇਮਾਲ ਕੀਤੈ, ਬਈ ਕਿਹੜੇ ਕਾਰਨ ਨੇ ਜਿਨ੍ਹਾਂ ਨਾਲ ਆਮ ਪੁਰਸ਼ ਪ੍ਰਧਾਨ ਸਮਾਜ ਇਕ ਔਰਤ ਨੂੰ ਬੁਰੀ ਔਰਤ ਦਾ ਦਰਜਾ ਦਿੰਦੈ। ਮਜ਼ੇਦਾਰ ਸਿਲਸਿਲਾ ਐ ਕਿ ਇਹ ਚੰਡੀਗੜ੍ਹ ਵਰਗੇ ਸ਼ਹਿਰ ਵਿਚ ਲਿਖੀ ਗਈ ਐ। 'ਬੁਰੀ ਔਰਤ' ਸ਼ਾਇਦ ਇਹ ਕਿਸੇ ਮੈਟਰੋਪਾਲੀਟਨ ਸ਼ਹਿਰ ਵਿਚ ਲਿਖੀ ਵੀ ਨਾ ਜਾਂਦੀ...ਕਿਉਂਕਿ ਬੁਰੀ ਔਰਤ ਤਾਂ ਉਥੇ ਬਹੁਤ ਡਿਮਾਂਡ ਵਿਚ ਵੇ...ਹਾ...ਹਾ...ਔਰ ਚੰਗੀ ਮੰਨੀ ਜਾਂਦੀ ਐ। ਸਾਡੇ ਦੌਰ ਵਿਚ ਚੰਡੀਗੜ੍ਹ ਵਿਚ ਜਿਨ੍ਹਾਂ ਨੂੰ ਬੁਰੀ ਔਰਤ ਮੰਨਿਆ ਜਾਂਦਾ ਸੀ, ਉਸ ਸੂਚੀ ਵਿਚ ਮੇਰਾ ਵੀ ਨਾਂ ਸੀ। ਰਾਣੀ ਬਲਬੀਰ ਕੌਰ, ਮਨਜੀਤ ਕੌਰ ਟਿਵਾਣਾ ਨੂੰ ਬਹੁਤ ਸਾਰੇ ਲੋਕ ਬੁਰੀ ਔਰਤ ਕਹਿੰਦੇ ਸਨ..., ਫੇਰ ਇਸੇ ਸੂਚੀ ਵਿਚ ਮੈਂ ਆਪਣੇ ਆਪ ਨੂੰ ਵੀ ਪਾਇਆ। ਬੁਰੀ ਔਰਤ ਹੋਣਾ ਤਾਂ ਗ਼ਜ਼ਬ ਦੀ ਆਜ਼ਾਦੀ ਐ...ਖ਼ਾਸ ਤੌਰ 'ਤੇ ਸਾਡੀ ਪੀੜ੍ਹੀ ਵਿਚ ਇਹੀ ਹੁੰਦਾ ਸੀ ਕਿ ਬੁਰੇ ਨੀਂ ਬਣਨਾ...ਚੰਗੀ ਕੁੜੀ ਹੋਣੀ ਚਾਹੀਦੀ ਐ...ਦਿਮਾਗ਼ ਵਿਚ ਬੜਾ ਰਹਿੰਦਾ ਸੀ ਕਿ ਮੈਂ ਤਾਂ ਬਹੁਤ ਸਾਊ ਕੁੜੀ ਆਂ...ਮੈਂ ਇਹ ਨੀਂ ਕਰ ਸਕਦੀ, ਓ ਨੀਂ ਕਰ ਸਕਦੀ...ਜੇ ਕੁਛ ਐਸਾ ਵੈਸਾ ਕੀਤਾ ਤਾਂ ਬੁਰੀ ਬਣ ਜਾਵਾਂਗੀ। 'ਬੁਰੀ ਔਰਤ' ਨਜ਼ਮ ਲਿਖਣ ਦਾ ਕਾਰਨ ਬਣਿਆ ਮੇਰਾ ਇਕ ਲੇਖ। ਮੈਂ ਪੰਜਾਬ ਆਰਟਸ ਕੌਂਸਲ ਬਾਰੇ ਕੁਝ ਲਿਖ ਦਿੱਤਾ ਤਾਂ ਗੁਰਸ਼ਰਨ ਭਾਜੀ ਨੇ ਬਹੁਤ ਇਤਰਾਜ਼ ਕੀਤਾ-ਕਹਿੰਦੇ, "ਇਹ ਤੇ ਇਹਦਾ ਜਿਹੜਾ ਸਟਾਈਲ ਐ ਨਾ...ਸਿਗਰਟ ਪੀਂਦੀ ਐ...ਹਾ...ਹਾ... ਕੁਝ ਮੇਰੀ ਦੋਸਤੀ ਉਨ੍ਹਾਂ ਦੇ ਜਵਾਈ ਨਾਲ ਸੀ, ਉਹ ਮੇਰਾ ਕੁਲੀਗ ਵੀ ਸੀ। ਫੇਰ ਮੈਂ ਲਿਖਿਆ ਸੀ-ਹਾਂ ਮੈਂ ਬੁਰੀ ਔਰਤ ਹਾਂ। ਇਕ ਹੋਰ ਨਜ਼ਮ ਸੀ ਮੇਰੀ-

*ਤੂੰ ਇੰਜ ਕੀਤਾ*
*ਬੁਰੀ ਔਰਤ ਕਹਾਂਏਗੀ*
*ਤੂੰ ਉਂਜ ਕੀਤਾ*
*ਤਾਂ ਬੁਰੀ ਔਰਤ ਬਣ ਜਾਏਂਗੀ*
*ਬੁਰੀਆਂ ਔਰਤਾਂ*
*ਮੈਨੂੰ ਬਹੁਤ ਬੁਰੀਆਂ ਲਗਦੀਆਂ ਸਨ*
*ਪਰ ਹੁਣ*
*ਜਦ ਮੈਂ ਸ਼ੀਸ਼ਾ ਵੇਖਦੀ ਹਾਂ*
*ਤੇ ਮੈਨੂੰ ਇਕ ਬੁਰੀ ਔਰਤ ਨਜ਼ਰ ਆਉਂਦੀ ਐ*

***ਸਵਾਲ :*** ਇਸੇ ਕਵਿਤਾ, 'ਇਕ ਹੋਰ ਬੁਰੀ ਔਰਤ' ਦੀਆਂ ਆਖ਼ਰੀ ਸਤਰਾਂ ਵਿਚ ਤੁਸੀਂ ਕਹਿੰਦੇ ਹੋ-

*ਸੱਚ ਦੱਸਾਂ*
*ਹੁਣ ਮੈਨੂੰ ਬੁਰੀਆਂ ਔਰਤਾਂ ਬਹੁਤ ਹੀ*
*ਚੰਗੀਆਂ ਲੱਗਣ ਲੱਗੀਆਂ ਹਨ*

ਨਿਰੂਪਮਾ ਦੱਤ ਦਾ ਔਰਤਾਂ ਪ੍ਰਤੀ ਇਹ ਨਜ਼ਰੀਆ ਕਦੋਂ ਕੁ ਤੇ ਕਿਉਂ ਬਣਿਆ?

***ਨਿਰੂਪਮਾ :*** ਹਰ ਗੱਲ ਅਨੁਭਵ ਤੇ ਸੰਘਰਸ਼ ਵਿਚੋਂ ਨਿਕਲਦੀ ਹੈ। ਜਿਨ੍ਹਾਂ ਮਾਪਦੰਡਾਂ ਨਾਲ ਤੁਹਾਨੂੰ ਪਾਲਿਆ ਗਿਐ...ਜਾਂ ਸਮਾਜ ਕਹਿੰਦੈ ਕਿ ਤੁਸੀਂ ਇੰਜ ਰਹਿਣੈ...ਦੋਗਲਾਪਣ ਕਹਿ ਸਕਦੇ ਹੋ...ਕਿ ਉਪਰੋਂ ਬੀਬੇ ਬਣੇ ਰਹੋ ਤੇ ਬਾਕੀ ਜੋ ਮਰਜ਼ੀ ਕਰੀ ਜਾਓ...।

ਮੈਂ ਇਕ ਗੱਲ ਦਸਣੀ ਆਂ...ਆਹ ਗੁਲਜ਼ਾਰ ਸਾਹਿਬ ਨੇ ਜਿਹੜੀ ਕਵਿਤਾ 'ਜਦੋਂ ਤੁਸੀਂ ਮੇਰੇ ਸ਼ਹਿਰ ਆਉਗੇ' ਦਾ ਜਦੋਂ ਹਿੰਦੀ ਵਿਚ ਤਰਜਮਾ ਕੀਤਾ ਸੀ। ਉਨ੍ਹਾਂ ਦਾ ਮੈਨੂੰ ਫ਼ੋਨ ਆਇਆ ਕਿ ਤੂੰ ਆਹ ਗ਼ਲਤ ਲਿਖਿਆ ਪੰਜਾਬੀ ਵਿਚ...ਭੈੜੀ ਬੁਰੀ ਔਰਤ ਹੋਣਾ ਚਾਹੀਦਾ ਸੀ...ਹਾ...ਹਾ...। ਕਹਿੰਦੇ ਜਦੋਂ ਮੈਂ ਹਿੰਦੁਸਤਾਨੀ ਵਿਚ ਇਹਨੂੰ ਵਰਤ ਰਿਹਾਂ ਤਾਂ ਭੈੜੀ ਲਿਖ ਰਿਹਾ ਹਾਂ। ਸੀ.ਪੀ.ਆਈ.(ਐਮ) ਦਾ ਸੀਨੀਅਰ ਕਾਮਰੇਡ ਸੁਨੀਤ ਚੋਪੜਾ ਜਦੋਂ ਵੀ ਮੈਨੂੰ ਮਿਲਦਾ ਸੀ ਤਾਂ ਕਹਿੰਦਾ ਸੀ, ਹੋਰ ਫੇਰ ਭੈੜੀ ਕੁੜੀਏ ਕੀ ਹਾਲ ਐ?

ਇਕ ਵਾਰ ਮੈਂ ਦਿੱਲੀ ਸਾਰਕ ਮੇਲੇ 'ਤੇ ਇਹ ਕਵਿਤਾ ਪੜ੍ਹੀ। '95 ਦੇ ਅੱਧ ਵਿਚ ਇਹ ਕਵਿਤਾ ਲਿਖੀ ਗਈ ਸੀ...ਮੈਨੂੰ ਪਾਕਿਸਤਾਨੀ ਸ਼ਾਇਰਾ ਕਿਸ਼ਵਰ ਨਾਹੀਦ ਨੇ ਆ ਕੇ ਜੱਫ਼ੀ ਪਾਈ...ਕਹਿੰਦੀ ਲੈ ਮੇਰੀ ਤੇ ਆਤਮ ਕਥਾ ਦਾ ਨਾਂ ਬੁਰੀ ਔਰਤ ਐ... ਨਾਹੀਦ ਉਰਦੂ ਦੀ ਬਹੁਤ ਬਾਗ਼ੀਆਨਾ ਸ਼ਾਇਰਾ ਮੰਨੀ ਜਾਂਦੀ ਐ। ਸੋ, ਕਾਫ਼ੀ ਔਰਤਾਂ ਨੇ ਇਸ ਨੂੰ ਮਹਿਸੂਸ ਵੀ ਕੀਤਾ ਤੇ ਸਾਹਿਤ ਵਿਚ ਵੀ ਬੁਰੀ ਔਰਤ ਦਾ ਬਿੰਬ ਨਜ਼ਰ ਆਇਆ। ਕਿਸ਼ਵਰ ਨਾਹੀਦ ਦੀ ਵੀ ਇਕ ਨਜ਼ਮ ਸੀ-(1983 'ਚ ਉਨ੍ਹਾਂ ਲਿਖੀ ਸੀ ਤੇ ਤਦ ਤਕ ਮੈਂ ਪੜ੍ਹੀ ਨਹੀਂ ਸੀ। ਇਸਲਾਮਾਬਾਦ ਵਿਚ ਕੋਈ ਦੋ ਸੌ ਕੁ ਔਰਤਾਂ ਜ਼ਿਆ ਉਲ ਹੱਕ ਦੇ ਵਿਰੋਧ ਵਿਚ ਪ੍ਰਦਰਸ਼ਨ ਕਰ ਰਹੀਆਂ ਸਨ...ਬਿਲ ਆਇਆ ਸੀ ਕਿ ਦੋ ਔਰਤਾਂ ਦੀ ਗਵਾਹੀ ਇਕ ਮਰਦ ਦੇ ਬਰਾਬਰ ਐ...ਇਸ ਦਾ ਵਿਰੋਧ ਕਰ ਰਹੀਆਂ ਸਨ...ਹਾਈ ਕੋਰਟ ਵੱਲ ਜਾਣਾ ਸੀ ਇਨ੍ਹਾਂ ਔਰਤਾਂ ਨੇ...ਲਾਠੀਚਾਰਜ ਹੋਇਆ...ਅੱਧੀਆਂ ਨੂੰ ਜੇਲ੍ਹ ਵਿਚ ਪਾ ਦਿੱਤਾ) ਫੇਰ ਨਾਹੀਦ ਨੇ ਲਿਖਿਆ ਸੀ-ਹਮ ਗੁਨਾਹਗਾਰ ਔਰਤੇਂ। ਸ਼ਾਇਦ ਸਾਡੀ ਇਹ ਅਣਮਿਥੀ ਸਾਂਝ ਸੀ।

ਸਾਂਝ ਦਾ ਹੀ ਇਕ ਹੋਰ ਕਿੱਸਾ ਯਾਦ ਆ ਰਿਹੈ-ਮੇਰੀਆਂ ਪਹਿਲੀਆਂ ਨਜ਼ਮਾਂ ਅੰਮ੍ਰਿਤਾ ਜੀ ਦੇ ਨਾਗਮਣੀ ਵਿਚ ਛਪੀਆਂ ਸਨ। ਮੈਂ ਅੰਮ੍ਰਿਤਾ ਜੀ ਦੇ ਕੋਲ ਗਈ ਹੋਈ ਸਾਂ ਤੇ ਉਥੇ ਪਾਕਿਸਤਾਨੀ ਸ਼ਾਇਰਾ ਫੈਮਿਦਾ ਰਿਆਜ਼ ਆਈ ਹੋਈ ਸੀ, ਜਿਹਦੀ ਅਟਲ ਵਾਜਪਾਈ ਵੇਲੇ ਹਿੰਦੁਤਵਵਾਦ 'ਤੇ ਲਿਖੀ ਕਵਿਤਾ ਬੜੀ ਪ੍ਰਚਲਤ ਹੋਈ ਸੀ-

*ਤੁਮ ਭੀ ਹਮ ਜੈਸੇ ਨਿਕਲੇ*
*ਅਬ ਤਕ ਕਹਾਂ ਛੁਪੇ ਥੇ ਭਾਈ*
*ਵੋਹ ਫੂਹੜਪਨ*
*ਵੋਹ ਮੂਰਖ਼ਤਾ*
*ਜਿਸ ਮੇਂ ਹਮਨੇ ਉਮਰ ਗੁਜ਼ਾਰੀ*
*ਅਬ ਪਹੁੰਚਾ ਹੈ ਦੁਆਰ ਤੁਮਾਹਰੇ*
*ਬਹੁਤ ਬਧਾਈ ਅਰੇ ਬਧਾਈ।*

ਅਮ੍ਰਿਤਾ ਜੀ ਨਾਲ ਬੈਠਿਆਂ ਸਾਡੀਆਂ ਗੱਲਾਂ ਚੱਲ ਪਈਆਂ...ਮੇਰੇ ਖ਼ਿਆਲ ਵਿਚ ਉਨ੍ਹਾਂ ਦਿਨਾਂ ਵਿਚ ਸਿਮੋਨ ਦੀ ਬੂਆ ਦੀ ਮੌਤ ਹੋਈ ਸੀ...ਉਹਦਾ ਇਕ ਨਾਵਲ ਸੀ 'ਮੈਂਡਰਿਨਸ'-ਫਰਾਂਸ ਦੇ ਬੁੱਧੀਜੀਵੀ ਦੀ ਕਹਾਣੀ...ਤੁਸੀਂ ਸਮਝ ਸਕਦੇ ਹੋ ਬੁੱਧੀਜੀਵੀ ਲੋਕਾਂ ਵਿਚ ਔਰਤ ਦੀ ਕੀ ਹਾਲਤ ਐ...ਇਸ ਨਾਵਲ ਦੀ ਜਿਹੜੀ ਨਾਇਕਾ ਸੀ ਉਹ ਇਸ ਬੰਦੇ ਨੂੰ ਪਾਗ਼ਲਪਣ ਦੀ ਹੱਦ ਤਕ ਪਿਆਰ ਕਰਦੀ ਐ ਤੇ ਆਪ ਵੀ ਅੱਧੀ ਪਾਗ਼ਲ ਹੋ ਜਾਂਦੀ ਐ...ਮੈਂ ਫੈਮਿਦਾ ਨੂੰ ਕਹਿ ਰਹੀ ਸਾਂ...ਮੈਂ ਇਕ ਪਿਆਰ ਵਿਚ ਇੰਜ ਹੀ ਸਾਂ, ਪਰ ਆਹ ਪੜ੍ਹ ਕੇ ਠੀਕ-ਠੀਕ ਹੋ ਗਈ। ਫੈਮਿਦਾ ਕਹਿੰਦੀ, ਮੇਰੇ ਨਾਲ ਵੀ ਕਾਲਜ ਵਿਚ ਇਵੇਂ ਹੀ ਹੋਇਆ...ਮੈਂ ਵੀ ਇਵੇਂ ਪਾਗ਼ਲ ਹਦ ਤਕ ਪਿਆਰ ਕੀਤਾ ਤੇ ਇੰਜ ਹੋ ਗਈ ਪਰ ਮੈਂਡਰਿਨਸ ਪੜ੍ਹ ਕੇ ਮੈਂ ਵੀ ਠੀਕ ਹੋ ਗਈ। ਸੋ, ਇਹ ਦੋ ਮੁਲਕਾਂ ਵਿਚ ਵੱਖ ਵੱਖ ਔਰਤਾਂ ਦੀ ਇਕੋ ਜਿਹੀ ਪੀੜਾ ਦੀ ਸਾਂਝ ਹੈ। ਤੇ ਮੈਨੂੰ ਬੜਾ ਚੰਗਾ ਲੱਗਾ ਕਿ ਇਹ ਕਿਤਾਬ ਸਾਨੂੰ ਦੋਹਾਂ ਨੂੰ ਜੋੜ ਰਹੀ ਐ।

ਜਦੋਂ ਮੇਰੀ ਇਹ ਨਜ਼ਮ ਤਰਜਮਾ ਹੋਣ ਮਗਰੋਂ ਵੈੱਬਸਾਈਟ 'ਤੇ ਆਈ ਤਾਂ ਮੈਨੂੰ ਵਿਦੇਸ਼ਾਂ ਤੋਂ ਵੀ ਹੁੰਗਾਰਾ

ਸਫ਼ਰ ਦਰ ਸਫ਼ਰ



ਸਾਲ : 1957 | 1959 | 1961 | 1971 | 1980 | 1985 | 1990 | 2009

ਮਿਲਿਆ। ਅਮਰੀਕਾ ਤੋਂ ਮੈਨੂੰ ਕਈਆਂ ਨੇ ਪੁਛਿਆ ਕਿ ਇਹ ਜਿਹੜੀ ਬੁਰੀ ਔਰਤ ਐ...ਇਹਦਾ ਸਬੰਧ ਸੈਕਸ ਨਾਲ ਐ...? ਮੈਂ ਕਿਹਾ ਨਹੀਂ ਇਹਦੇ ਵਿਚ ਐਸੀ ਕੋਈ ਗੱਲ ਨਹੀਂ ਐ ਤੇ ਫੇਰ ਉਨ੍ਹਾਂ ਦਾ ਇਸ ਵਿਚ ਇੰਟਰਸਟ ਘੱਟ ਗਿਆ। ਹਾ...ਹਾ...।

## ਥੋੜ੍ਹੀ ਜਿਹੀ ਜ਼ਿੱਦੀ ਜ਼ਿੰਦਗੀ

***ਸਵਾਲ*** : ਨਿਰੂਪਮਾ ਦੱਤ ਕਵਿਤਾ ਬਹੁਤ ਧੀਮੀ ਗਤੀ ਨਾਲ ਲਿਖਦੀ ਹੈ ਪਰ ਹਰ ਪਲ ਕਵਿਤਾ ਨੂੰ ਜੀਉਣ ਦਾ ਵਲ ਉਹਨੂੰ ਆਉਂਦਾ ਹੈ। ਕੀ ਹੈ ਤੁਹਾਡਾ ਕਵਿਤਾ ਨੂੰ ਜੀਉਣ ਦਾ ਤਰੀਕਾ?

***ਨਿਰੂਪਮਾ*** : ਸੱਚ ਤੇ ਇਹ ਐ ਸੁਸ਼ੀਲ...ਅੱਜ ਕੱਲ੍ਹ ਮੈਂ ਵਾਰਤਕ ਹੀ ਲਿਖ ਰਹੀ ਆਂ...ਵਾਰਤਕ ਹੀ ਜੀ ਰਹੀ ਆਂ...। ਹਾ...ਹਾ....।

***ਸਵਾਲ*** : ਤੁਹਾਡਾ ਹਰ ਗੱਲ 'ਤੇ ਠਹਾਕਾ ਬਹੁਤ ਕਮਾਲ ਦਾ ਐ।

***ਨਿਰੂਪਮਾ*** : ਹਾ...ਹਾ...। ਚੱਲੋ ਖ਼ੈਰ, ਮੈਂ ਕਵਿਤਾ ਪਸੰਦ ਬਹੁਤ ਕਰਦੀ ਸਾਂ ਔਰ ਸ਼ਾਇਦ ਇਸੇ ਕਰਕੇ ਮੈਂ ਕਵੀ ਲੱਭ ਲਏ...। ਮੇਰੀ ਹਿੰਦੀ ਦੇ ਮਸ਼ਹੂਰ ਸ਼ਾਇਰ ਕੁਮਾਰ ਵਿੱਕਲ ਹੋਰਾਂ ਨਾਲ ਸਾਂਝ ਰਹੀ ਐ...ਮੈਂ ਉਦੋਂ ਨਵੀਂ ਨਵੀਂ ਰਿਪੋਰਟਰ ਸਾਂ...ਅਖ਼ਬਾਰਾਂ ਦੇ ਪੱਤਰਕਾਰ ਸਾਹਿਤਕ ਪ੍ਰੋਗਰਾਮਾਂ ਵਿਚ ਕੋਈ ਰੁਚੀ ਨਹੀਂ ਸਨ ਲੈਂਦੇ ਪਰ ਕਿਉਂਕਿ ਸਾਡੇ ਘਰ ਦਾ ਮਾਹੌਲ ਇਵੇਂ ਦਾ ਸੀ...ਮੇਰੀ ਮਾਂ ਨੂੰ ਸਾਹਿਤ ਦਾ ਬੜਾ ਸ਼ੌਕ ਸੀ...ਮੇਰਾ ਵੀ ਦਿਲ ਕਰਦਾ ਸੀ ਕਿ ਜਾ ਕੇ ਪ੍ਰੋਗਰਾਮ ਕਵਰ ਕਰਾਂ...ਅਜਿਹੇ ਹੀ ਇਕ ਪ੍ਰੋਗਰਾਮ ਵਿਚ ਕੁਮਾਰ ਵਿੱਕਲ ਆਪਣੀਆਂ ਨਜ਼ਮਾਂ ਸੁਣਾ ਰਿਹਾ ਸੀ ਤੇ ਮੈਂ ਪ੍ਰੋਗਰਾਮ ਕਵਰ ਕਰਨ ਗਈ ਹੋਈ ਸਾਂ...

ਮੈਂ ਫੇਰ ਅਖ਼ਬਾਰ ਵਿਚ ਚਾਰ-ਚਾਰ, ਛੇ-ਛੇ ਲਾਈਨਾਂ ਅਨੁਵਾਦ ਕੀਤੀਆਂ। ਉਹ ਕੁਮਾਰ ਵਿੱਕਲ ਹੋਰਾਂ ਨੂੰ ਬਹੁਤ ਪਸੰਦ ਆਈਆਂ ਤੇ ਉਨ੍ਹਾਂ ਨੂੰ ਲੱਗਿਆ ਕਿ ਮੇਰੇ ਅੰਦਰ ਤਰਜਮਾ ਕਰਨ ਦੀ ਸਮਰਥਾ ਹੈ। ਫੇਰ ਉਨ੍ਹਾਂ ਦਿਨਾਂ ਵਿਚ ਨਕਸਲੀ ਸ਼ਾਇਰੀ ਵੀ ਨਿਕਲ ਰਹੀ ਸੀ...ਕਲੱਕਤਾ ਤੋਂ ਅੰਗਰੇਜ਼ੀ ਦੀ ਕਿਤਾਬ ਛਪ ਰਹੀ ਸੀ 'ਸਪਰਿੰਗ ਥੰਡਰ', ਉਹਦੇ ਵਿਚ ਉਨ੍ਹਾਂ ਦੀਆਂ ਨਜ਼ਮਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਹੋਣਾ ਸੀ...ਉਨ੍ਹਾਂ ਨੇ ਮੈਨੂੰ ਅਨੁਵਾਦ ਕਰਨ ਲਈ ਦਿੱਤੀਆਂ ਤੇ ਕੋਲ ਬਹਿ ਕੇ ਸਮਝਾਇਆ ਵੀ ਕਿ ਦੇਖ ਐਸ ਲਾਈਨ ਦਾ ਥੋੜ੍ਹਾ ਵਜ਼ਨ ਘੱਟ ਗਿਐ...ਇਹਨੂੰ ਇੰਜ ਕਰਨੈ। ਸੋ, ਇਸ ਤਰ੍ਹਾਂ ਅਨੁਵਾਦ ਦਾ ਸਫ਼ਰ ਸ਼ੁਰੂ ਹੋਇਆ। ਕਵਿਤਾ ਜੀਨ ਵਿਚ ਤੇ ਹੈ ਸੀ...ਮੈਂ ਜ਼ਿੰਦਗੀ ਨੂੰ ਬਹੁਤ ਮਾਣਿਐ...ਕਾਲਜ ਵਿਚ ਸ਼ਾਇਰੀ ਕਰਦੀ ਸੀ...ਉਦੋਂ ਬਸਤੀਵਾਦੀ ਸਿਲੇਬਸ ਸੀ ਤੇ ਮੈਂ ਕੀਟਸ, ਸ਼ੈਲੀ, ਵਰਡਜ਼ਵਰਥ ਪੜ੍ਹਦੀ ਸਾਂ...ਪਰ ਮੇਰੇ ਬੀਜੀ ਉਰਦੂ ਸ਼ਾਇਰੀ ਪੜ੍ਹਦੇ ਸਨ...ਵੀਰ ਜੀ ਘਰ ਵਿਚ ਹਿੰਦੀ ਦਾ ਰਸਾਲਾ ਲਿਆਂਦੇ ਸਨ...ਉਹਦੇ ਵਿਚ ਮੈਂ ਅਮੀਤੋਜ ਦੀ ਕਵਿਤਾ ਪੜ੍ਹੀ-

*ਹਮ ਕਾਂਚ ਕੇ ਗਿਲਾਸ ਤੋ ਨਹੀਂ, ਜੋ ਏਕਦਮ ਸੇ ਟੂਟ ਜਾਏਂ*

ਮੈਨੂੰ ਬਹੁਤ ਚੰਗੀਆਂ ਲੱਗੀਆਂ...ਦੂਜਾ ਘਰ ਵਿਚ ਸਾਡੇ ਚਰਚਾ ਹੁੰਦਾ ਸੀ...ਸੋ ਕਵਿਤਾ ਵੱਲ ਰੁਚੀ ਰਹੀ ਐ ਬਹੁਤ...ਅੰਗਰੇਜ਼ੀ ਲਿਟਰੇਚਰ ਦੀ ਕਲਾਸ ਵਿਚ ਮੈਨੂੰ ਬਹੁਤ ਖ਼ੁਸ਼ੀ ਮਿਲਦੀ ਸੀ...ਕਈ ਵਾਰ ਆਪਣੀਆਂ ਸਹੇਲੀਆਂ ਨੂੰ ਆ ਕੇ ਪੜ੍ਹ ਕੇ ਕੋਈ ਕਵਿਤਾ ਸੁਣਾਉਣੀ...। ਦੂਜਾ ਪਤਾ ਨਹੀਂ ਕਵਿਤਾ ਵਾਕਣ ਜ਼ਿੰਦਗੀ ਜੀਵੀ...ਥੋੜ੍ਹੀ ਜ਼ਿੱਦੀ ਜ਼ਿੰਦਗੀ...। ਮੈਂ ਕਵਿਤਾ ਲਿਖੀ ਘੱਟ ਐ...ਖ਼ਾਸ ਕਰ ਮੈਂ ਕੋਈ ਕਵਿਤਾ ਲਿਖਣ ਲਈ ਆਪਣੇ-ਆਪ ਨੂੰ ਮਜਬੂਰ ਨਹੀਂ ਕਰ ਸਕੀ...ਜੇ ਕਦੀ ਕੀਤਾ ਵੀ ਤਾਂ ਉਹਦਾ ਨਤੀਜਾ ਬਹੁਤ ਖ਼ੂਬਸੂਰਤ ਨਹੀਂ ਆਇਆ।

ਘੱਟ ਲਿਖਣ ਦਾ ਇਕ ਕਾਰਨ ਹੋਰ ਵੀ ਸੀ...ਕਿਉਂਕਿ ਮੈਂ ਪੱਤਰਕਾਰ ਸਾਂ...ਮੈਂ ਬੇਬਾਕ ਹੋ ਕੇ ਲਿਖ ਦਿੰਦੀ ਸਾਂ...ਹਿੰਦੀ ਦੇ ਇਕ ਲੇਖਕ ਸਨ...ਉਨ੍ਹਾਂ ਨੇ ਇੱਥੇ ਨਾਟਕ ਕੀਤਾ...ਉਨ੍ਹਾਂ ਦੇ ਨਾਟਕ ਦੀ ਇਕ ਲਾਈਨ ਸੀ-ਵੋਹ ਲੜਕੀ ਜੋ ਸਾਲ ਮੇਂ ਡੇਢ ਕਵਿਤਾ ਲਿਖਤੀ ਹੈ-ਹਾ...ਹਾ...। ਸੋ ਬਹੁਤੀ ਐਨਰਜੀ ਪੱਤਰਕਾਰਤਾ ਵਿਚ ਲੱਗ ਗਈ।

***ਸਵਾਲ*** : ਕੀ ਕਵਿਤਾ ਅਤੇ ਰਾਜਨੀਤੀ ਦਾ ਆਪਸ ਵਿਚ ਕੋਈ ਸਿੱਧਾ ਸਬੰਧ ਹੋਣਾ ਚਾਹੀਦਾ ਹੈ ਜਾਂ ਨਹੀਂ?

***ਨਿਰੂਪਮਾ*** : ਬਿਲਕੁਲ ਹੈ...ਕਵਿਤਾ ਰਾਜਨੀਤੀ ਤੋਂ ਅਲੱਗ ਹੈ ਹੀ ਨਹੀਂ...ਰਾਜਨੀਤੀ ਦਾ ਜੇਕਰ ਅਸੀਂ ਵੱਡਾ ਦਾਇਰਾ ਲੈ ਕੇ ਚੱਲੀਏ...ਇਹ ਕਵਿਤਾ ਰਾਜਨੀਤੀ ਬਗੈਰ ਹੈ ਹੀ ਨਹੀਂ...ਤੇ ਜਿਹਨੂੰ ਅਸੀਂ ਸਿਆਸੀ ਕਵਿਤਾ ਕਹਿੰਦੇ ਹਾਂ...ਜਿੱਥੋਂ ਤਕ ਔਰਤਾਂ ਦੀ ਕਵਿਤਾ ਹੈ, ਉਹ ਸਿੱਧੇ ਤੌਰ 'ਤੇ ਨਿੱਜੀ ਐ...ਦੇਸ਼ ਦੇ ਹਾਲਾਤ ਦਾ...ਦੁਨੀਆ ਦੇ ਹਾਲਾਤ ਨਾਲ ਜੁੜ ਕੇ ਜਦੋਂ ਕਵੀ ਮਨ ਡੂੰਘਾਈ ਤਕ ਜਾਂਦੈ ਤਾਂ ਉਹ ਸ਼ਾਇਰੀ ਬਹੁਤ ਬੁਲੰਦ ਹੁੰਦੀ ਐ। ਮੇਰੇ ਜਿਹੜੇ ਮਨ ਪਸੰਦ ਸ਼ਾਇਰ ਰਹੇ ਨੇ...ਉਨ੍ਹਾਂ ਵਿਚ ਕੁਮਾਰ ਵਿੱਕਲ ਸਭ ਤੋਂ ਉਪਰ ਨੇ, ਲਾਲ ਸਿੰਘ ਦਿਲ ਹੈ, ਚੰਦਨ ਹੈ...ਚੰਦਨ ਆਦਮੀ ਮੁਸ਼ਕਲ ਐ...ਪਰ ਉਹਦੀਆਂ ਕੁਝ ਕਵਿਤਾਵਾਂ ਮੈਨੂੰ ਬਹੁਤ ਪਸੰਦ ਨੇ। ਉਹ ਮੈਨੂੰ ਅਕਸਰ ਮਜ਼ਾਕ ਕਰਦੈ...ਉਹ ਅਕਸਰ ਈ-ਮੇਲ ਕਰਦੈ...ਮੈਨੂੰ ਕਹਿੰਦਾ-ਤੂੰ ਤੇ ਅੰਮ੍ਰਿਤਾ ਦੀ ਫੈਨ ਐਂ...ਮੈਂ ਕਿਹਾ-ਮੈਂ ਤੇ ਤੇਰੀ ਵੀ ਫੈਨ ਆਂ ਚੰਦਨ। ਹਾ...ਹਾ...। ਅੱਗੋਂ ਕਹਿੰਦੈ-ਲੈ ਤੂੰ ਤੇ ਲੈਫਟ-ਰਾਈਟ ਮਿਲਾ ਦਿੱਤੇ ਨੇ। ਸੋ, ਮੇਰਾ ਵਾਸਤਾ ਸਿਆਸੀ ਕਵੀਆਂ ਨਾਲ ਪਿਐ...ਪਰ ਹੁਣ ਦੇਖੋ! ਅੰਮ੍ਰਿਤਾ ਜੀ ਨੂੰ ਰੋਮਾਂਟਿਕ ਕਵਿਤਰੀ ਮੰਨਿਆ ਜਾਵੇਗਾ ਪਰ ਉਨ੍ਹਾਂ ਦੀ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਤੁਸੀਂ ਕਿਵੇਂ ਨਜ਼ਰਅੰਦਾਜ਼ ਕਰ ਸਕਦੇ ਹੋ...ਵੰਡ ਦਾ ਅੱਖੀਂ ਡਿੱਠਾ ਦੁੱਖ ਉਨ੍ਹਾਂ ਬਿਆਨਿਆ।

## ਦਿਲੋਂ ਨਿਕਲੀ ਹੂਕ

***ਸਵਾਲ*** : ਫੇਰ ਕਵਿਤਾ ਦਾ ਅਸਲੀ ਮਨੋਰਥ ਹੈ ਕੀ? ਤੁਸੀਂ ਕਵਿਤਾ ਕਿਉਂ ਤੇ ਕਿਹਦੇ ਲਈ ਲਿਖਦੇ ਹੋ?

***ਨਿਰੂਪਮਾ*** : ਸਭ ਤੋਂ ਪਹਿਲਾਂ ਤਾਂ ਆਪਣੇ ਲਈ...ਇੱਥੇ ਮੈਂ ਇਕ ਗੱਲ ਹੋਰ ਜੋੜ ਦਿਆਂ ਕਿ ਕਵਿਤਾ ਜਾਂ ਵਾਰਤਕ ਸੰਘਰਸ਼ ਵਿਚੋਂ ਨਿਕਲਦੈ...ਉਹ ਸੰਘਰਸ਼ ਰਾਜ ਸੱਤਾ ਨਾਲ ਹੋ ਸਕਦੈ...ਸਮਾਜ ਨਾਲ ਹੋ ਸਕਦੈ...ਤੇ ਸਭ ਤੋਂ ਪਹਿਲਾਂ ਜਿਹੜਾ ਤੁਹਾਡਾ ਆਪਣੇ ਨਾਲ ਸੰਘਰਸ਼ ਐ...ਉਹਦੇ 'ਚੋਂ ਕਵਿਤਾ ਨਿਕਲਦੀ ਐ। ਸੋ, ਪਹਿਲਾਂ ਕਵਿਤਾ ਆਪਣੇ ਵਾਸਤੇ, ਪੰਜਾਬੀ ਕਵਿਤਾ ਇਸ ਕਰਕੇ ਕਿ ਮੇਰਾ ਇਸ਼ਕ ਪੰਜਾਬੀ ਬੰਦਿਆਂ ਨਾਲ ਰਿਹੈ ਤੇ ਗੱਲ ਉਥੇ ਤਕ ਪਹੁੰਚਾਉਣੀ ਹੁੰਦੀ ਐ...ਹਾ...ਹਾ...। ਤੁਸੀਂ ਇਕ ਬੰਦੇ ਤਕ ਪਹੁੰਚਾਉਣਾ ਚਾਹੁੰਦੇ ਹੋ ਪਰ ਗੱਲ ਉਥੇ ਤਕ ਸੀਮਤ ਨਹੀਂ ਰਹਿੰਦੀ...ਹੋਰ ਅੱਗੇ ਚਲੀ ਜਾਂਦੀ ਹੈ...ਮੇਰੇ ਕਹਿਣ ਦਾ ਭਾਵ ਬਹੁਤ ਸਾਰਿਆਂ ਦਾ ਸੰਘਰਸ਼ ਇਕੋ ਜਿਹਾ ਹੁੰਦਾ ਹੈ...ਉਸ ਹਰ ਬੰਦੇ ਨੂੰ ਉਹ ਆਪਣੇ 'ਤੇ ਢੁਕਦੀ ਲਗਦੀ ਐ। ਸਾਹਿਤ ਦਾ ਇਕ ਮਕਸਦ ਹੈ-ਸੱਚ ਦੀਆਂ ਪਰਤਾਂ। ਤੇ ਤੁਸੀਂ ਜਦੋਂ ਸੱਚ ਦੀਆਂ ਪਰਤਾਂ ਖੋਲ੍ਹਣ ਲਗਦੇ ਹੋ ਤਾਂ ਉਹ ਤੁਹਾਡੀ ਮਦਦ ਵੀ ਕਰਦੀਆਂ ਨੇ ਤੇ ਹੋਰ ਪਾਗ਼ਲ ਵੀ ਕਰਦੀਆਂ ਨੇ...।

***ਸਵਾਲ*** : ਸਾਹਿਤ ਵਿਚ ਵਾਦਾਂ ਨਾਲ ਤੁਸੀਂ ਕਿੰਨੇ ਕੁ ਸਹਿਮਤ ਹੋ?

***ਨਿਰੂਪਮਾ*** : ਦੇਖੋ ਜਦੋਂ ਵਕਤ ਬਦਲਦਾ ਹੈ...ਜਾਂ ਹਾਲਾਤ ਬਦਲਦੇ ਨੇ...ਨਵੀਂ ਕਿਸਮ ਦੀ ਲੇਖਣੀ ਦੀ ਲੋੜ ਵੀ ਹੁੰਦੀ ਐ...ਤੇ ਕੁਛ ਮੁੱਦੇ ਐਸੇ ਹੁੰਦੇ ਨੇ ਜਿਨ੍ਹਾਂ ਦਾ ਜ਼ਿਕਰ ਆਮ ਤੌਰ 'ਤੇ ਕਹਾਣੀ, ਸ਼ਾਇਰੀ ਜਾਂ ਨਾਟਕ ਵਿਚ ਨਹੀਂ ਆਉਂਦਾ..ਤੁਸੀਂ ਚਾਹੁੰਦੇ ਹੋ ਉਨ੍ਹਾਂ 'ਤੇ ਨਜ਼ਰ ਪਵੇ...ਜਾਂ ਲਿਖਣ ਦੀ ਸ਼ੈਲੀ ਬਦਲੇ...ਕੁਛ ਵਾਦ ਉਨ੍ਹਾਂ ਨਾਲ ਜੁੜ ਜਾਂਦੇ ਨੇ...ਔਰ ਉਸ ਵਿਚੋਂ ਕਈ ਵੱਡੇ ਸ਼ਾਇਰ ਵੀ ਨਿਕਲੇ ਨੇ...ਪਰ ਇਹਦੇ ਨਾਲ ਨਾਲ ਇਹ ਜ਼ਰੂਰੀ ਨਹੀਂ ਕਿ ਤੁਹਾਡੇ ਕੋਲ ਵਾਦ ਐ ਤਾਂ ਤੁਹਾਡੀ ਸ਼ਾਇਰੀ ਅੱਛੀ ਐ...ਸ਼ਾਇਰੀ ਬੜੀ ਨਾਜ਼ੁਕ ਮਿਜਾਜ਼ ਐ...ਔਰ ਮੈਨੂੰ ਪੋਲਿਸ਼ ਕਵੀ ਦੀ ਇਕ ਕਵਿਤਾ ਯਾਦ ਆ ਰਹੀ ਐ...ਪੂਰੀ ਤਾਂ ਯਾਦ ਨਹੀਂ ਪਰ ਇੰਜ ਸੀ-

*ਮੌਤ ਬੜੀ ਜ਼ਬਰਦਸਤ ਪਰੂਫ਼ਰੀਡਰ ਹੁੰਦੀ ਐ...*
*ਉਹ ਕਿਸੀ ਅਖ਼ਬਾਰ ਵਿਚ ਬੈਠੀ*
*ਔਰਤ ਐਡੀਟਰ ਨਹੀਂ...*
*ਮਾੜੀ ਗੱਲ ਹੋਏਗੀ ਤਾਂ ਵੀ ਕਹਿ ਦਏਗੀ*
*ਕਿ ਚੱਲੋ ਕੋਈ ਨਹੀਂ...ਚਲਾ ਦਿਓ...*
*ਵਿਚਾਰੇ ਦੀ ਮਦਦ ਕਰ ਦਿਓ...*
*ਤੇ ਉਹ ਜਿਹੜੀ ਚੀਜ਼ ਰਹਿ ਜਾਏ...*
*ਸ਼ਾਇਰ ਦੀ ਮੌਤ ਤੋਂ ਬਾਅਦ ਵੀ...*

ਇਕ ਤੁਸੀਂ ਕਵਿਤਾ 'ਚ ਝੂਠ ਨਹੀਂ ਬੋਲ ਸਕਦੇ...ਬੋਲੋਗੇ ਤਾਂ ਪਕੜੇ ਜਾਓਗੇ...ਤੁਸੀਂ ਆਪਣੇ ਆਪ ਨਾਲ ਝੂਠ ਬੋਲ ਰਹੇ ਓ...ਆਪਣੇ ਸਿਰਜਣ ਨਾਲ ਝੂਠ ਬੋਲ ਰਹੇ ਹੋ...ਆਪਣੇ ਲਫ਼ਜ਼ਾਂ ਨਾਲ ਬੇਇਮਾਨੀ ਕਰ ਰਹੇ ਹੋ...ਵਾਰਤਕ ਵਿਚ ਤਾਂ ਤੁਸੀਂ ਕਹਿ ਲਓਗੇ ਕਿ ਕਲਪਨਾ ਹੈ ਪਰ ਸ਼ਾਇਰੀ ਦਿਲੋਂ ਨਿਕਲੀ ਹੂਕ ਐ।

ਵਾਦ ਬਾਰੇ ਮੇਰਾ ਮੰਨਣਾ ਕਿ ਪੰਜਾਬ ਅੰਦਰ ਜੋ ਕਵਿਤਾ ਨਕਸਲ ਦੌਰ ਅੰਦਰ ਲਿਖੀ ਗਈ ਉਹਦੇ ਵਿਚ ਨਵੇਂ ਨਵੇਂ ਵਿਚਾਰ ਸਨ...ਨਵੀਂ ਸੋਚ, ਨਵਾਂ ਕਹਿਣ ਦਾ ਤਰੀਕਾ ਪਰ ਨਾਲ ਹੀ ਬਹੁਤ ਐਸੀ ਕਵਿਤਾ ਵੀ ਸੀ ਜਿਹੜੀ ਜਿਵੇਂ ਬੰਦੂਕ ਵਿਚ ਗੋਲੀਆਂ ਵਾਂਗ ਨਿਕਲਦੀ ਸੀ...ਜਿਹੜਾ ਮੇਰਾ ਕਿਸੇ ਵਾਦ ਨਾਲ ਸਬੰਧ ਰਿਹੈ, ਉਹ ਨਾਰੀਵਾਦ ਐ। ਪਰ ਉਸ ਵਿਚ ਮੈਂ ਤੁਹਾਨੂੰ ਦੱਸ ਨਹੀਂ ਸਕਦੀ ਕਿ ਕਿੰਨਾ ਫ਼ਜ਼ੂਲ ਲਿਖਿਆ ਗਿਆ।

***ਸਵਾਲ*** : ਕੀ ਕਵਿਤਾ ਨੂੰ ਖਾਨਿਆਂ ਵਿਚ ਵੰਡਿਆ ਜਾ ਸਕਦਾ ਹੈ? ਕੀ ਨਾਰੀ-ਕਾਵਿ ਸਮੁੱਚੀ ਕਵਿਤਾ ਤੋਂ ਆਪਣੇ ਆਪ ਨੂੰ ਨਿਖੇੜਨ ਵਾਲੀ ਗੱਲ ਨਹੀਂ?

***ਨਿਰੂਪਮਾ*** : ਉਹ ਮੈਂ ਇੰਜ ਕਹਾਂਗੀ ਕਿ ਜਿਸ ਤਰ੍ਹਾਂ ਰਾਜਨੀਤਕ ਇਨਕਲਾਬ ਦੀ ਜ਼ਰੂਰਤ ਸੀ...ਉਸੇ ਤਰ੍ਹਾਂ ਔਰਤ ਦੀ ਜ਼ਿੰਦਗੀ ਵਿਚ ਇਨਕਲਾਬ ਦੀ ਜ਼ਰੂਰਤ ਸੀ। ਇਸ ਸੰਘਰਸ਼ ਵਿਚੋਂ ਹੀ...ਇਸ ਜੱਦੋ-ਜਹਿਦ ਵਿਚੋਂ ਹੀ ਔਰਤਾਂ ਨੇ ਬੋਲਣਾ ਸ਼ੁਰੂ ਕੀਤਾ...ਔਰਤਾਂ ਤਾਂ ਬੇਜ਼ੁਬਾਨ ਰਹੀਆਂ ਨੇ...ਦੇਖਿਆ ਜਾਵੇ ਤਾਂ ਸੂਫ਼ੀ ਕਵਿਤਾ ਵਿਚ ਵੀ ਬਾਗ਼ੀਪਣ ਸੀ...ਪਰ ਆਧੁਨਿਕ ਕਵਿਤਾ ਵਿਚ ਵੀ ਆਵਾਜ਼ਾਂ ਉਠੀਆਂ...ਬੁਰਾ ਨਾ ਮਨਾਉਣਾ ਤੁਸੀਂ ਲੈਫਟਿਸਟ ਹੋ...ਤੇ ਖ਼ਾਸ ਤੌਰ 'ਤੇ ਮੈਂ ਪੰਜਾਬ ਦੀ ਗੱਲ ਕਰਾਂ ਤਾਂ ਇਸ ਵਿਚ ਦੋ ਵੱਡੇ ਪ੍ਰਭਾਵ ਰਹੇ ਨੇ-ਇਕ ਸਿੱਖ ਧਰਮ ਦਾ, ਸਿੱਖ ਸਾਹਿਤ ਦਾ ਤੇ ਦੂਜਾ ਖੱਬੇ ਪੱਖੀ ਸੋਚ ਦਾ। ਦੋਹਾਂ ਨੇ ਹੀ ਔਰਤ ਨੂੰ ਕੋਈ ਅੱਛਾ ਦਰਜਾ ਨਹੀਂ ਦਿੱਤਾ...ਆਪਣੇ ਸਮੇਂ ਦੀ ਗੱਲ ਕਰ ਰਹੀ ਹਾਂ...ਹੁਣ ਗੁਰੂਆਂ ਨੇ ਔਰਤ ਨੂੰ ਦਰਜਾ ਦਿੱਤਾ ਕਿਉਂਕਿ ਉਹ ਰਾਜਿਆਂ ਨੂੰ ਵੀ ਜਨਮ ਦਿੰਦੀ ਹੈ ਕਿਉਂਕਿ ਉਸ ਵੇਲੇ ਸੀ ਰਾਜਿਆਂ ਦਾ ਦੌਰ... ਪਰ ਇੱਥੇ ਔਰਤ ਨੂੰ ਇਕ ਵਸਤੂ ਵਾਂਗ ਹੀ ਸਮਝਿਆ ਗਿਆ, ਜਿਹੜੀ ਬੱਚਿਆਂ ਨੂੰ ਜਨਮ ਦਿੰਦੀ ਹੈ...ਇਹੀ ਮਾਰਕਸ ਦੀ ਸੋਚ ਹੈ ਕਿ ਸਿਹਤਮੰਦ ਔਰਤਾਂ ਦੀ ਲੋੜ ਹੈ ਕਿਉਂਕਿ ਸਿਹਤਮੰਦ ਬੱਚੇ ਪੈਦਾ ਕਰਨੇ ਨੇ...। ਹਾਲੇ ਜਦੋਂ ਲੈਫਟ ਦੇ ਏਨੇ ਬੁਰੇ ਹਾਲ ਨਹੀਂ ਸਨ ਹੋਏ, ਜਿੰਨੇ ਹੁਣ ਹੋ ਗਏ ਨੇ...ਉਦੋਂ ਹੀ ਮਹਿਲਾ ਅੰਦੋਲਨ ਨਿਕਲਿਆ, ਜਿਹਨੂੰ ਇਹ ਠੀਕ ਨਹੀਂ ਸਨ ਸਮਝਦੇ... ਜਦੋਂ ਬਾਅਦ ਵਿਚ ਨਾਰੀ ਅੰਦੋਲਨ ਨੇ ਆਪਣੀ ਕੁਝ ਜਗ੍ਹਾ ਬਣਾਈ ਤਾਂ ਲੈਫਟ ਵਾਲੇ ਨਾਲ ਜੁੜ ਗਏ। ਫੇਰ ਉਨ੍ਹਾਂ ਨੇ ਇਸਤਰੀ ਮੰਚ ਬਣਾਏ...ਇਨ੍ਹਾਂ ਨੂੰ ਲੱਗਿਆ ਕਿ ਸਾਨੂੰ ਨਾਲ ਜੁੜਨਾ ਚਾਹੀਦਾ ਹੈ। ਹੁਣ ਤੁਸੀਂ ਹਿੰਦੂ ਧਰਮ ਵਿਚ ਲੈ ਲਓ-ਸ਼ੂਦਰ ਔਰਤ, ਪਸ਼ੂ ਸਭ ਤਾੜਨ ਕੇ ਅਧਿਕਾਰੀ ਦਾ ਨਾਅਰਾ ਦਿੰਦੇ ਸੀ ਪਰ ਘੱਟੋ-ਘੱਟ ਸਿੱਖ ਧਰਮ ਨੇ ਇਸ ਵਿਚੋਂ ਤਾਂ ਔਰਤ ਨੂੰ ਕੱਢਿਆ।

ਇੰਜ ਵੇ ਕਿ ਜਦੋਂ ਕੋਈ ਨਵਾਂ ਅੰਦੋਲਨ ਆਉਂਦੈ ਤਾਂ ਉਹਦੀ ਆਵਾਜ਼ ਬੜੀ ਉੱਚੀ ਹੁੰਦੀ ਏ...ਔਰ ਮੇਰੀਆਂ ਨਜ਼ਮਾਂ ਕਿਸੇ ਨਾਰੀਵਾਦ ਨੂੰ ਢੁਕਵੀਆਂ ਨਹੀਂ ਬੈਠਦੀਆਂ ਕਿਉਂਕਿ ਉਹਦੇ ਵਿਚ ਮੁਹੱਬਤ ਹੈ। ਜੇ ਮੇਰੀਆਂ ਕਵਿਤਾਵਾਂ ਕੋਈ ਛਾਪਦੇ ਵੀ ਸਨ ਤਾਂ ਐਸਾ ਟਾਈਟਲ ਦਿੰਦੇ ਸਨ ਜਿਵੇਂ ਜਾਗਰੂਕ ਲੱਗਣ। ਮੇਰੀ ਇਕ ਕਵਿਤਾ ਸੀ 'ਪਾਪਾ', ਇਨ੍ਹਾਂ ਨੇ ਟਾਈਟਲ ਦਿੱਤਾ ਸੀ - ਸਰਵਾਈਵਿੰਗ-ਕਿ ਚੱਲ ਇਹ ਔਰਤਾਂ ਬਾਰੇ ਲਿਖ ਰਹੀ ਐ...ਔਰਤ ਦੀ ਗੱਲ ਕਹਿੰਦੀ ਐ...।

***ਸਵਾਲ*** : ਨਈਂ ਮੇਰੇ ਕਹਿਣ ਦਾ ਭਾਵ ਨਾਰੀਵਾਦ ਦੀ ਕਵਿਤਾ ਅਸਲ ਵਿਚ ਨਿੱਜ ਦੀ ਕਵਿਤਾ ਬਣੀ, ਮਰਦ ਦੇ ਖ਼ਿਲਾਫ਼... ਸਿਸਟਮ ਦੇ ਖ਼ਿਲਾਫ਼ ਨਹੀਂ?

***ਨਿਰੂਪਮਾ*** : ਹੂੰਅ... ਉਹ ਤੇ ਹੈ ਈ...ਮਰਦ ਤਾਂ ਹੈ ਈ ਸਿਸਟਮ ਦਾ ਸਭ ਤੋਂ ਵੱਡਾ ਅੰਗ...ਉਹਦੇ ਖ਼ਿਲਾਫ਼ ਤਾਂ ਹੋਣਾ ਈ ਹੋਣੈ। ਹਾ...ਹਾ... ਇਸ ਦਾ ਵੀ ਇਕ ਕਾਰਨ ਐ...ਔਰਤ ਕੋਲ ਤਜਰਬਾ ਨਹੀਂ ਸੀ...ਇਸ ਤਰ੍ਹਾਂ ਅਨੁਭਵ ਨਹੀਂ ਸੀ ਕਿ ਉਹ ਆਪਣੇ-ਆਪ 'ਚੋਂ ਬਾਹਰ ਨਿਕਲੇ...ਉਹਨੇ ਚੁੱਲ੍ਹਾ-ਚੌਕਾ ਕਰਨੈ...ਬੱਚੇ ਪਾਲਣੇ ਨੇ...ਜ਼ਰੂਰਤ ਪਏ ਨੌਕਰੀ ਵੀ ਕਰਨੀ ਐ...ਖ਼ਾਸ ਤੌਰ 'ਤੇ ਵਰਕਿੰਗ ਕਲਾਸ ਵਿਚ। ਮੱਧ ਵਰਗੀ ਪਰਿਵਾਰਾਂ ਜਾਂ ਮੈਂ ਕਹਾਂ ਮੇਰੇ ਵਰਗੇ ਲੋਕ ਜੋ ਪਾਕਿਸਤਾਨ ਦੇ ਰਫਿਊਜੀਆਂ ਦੇ ਬੱਚੇ ਨੇ... ਔਰਤਾਂ ਸਾਡੇ ਪਰਿਵਾਰਾਂ ਵਿਚ ਪੜ੍ਹੀਆਂ-ਲਿਖੀਆਂ ਸਨ...ਨੌਕਰੀ ਦੇ ਵੀ ਕਾਬਲ ਸਨ... ਜੇ ਵੰਡ ਨਾ ਹੁੰਦੀ ਤਾਂ ਸ਼ਾਇਦ ਉਨ੍ਹਾਂ ਨੇ ਨਹੀਂ ਸੀ ਆਉਣਾ। ਭਾਸ਼ਾ ਚਾਹੇ ਕੋਈ ਵੀ ਸੀ ਪਰ ਔਰਤਾਂ ਦੇ ਰਸਾਲੇ ਵੱਖਰੇ ਸਨ... ਉਹ ਧਰਮ ਯੁੱਗ, ਸਾਰਿਕਾ, ਮਾਇਆ, ਮਾਧੁਰੀ... ਇੰਜ ਦੇ ਰਸਾਲੇ ਪੜ੍ਹਦੀਆਂ ਸਨ। ਘਰ ਵਿਚ ਵੀ ਮੈਂ ਦੇਖਿਐ...ਹਾਲੇ ਤਾਂ ਸਾਡਾ ਘਰ ਬਹੁਤ ਪ੍ਰਗਤੀਸ਼ੀਲ ਸੀ... ਮੈਨੂੰ ਯਾਦ ਇਕ ਵੇਰਾਂ...11-12 ਸਾਲਾਂ ਦੀ ਹੋਵਾਂਗੀ...ਮੇਰੇ ਕੋਲੋਂ ਆਟਾ ਨਹੀਂ ਸੀ ਗੁੰਨ੍ਹਿਆ ਜਾ ਰਿਹਾ...ਬੀਜੀ ਨੇ ਮੈਨੂੰ ਬੜਾ ਡਾਂਟਿਆ... ਅਖੇ... ਆਟਾ ਵੀ ਇਹਨੂੰ ਗੁੰਨ੍ਹਣਾ ਨਈਂ ਆਉਂਦਾ..ਹੁਣ ਮੇਰੇ ਭਰਾਵਾਂ 'ਤੇ ਇਹ ਲਾਗੂ ਨਹੀਂ ਸੀ ਹੁੰਦਾ ਕਿ ਉਨ੍ਹਾਂ ਨੇ ਆਟਾ ਗੁੰਨ੍ਹਣੈ....ਜਦੋਂ ਮੈਂ ਵੱਡੀ ਵੀ ਹੋ ਗਈ ਸਾਂ...ਮੇਰੇ ਭੈਣ ਜੀ, ਜੋ ਮੇਰੇ ਤੋਂ ਕੋਈ 28 ਸਾਲ ਵੱਡੇ ਸਨ... ਉਹ ਘਰ ਆਏ ਹੋਏ ਸਨ...ਤੇ ਮੈਂ ਉਨ੍ਹਾਂ ਨਾਲ ਚੱਦਰ ਵਿਛਾ ਰਹੀ ਸਾਂ...ਉਹ ਠੀਕ ਵਿਛੀ ਨਾ... ਤੇ ਉਹ ਅੱਗੋਂ ਕਹਿੰਦੇ ਨੇ... ''ਨੀਰੂ ਤੈਨੂੰ ਪਤਾ ਨਹੀਂ ਕਿ ਇਕ ਆਦਮੀ ਨੇ ਆਪਣੀ ਵਹੁਟੀ ਨੂੰ ਇਸ ਕਰਕੇ ਘਰੋਂ ਕੱਢ ਦਿੱਤਾ ਕਿ ਉਸ ਨੂੰ ਚੱਦਰ ਨਹੀਂ ਸੀ ਵਿਛਾਉਣੀ ਆਉਂਦੀ..ਸਿਲਵਟ ਰਹਿ ਜਾਂਦੀ ਸੀ...'' ਹਾ...ਹਾ...। ਹੁਣ ਤੁਸੀਂ ਸਮਝ ਸਕਦੇ ਹੋ ਕਿ ਔਰਤ ਦਾ ਦਾਇਰਾ ਕਿੰਨਾ ਸੀਮਤ ਸੀ। ਉਸ ਦੇ ਆਪਣੇ ਨਿੱਜੀ ਤਜਰਬੇ ਸਨ। ਔਰ ਮੈਂ ਹੈਰਾਨ ਹੁੰਦੀ ਆਂ ਉਨ੍ਹਾਂ ਦਲੇਰ ਔਰਤਾਂ 'ਤੇ ਜਿਨ੍ਹਾਂ ਨੇ ਆਪਣੇ ਛੋਟੇ ਛੋਟੇ ਨਿੱਜੀ ਅਹਿਸਾਸਾਂ ਵਿਚੋਂ ਵੱਡਾ ਲਿਖ ਦਿੱਤਾ।

ਮੈਂ ਦਸਣੀ ਆਂ ਇਕ ਹੋਰ ਗੱਲ... ਆਸ਼ਾ ਪੂਰਨਾ ਦੇਵੀ. ਬੰਗਾਲ ਦੀ ਕਹਾਣੀਕਾਰਾ ਐ... ਉਸ ਦੀ ਇਕ ਕਹਾਣੀ ਸੀ 'ਮਾਚਿਸ'- ਇਕ ਚੰਗੀ ਔਰਤ ਦੀ ਕਹਾਣੀ ਐ...ਘਰ ਵਿਚ ਬੜਾ ਕੰਮ ਕਰਦੀ ਐ... ਪਰ ਹਰ ਵਕਤ ਉਹਨੂੰ ਬੁਰਾ-ਭਲਾ ਸੁਣਨ ਨੂੰ ਮਿਲਦੈ... ਇਕ ਦਿਨ ਗੁੱਸੇ ਵਿਚ ਰਸੋਈ 'ਚ ਜਾ ਕੇ ਉਹ ਮਾਚਿਸ ਚੁੱਕ ਕੇ ਸਟੋਵ ਬਾਲਦੀ ਐ ਤੇ ਉੱਚੀ ਉੱਚੀ ਬੋਲਦੀ ਐ... ਉਹ ਐਨੀ ਸਤਾਈ ਹੋਈ ਐ ਕਿ ਬੋਲ ਕੇ ਆਪਣਾ ਗੁੱਸਾ ਕੱਢਦੀ ਹੈ...ਆਸ਼ਾ ਪੂਰਨਾ ਨੇ ਇੱਥੇ ਮਾਚਿਸ ਨੂੰ ਬਿੰਬ ਵਜੋਂ ਲਿਐ ਜੋ ਬੜੀ ਠੀਕ-ਠਾਕ ਨਜ਼ਰ ਆਉਂਦੀ ਹੈ ਤੇ ਫੇਰ ਜਦੋਂ ਉਹ ਬਹੁਤ ਸਤਾਈ ਜਾਵੇ ਤਾਂ ਅੱਗ ਬਣ ਸਕਦੀ ਐ।

## ਨੰਗਾ ਸਮਾਂ

***ਸਵਾਲ*** : ਪਿੱਛੇ ਜਿਹੇ ਨਾਰੀਵਾਦੀ ਲੇਖਕਾ-ਏਲੀ ਲੈਵਨਸਨ ਨੇ-ਆਪਣੀ ਕਿਤਾਬ-'ਦ ਨੌਟੀ ਗਰਲਜ਼ ਗਾਈਡ ਟੂ ਫੈਮੇਨਿਜ਼ਮ' ਵਿਚ ਨਵੇਂ ਜ਼ਮਾਨੇ ਦੇ ਨਾਰੀਵਾਦ ਨੂੰ-ਨੌਟੀ ਨਾਰੀਵਾਦ- ਦਾ ਨਾਂਅ ਦਿੱਤਾ ਹੈ। ਤੁਹਾਡੇ ਖ਼ਿਆਲ ਵਿਚ ਪੁਰਾਣੇ ਤੇ ਨਵੇਂ ਜ਼ਮਾਨੇ ਦੇ ਨਾਰੀਵਾਦ ਵਿਚ ਕੀ ਫ਼ਰਕ ਹੈ?

***ਨਿਰੂਪਮਾ*** : ਮੈਂ ਕਿਤਾਬ ਪੜ੍ਹੀ ਨਹੀਂ। ਹਾਂ... ਪਰ ਹੁਣ ਬਹੁਤ ਕੁਝ ਬਦਲ ਗਿਐ... ਨਾਰੀਵਾਦ ਤਾਂ ਨਾਲ ਨਾਲ ਰਿਹੈ...ਹੁਣ ਕਹਿੰਦੇ ਨੇ ਪੋਸਟ ਫੈਮੇਨਿਜ਼ਮ ਐ...ਉਹਦੇ ਨਾਲ ਹੋਰ ਬੜਾ ਕੁਛ ਆਇਆ... ਇਕ ਤੇ ਸਾਡੇ ਵੇਲੇ ਹੁੰਦਾ ਸੀ ਕਿ ਫ਼ੈਸ਼ਨ ਸ਼ੋਅ, ਮਾਡਲਿੰਗ ਵਰਗੀਆਂ ਚੀਜ਼ਾਂ ਔਰਤਾਂ ਦੇ ਹੱਕ ਵਿਚ ਨਹੀਂ ਜਾਂਦੀਆਂ... ਉਸ ਦੇ ਜਿਸਮ ਦੀ ਨੁਮਾਇਸ਼ ਐ...ਅਸੀਂ ਏਥੇ ਜਲੂਸ ਕੱਢਦੇ ਸਾਂ ਕਿ ਫ਼ੈਸ਼ਨ ਸ਼ੋਅ ਬੰਦ ਕਰੋ...ਬਿਊਟੀ ਕਨਟੈਸਟ ਬੰਦ ਕਰੋ...ਇਹ ਅੱਸਵਿਆਂ ਦੀ ਗੱਲ ਐ। ਫੇਰ ਸਾਡੇ ਕੋਲ ਆਇਆ ਲਿਬਰਲਿਜ਼ਮ ਅਤੇ

ਸੈਕਸੁਅਲ ਰੈਵੋਲਿਊਸ਼ਨ... ਜਿਹੜਾ ਸਿਰਫ਼ ਨਾਰੀਵਾਦ ਕਰਕੇ ਨਹੀਂ ਸੀ... ਪੂਰੀ ਤਰ੍ਹਾਂ ਸਿਆਸੀ-ਸਮਾਜਕ ਵਰਤਾਰਾ ਸੀ। ਹੁਣ ਜੇ ਕੋਈ ਇੰਜ ਦਾ ਨਾਅਰਾ ਲਾਏ ਕਿ ਬਿਊਟੀ ਕਨਟੈਸਟ ਬੰਦ ਕਰੋ, ਫ਼ੈਸ਼ਨ ਸ਼ੋਅ ਬੰਦ ਕਰੋ...ਤੇ ਉਹ ਕਹਿਣਗੇ ਕਿ ਇਹ ਪਾਗ਼ਲ ਐ...।

ਜਦੋਂ ਇਹ ਵਿਰੋਧ ਹੋ ਰਹੇ ਸਨ ਤਾਂ ਮੈਨੂੰ ਯਾਦ ਐ ਕਿ ਇਕ ਲੜਕੀ ਨੇ ਕਿਹਾ-''ਜਿਹੜੀਆਂ ਔਰਤਾਂ ਖ਼ੂਬਸੂਰਤ ਨਹੀਂ ਹੁੰਦੀਆਂ, ਉਹੀ ਇਹੋ ਜਿਹੀਆਂ ਮੰਗਾਂ ਰੱਖਦੀਆਂ ਨੇ।''

ਹਾਂ, ਮੈਨੂੰ ਯਾਦ ਆਇਆ ਅਸੀਂ ਚੰਡੀਗੜ੍ਹ ਵਿਚ ਮਹਿਲਾ ਦਿਵਸ ਮਨਾਇਆ ਸੀ... ਸਾਨੂੰ ਪਤਾ ਨਹੀਂ ਸੀ ਕਿ ਮਹਿਲਾ ਦਿਵਸ ਵੀ ਕੋਈ ਚੀਜ਼ ਐ...ਬਾਹਰੋਂ ਕੋਈ ਲੇਖਕ ਆਇਆ, ਉਹਨੇ ਕਿਹਾ ਕਿ ਚੰਡੀਗੜ੍ਹ ਵਿਚ ਅਸੀਂ ਮਹਿਲਾ ਦਿਵਸ ਮਨਾਉਣੈ... ਪਹਿਲੀ ਵਾਰ ਜਲੂਸ ਨਿਕਲੇ ਸਨ ਉਦੋਂ।

ਸੋ, ਨਾਰੀਵਾਦ ਦਾ ਜਿਹੜਾ ਪੁਰਾਣਾ ਮਾਡਲ ਸੀ, ਉਹਦੇ ਵਿਚ ਔਰਤਾਂ ਨੇ ਬਹੁਤ ਸਾਰੇ ਦਰਵਾਜ਼ੇ ਵੀ ਆਪਣੇ ਵਾਸਤੇ ਬੰਦ ਕੀਤੇ ਸਨ। ਬਹੁਤ ਸਾਰੀਆਂ ਔਰਤਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਮੈਂ ਵਿਆਹ ਨਹੀਂ ਕਰਾਂਗੀ... ਮੈਂ ਕਿਸੇ ਨਾਲ ਇਸ਼ਕ ਨਹੀਂ ਕਰਾਂਗੀ... ਤਾਂ ਤੱਕ ਔਰਤਾਂ ਕੋਲ ਆਰਥਕ ਆਜ਼ਾਦੀ ਵੀ ਆ ਗਈ ਸੀ। ਕੋਈ ਕਹਿੰਦਾ ਸੀ ਮੈਂ ਸੋਸ਼ਲ ਫੈਮੇਨਿਸਟ, ਕੋਈ ਕਹਿੰਦਾ ਸੀ ਮੈਂ ਫਲਾਣੀ...। ਮੈਂ ਹੱਸਦੀ ਸਾਂ ਕਿ ਕੋਈ ਰੋਮਾਂਟਿਕ ਫੈਮੇਨਿਸਟ ਨਹੀਂ ਏ। ਸੋ, ਇਹ ਜਿਹੜੇ ਸਾਰੇ ਬਦਲਾਅ ਆਏ ਨੇ ਉਹਦੇ ਵਿਚ ਨੌਟੀ ਫੈਮੇਨਿਜ਼ਮ ਵੀ ਐ... ਔਰ ਮੇਰੇ ਖ਼ਿਆਲ ਵਿਚ ਇਹ ਅੱਛੀ ਗੱਲ ਮੰਨੀ ਜਾਏਗੀ ਕਿ ਤੁਸੀਂ ਕੁੱਲ ਸਮਾਜ ਵਿਚ ਵਿਚਰਦਿਆਂ, ਫੇਰ ਵੀ ਆਪਣੀ ਗੱਲ ਕਹਿ ਰਹੇ ਹੋ।

***ਸਵਾਲ*** : ਤਾਂ, ਬਦਲਾਅ ਤਾਂ ਹੈ ਪਰ ਤੁਹਾਨੂੰ ਨਹੀਂ ਲਗਦਾ ਕਿ ਬਾਜ਼ਾਰ ਨੇ ਤਾਂ ਮਰਦ ਨੂੰ ਨੰਗਿਆਂ ਕਰਨਾ ਸ਼ੁਰੂ ਦਿੱਤਾ ਹੈ?

***ਨਿਰੁਪਮਾ*** : ਹਾਂ ਮੈਨੂੰ ਵੀ ਇੰਜ ਈ ਲਗਦਾ ਐ। 2005 ਵਿਚ ਮੈਂ ਦਿੱਲੀ ਤੋਂ ਚੰਡੀਗੜ੍ਹ ਵਾਪਸ ਆਈ ਤੇ ਫਨ ਰਿਪਬਲੀਕਨ ਵਿਚ ਕਿਸੇ ਫ਼ਿਲਮ ਦਾ ਪ੍ਰੀਮੀਅਰ ਹੋ ਰਿਹਾ ਸੀ... ਉਥੇ ਕੁਝ ਅਦਾਕਾਰ ਆਏ ਹੋਏ ਸਨ ਜਿਨ੍ਹਾਂ ਵਿਚ ਜੌਨ ਇਬਰਾਹਿਮ ਵੀ ਸੀ...ਜਿੰਨੇ ਵੀ ਫੋਟੋਗਰਾਫ਼ਰ ਉਹਦੇ ਕੋਲ ਜਾਣ ਤਾਂ ਉਹਨੂੰ ਕਹਿਣ ਪਹਿਲਾਂ ਬਟਨ ਖੋਲ੍ਹ ਫੇਰ ਫੋਟੋ ਲਵਾਂਗੇ...ਤੇ ਉਹ ਵਿਚਾਰਾ ਕਹਿ ਰਿਹਾ ਸੀ ਕਿ ਮੈਨੂੰ ਮੌਕਾ ਮਿਲਿਆ ਮੈਂ ਐਕਟ ਵੀ ਕਰ ਸਕਦਾਂ। ਮੈਨੂੰ ਯਾਦ ਏ... ਪੁਰਾਣੇ ਜ਼ਮਾਨੇ ਦੀ ਹੈਲਨ ਜਾਂ ਹੋਰ ਇਹੋ ਜਿਹਾ ਕਿਰਦਾਰ ਕਰਨ ਵਾਲੀਆਂ ਔਰਤਾਂ ਦੇ ਕੱਪੜੇ ਕੀ ਲੱਥੇ, ਮਰਦਾਂ ਨੇ ਵੀ ਕੱਪੜੇ ਉਤਾਰ ਦਿੱਤੇ। ਦੂਜਾ, ਜਿਹੜੇ ਸਰੀਰਕ ਸਬੰਧ ਨੇ ਜਾਂ ਮਰਦ-ਔਰਤ ਦਾ ਸਬੰਧ ਐ ਉਹ ਕੁਦਰਤੀ ਐ... ਪਰ ਇਸ ਨੂੰ ਏਨੀ ਜ਼ਿਆਦਾ ਮਹੱਤਤਾ ਦੇਣਾ ਮੇਰੀ ਸਮਝ ਤੋਂ ਬਾਹਰ ਐ। ਹੁਣ ਲਿਖਤ ਵਿਚ ਹੀ ਲੈ ਲਓ... ਇਥੋਂ ਤਕ ਕਿ ਪੰਜਾਬੀ ਵਿਚ ਵੀ... ਇਹੋ ਜਿਹੇ ਸ਼ਬਦ ਲਿਖਣਗੇ... ਸਰੀਰਕ ਅੰਗਾਂ ਦਾ ਜ਼ਿਕਰ ਕਰਨਗੇ ਤੇ ਉਪਰੋਂ ਆਲੋਚਕ ਵੀ ਵਾਹ ਵਾਹ ਕਰਨਗੇ ਕਿ ਦੇਖੋ ਕਿੰਨੀ ਬੋਲਡ ਗੱਲ ਲਿਖੀ ਐ। ਮੈਨੂੰ ਇਹ ਗੱਲ ਕੋਈ ਜਚਦੀ ਨਹੀਂ। ਔਰਤ ਨੂੰ ਹੋਰ ਫਸਾ ਦਿੱਤਾ ਗਿਐ। ਜੇ ਮਰਦ ਵੀ ਇਹੋ ਜਿਹੀ ਨੰਗੀ-ਟੁੱਚੀ ਨਜ਼ਮ ਜਾਂ ਕਵਿਤਾ ਲਿਖਦੈ ਤਾਂ ਅੱਗੋਂ ਆਲੋਚਕ ਵੀ ਇੰਜ ਵਾਹ ਵਾਹ ਕਰਦੇ ਨੇ ਜਿਵੇਂ ਪਤਾ ਨਹੀਂ ਕੀ ਤੋਪ ਚਲਾ ਦਿੱਤੀ ਹੋਵੇ। ਦੇਖੋ ਸ਼ਾਇਰੀ ਦਾ ਲੁਤਫ਼ ਹੀ ਏਸੇ 'ਚ ਹੈ ਕਿ ਇਸ਼ਾਰਿਆਂ ਨਾਲ ਗੱਲ ਕਹਿ ਹੋ ਜਾਂਦੀ ਐ।

## ਟੇਢੀਆਂ ਨਜ਼ਰਾਂ

***ਸਵਾਲ*** : ਆਪਣੇ ਮੁਲਕ ਵਿਚ ਵਿਆਹ ਨੂੰ ਭਾਰਤੀ ਸਮਾਜ ਨੂੰ ਜੋੜਨ ਵਿਚ ਮੁੱਲਵਾਨ ਕੜੀ ਵਜੋਂ ਦੇਖਿਆ ਜਾਂਦਾ ਹੈ। ਕੀ ਤੁਸੀਂ ਇਹਦੇ ਨਾਲ ਸਹਿਮਤ ਹੋ?

***ਨਿਰੁਪਮਾ*** : ਸਾਡਾ ਸਮਾਜ ਹੋਵੇ ਜਾਂ ਫੇਰ ਕੋਈ ਵੀ ਹੋਰ ਸਮਾਜ ਹੋਵੇ... ਮਸਲਨ ਪੱਛਮੀ ਸਮਾਜ ਵੀ ਐ... ਵਿਆਹ ਦੀ ਜਿਹੜੀ ਸੰਸਥਾ ਹੈ... ਬਹੁਤ ਘੱਟ ਐ ਉਹਦੇ 'ਚ ਬਰਾਬਰੀ ਹੋਵੇ। ਇਹਦੀ ਸ਼ੁਰੂਆਤ 'ਚ ਤਾਂ ਇਹੀ ਹੁੰਦੈ ਕਿ ਲੜਕੀ ਆਪਣਾ ਘਰ ਛੱਡ ਕੇ ਮੁੰਡੇ ਦੇ ਘਰ ਜਾਂਦੀ ਐ... ਉਸ ਤੋਂ ਉਮੀਦਾਂ ਹੁੰਦੀਆਂ ਨੇ ਕਿ ਉਹ ਦਸ ਬੰਦਿਆਂ ਨੂੰ ਰੋਟੀ ਬਣਾ ਕੇ ਖਵਾਏ... ਉਲਟਾ ਪੁਰਸ਼ ਉਹਨੂੰ ਗਾਲ੍ਹਾਂ ਕੱਢੇਗਾ...ਪਿਓ ਦੀਆਂ ਗਾਲ੍ਹਾਂ... ਭਰਾ ਦੀਆਂ ਗਾਲ੍ਹਾਂ। ਇਸ ਤਰ੍ਹਾਂ ਸ਼ੁਰੂਆਤ ਈ ਏਨੀ ਗ਼ਲਤ ਹੁੰਦੀ ਐ। ਜਿੱਥੇ ਦੋਵੇਂ ਪਾਸੇ ਦੋਸਤੀ ਰਹੇ...ਬਰਾਬਰੀ ਰਹੇ ਤਾਂ ਫੇਰ ਬਹੁਤ ਅੱਛਾ ਹੈ...ਕੋਈ ਬੁਰਾਈ ਨਹੀਂ।

***ਸਵਾਲ*** : ਤੁਹਾਡਾ ਕੋਈ ਆਪਣਾ ਨਿੱਜੀ ਤਜਰਬਾ, ਤੁਹਾਡਾ ਵਿਆਹ ਹੋਇਆ ਨਹੀਂ?

***ਨਿਰੁਪਮਾ*** : ਮੇਰਾ ਵਿਆਹ ਹਾ...ਹਾ... ਬਾਈ ਚਾਨਸ ਹੋਇਆ ਨਹੀਂ। ਮੈਂ ਤੇ ਬਹੁਤ ਹੱਕ ਵਿਚ ਸਾਂ ਵਿਆਹ ਦੇ ਪਰ ਮੇਰੇ ਨਾਲ ਕਿਸੇ ਨੇ ਵਿਆਹ ਕੀਤਾ



ਨਿਰੁਪਮਾ ਦੀ ਬੇਟੀ ਉਪਾਸਨਾ



ਦੋਹਤੀ ਦੇਵਾਂਸ਼ੀ

ਨਹੀਂ...ਹਾ...ਹਾ...। ਇਥੋਂ ਤਕ ਕਿ ਮੇਰੀ ਮਾਂ... ਜਿਹਨੇ ਆਪ ਵੀ ਵਿਆਹ ਕਰਾਇਆ ਤੇ ਏਨੇ ਨਿਆਣੇ ਵੀ ਸਨ... ਕਹਿੰਦੀ ਹੁੰਦੀ ਸੀ ਕਿ ਵਿਆਹ ਬੜੀ ਫਜ਼ੂਲ ਚੀਜ਼ ਐ। ਅਸੀਂ ਹੱਸਦੇ ਹੁੰਦੇ ਸਾਂ ਕਿ ਬੀਜੀ ਨੂੰ ਸਾਰੇ ਆਦਮੀ ਬੁਰੇ ਲਗਦੇ ਨੇ...ਹਾ...ਹਾ...।

ਪਰ ਇਕ ਪਾਸੇ ਮੈਂ ਬਚ ਵੀ ਗਈ ਜੇ ਕਿਸੇ ਨੇ ਮੇਰੇ ਨਾਲ ਵਿਆਹ ਨਹੀਂ ਕਰਵਾਇਆ। ਮੇਰਾ ਵਿਆਹ ਚੱਲਣਾ ਨਹੀਂ ਸੀ... ਜਿਹੋ ਜਿਹੇ ਬੰਦੇ ਮੈਂ ਲਭਦੀ ਸਾਂ...ਵਿਆਹ ਮੁਸ਼ਕਲ ਸੀ। ਇਕ ਗੱਲ ਤਾਂ ਹੈ ਨਾ ਕਿ ਜਦੋਂ ਕਿਸੇ ਬੰਦੇ ਨੇ ਆਜ਼ਾਦੀ ਮਹਿਸੂਸੀ ਹੋਵੇ, ਆਪਣੀ ਮਰਜ਼ੀ ਕੀਤੀ ਹੋਵੇ, ਗ਼ਲਤੀ ਵੀ ਕੀਤੀ ਹੋਵੇ... ਇਹ ਆਪਣੀ ਸੋਚ 'ਤੇ ਨਿਰਭਰ ਕਰਦੈ। ਉਸ ਤੋਂ ਬਾਅਦ ਦੂਜੇ ਦੀ ਸੋਚ ਮੁਤਾਬਕ ਜੀਣਾ ਜਾਂ ਉਨ੍ਹਾਂ ਮਾਪਦੰਡਾਂ ਨਾਲ ਜਿਹੜੇ ਸਮਾਜ ਨੇ ਬਣਾਏ ਹੋਏ ਨੇ...ਜਾਂ ਝੂਠੀ ਜ਼ਿੰਦਗੀ ਕਿਉਂਕਿ ਵਿਆਹ ਵਿਚ ਬੜਾ ਕੁਝ ਝੂਠ ਵੀ ਸ਼ਾਮਲ ਹੁੰਦੈ ਕਿ ਉਪਰੋਂ ਸਭ ਕੁਝ ਠੀਕ-ਠਾਕ ਲਗਣਾ ਚਾਹੀਦੈ।

ਹਾਂ, ਇਥੇ ਮੈਂ ਗੱਲ ਕਰਨੀ ਚਾਹਵਾਂਗੀ ਕਿ ਜਿਹੜਾ ਮੈਂ ਆਪਣੇ ਆਪ ਨੂੰ ਪੰਜਾਬੀ ਸ਼ਾਇਰੀ ਵਿਚ ਪੇਸ਼ ਕਰਦੀ ਹਾਂ... ਬਹੁਤ ਸਾਰੀਆਂ ਔਰਤਾਂ ਵਾਕਣ... ਚੰਦਨ ਜੋ ਮਰਜ਼ੀ ਕਹਿ ਲਵੇ...ਫ਼ਖ਼ਰ ਨਾਲ ਕਹਿਨੀ ਆਂ 'ਅੰਮ੍ਰਿਤਾ ਦੀ ਧੀ' ਆਂ ਔਰ ਵੰਸ਼ਜ ਮੈਂ ਆਪਣੇ ਆਪ ਨੂੰ ਮਨਜੀਤ ਟਿਵਾਣਾ ਦੀ ਸਮਝਣੀ ਆਂ। ਹਾ...ਹਾ...। ਮਨਜੀਤ ਟਿਵਾਣਾ ਦੀ ਜਿਹੜੀ ਨਜ਼ਮ ਸੀ, ਬਹੁਤ ਚਰਚਿਤ ਹੋਈ ਤੇ ਬਹੁਤ ਨਿੰਦੀ ਵੀ ਗਈ-

*ਪਤੀ ਭੁੱਖਾ ਭੇੜੀਆ ਐ*  
*ਜੋ ਤੁਹਾਨੂੰ ਬਾਕੀ ਭੇੜੀਆਂ ਤੋਂ ਬਚਾ ਲੈਂਦਾ ਹੈ*  
*ਤੇ ਆਪ ਸਾਲਮ ਦੀ ਸਾਲਮ ਨਿਗਲ ਜਾਂਦੈ।*

ਮੈਂ ਤਾਂ ਦੇਖੇ ਹੋਏ ਨੇ ਸਾਰੇ ਤਮਾਸ਼ੇ। ਸਾਹਿਤ ਅਕਾਦਮੀ ਦਾ ਸੈਮੀਨਾਰ ਸੀ। ਉਥੇ ਨੂਰ ਸਾਹਿਬ, ਮੋਹਨਜੀਤ ਬੈਠੇ ਹੋਏ ਸਨ। ਨੂਰ ਸਾਹਿਬ ਕਹਿ ਰਹੇ ਸਨ-'ਮਨਜੀਤ ਆਈ ਨੀਂ, ਜਾਣ ਕਿ ਨੀਂ ਆਈ ਹੋਣੀ...ਚੰਗੈ ਬਲਾ ਟਲੀ।' ਮੋਹਨਜੀਤ ਕਹਿ ਰਹੇ ਸਨ-'ਇਹ ਤੁਸੀਂ ਕੀ ਲਿਖ ਰਹੀਆਂ ਓ...ਸੋਚੋ...ਕਿਹੜੇ ਸਮਾਜ 'ਚ ਤੁਸੀਂ ਰਹਿਨੀਆਂ ਓਂ।' ਮੋਹਨਜੀਤ ਜ਼ਿਆਦਾ ਬੋਲ ਰਹੇ ਸਨ ਤੇ ਨੂਰ ਸਾਹਿਬ ਜ਼ਰਾ ਚਾਲਾਕੀ ਨਾਲ ਕਹਿ ਰਹੇ ਸਨ। 'ਸੋਚੋ...ਸਮਝੋ...ਇਹ ਕੀ ਪੁਰਸ਼ ਦੇ ਖ਼ਿਲਾਫ਼ ਲਿਖੀ ਜਾਨੀ ਓ।' ਫੇਰ ਨੂਰ ਸਾਹਿਬ ਨੇ ਮੂਵਮੈਂਟ ਸ਼ੁਰੂ ਕਰ ਦਿੱਤੀ ਕਿ ਹੁਣ ਫੈਮੇਨਿਜ਼ਮ ਤਾਂ ਖ਼ਤਮ ਹੋ ਗਿਐ...ਹੁਣ ਦੌਰ ਪੋਸਟ ਫੈਮੇਨਿਜ਼ਮ ਦਾ ਏ ਹੁਣ ਦੌਰ ਪ੍ਰੇਮ ਕਰਨ ਦਾ ਏ...ਲਵ ਕਰਨ ਦਾ...ਹਾ...ਹਾ...। ਇਹ ਕੋਈ ਜ਼ਬਰਦਸਤੀ ਥੋੜ੍ਹਾ ਨਾ ਲਿਖਵਾਇਆ ਜਾ ਸਕਦੈ। ਫੇਰ ਉਨ੍ਹਾਂ ਨੇ ਆਪ ਲਿਖਣਾ ਸ਼ੁਰੂ ਕੀਤਾ-ਮੈਂ ਤੈਨੂੰ ਇੰਜ ਪੜ੍ਹਨਾ ਜਿਵੇਂ ਕਿਤਾਬ ਪੜ੍ਹਨਾ। ਦੇਖੋ ਇੰਜ ਹੁੰਦੈ ਔਰਤ-ਮਰਦ ਦਾ ਰਿਸ਼ਤਾ।

ਮੈਂ ਕਿਸੇ ਖ਼ਾਸ ਲਈ ਨਹੀਂ, ਆਮ ਜਿਹੀ ਗੱਲ ਕਰਨੀ ਆਂ ਕਿ ਇਹ ਬੰਦੇ ਦੀ ਆਪਣੀ ਹੀਣ ਭਾਵਨਾ ਐ...ਹੁਣ ਘਰ ਵਹੁਟੀ ਬੈਠੀ ਵਿਲਕ ਰਹੀ ਐ...ਬੁਰੇ ਹਾਲ ਨੇ... ਤੁਸੀਂ ਚਾਹੁੰਦੇ ਓ ਇਹਦੀ ਗੱਲ ਕਿਉਂ ਕਰੀਏ... ਇਹ ਤਾਂ ਘਰੇਲੂ ਮਸਲਾ ਐ...ਸ਼ਾਇਰੀ ਦਾ ਹਿੱਸਾ ਥੋੜ੍ਹੀ ਐ...ਸ਼ਾਇਰੀ ਤਾਂ ਲਵ ਬਰਡ ਦਾ ਕਿੱਸਾ ਐ।

ਦੂਜਾ, ਪੁਰਸ਼ ਰਵਾਇਤ ਰਹੀ ਹੈ ਜਿਸ ਤੋਂ ਸਾਡੇ ਪੰਜਾਬੀ ਦੇ ਵੱਡੇ ਸ਼ਾਇਰ, ਆਲੋਚਕ ਆਜ਼ਾਦ ਨਹੀਂ ਰਹੇ ਕਿ ਉਸ ਔਰਤ ਨੂੰ ਅੱਗੇ ਵਧਾਣਾ, ਉਸ ਔਰਤ ਦੀ ਸ਼ਾਇਰੀ ਦੀ ਤਾਰੀਫ਼ ਕਰਨੀ ਐ ਜੋ ਉਨ੍ਹਾਂ ਦੇ ਹਿਸਾਬ ਨਾਲ ਚੱਲੇ...ਜੇ ਫੇਰ ਉਨ੍ਹਾਂ ਨਾਲ ਇਸ਼ਕ ਕਰ ਲਏ ਫੇਰ ਤੇ ਵਾਹ ਵਾਹ....ਹਾ...ਹਾ...। ਦਰਅਸਲ, ਇਕ ਆਜ਼ਾਦ ਔਰਤ ਕਿਸੇ ਨੂੰ ਸੁਖਾਂਦੀ ਨਹੀਂ... ਟੇਢੀਆਂ ਨਜ਼ਰਾਂ ਹੀ ਉਠਦੀਆਂ ਉਹਦੇ ਵੱਲ।

## ਛੁੱਟ ਗਿਐ ਕੁੱਝ ਪਿੱਛੇ

***ਸਵਾਲ*** : ਵਿਆਹ ਨਾ ਕਰਵਾਉਣ ਕਰ ਕੇ ਤੁਹਾਨੂੰ ਕਦੇ ਇਕੱਲਤਾ ਦਾ ਅਹਿਸਾਸ ਨਹੀਂ ਹੁੰਦਾ?

***ਨਿਰੁਪਮਾ*** : ਇਕੱਲਤਾ ਦਾ ਤੇ ਨਹੀਂ ਪਰ ਪ੍ਰੈਕਟੀਕਲ ਪ੍ਰੋਬਲਮਜ਼ ਹੁੰਦੇ ਨੇ...ਕਈ ਵਾਰ ਆਰਥਕ ਮਜਬੂਰੀਆਂ ਹੁੰਦੀਆਂ ਨੇ...ਕਈ ਵਾਰ ਬੈਂਕਾਂ ਵਗੈਰਾ ਦਾ ਕੰਮ...ਮੈਂ ਇਨ੍ਹਾਂ ਕੰਮਾਂ ਵਿਚ ਬਹੁਤ ਬੁਰੀ ਆਂ। ਮੈਨੂੰ ਯਾਦ ਐ ਜਦੋਂ ਮੇਰੀ ਬੇਟੀ ਉਪਾਸਨਾ ਕੋਈ ਨੌਂ ਕੁ ਸਾਲ ਦੀ ਸੀ ਤੇ ਮੇਰੇ ਬੀਜੀ ਨੂੰ ਅਧਰੰਗ ਹੋ ਗਿਆ ਸੀ...ਉਨ੍ਹਾਂ ਦੀ ਆਵਾਜ਼ ਵੀ ਚਲੀ ਗਈ ਸੀ। ਦਿੱਲੀ ਮੈਂ ਸ਼ਿਫ਼ਟ ਕਰ ਗਈ ਸਾਂ...ਇਕ ਪਾਸੇ ਬੱਚੀ...ਦੂਜੇ ਪਾਸੇ ਬੀਜੀ ਦੀ ਇਹ ਹਾਲਤ...ਬੁਰੇ ਹਾਲ ਹੋ ਗਏ ਸਨ...ਮੈਂ ਕਿਹਾ, ''ਬੀਜੀ ਹੁਣ ਮੇਰੇ ਕੋਲੋਂ ਨਹੀਂ ਹੁੰਦਾ... ਮੈਂ ਵਿਆਹ ਕਰਵਾ ਲੈਂਦੀ ਹਾਂ...ਹੁਣ ਮੈਂ ਕੱਲੀ ਰਹਿ ਰਹਿ ਥੱਕ ਗਈ ਆਂ... ਉਦੋਂ ਮੇਰੀ ਉਮਰ 40 ਸਾਲ ਸੀ।'' ਬੀਜੀ ਬੋਲ ਨਹੀਂ ਸਨ ਸਕਦੇ, ਮੈਨੂੰ ਕਹਿੰਦੇ-''ਤੂੰ ਵਿਆਹ ਨਾ ਕਰੀਂ, ਤੇਰਾ ਬੱਚੈ... ਤੂੰ ਐਂ ਕਰ ਡਰਾਈਵਰ ਰੱਖ ਲੈ...ਹਾ...ਹਾ...।'' ਇਸ਼ਾਰੇ ਕਰ ਕਰ ਕਹਿੰਦੇ-ਤੇਰੇ ਕੰਮ ਸੌਖੇ ਹੋ ਜਾਣਗੇ। ਮੈਨੂੰ ਹਾਸਾ ਬੜਾ ਆਇਆ। ਮੈਂ ਕਿਹਾ ਬੀਜੀ-''ਹਸਬੈਂਡ ਨਾਲੋਂ ਜ਼ਿਆਦਾ ਡਰਾਈਵਰ ਨੂੰ ਇੰਪੋਰਟੈਂਸ ਦਿਆਂ।'' ਇਕੱਲਤਾ ਤਾਂ ਦੇਖੋ ਮਹਿਸੂਸ ਹੁੰਦੀ ਐ। ਤੇ ਕਿਤੇ ਸ਼ਾਇਦ ਇਹ ਵੀ ਹੁੰਦੈ ਕਿ ਸ਼ਾਇਦ ਮੈਂ ਕਿਸੇ ਗੱਲੋਂ ਘੱਟ ਸਾਂ...ਪਿੱਛੇ ਰਹਿ ਗਈ...ਕੁੱਝ ਪਿੱਛੇ ਛੁੱਟ ਗਿਆ। ਦੂਜਾ ਸਰੀਰਕ ਲੋੜਾਂ ਵੀ ਹੁੰਦੀਆਂ ਨੇ।

ਮੇਰੀ ਇਕ ਕਜ਼ਨ ਐ...ਬੜੀ ਪਿਆਰੀ ਸਹੇਲੀ ਵੀ ਐ। ਉਹ ਮੈਨੂੰ ਕਹਿੰਦੀ ਐ-''ਨੀਰੂ ਜੇ ਵਿਆਹ ਨਹੀਂ ਹੋਇਆ ਤਾਂ ਕੀ? ਵੱਟ ਯੂ ਮਿਸ?'' ਮੈਂ ਕਿਹਾ-''ਬੇਬੀ ਆਈ ਮਿਸ ਸੈਕਸ''। ਉਹ ਮੈਨੂੰ ਘੂਰਦੀ ਐ ਤੇ ਕੋਲ ਮੇਰਾ ਕਜ਼ਨ ਬੈਠਾ ਸੀ...ਉਹ ਕਹਿੰਦੈ-''ਇਹ ਬੜੀਆਂ ਭੈੜੀਆਂ ਗੱਲਾਂ ਕਰਦੀਆਂ ਨੇ ਮੈਂ ਉਠ ਕੇ ਜਾ ਰਿਹਾਂ।''

ਪਰ ਸ਼ਾਇਦ ਜੇ ਮੈਂ ਵਿਆਹ ਕਰ ਲਿਆ ਹੁੰਦਾ ਤਾਂ ਜ਼ਿੰਦਗੀ ਦਾ ਏਨਾ ਵੱਡਾ ਤਜਰਬਾ ਵੀ ਨਾ ਹੁੰਦਾ। ਮੈਨੂੰ ਲਗਦੈ ਮੇਰਾ ਵਿਆਹ ਚੱਲਣਾ ਨਹੀਂ ਸੀ। ਮੇਰਾ ਇਕ ਬਵਾਏ ਫਰੈਂਡ ਮੈਨੂੰ ਕਹਿੰਦਾ ਸੀ-''ਤੂੰ ਇਹ ਤਾਂ ਹੈ ਨਹੀਂ ਕਿ ਸੋਹਣੀ, ਸੱਸੀ ਐਂ...ਅਗਰੈਸਿਵ ਬਹੁਤ ਐਂ।'' ਹਾ...ਹਾ...। ਸੋ ਵਿਆਹ ਚੱਲਣਾ ਨਹੀਂ ਸੀ ਮੇਰਾ। ਜਿਹੜਾ ਤੁਹਾਡਾ ਘਰ-ਪਰਿਵਾਰ ਐ...ਪਤੀ ਐ...ਬੱਚੇ ਨੇ... ਉਹ ਤੁਹਾਨੂੰ ਸੀਮਤ ਤਾਂ ਕਰਦੇ ਨੇ...ਤੁਸੀਂ ਫੇਰ ਹੋਰ ਗੱਲਾਂ ਬਾਰੇ ਬਾਅਦ ਵਿਚ ਸੋਚੋਗੇ ਪਹਿਲਾਂ ਤੁਸੀਂ ਆਪਣੇ ਘਰ ਬਾਰੇ ਸੋਚੋਗੇ।

ਹਾਂ, ਮੈਨੂੰ ਇਕ ਗੱਲ ਚੇਤੇ ਆ ਗਈ। ਮੈਂ ਪ੍ਰੈੱਸ ਕਲੱਬ ਗਈ...ਉਥੇ ਕਾਫ਼ੀ ਔਰਤਾਂ ਆਈਆਂ ਹੋਈਆਂ ਸਨ...ਕਾਫ਼ੀ ਸੀਨੀਅਰ ਔਰਤਾਂ....ਲੈਫਟ ਨਾਲ ਜੁੜੀਆਂ ਹੋਈਆਂ ਸਨ। ਉਥੇ ਮਨਜੀਤ ਟਿਵਾਣਾ ਦੀ ਉਹ ਪਤੀ ਵਾਲੀ ਕਵਿਤਾ 'ਤੇ ਬੜੀਆਂ ਔਖੀਆਂ ਹੋਈਆਂ ਇਕ ਕਹਿਣ ਲੱਗੀ ਕਿ ਲਓ ਜੀ ਇਹ ਪਤੀਆਂ ਬਾਰੇ ਇੰਜ ਕਹਿ ਰਹੀ ਏ...ਅਸੀਂ ਤੇ ਕਦੇ ਇੰਜ ਮਹਿਸੂਸ ਨਹੀਂ ਕੀਤਾ। ਹੋ ਸਕਦੈ ਉਹਦਾ ਆਪਣਾ ਤਜਰਬਾ ਹੋਵੇ ਪਰ ਅਸਲੀਅਤ ਇਹ ਸੀ ਕਿ ਉਸ ਔਰਤ ਦੀ ਵਿਆਹੁਤਾ ਜ਼ਿੰਦਗੀ ਸਭ ਤੋਂ ਦੁਖਦਾਈ ਸੀ ਪਰ ਫਿਰ ਵੀ ਉਹ ਇਸ ਧਾਰਨਾ ਨੂੰ ਬਚਾਉਣਾ ਚਾਹੁੰਦੀ ਸੀ।

ਅਸਲ ਵਿਚ ਸਾਡੀ ਸਮਾਜ ਵਿਚ ਕੰਡੀਸ਼ਨਿੰਗ ਇਸ ਢੰਗ ਨਾਲ ਹੋਈ ਹੁੰਦੀ ਐ...ਔਰਤਾਂ ਨੂੰ ਮੁਕਾਬਲੇ ਵਿਚ ਰੱਖਿਆ ਜਾਂਦੈ...ਇਕ ਔਰਤ ਆਪਣੇ ਬੱਚਿਆਂ ਦਾ ਮੁਕਾਬਲਾ ਦੂਜੀ ਔਰਤ ਦੇ ਬੱਚਿਆਂ ਨਾਲ ਕਰੇਗੀ ਕਿ ਮੇਰੇ ਬੱਚੇ ਜ਼ਿਆਦਾ ਚੰਗੇ...ਮੇਰਾ ਪਤੀ ਜ਼ਿਆਦਾ ਚੰਗਾ। ਹਾ...ਹਾ...।

***ਸਵਾਲ*** : ਸੱਚ, ਤੁਸੀਂ ਆਪਣੀ ਬੇਟੀ ਉਪਾਸਨਾ ਦੀ ਗੱਲ ਕੀਤੀ। ਤੁਸੀਂ ਅਡਾਪਟ ਕੀਤਾ ਹੈ ਪਰ ਕੁਝ ਲੋਕ ਇਹ ਵੀ ਕਹਿੰਦੇ ਰਹੇ ਕਿ ਇਹ ਤੁਹਾਡੀ ਆਪਣੀ ਬੇਟੀ ਹੈ। ਕੀ ਸੱਚ ਹੈ?

***ਨਿਰੁਪਮਾ*** : ਨਹੀਂ, ਮੈਂ ਤੁਹਾਨੂੰ ਸੱਚ ਦੱਸਣੀ ਆਂ। ਵਿਆਹ ਹੋਇਆ ਨਹੀਂ ਜਾਂ ਕੀਤਾ ਨਹੀਂ ਪਰ ਮੈਂ ਬੜੀ ਪਰਿਵਾਰਕ ਔਰਤ ਸਾਂ...ਏਨੇ ਵੱਡੇ ਪਰਿਵਾਰ ਦਾ ਹਿੱਸਾ ਸਾਂ। ਔਰ ਮੇਰੀ ਮਾਂ ਤੇ ਲੋਕਾਂ ਦੇ ਬੱਚੇ ਵੀ ਪਾਲ ਆਉਂਦੀ। ਉਹਨੂੰ ਬੱਚੇ ਬਹੁਤ ਚੰਗੇ ਲਗਦੇ ਸਨ। ਆਪਣੀਆਂ ਭਤੀਜੀਆਂ ਨਾਲ ਮੈਨੂੰ ਬਹੁਤ ਪਿਆਰ ਸੀ...ਗਵਾਂਢ ਦੇ ਬੱਚੇ ਵੀ ਮੈਨੂੰ ਚੰਗੇ ਲਗਦੇ ਸਨ। ਮੈਨੂੰ ਲਗਦਾ ਸੀ ਕਿ ਚਲੋ ਵਿਆਹ ਤਾਂ ਨਹੀਂ ਕੀਤਾ ਪਰ ਮੈਂ ਆਪਣੇ ਆਪ ਨੂੰ ਬੱਚੇ ਤੋਂ ਵਾਂਝਾ ਕਿਉਂ ਰੱਖਾਂ। ਇਕ ਇਸ਼ਕ ਦੌਰਾਨ ਮੈਂ ਕਨਸੀਵ ਵੀ ਕਰਨਾ ਚਾਹਿਆ ਸੀ। ਉਹ ਬੰਦਾ ਵੀ ਕਹਿੰਦਾ ਸੀ ਕਿ ਮੈਂ ਤੈਨੂੰ ਬੱਚਾ ਦਿਆਂਗਾ ਪਰ ਨਾਲ ਅੱਗੇ ਕਹਿ ਦਿੰਦਾ ਸੀ-ਮੈਂ ਤੇਰੇ ਬੱਚੇ ਨੂੰ ਤੇਰੀ ਇੱਜ਼ਤ ਕਰਨੀ ਸਿਖਾਵਾਂਗਾ। ਦੇਖੋ ਹੁਣ ਇਹ ਵੀ ਪੁਰਸ਼ ਪ੍ਰਧਾਨ ਸਮਾਜ ਦੀ ਸੋਚ ਐ ਕਿ ਬੱਚਾ ਮਾਂ ਦੀ ਤਾਂ ਇੱਜ਼ਤ ਕਰੇਗਾ ਜੇ ਮੈਂ ਉਹਨੂੰ ਕਹਾਂਗਾ ਨਹੀਂ ਤੇ ਨਈਂ ਕਰੇਗਾ। ਮੈਂ ਉਦੋਂ 29 ਸਾਲ ਦੀ ਸਾਂ। ਤੇ ਹਾਂ ਸੱਚ ਮੇਰੇ ਬੀਜੀ ਕਹਿੰਦੇ ਸਨ-''ਮੈਂ ਤਾਂ ਕੋਈ ਵਿਆਹ ਨਹੀਂ ਸੀ ਕਰਾਉਣਾ ਚਾਹੁੰਦੀ ਪਰ ਸਾਡੇ ਵੇਲੇ ਕਿੱਥੇ ਨਾਂਹ ਕਰ ਸਕਦੇ ਸੀ...ਮੈਂ ਤਾਂ ਬੱਚਾ ਗੋਦ ਲੈਣਾ ਚਾਹੁੰਦੀ ਸੀ। ਤੇ ਜਦੋਂ ਮੈਂ ਇਸ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਬੀਜੀ ਨੇ ਤਾਂ ਨਿਰਾਸ਼ ਨਹੀਂ ਕੀਤਾ ਪਰ ਮੇਰੀਆਂ ਭੈਣਾਂ, ਭਾਬੀਆਂ, ਕੁਝ ਸਹੇਲੀਆਂ ਨੇ ਫ਼ਿਕਰ ਜ਼ਾਹਰ ਕੀਤਾ-ਉਨ੍ਹਾਂ ਨੂੰ ਲਗਦਾ ਸੀ ਕਿ ਜੇ ਬੱਚਾ ਗੋਦ ਲਿਆ ਤਾਂ ਇਸ ਨੇ ਕਿਸੇ ਹੋਰ ਆਦਮੀ ਬਾਰੇ ਜਾਂ ਵਿਆਹ ਬਾਰੇ ਸੋਚਣਾ ਨਹੀਂ। ਦੂਜਾ, ਬੱਚਾ ਗੋਦ ਲੈਣ ਬਾਰੇ ਸਾਡੇ ਸਮਾਜ ਵਿਚ ਇੰਜ ਮੰਨਿਆ ਜਾਂਦੈ ਨਈਂ ਇਹ ਜ਼ਿੰਮੇਵਾਰੀ ਪਤਾ ਨਹੀਂ ਨਿਭਾਈ ਜਾਵੇਗੀ ਜਾਂ ਨਹੀਂ...ਆਪਣਾ ਬੱਚਾ ਹੋਵੇ ਤਾਂ ਠੀਕ ਐ...।

## ਝੂਠ ਫਿੱਕਾ, ਸੱਚ ਦਿਲਚਸਪ

***ਸਵਾਲ*** : ਤੁਸੀਂ ਕਨਸੀਵ ਵੀ ਕੀਤਾ?

***ਨਿਰੁਪਮਾ*** : ਨਹੀਂ...ਮੈਂ ਤੇ ਹਾਲੇ ਸੋਚ ਹੀ ਰਹੀ ਸਾਂ...ਅਸੀਂ ਮਹੀਨੇ 'ਚ ਕਿਤੇ ਇਕ-ਅੱਧ ਵਾਰ ਮਿਲਦੇ ਸਾਂ। ਪਰ ਅਜਿਹਾ ਕੁਝ ਨਾ ਹੋ ਸਕਿਆ ਕਿਉਂਕਿ ਕੁਝ ਬੁਰਾ ਹੋਣ ਤੋਂ ਪਹਿਲਾਂ ਸ਼ਾਇਦ ਕੁਦਰਤ ਵੀ ਤੁਹਾਨੂੰ ਬਚਾ ਲੈਂਦੀ ਐ। ਬੱਚਾ ਮਾਂ-ਬਾਪ ਦੀ ਸਾਂਝੀ ਜ਼ਿੰਮੇਵਾਰੀ ਹੁੰਦੀ ਐ...ਔਰਤ ਵੀ ਸੋਚਦੀ ਐ ਕਿ ਮੈਂ ਹੀ ਕਿਉਂ 'ਕੱਲੀ ਪਿਸੀ ਜਾਵਾਂ। ਸੋ, ਮੈਂ ਇਹ ਪਾਸਾ ਤਾਂ ਬੰਦ ਹੀ ਕਰ ਦਿੱਤਾ ਕਿ ਨਾ ਕਿਸੇ ਦਾ ਅਹਿਸਾਨ, ਨਾ ਕੋਈ ਝੰਜਟ। ਉਹ ਸਿਰਫ਼ ਬੱਚਾ ਹੋਵੇਗਾ। ਤੇ ਜਦੋਂ ਇਸ ਸਭ ਦੇ ਦੌਰ ਵਿਚੋਂ ਮੈਂ ਨਿਕਲ ਰਹੀ ਸਾਂ ਤਾਂ ਆਪਣਾ ਸਾਰਾ ਦੁੱਖ ਅੰਮ੍ਰਿਤਾ ਜੀ ਕੋਲ ਜਾ ਕੇ ਫਰੋਲਦੀ ਸਾਂ। ਅੰਮ੍ਰਿਤਾ ਜੀ ਸੁਣਦੇ ਰਹੇ ਫੇਰ ਕਹਿੰਦੇ-''ਜੇ ਤੂੰ 'ਕੱਲੇ ਹੀ ਬੱਚਾ ਕਰਨੈ ਤੇ ਤੂੰ ਵਿਆਹ ਨੀਂ ਕਰਨਾ ਤਾਂ ਤੂੰ ਆਪਣਾ ਬੱਚਾ ਪੈਦਾ ਕਰ, ਗੋਦ ਨਾ ਲੈ। ਇਹ ਉਹ ਔਰਤ ਕਹਿ ਰਹੀ ਸੀ ਜਿਸ ਨੇ ਪਹਿਲਾ ਬੱਚਾ ਬੇਟੀ ਗੋਦ ਲਈ ਸੀ। ਔਰ ਅੰਮ੍ਰਿਤਾ ਜੀ ਨੂੰ ਆਪਣਾ ਬੇਟਾ ਨਵਰਾਜ ਏਨਾ ਪਿਆਰਾ ਸੀ...ਕਿ ਜੋ ਸਗੀ ਮਾਂ 'ਚ ਹੋਣਾ ਸੁਭਾਵਕ ਸੀ। ਤੇ ਅੰਮ੍ਰਿਤਾ ਜੀ ਦਾ ਬੱਚਾ ਗੋਦ ਲੈਣ ਬਾਰੇ ਆਪਣਾ ਤਜਰਬਾ ਸੀ...ਸ਼ਾਇਦ ਇਸੇ ਕਰਕੇ ਮੈਨੂੰ ਕਹਿ ਰਹੇ ਸਨ। ਪਰ ਉਸ ਲਾਡ-ਪਿਆਰ ਦਾ ਨਤੀਜਾ ਸਾਡੇ ਸਾਹਮਣੇ ਐ...ਜੋ ਕੁਝ ਨਵਰਾਜ ਨੇ ਕੀਤਾ ਤੇ ਜੋ ਕੁਝ ਉਹਦੇ ਨਾਲ ਹੋਇਆ। ਅੰਮ੍ਰਿਤਾ ਜੀ ਦੀ ਇੱਛਾ ਸੀ ਕਿ ਮੌਤ ਮਗਰੋਂ ਉਨ੍ਹਾਂ ਦਾ ਕਮਰਾ ਉਸੇ ਤਰ੍ਹਾਂ ਰਹੇ ਪਰ ਨਵਰਾਜ ਨੇ ਸਭ ਫਹਿ-ਫੇਰੀ ਕਰ ਦਿੱਤਾ। ਆਪਣੀ ਮਾਂ ਦੀ ਹਰ ਨਿਸ਼ਾਨੀ ਖ਼ਤਮ ਕਰ ਦਿੱਤੀ। ਬਦਕਿਸਮਤੀ ਦੇਖੋ, ਅੰਮ੍ਰਿਤਾ ਜੀ ਨੇ ਜੋ ਵਿੱਲ ਬਣਾਈ, ਉਸ ਮੁਤਾਬਕ ਇਮਰੋਜ਼ ਨੂੰ ਵੀ ਨਵਰਾਜ ਦੇ ਹਵਾਲੇ ਛੱਡ ਦਿੱਤਾ।

ਚੱਲੋ ਖ਼ੈਰ, ਗੱਲ ਹੋਰ ਪਾਸੇ ਚਲੀ ਗਈ। ਗੱਲ ਮੈਂ ਆਪਣੇ ਪ੍ਰੇਮੀ ਦੀ ਕਰ ਰਹੀ ਸੀ। ਮਹੀਨੇ ਵਿਚ ਇਕ ਵਾਰ ਮਿਲਦਾ ਸੀ ਤੇ ਫਿਰ ਹਰ ਹਫ਼ਤੇ ਫ਼ੋਨ ਆਉਣਾ ਸ਼ੁਰੂ ਹੋ ਗਿਆ ਕੀ ਤੂੰ ਕਨਸੀਵ ਕੀਤਾ ਕਿ ਨਹੀਂ। ਮੈਂ ਕਹਿਣਾ ਨਹੀਂ-ਅੱਗੋਂ ਮੈਨੂੰ ਕਹਿੰਦਾ ਤੇਰੇ 'ਚ ਹੀ ਕੋਈ ਨੁਕਸ ਹੋਣੈ...ਮੈਂ ਤਾਂ ਠੀਕ ਹਾਂ। ਫੇਰ ਮੈਂ ਬੱਚੀ ਆਸ਼ਰਮ ਵਿਚੋਂ ਅਡਾਪਟ ਕੀਤੀ। ਮੈਂ ਹੀ 'ਕੱਲੀ ਨਹੀਂ ਸਾਂ...ਮੇਰੇ ਵਰਗੀਆਂ ਹੋਰ ਵੀ ਔਰਤਾਂ ਸਨ ਜਿਨ੍ਹਾਂ ਨੇ ਕਿਸੇ ਨਾ

ਕਿਸੇ ਕਾਰਨ ਜਾਂ ਇਹ ਕਹਿ ਲਓ ਆਪਣੇ ਬਰਾਬਰੀ ਦੇ ਹੱਕਾਂ ਨੂੰ ਲੈ ਕੇ ਵਿਆਹ ਨਹੀਂ ਕੀਤਾ ਪਰ ਉਨ੍ਹਾਂ ਨੇ ਬੱਚੀਆਂ ਗੋਦ ਲਈਆਂ ਹੋਈਆਂ ਸਨ। ਮੈਂ ਐਸੀਆਂ ਬਹੁਤ ਔਰਤਾਂ ਨੂੰ ਜਾਣਦੀ ਸਾਂ।

ਹਾਂ, ਇਥੇ ਮੈਂ ਦਿਲਚਸਪ ਗੱਲ ਦਸਦੀ ਆਂ। ਮੈਂ ਬੱਚਾ ਗੋਦ ਲੈਣ ਤੋਂ ਪਹਿਲਾਂ ਦੋ ਸਾਲ ਦਿੱਲੀ ਵਿਚ ਸਾਂ। ਦਰਅਸਲ, ਮੈਨੂੰ ਰਿਸ਼ਤੇ ਨਿਭਾਉਣੇ ਨਹੀਂ ਆਏ। ਮੇਰਾ ਇਕ ਦੋਸਤ ਕਹਿੰਦਾ ਹੁੰਦਾ ਸੀ ਤੂੰ ਇਸ਼ਕ-ਵਿਸ਼ਕ ਛੱਡ...ਇਹ ਤੇਰਾ ਕੰਮ ਨਹੀਂ...ਤੂੰ ਲਿਖਣ ਵੱਲ ਧਿਆਨ ਦੇ। ਮੈਨੂੰ ਸੰਤੁਲਨ ਰੱਖਣਾ ਨਹੀਂ ਸੀ ਆਉਂਦਾ ਤੇ ਬੇਇੰਤਾਹ ਮੁਹੱਬਤ ਤੋਂ ਕੋਈ ਵੀ ਬੰਦਾ ਬੋਰ ਹੋ ਜਾਂਦੈ। ਮੇਰਾ ਵੀ ਬਰੇਕ ਅਪ ਹੋ ਚੁੱਕਾ ਸੀ। 31 ਵਰ੍ਹਿਆਂ ਦੀ ਸਾਂ ਤੇ ਗੋਦ ਲੈਣ ਬਾਰੇ ਕਸ਼ਮਕਸ਼ ਚੱਲ ਰਹੀ ਸੀ ਅੰਦਰ। ਇਕ ਬਰਸਾਤੀ ਵਿਚ ਰਹਿ ਰਹੀ ਸੀ...ਬੜੀ ਹਾਰਡ ਲਾਈਫ਼ ਸੀ...ਇਕ ਬੱਚੇ ਨੂੰ ਪਾਲਣ ਲਈ ਮੇਰੇ ਕੋਲ ਸਟਰਕਚਰ ਨਹੀਂ ਸੀ। ਕਿਉਂਕਿ ਬੀਜੀ ਚੰਡੀਗੜ੍ਹ ਸਨ ਸੋ ਮੈਨੂੰ ਲੱਗਿਆ ਕਿ ਮੈਨੂੰ ਚੰਡੀਗੜ੍ਹ ਜਾਣਾ ਚਾਹੀਦਾ ਹੈ ਤੇ ਉਥੇ ਮੈਂ ਬੱਚਾ ਪਾਲ ਸਕਦੀ ਆਂ।

ਇਹ 1988 ਦੀਆਂ ਗੱਲਾਂ ਨੇ। ਜਦੋਂ ਬੱਚੀ ਮੇਰੀ ਗੋਦ ਵਿਚ ਆ ਗਈ ਤਾਂ ਇਕ ਰਸਾਲੇ ਦੇ ਸੰਪਾਦਕ ਨੇ ਕਹਿਣਾ ਸ਼ੁਰੂ ਕਰ ਦਿੱਤਾ-''ਇਹ ਝੂਠ ਬੋਲਦੀ ਏ...ਇਹ ਇਹਦਾ ਆਪਣਾ ਬੱਚੈ। ਦੋ ਸਾਲ ਦਿੱਲੀ ਰਹਿ ਕੇ ਆਈ ਐ...ਉਥੇ ਹੀ ਬੱਚਾ ਪੈਦਾ ਕੀਤੈ। ਬਿਲਕੁਲ ਮਾਂ 'ਤੇ ਐ...ਬੱਸ ਰੰਗ ਦਾ ਈ ਫ਼ਰਕ ਐ...ਅੱਖ ਤਾਂ ਮਾਂ ਵਰਗੀ ਐ।''

ਜਿਹੜੀ ਹਾਸੇ ਵਾਲੀ ਗੱਲ ਐ...ਮੇਰਾ ਆਪਣੇ ਪ੍ਰੇਮੀ ਨਾਲੋਂ ਤੋੜ-ਵਿਛੋੜਾ ਹੋ ਚੁੱਕਾ ਸੀ...ਉਂਝ ਪ੍ਰੋਗਰਾਮਾਂ ਵਗੈਰਾ ਵਿਚ ਮਿਲਦੇ ਰਹਿੰਦੇ ਸਾਂ...ਮੇਰੇ ਨਾਲ ਬੈਠਾ ਕੌਫ਼ੀ ਪੀ ਰਿਹਾ ਸੀ...ਕਹਿੰਦਾ-''ਮੈਂ ਇਕ ਗੱਲ ਪੁਛਣੀ ਐ...ਤੇ ਤੂੰ ਸੱਚ ਸੱਚ ਦੱਸਣੈਂ....।'' ਹਾਂ ਮੇਰੇ ਬਾਰੇ ਇਹ ਮਸ਼ਹੂਰ ਵੀ ਸੀ ਕਿ ਮੈਂ ਝੂਠ ਨਹੀਂ ਸੀ ਬੋਲਦੀ...ਕਿਤੇ ਕਿਤੇ ਦਫ਼ਤਰ ਨਾ ਜਾਣਾ ਹੋਵੇ ਤਾਂ ਝੂਠ ਬੋਲਿਆ ਹੋਵੇਗਾ...। ਦਰਅਸਲ, ਝੂਠ ਫਿੱਕਾ ਹੁੰਦੈ ਤੇ ਸੱਚ ਬਹੁਤ ਦਿਲਚਸਪ। ਉਹ ਕਹਿੰਦਾ-''ਇਹ ਕੁੜੀ ਮੇਰੀ ਐ ਨਾ?'' ਮੈਂ ਕਿਹਾ ਦੇਖੋ ਹੁਣ ਇਸ ਗੱਲ ਦਾ ਵੀ ਕਰੈਡਿਟ ਲੈਣਾ ਚਾਹੁੰਦੈ। ਹਾ...ਹਾ...। ਕਹਿੰਦਾ, ''ਸਾਰੇ ਇਹੋ ਗੱਲ ਕਰਦੇ ਪਏ ਨੇ...ਸਾਰੀ ਸ਼ਕਲ ਨਿਰੂਪਮਾ ਦੀ ਏ ਤਾਂ ਰੰਗ ਮੇਰੇ ਵਰਗੈ...।'' ਹਾ...ਹਾ...ਹਾ...।

## ਮਾਂ ਦੀ ਲਾਡਲੀ

***ਸਵਾਲ*** : ਇਨ੍ਹੀਂ ਦਿਨੀਂ ਭਾਰਤੀ ਮਹਾਂਨਗਰਾਂ ਵਿਚ ਵੀ ਵਿਆਹ ਤੋਂ ਬਿਨਾਂ ਹੀ ਮਰਦ-ਔਰਤ ਦਾ ਇੱਕਠੇ ਰਹਿਣ (-ਲਿਵ ਇਨ ਰਿਲੇਸ਼ਨਸ਼ਿਪ-) ਦਾ ਰਿਵਾਜ ਕਾਫ਼ੀ ਵੱਧ ਗਿਆ ਹੈ। ਤੁਹਾਡਾ ਇਹਦੇ ਬਾਰੇ ਕੀ ਨਜ਼ਰੀਆ ਹੈ?

***ਨਿਰੂਪਮਾ*** : ਮੇਰਾ ਲਿਵ ਇਨ ਰਿਲੇਸ਼ਨਸ਼ਿਪ ਦਾ ਕੋਈ ਐਕਸਪੀਰੀਐਂਸ ਨਹੀਂ ਹੈ ਤੇ ਨਾ ਹੀ ਮੇਰੀ ਕੋਈ ਸਹੇਲੀ ਦਾ। ਮੇਰੀ ਇਕ ਭਤੀਜੀ ਐ.. ਬਹੁਤ ਖ਼ੁਸ਼ ਸੀ ਇਸ ਰਿਸ਼ਤੇ ਤੋਂ । ਪਹਿਲਾਂ 8 ਸਾਲ ਇੰਜ ਇਕੱਠੇ ਰਹਿੰਦੇ ਰਹੇ... ਬੜੀ ਦੋਸਤੀ...ਬੜਾ ਪਿਆਰ। ਫੇਰ 8 ਸਾਲ ਬਾਅਦ ਉਨ੍ਹਾਂ ਕੁੜਮਾਈ ਕੀਤੀ...ਕੁੜਮਾਈ ਤੋਂ ਇਕ ਦਿਨ ਬਾਅਦ ਹੀ ਵੱਡਾ ਝਗੜਾ ਹੋ ਗਿਆ....ਤੇਰੇ ਘਰਵਾਲੇ...ਮੇਰੇ ਘਰਵਾਲੇ...। ਲੜਕਾ ਕਾਫ਼ੀ ਅਮੀਰ ਘਰ ਦਾ...ਸਗਾਈ ਤਾਂ ਉਨ੍ਹਾਂ ਕਰ ਲਈ...ਹੁਣ ਇਸ ਗੱਲ ਨੂੰ ਵੀ 7-8 ਸਾਲ ਹੋ ਗਏ ਨੇ...ਉਹ ਕਹਿੰਦੇ ਚਲੋ ਦੋਸਤ ਤੋਂ ਮੰਗੇਤਰ ਹੋ ਗਏ ਹੁਣ ਵਿਆਹ ਸੋਚ ਸਮਝ ਕੇ ਕਰਾਂਗੇ। ਹਾ...ਹਾ...।

ਜਿੰਨਾ ਕੁ ਮੈਂ ਦੇਖਿਆ ਇਸ ਰਿਸ਼ਤੇ ਬਾਰੇ...ਪਹਿਲਾਂ ਨਾਲੋਂ ਏਨਾ ਬਦਲਾਅ ਆ ਗਿਆ ਕਿ ਮਰਦ ਹੁਣ ਪਹਿਲਾਂ ਵਾਂਗ ਬਦਤਮੀਜ਼ੀ ਨਹੀਂ ਕਰਦੇ। ਆਰਥਕ ਆਜ਼ਾਦੀ ਕੁੜੀਆਂ ਕੋਲ ਹੈ...ਪਹਿਲਾਂ ਕੁੜੀਆਂ ਲਈ ਮਰਦ ਨਾਲ ਇਕ ਵਾਰ ਰਿਸ਼ਤਾ ਕਾਇਮ ਹੋਣਾ ਵੀ ਸਾਧਾਰਨ ਗੱਲ ਨਹੀਂ ਸੀ...ਕੁੜੀਆਂ ਖ਼ੁਦਕੁਸ਼ੀ ਤਕ ਕਰ ਲੈਂਦੀਆਂ ਸਨ...ਪਰ ਹੁਣ ਬਦਲਾਅ ਆਉਣ ਨਾਲ ਕੁਝ ਚੰਗਾ ਵੀ ਹੋ ਰਿਹਾ ਹੈ। ਪਹਿਲਾਂ ਵਾਲਾ ਲਿਵ ਐਂਡ ਰਿਲੇਸ਼ਨਸ਼ਿਪ ਔਰਤਾਂ ਦੇ ਹੱਕ ਵਿਚ ਨਹੀਂ ਸੀ ਭੁਗਤਦਾ।

ਹੁਣ ਮੈਂ ਮੁੜ ਕੇ ਜਿਹੜਾ ਦੇਖ ਰਹੀ ਹਾਂ...ਮੁਕਾਬਲਤਨ ਛੋਟੀ ਉਮਰੇ ਵਿਆਹ ਹੋ ਰਹੇ ਨੇ...ਬਾਹਰ ਰਹਿੰਦੇ ਭਾਰਤੀ ਹੋਣ ਜਾਂ ਵਿਦੇਸ਼ੀ ਨੇ...ਦੋ-ਚਾਰ ਰਿਲੇਸ਼ਨਸ਼ਿਪ ਤੋਂ ਬਾਅਦ ਫੇਰ ਇਕ ਥਾਂ ਟਿਕ ਕੇ ਵਿਆਹ ਕਰਵਾ ਲੈਂਦੇ ਨੇ...। ਸਾਡੇ ਵੇਲੇ ਇਸ਼ਕ ਕੀਤਾ ਤਾਂ ਮੁਸੀਬਤ, ਪੁਆੜਾ ਈ ਪੈ ਜਾਂਦਾ ਸੀ...ਫੇਰ ਨਿਕਲਣਾ ਈ ਨੀਂ ਉਹਦੇ 'ਚੋਂ।

ਮੈਂ ਨਜ਼ਮ ਲਿਖੀ ਸੀ-

*ਛੋਟੇ ਸ਼ਹਿਰ ਵਿਚ ਤਾਂ ਇਕ ਉਮਰ ਲੰਘ ਜਾਂਦੀ ਸੀ*

ਇਹ ਨੌਜਵਾਨ ਬੱਚੇ ਇਕ ਦਿਲ ਟੁੱਟਦੈ ਤਾਂ ਦੂਜਾ ਜੋੜ ਲੈਂਦੇ ਨੇ...ਇਹ ਤੇ ਨਹੀਂ ਉਨ੍ਹਾਂ ਨੂੰ ਦਰਦ ਨਹੀਂ ਹੁੰਦਾ ਹੋਵੇਗਾ ਪਰ ਜਲਦੀ ਉਸ ਵਿਚੋਂ ਬਾਹਰ ਆ ਜਾਂਦੇ ਨੇ...ਆਪਣੀ ਜ਼ਿੰਦਗੀ ਨੂੰ ਨਵਾਂ ਮੌਕਾ ਦਿੰਦੇ ਨੇ...। ਸਾਡੇ ਵੇਲੇ ਕਾਲਜ ਵਿਚ ਜੇ ਕਿਸੇ ਕੁੜੀ ਦਾ ਦਿਲ ਟੁੱਟਦਾ ਸੀ ਤਾਂ ਉਹ ਕੁਝ ਦਿਨ ਸਫ਼ੇਦ ਸਾੜੀ ਪਾ ਕੇ ਜਾਂਦੀ ਸੀ...ਪਤਾ ਲੱਗ ਜਾਂਦਾ ਸੀ ਕਿ ਇਹ ਟੁੱਟ ਗਈ ਜਾਂ ਇਹਦਾ ਝਗੜਾ ਹੋ ਗਿਆ। ਹੁਣ ਕੁੜੀਆਂ ਛੇਤੀ ਛੇਤੀ ਆਤਮ ਵਿਸ਼ਵਾਸ ਨਹੀਂ ਤੋੜਦੀਆਂ। ਸਾਡੇ ਵੇਲੇ ਇਕ ਵਾਰ ਐਸਾ ਕੁਝ ਹੋ ਜਾਣਾ ਤਾਂ ਮੁੜ ਕੇ ਆਪਣੇ 'ਤੇ ਭਰੋਸਾ ਹੀ ਨਾ ਰਹਿਣਾ। ਮੇਰਾ ਤਾਂ ਸਭ ਤੋਂ ਮਜ਼ਬੂਤ ਰਿਸ਼ਤਾ ਆਪਣੀ ਮਾਂ ਨਾਲ ਰਿਹੈ....ਅਸੀਂ 45 ਸਾਲ ਇਕ ਕਮਰੇ ਵਿਚ ਰਹੀਆਂ...ਜਦੋਂ ਉਪਾਸਨਾ ਆਈ ਤਾਂ ਇਹਨੇ ਵਿਚ ਸੌਣਾ ਸ਼ੁਰੂ ਕਰ ਦਿੱਤਾ। ਕਹਿੰਦੇ ਨੇ ਜੇ ਤੁਹਾਡਾ ਆਪਣੇ ਮਾਪਿਆਂ ਨਾਲ ਏਨਾ ਮਜ਼ਬੂਤ ਰਿਸ਼ਤਾ ਹੋਵੇ ਤਾਂ ਤੁਹਾਡਾ ਆਪਣਾ ਰਿਲੇਸ਼ਨਸ਼ਿਪ ਬਣਾਉਣਾ ਬਹੁਤ ਔਖਾ ਹੁੰਦੈ। ਬੀਜੀ ਦੇ ਜਾਣ ਮਗਰੋਂ ਮੈਨੂੰ ਥੋੜ੍ਹਾ-ਬਹੁਤ ਡਿਪਰੈਸ਼ਨ ਵੀ ਰਿਹਾ। ਉਪਾਸਨਾ ਵੀ ਡਿਪਰੈਸ਼ਨ 'ਚ ਚਲੀ ਗਈ ਸੀ ਕਿਉਂਕਿ ਉਹਦੇ ਲਈ ਤਾਂ ਉਹੀ ਉਹਦੀ ਮਾਂ ਸੀ...ਮੈਨੂੰ ਤਾਂ ਵੱਡੀਆਂ ਭੈਣਾਂ ਵਾਂਗ ਲੈਂਦੀ ਸੀ। ਖ਼ੈਰ, ਮੈਂ ਪ੍ਰੈਕਟੀਕਲ ਵੀ ਸਾਂ....ਮੈਨੂੰ ਲਗਦਾ ਸੀ ਬੀਜੀ ਨੇ ਆਪਣੀ ਭਰਪੂਰ ਜ਼ਿੰਦਗੀ ਜੀਵੀ ਐ...ਹੁਣ ਓਹ ਏਨੀ ਤਕਲੀਫ਼ ਵਿਚ ਸਨ...ਉਨ੍ਹਾਂ ਨੂੰ ਜਾਣਾ ਹੀ ਪੈਣਾ ਸੀ। ਮੈਨੂੰ ਲਗਦਾ ਹੈ ਕਿ ਮੇਰੇ ਇਸ਼ਕ ਇਸ ਕਰਕੇ ਨਹੀਂ ਨਿਭ ਸਕੇ ਕਿਉਂਕਿ ਮੈਂ ਆਪਣੇ ਪਰਿਵਾਰ ਨਾਲ ਜ਼ਿਆਦਾ ਜੁੜੀ ਹੋਈ ਸੀ...ਬੀਜੀ ਦੀ ਮੈਂ ਆਖ਼ਰੀ ਔਲਾਦ ਸੀ...ਬੀਜੀ ਚਾਲੀ ਵਰ੍ਹਿਆਂ ਦੇ ਸਨ ਜਦੋਂ ਮੈਂ ਪੈਦਾ ਹੋਈ...ਸੋ ਉਨ੍ਹਾਂ ਦੇ ਨਾਲ ਨਾਲ ਹੀ ਰਹੀ। ਮੈਂ 7 ਵਰ੍ਹਿਆਂ ਦੀ ਸਾਂ ਜਦੋਂ ਪਿਤਾ ਜੀ ਪੂਰੇ ਹੋ ਗਏ...ਬੀਜੀ ਨੂੰ ਕੁੜੀਆਂ ਤਾਂ ਵੈਸੇ ਵੀ ਚੰਗੀਆਂ ਲਗਦੀਆਂ ਸਨ...ਫੇਰ ਸਾਰੀਆਂ ਭਾਵਨਾਵਾਂ ਮੇਰੇ 'ਤੇ ਉਮੜ ਪਈਆਂ। ਸਾਡੀ ਪਸੰਦ ਵੀ ਇਕੋ ਜਿਹੀ ਸੀ...ਪਰ ਉਹ ਮੇਰੇ ਨਾਲੋਂ ਜ਼ਿਆਦਾ ਸਮਾਰਟ ਸਨ...ਪ੍ਰੈਕਟੀਕਲ ਸਨ ਪਰ ਮੈਂ ਪ੍ਰੈਕਟੀਕਲ ਨਹੀਂ...ਕਹਿੰਦੇ ਨੇ ਨਾ ਕਿ ਇਹ ਤਾਂ ਮਾਂ ਦਾ ਲਾਡਲਾ ਐ...ਮੈਂ ਮਾਂ ਦੀ ਲਾਡਲੀ ਸੀ।

***ਸਵਾਲ*** : ਸੰਸਾਰ ਪ੍ਰਸਿਧ ਕਿਰਤ -ਸੈਕੰਡ ਸੈਕਸ-ਦੀ ਲੇਖਕਾ-ਸਿਮੋਨ ਦ ਬੁਆਰ ਦਾ ਮੰਨਣਾ ਸੀ ਕਿ ਇਸਤਰੀ ਪੈਦਾ ਨਹੀਂ ਹੁੰਦੀ, ਉਹ ਬਣਾਈ ਜਾਂਦੀ ਹੈ। ਤੁਸੀਂ ਆਪਣੇ ਨਿੱਜੀ ਤਜਰਬੇ ਵਿਚੋਂ ਦੱਸੋ ਕਿ ਇਹ ਗੱਲ ਕਿੰਨੀ ਕੁ ਤੇ ਕਿਵੇਂ ਸੱਚ ਹੈ?

***ਨਿਰੂਪਮਾ*** : 'ਸੈਕਿੰਡ ਸੈਕਸ' ਮੈਂ ਪੜ੍ਹੀ ਨਹੀਂ ਸੀ ਹੋਈ...ਜਦੋਂ ਮੈਂ 'ਇੰਡੀਅਨ ਐਕਸਪ੍ਰੈੱਸ' ਜੁਆਇਨ ਕੀਤੀ, ਸਾਡੇ ਨਿਊਜ਼ ਐਡੀਟਰ ਬਜ਼ੁਰਗ ਸਨ...ਉਨ੍ਹਾਂ ਵਾਰ ਵਾਰ ਕਿਹਾ-ਕਿ ਜੇ ਤੁਸੀਂ 'ਸੈਕਿੰਡ ਸੈਕਸ' ਨਹੀਂ ਪੜ੍ਹੀ ਤਾਂ ਤੁਸੀਂ ਪੂਰੀ ਔਰਤ ਨਹੀਂ ਓ। ਔਰ ਕਿਸੇ ਆਦਮੀ ਨੇ ਅਗਰ 'ਸੈਕਿੰਡ ਸੈਕਸ' ਨਹੀਂ ਪੜ੍ਹੀ ਤੇ ਉਹ ਪੂਰਾ ਮਰਦ ਨਹੀਂ ਐ। ਇਹ ਕਿਤਾਬ ਦੋਹਾਂ ਵਾਸਤੇ ਜ਼ਰੂਰੀ ਐ। ਦੇਖੋ! ਮੈਨੂੰ ਇੰਜ ਲਗਦੈ...ਔਰਤ ਕੁਝ ਤੇ ਅਲੱਗ ਹੁੰਦੀ ਐ...ਸਰੀਰ ਅਲੱਗ ਐ...ਥੋੜ੍ਹੀ ਸੰਵੇਦਨਸ਼ੀਲਤਾ...ਨਾਜ਼ੁਕਤਾ...ਮਮਤਾ...ਇਹ ਸਭ ਔਰਤਾਂ ਲਈ ਬੜੀ ਅਹਿਮੀਅਤ ਰੱਖਦੀਆਂ ਨੇ...ਬਾਕੀ ਸਮਾਜਿਕ ਤੌਰ 'ਤੇ ਸ਼ੁਰੂ ਤੋਂ ਹੀ ਔਰਤ ਬਣਾਈ ਜਾਂਦੀ ਐ...ਹਾਲੇ ਤਕ ਵੀ ਇਹ ਵਖਰੇਵਾਂ ਐ ਕਿ ਲੜਕੇ ਵਾਸਤੇ ਨੀਲੇ ਰੰਗ ਤੇ ਲੜਕੀ ਵਾਸਤੇ ਗੁਲਾਬੀ ਰੰਗ ਦੇ ਕੱਪੜੇ ਜਾਂ ਹੋਰ ਸਾਮਾਨ ਲੈਣੈ। ਕੁੜੀਆਂ ਵਾਸਤੇ ਗੁੱਡੀਆਂ-ਪਟੋਲੇ...ਮੁੰਡਿਆਂ ਦੇ ਖਿਡੌਣੇ ਬੰਦੂਕ ਵਗੈਰਾ ਵਗੈਰਾ...। ਪਰ ਇਸ ਗੱਲ ਦਾ ਬਚਪਨ ਵਿਚ ਮੈਨੂੰ ਬਹੁਤਾ ਫ਼ਰਕ ਨਹੀਂ ਲੱਗਿਆ...ਜੇ ਉਸ ਕਿਤਾਬ ਨਾਲ ਰਲਾ ਕੇ ਮੈਂ ਗੱਲ ਕਰਾਂ...ਮੇਰੇ 6 ਭਰਾ ਸਨ...ਦੋ ਮੇਰੀ ਪਹਿਲੀ ਮਾਂ ਤੋਂ ਤੇ 4 ਮੇਰੀ ਮਾਂ ਤੋਂ। ਤੇ ਮੈਂ ਸਭ ਤੋਂ ਛੋਟੀ ਸੀ...ਇਕ ਤਰੀਕਾ ਸੀ ਬਈ ਬੱਚੀ ਨੂੰ ਲਾਡਲੇ ਬਣਾਈ ਰੱਖਣਾ...ਮੈਨੂੰ ਚੰਗਾ ਲਗਦਾ ਸੀ ਕਿ ਪਰਿਵਾਰ ਦੇ ਐਨੇ ਮਰਦ ਮੈਂਬਰ ਮੈਨੂੰ ਲਾਡ ਲਡਾਉਂਦੇ...ਮੇਰੀ ਹਰ ਗੱਲ ਮੰਨਦੇ ਸੀ...ਸੋ ਬਚਪਨ ਵਿਚ ਮੈਨੂੰ ਬਹੁਤਾ ਮਹਿਸੂਸ ਨਹੀਂ ਹੋਇਆ। ਉਂਜ ਵੀ ਮੈਨੂੰ ਕੋਈ ਬਾਹਰ ਜਾ ਕੇ ਖੇਡਣ ਦਾ ਸ਼ੌਂਕ ਨਈਂ ਸੀ...ਥੋੜ੍ਹਾ ਮੈਂ ਬਚਪਨ ਵਿਚ ਬਿਮਾਰ ਵੀ ਰਹਿੰਦੀ ਸਾਂ...ਪਰ ਇੰਜ ਸੀ ਕਿ ਬੀਜੀ ਨੇ ਘਰ ਬੈਠੇ ਕਿਤਾਬਾਂ ਪੜ੍ਹਾਉਣੀਆਂ...ਛੋਟੀ ਉਮਰ ਤੋਂ ਹੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ...ਉਹ ਦੌਰ ਵੀ ਸੀ ਕਿ ਦਿਲ ਲਗਾਉਣ ਦਾ ਕੋਈ ਹੋਰ ਬਹੁਤਾ ਜ਼ਰੀਆ ਨਹੀਂ ਸੀ। ਮੇਰੇ ਬੀਜੀ ਨੇ ਜੇ ਮੇਰੇ ਭਰਾਵਾਂ ਨੂੰ ਕਹਿਣਾ ਕਿ ਬੱਸ ਕਰੋ ਹੁਣ ਲਾਈਟ ਬੰਦ ਕਰ ਦਿਓ ਤਾਂ ਉਹ ਰਜਾਈ ਵਿਚ ਟਾਰਚ ਲੈ ਕੇ ਪੜ੍ਹਦੇ ਸਨ...ਕਿਤਾਬਾਂ ਈ ਕਿਤਾਬਾਂ ਸਨ ਸਾਰੇ ਪਾਸੇ। ਤੇ ਬੀਜੀ ਨੇ ਖੇਡਾਂ ਵੀ ਐਹੋ ਜਿਹੀਆਂ ਖਿਡਾਉਣੀਆਂ...ਅੱਜ ਗੁੱਡੀ ਦਾ ਜਨਮ ਦਿਨ ਐ...ਅੱਜ ਗੁੱਡੀ ਦਾ ਵਿਆਹ ਕਰਨੈ...ਘਰ ਵਿਚ ਪੂਰੀਆਂ ਤਲੀਆਂ ਜਾ ਰਹੀਆਂ ਨੇ...।

ਬਹੁਤਾ ਫ਼ਰਕ ਉਦੋਂ ਆਇਆ ਜਦੋਂ ਮੈਂ ਥੋੜ੍ਹਾ ਵੱਡੀ ਹੁੰਦੀ ਆਂ...11-12 ਸਾਲ ਦੀ...ਹੁਣ ਉਹ ਦਿਨ ਯਾਦ ਕਰਕੇ ਹਾਸਾ ਵੀ ਆਉਂਦੈ..ਮੈਂ 15-16 ਸਾਲ ਦੀ ਹੋਵਾਂਗੀ...ਭਰਾ ਦੇ ਦੋਸਤਾਂ ਨੇ ਘਰ ਆਉਣਾ...ਜੇ ਕਿਸੇ ਨੇ ਜ਼ਿਆਦਾ ਆਉਣਾ ਤਾਂ ਬੀਜੀ ਨੇ ਮੇਰੇ ਕੋਲੋਂ ਉਸ ਦੇ ਰੱਖੜੀ ਬੰਨਵਾ ਦੇਣੀ...। ਹਾ...ਹਾ...ਹਾ...। ਜ਼ਿਆਦਾ ਤਾਂ ਨਹੀਂ ਪਰ ਮੈਨੂੰ ਇਕ ਰੱਖੜੀ ਦਾ ਅਫ਼ਸੋਸ ਰਿਹਾ...ਹਾ...ਹਾ...ਹਾ...। ਅਸੀਂ ਸ਼ਿਲੌਂਗ ਸਾਂ...ਉਥੇ ਚਾਰ ਜਮਾਤਾਂ ਕੀਤੀਆਂ...ਅਸਾਮੀ ਲੜਕਾ ਸੀ...ਮੇਰੇ ਭਰਾ ਦਾ ਕਲਾਸਮੇਟ...ਬੜਾ ਘਰ ਆਉਂਦਾ ਸੀ...ਬੜੀਆਂ ਗੱਲਾਂ ਕਰਦਾ ਸੀ...ਚੰਗਾ ਲਗਦਾ ਸੀ...ਰਾਜ ਸੀ ਉਹਦਾ ਨਾਂ...ਜਦੋਂ ਬੀਜੀ ਨੂੰ ਲੱਗਾ ਕਿ ਰਾਜ ਬਹੁਤਾ ਘਰ ਆਉਂਦੇ ਤਾਂ ਉਨ੍ਹਾਂ ਮੇਰੇ ਤੋਂ ਰੱਖੜੀ ਬਣਵਾ ਦਿੱਤੀ...ਉਹਦੇ ਵਿਚਾਰੇ ਕੋਲ ਬਹੁਤੇ ਪੈਸੇ ਵੀ ਨਹੀਂ ਸਨ ਹੁੰਦੇ...ਉਹ ਮੈਨੂੰ ਗਿਫ਼ਟ ਦੇ ਕੇ ਗਿਆ ਲਾਟਰੀ ਟਿਕਟ। ਕਈ ਚਿਰ ਬਾਅਦ ਅਸੀਂ ਸ਼ਿਲੌਂਗ ਛੱਡ ਦਿੱਤਾ...ਮੇਰੇ ਉਸ ਭਰਾ ਦੀ ਡੈੱਥ ਹੋ ਗਈ...ਪਰ ਮੈਨੂੰ ਇੰਜ ਲੱਗਾ ਕਿ ਬੀਜੀ ਨੇ ਇਹ ਕੰਮ ਗ਼ਲਤ ਕਰਾਇਆ...ਹਾ...ਹਾ...ਹਾ...।

ਕਈ ਗੱਲਾਂ 'ਤੇ ਮੈਂ ਆਪਣੀ ਮਾਂ ਨੂੰ ਨਿਰਾਸ਼ ਵੀ ਕੀਤਾ...ਉਹ ਉਵੇਂ ਦੀ ਬੇਟੀ ਚਾਹੁੰਦੇ ਸਨ ਜਿਵੇਂ ਉਨ੍ਹਾਂ ਨੇ ਕਿਤਾਬਾਂ ਪੜ੍ਹੀਆਂ ਸਨ...ਬੰਗਾਲੀ ਸਾਹਿਤ ਪੜ੍ਹਿਆ ਸੀ...ਸ਼ਰਦ ਚੰਦਰ ਦੇ...ਵਿਭੂਤੀ ਵਿਭੂਸ਼ਣ ਦੇ ਨਾਵਲ ਪੜ੍ਹੇ ਸਨ...ਪਰ ਮੈਂ ਬਾਅਦ ਵਿਚ ਸਿਗਰਟਾਂ ਪੀਣੀਆਂ ਸ਼ੁਰੂ ਕਰ ਦਿੱਤੀਆਂ...ਆਪਣੀ ਗੱਲ ਵੀ ਧੱਕੇ ਨਾਲ ਮਨਵਾਉਣ ਲੱਗ ਪਈ...ਬੀਜੀ ਨੇ ਕਹਿਣਾ ''ਕੀ ਕੁੜੀ ਐ ਇਹ...ਮੈਨੂੰ ਲਗਦਾ ਸੀ ਕਿ ਮੈਂ ਬਾਹਰੋਂ ਆਵਾਂਗੀ...ਮੇਰੀ ਕੁੜੀ ਸਾੜੀ ਪਾਈ ਦਰਵਾਜ਼ਾ ਖੋਲ੍ਹੇਗੀ''...ਕਹਿ ਲਓ...ਭਾਰਤੀ ਨਾਰੀ। ਉਸ ਵੇਲੇ ਫ਼ਰਕ ਮਹਿਸੂਸ ਹੋਇਆ।

ਮੈਂ ਸਮਝਣੀ ਆਂ ਕਿ ਲੜਕੀਆਂ ਨੂੰ ਸੈਕਸ ਪੱਖੋਂ ਕਾਫ਼ੀ ਕੰਟਰੋਲ ਵਿਚ ਰੱਖਿਆ ਜਾਂਦੈ...ਲੜਕਿਆਂ ਦੇ ਮਾਮਲੇ ਵਿਚ ਇੰਜ ਨਹੀਂ ਐ...ਸੀਮੋਨ ਨੇ ਵੀ ਇਹੀ ਕਿਹੈ ਕਿ ਚਾਰ-ਪੰਜ ਸਾਲ ਦੀ ਬੱਚੀ ਤੋਂ ਇਹ ਜ਼ਾਬਤਾ ਲੱਗਣਾ ਸ਼ੁਰੂ ਹੋ ਜਾਂਦੈ...।

ਵੈਸੇ ਸਾਡਾ ਘਰ ਪੁਰਸ਼ ਪ੍ਰਧਾਨ ਨਹੀਂ ਸੀ ਕਿਉਂਕਿ ਪਿਤਾ ਜੀ ਨਹੀਂ ਸਨ ਤੇ ਭਰਾ ਬਾਹਰ ਸਨ...ਸੋ ਬੀਜੀ ਹੀ ਘਰ ਚਲਾਉਂਦੇ ਸਨ। ਮੇਰਾ ਭਰਾ ਹਾਲੇ ਵੀ ਗੁੱਸੇ ਵਿਚ ਕਹਿੰਦੈ-''ਮੈਨੂੰ ਪਤੈ ਇਸ ਘਰ ਵਿਚ ਔਰਤਾਂ ਦੀ ਮੰਨੀ ਜਾਂਦੀ ਐ।'' ਇਹ ਗੱਲ ਮੈਂ ਬੜੀ ਦੇਰ ਬਾਅਦ ਆਪਣੇ ਦੋਸਤਾਂ ਦੇ ਘਰ ਵਿਚ ਵੀ ਦੇਖੀ...ਮੇਰਾ ਇਕ ਬੜਾ ਅੱਛਾ ਦੋਸਤ ਸੀ...ਸ਼ਿਵ ਕੁਮਾਰ ਬਟਾਲਵੀ ਦਾ ਦੋਸਤ...ਉਸ ਨੇ ਘਰ ਖਾਣੇ 'ਤੇ ਸੱਦਿਆ ਤੇ ਅਸੀਂ ਬੀਜੀ ਨੂੰ ਵੀ ਨਾਲ ਲੈ ਕੇ ਗਏ...ਉਹਦਾ ਬੇਟਾ ਛੋਟਾ ਸੀ ਤੇ ਬੇਟੀ ਵੱਡੀ ਸੀ...ਬੇਟੀ ਰੋਂਦੀ ਹੋਈ ਅੰਦਰ ਆ ਜਾਇਆ ਕਰੇ...ਦੇਖੋ, ਇਸ ਨੇ ਮੁਝੇ ਮਾਰਾ ਹੈ...। ਅੱਗੋਂ ਉਨ੍ਹਾਂ ਦਾ ਬਾਪ ਕਹਿੰਦੈ-''ਲੜਕਾ ਹੈ ਵੋ ਤੋ ਮਾਰੇਗਾ ਹੀ''। ਹੁਣ ਮੇਰੀ ਮਾਂ ਨੂੰ ਇਹ ਸਭ ਕੁਝ ਪਸੰਦ ਨਹੀਂ ਸੀ...ਮੇਰੇ ਘਰ ਵਿਚ ਏਨੀ ਹਿੰਮਤ ਨਹੀਂ ਸੀ ਕਿ ਮੇਰੇ ਭਰਾ ਮੈਨੂੰ ਮਾਰ ਦੇਣ...। ਸੋ, ਆਪਣੇ ਆਸ-ਪਾਸ ਇਸ ਤਰ੍ਹਾਂ ਦਾ ਫ਼ਰਕ ਮੈਂ ਬਹੁਤ ਦੇਖਿਐ...। ਬੀਜੀ ਤਾਂ ਘਰ ਵਿਚ ਕੁੜੀ ਚਾਹੁੰਦੇ ਸਨ...ਮੈਂ ਲੇਟ ਉਮਰੇ ਪੈਦਾ ਹੋਈ ਤੇ ਹੋਈ ਵੀ ਉਦੋਂ ਜਦੋਂ ਪਿਤਾ ਜੀ ਤੇ ਬੀਜੀ ਵਿਚਾਲੇ ਰਿਸ਼ਤੇ ਤਲਖ਼ ਹੋ ਗਏ ਸਨ...ਸੋ, ਜਿੰਨੀਆਂ ਭਾਵਨਾਵਾਂ ਸਨ...ਉਹ ਬੀਜੀ ਨੇ ਮੇਰੇ 'ਤੇ ਪੂਰੀਆਂ ਕਰਨੀਆਂ ਸਨ...। ਮੈਨੂੰ ਯਾਦ ਐ ਇਕ ਵੇਰਾਂ ਮੈਥੋਂ ਵੱਡਾ ਭਰਾ ਕਹਿੰਦੈ-''ਮੈਨੂੰ ਪਤੈ ਘਰ ਵਿਚ ਕੀ ਹੁੰਦੈ...ਮੈਨੂੰ ਸੁੱਕੀ ਪਰੌਂਠੀ ਦਿੱਤੀ ਜਾਂਦੀ ਐ...ਤੇ ਨੀਰੂ ਨੂੰ ਚੋਪੜ ਕੇ ਰੋਟੀ ਦਿੱਤੀ ਐ।'' ਹਾ...ਹਾ...ਹਾ...।

ਦੂਜਾ ਬੀਜੀ ਮੇਰੀਆਂ ਨਜ਼ਮਾਂ ਤੋਂ ਵੀ ਖ਼ੁਸ਼ ਨਹੀਂ ਸਨ...ਉਹ ਕਹਿੰਦੇ ਸਨ-''ਸ਼ਾਇਰੀ ਹੋਣੀ ਚਾਹੀਦੀ ਐ ਫੁੱਲਾਂ ਬਾਰੇ...ਕੁਦਰਤ ਬਾਰੇ...ਆ ਤੂੰ ਕੀ ਲਿਖੀ ਜਾਨੀ ਐਂ...'' ਸੋ, ਮੈਨੂੰ ਬਚਪਨ ਵਿਚ ਤਾਂ ਨਹੀਂ ਪਰ ਬਾਅਦ ਵਿਚ ਜ਼ਰੂਰ ਭਰਾਵਾਂ ਕੋਲੋਂ ਸੁਣਨਾ ਪਿਐ ਕਿ ਨੀਰੂ ਨੂੰ ਮੂੰਹ-ਫੱਟ ਬਣਾ ਦਿੱਤੈ...।

(ਚਲਦਾ)



1974 : ਕਾਲਜ ਦੇ ਦਿਨਾਂ ਵਿਚ ਸਹੇਲੀਆਂ ਨਾਲ।



1974 : ਕਾਲਜ ਫ਼ੇਅਰਵੈਲ ਪਾਰਟੀ।

# ਕਾਰਲ ਮਾਰਕਸ ਦੀ ਸੰਘਰਸ਼ ਗਾਥਾ

ਗੁਰਬਚਨ
+91-98725-06926

ਕਾਰਲ ਮਾਰਕਸ ਦਾ ਦਿਹਾਂਤ 14 ਮਾਰਚ, 1883 ਵਾਲੇ ਦਿਨ ਹੋਇਆ। ਤਿੰਨ ਦਿਨਾਂ ਬਾਅਦ, ਉਸ ਦੀ ਮ੍ਰਿਤਕ ਦੇਹ ਨੂੰ ਹਾਈਗੇਟ ਕਬਰਸਤਾਨ (ਲੰਡਨ) ਵਿਚ ਦਫ਼ਨਾਏ ਜਾਣ ਵੇਲੇ ਉਹਦੇ ਬੌਧਿਕ ਸਾਰਥੀ ਫ੍ਰੈਡਰਿਕ ਐਂਗਲਜ਼ ਨੇ ਕਿਹਾ: "14 ਮਾਰਚ ਨੂੰ ਪੌਣੇ ਤਿੰਨ ਵਜੇ ਦੁਪਹਿਰ ਸਭ ਤੋਂ ਮਹਾਨ ਚਿੰਤਕ ਨੇ ਸੋਚਣਾ ਬੰਦ ਕਰ ਦਿੱਤਾ।"



ਜਿਸ ਚਿੰਤਨਧਾਰਾ ਦੀ ਕਾਰਲ ਮਾਰਕਸ ਨੇ ਬਣਤ ਬਣਾਈ, ਉਹ ਕੋਈ ਅਕਸਮਾਤ ਉਤਰਿਆ ਇਲਹਾਮ ਨਹੀਂ ਸੀ। ਇਹ ਉਹਦੇ ਪਲ-ਪ੍ਰਤਿ-ਪਲ ਸੰਘਰਸ਼ ਦਾ ਨਤੀਜਾ ਸੀ - ਬੌਧਿਕ, ਮਾਨਸਿਕ, ਸਰੀਰਕ ਸੰਘਰਸ਼ ਸੀ ਇਹ।

ਸੁਆਲ ਹੈ: ਇਸ ਤੇਜ਼ਧਾਰ ਬੌਧਿਕਤਾ ਵਾਲੇ ਵਿਅਕਤੀ, ਜਿਸ ਨੇ ਦੁਨੀਆਂ ਦੀ ਸੋਚ ਵਿਚ ਘਣਾ ਵੱਢ ਮਾਰਿਆ ਅਤੇ ਵੀਹਵੀਂ ਸਦੀ ਦਾ ਇਤਿਹਾਸ ਬਦਲ ਦਿੱਤਾ, ਦੀ ਬਣਤ ਕਿਵੇਂ ਬਣੀ? ਜਿਸ ਅਦੁੱਤੀ ਕਾਰਜ ਨੂੰ ਉਹਨੇ ਨੇਪੜੇ ਚਾੜ੍ਹਿਆ ਉਹਦੇ ਪ੍ਰੇਰਣਾ ਸਰੋਤ ਕਿਵੇਂ ਵਿਕਸਿਤ ਹੋਏ? ਉਹ ਅਜਿਹਾ ਵਿਅਕਤੀ ਕਿਵੇਂ ਬਣਿਆ ਜਿਸ ਨੂੰ ਐਂਗਲਜ਼ 'ਸਭ ਤੋਂ ਮਹਾਨ ਚਿੰਤਕ' ਕਹਿੰਦਾ ਹੈ।

ਮਾਰਕਸ ਬਚਪਨ ਤੋਂ ਹੀ ਸਮੇਂ ਦੀ ਡੂੰਘ ਵਿਚ ਰਿਝ ਰਹੇ ਤਨਾਵਾਂ ਨੂੰ ਮਹਿਸੂਸ ਕਰਦਾ ਵੱਡਾ ਹੋਇਆ ਸੀ। ਉਹਦੇ ਯਹੂਦੀ ਪਿਤਾ ਨੇ ਸੱਤਾਧਾਰੀ ਵਰਗ ਵਲੋਂ ਯੋਗ ਸਵੀਕਾਰਤਾ ਦੀ ਖਾਤਰ ਇਸਾਈ ਧਰਮ ਵਿਚ ਪ੍ਰਵੇਸ਼ ਕੀਤਾ। ਜਿਸ ਸਕੂਲ ਵਿਚ ਕਾਰਲ ਪੜ੍ਹਦਾ ਸੀ ਉਸ ਦੇ ਹੈੱਡਮਾਸਟਰ ਨੂੰ ਵਿਚਾਰਾਂ ਦੀ ਖੁੱਲ੍ਹ ਕਰਕੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਅਜਿਹੀਆਂ ਘਟਨਾਵਾਂ ਨੇ ਉਹਦੇ ਉੱਤੇ ਗਹਿਰਾ ਅਸਰ ਛੱਡਿਆ। ਉਸ ਅੰਦਰ ਸੁਆਲ ਪਨਪਣ ਲੱਗੇ।

17 ਸਾਲ ਦੀ ਉਮਰ ਵਿਚ ਪਿਤਾ ਨੇ ਉਹਨੂੰ ਬੌਨ ਯੂਨੀਵਰਸਿਟੀ ਵਿਚ ਕਾਨੂੰਨ ਪੜ੍ਹਨ ਲਈ ਭੇਜਿਆ। ਪਿਤਾ ਕਾਨੂੰਨਦਾਨ ਸੀ ਅਤੇ ਚਾਹੁੰਦਾ ਸੀ ਕਿ ਬੇਟਾ ਵੀ ਵਕਾਲਤ ਪਾਸ ਕਰਕੇ ਚੰਗੀ ਚੋਖੀ ਕਮਾਈ ਕਰੇ। ਪਰ ਬੇਟਾ ਤਾਂ ਆਪਣੇ ਅਨੁਭਵ ਤੋਂ ਪ੍ਰੇਰਿਤ ਹੋਣ ਵਾਲਾ, ਸੁਆਲ ਪੁੱਛਣ ਵਾਲਾ ਯੁਵਕ ਸੀ।

ਉਹ ਕਾਨੂੰਨ ਦੀ ਜਗ੍ਹਾ ਫਿਲਾਸਫੀ ਤੇ ਇਤਿਹਾਸ ਦੇ ਅਧਿਐਨ ਵਿਚ ਜੁੱਟ ਗਿਆ। ਪਿਤਾ ਨੇ ਹਤਾਸ਼ ਹੋ ਕੇ ਖ਼ਤ ਲਿਖਿਆ: "ਮੈਨੂੰ ਪਤਾ ਲੱਗਾ ਹੈ ਤੂੰ ਕਾਨੂੰਨ ਦੀ ਪੜ੍ਹਾਈ ਦੀ ਜਗ੍ਹਾ ਫੈਲਸੂਫੀਆਂ ਮਾਰਦਾ ਏਂ। ਮੈਂ ਤੈਨੂੰ ਯੂਨੀਵਰਸਿਟੀ ਵਿਚ ਪੜ੍ਹਨ ਲਈ ਭੇਜਿਆ ਹੈ ਤਾਂ ਕਿ ਵਕਾਲਤ ਦਾ ਕਿੱਤਾ ਅਖਤਿਆਰ ਕਰ ਸਕੇਂ। ਬੇਟਾ ਕਾਰਲ, ਤੂੰ ਕਰ ਕੀ ਰਿਹਾ ਏਂ?"

ਇਹ ਉਹ ਸਮਾਂ ਸੀ ਜਦ ਜਰਮਨੀ ਵਿਚ ਸਨਅਤੀ ਵਿਕਾਸ ਤੇ ਵਿਗਿਆਨਕ ਵਿਦਿਆ ਰਾਹੀਂ ਨਵਾਂ ਚਿੰਤਨ ਜਨਮ ਲੈ ਰਿਹਾ ਸੀ। ਤਣਾਅ ਪੈਦਾ ਹੋ ਰਹੇ ਸਨ। ਬੌਧਿਕ ਉੱਥਲ-ਪੁੱਥਲ ਦਾ ਮਾਹੌਲ ਪੈਦਾ ਹੋ ਰਿਹਾ ਸੀ। ਕਾਰਲ ਗਿਆਨ ਦੇ ਸਮੁੰਦਰ ਵਿਚ ਚੁੱਭੀ ਮਾਰ ਚੁੱਕਾ ਸੀ। ਬੌਨ ਯੂਨੀਵਰਸਿਟੀ ਵਿਚ ਇਕ ਸਾਲ ਗੁਜ਼ਾਰ ਕੇ ਉਹ ਬਰਲਿਨ ਯੂਨੀਵਰਸਿਟੀ ਵਿਚ ਆ ਗਿਆ ਜਿੱਥੇ ਵਿਚਾਰਾਂ ਦੀ ਤਨਾਤਣੀ ਦਾ ਮਾਹੌਲ ਸੀ। ਫਿਲਾਸਫਰ ਹੀਗਲ ਦੇ ਵਿਚਾਰਾਂ ਦੀ ਚੜ੍ਹਤ ਸੀ। ਯੁਵਕ ਮਾਰਕਸ ਦੀ ਪ੍ਰਸ਼ਨਾਤਮਿਕ ਬਿਰਤੀ ਨੇ ਹੀਗਲ ਦੇ ਵਿਚਾਰਾਂ ਅੱਗੇ ਪ੍ਰਸ਼ਨ-ਚਿੰਨ੍ਹ ਲਗਾਉਣਾ ਸ਼ੁਰੂ ਕੀਤਾ।

ਉਸ ਨੇ ਪੀਐਚ.ਡੀ. ਲਈ ਸ਼ੋਧ ਪ੍ਰਬੰਧ ਲਿਖਿਆ ਜੋ ਪੱਛਮ ਦੇ ਪ੍ਰਥਮ ਪਦਾਰਥਵਾਦੀ ਦਾਰਸ਼ਨਿਕਾਂ - ਐਪਿਕਿਊਰਸ ਅਤੇ ਡਿਮੋਕ੍ਰੀਟਸ - ਦੇ ਵਿਚਾਰਾਂ ਵਿਚਲੇ ਅੰਤਰ-ਨਾਤੇ ਨਾਲ ਸੰਬੰਧਿਤ ਸੀ। ਬੁਨਿਆਦੀ ਗੱਲ ਇਨ੍ਹਾਂ ਦੇ ਦਰਸ਼ਨ ਬਾਰੇ ਇਹ ਸੀ ਕਿ ਸੰਸਾਰ ਪਦਾਰਥਕ ਬਣਤ ਹੈ; ਬ੍ਰਹਿਮੰਡ ਵਿਚ ਜੋ ਵੀ ਵਰਤਾਰੇ ਹਨ ਉਹ ਪਦਾਰਥਕ ਅਣੂਆਂ ਦੀ ਗਤੀ ਦਾ ਨਤੀਜਾ ਹਨ, ਜਿਸ ਅਨੁਸਾਰ ਸਭ ਵਸਤਾਂ ਦਾ ਇਕ ਦੂਜੇ ਨਾਲ ਨਾਤਾ ਹੈ ਤੇ ਇਹ ਵਸਤਾਂ ਪ੍ਰਕ੍ਰਿਤਕ ਨਿਯਮ ਅਨੁਸਾਰ ਵਿਕਾਸ ਕਰਦੀਆਂ ਹਨ।

ਉਕਤ ਰੌਸ਼ਨੀ ਵਿਚ ਮਾਰਕਸ ਅੰਦਰ ਹੀਗਲ ਦੀ ਵਿਰੋਧ-ਵਿਕਾਸੀ ਸਿਧਾਂਤਕੀ ਬਾਰੇ ਸ਼ੰਕੇ ਤੇ ਸੁਆਲ ਪੈਦਾ ਹੋਣ ਲੱਗੇ। ਸ਼ੰਕੇ ਵਧ ਗਏ। ਉਹਨੂੰ ਆਪਣੀ ਜ਼ਿੰਦਗੀ ਦਾ ਪਥ ਦਿਸਣ ਲੱਗਾ। ਇਹ ਪਥ ਵਿਚਾਰਾਂ ਦੇ ਤਲਾਸ਼ਕਾਰ ਦਾ ਸੀ ਜੋ ਮਾਨਵੀ ਸਮਾਜ ਵਿਚ ਪੈਦਾ ਹੋਈਆਂ ਘੁੰਡੀਆਂ ਸੁਲਝਾਉਣਾ ਚਾਹੁੰਦਾ ਸੀ। ਇਰਦ ਗਿਰਦ ਦੇਖਣ ਦੀ ਸੁਰਤ ਨਾ ਰਹੀ। ਨਾ ਸੁੱਖ ਆਰਾਮ ਦੀ ਤਲਬ, ਨਾ ਭਵਿੱਖ ਬਨਾਉਣ ਦਾ ਫਿਕਰ। ਦਿਨ ਰਾਤ ਪੜ੍ਹਾਈ ਵਿਚ ਖੁੱਭਾ ਰਹਿੰਦਾ। ਉਹਦੇ ਮਿਤਰ ਆਰਨਲਡ ਰੂਜ਼ ਨੇ ਲਿਖਿਆ: "ਉਹ ਕਿਸੇ ਕਿਤਾਬ ਨੂੰ ਪੜ੍ਹਦਿਆਂ ਜਿੱਥੇ ਕਿਤੇ ਕੋਈ ਸ਼ੰਕਾ ਜਾਂ ਘੁੰਡੀ ਪੈਦਾ ਹੁੰਦੀ ਉੱਥੇ ਰੁਕ ਜਾਂਦਾ, ਤੇ ਹੋਰ ਅਨੇਕਾਂ ਕਿਤਾਬਾਂ ਨੂੰ ਖੋਲ੍ਹ ਬਹਿੰਦਾ ਤੇ ਅਗਾਂਹ ਦੀ ਅਗਾਂਹ ਪੜ੍ਹੀ ਜਾਂਦਾ, ਬਿਨਾਂ ਰੁਕਿਆਂ। ਇਕ ਵੇਰ ਉਹ ਚਾਰ ਰਾਤਾਂ ਲਗਾਤਾਰ ਅਧਿਐਨ ਵਿਚ ਲੱਗਾ ਮੈਂ ਦੇਖਿਆ।"

ਅੰਤ, ਮਾਰਕਸ ਦੀ ਸੋਚ ਇਹ ਬਣੀ ਕਿ ਹੀਗਲ ਆਪਣੀ ਵਿਰੋਧ-ਵਿਕਾਸੀ ਸਿਧਾਂਤਕੀ ਵਿਚ ਪਦਾਰਥਿਕਤਾ ਨੂੰ ਕਲਪਾਂ ਦੇ ਖੋਲ ਅੰਦਰ ਬੰਦ ਕਰਦਾ ਹੈ। ਬਾਅਦ ਵਿਚ ਉਹਨੇ ਆਪਣੇ ਗਰੰਥ 'ਕੈਪੀਟਲ' ਵਿਚ ਕਿਹਾ ਕਿ ਹਰ ਵਿਚਾਰ ਦੇ ਉਗਮਣ ਤੋਂ ਪਹਿਲਾਂ ਉਸ ਠੋਸ ਪਦਾਰਥਿਕਤਾ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ ਜਿਸ ਵਿਚੋਂ ਵਿਚਾਰ ਉਗਮਦਾ ਹੈ, ਜਿਸ ਦਾ ਮਤਲਬ ਹੈ ਇਤਿਹਾਸ ਨੂੰ ਇਹਦੀ ਬਣਤ ਦੀਆਂ ਇਕਾਈਆਂ ਰਾਹੀਂ ਸਮਝਣਾ, ਇਹਦੀ ਆਰਥਿਕ ਸਿਆਸਤ ਦੀ ਥਾਹ ਪਾਉਣਾ ਅਨਿਵਾਰੀ ਹੈ।

ਬਰਲਿਨ ਤੋਂ ਪੜ੍ਹਾਈ ਖਤਮ ਕਰਕੇ ਮਾਰਕਸ ਕੋਲੋਨ (ਜਰਮਨੀ) ਪੁੱਜਾ ਤੇ ਰੇਨਿਸ਼ ਸਮਾਚਾਰ ਦਾ ਸੰਪਾਦਕ ਬਣਿਆ। ਉਹਦੀਆਂ ਲਿਖਤਾਂ ਨੇ ਹਲਚਲ ਮਚਾ ਦਿੱਤੀ। ਪੁਲੀਸ ਪਿੱਛੇ ਲੱਗ ਗਈ। ਪਰਚੇ ਨੂੰ ਬੰਦ ਕਰਨ ਦਾ ਹੁਕਮ ਹੋ ਗਿਆ। ਉਹ ਨਵ-ਵਿਆਹੀ ਬੀਵੀ ਜੈਨੀ ਨਾਲ ਪੈਰਿਸ ਆ ਗਿਆ। ਉਹਦੀ ਉਮਰ 25 ਸਾਲ ਸੀ। ਪੈਰਿਸ ਵਿਚ ਉਹਦੀ ਫ੍ਰੈਡਰਿਕ ਐਂਗਲਜ਼ ਨਾਲ ਲੰਮੀ ਭੇਟ ਹੋਈ।

ਉਹਨੇ ਪੈਰਿਸ ਵਿਚ ਇਕ ਪਤ੍ਰਿਕਾ ਦਾ ਸੰਪਾਦਨ ਕੀਤਾ। ਫਰਾਂਸ ਸਰਕਾਰ ਵਲੋਂ ਹੁਕਮ ਜਾਰੀ ਹੋਇਆ: ਚੌਵੀ ਘੰਟਿਆਂ ਅੰਦਰ ਪੈਰਿਸ ਤੋਂ ਨਿਕਲ ਜਾਓ, ਵਰਨਾ। ਉਹ ਨਵ-ਵਿਆਹੀ ਪਤਨੀ ਨੂੰ ਪੈਰਿਸ ਵਿਚ ਛੱਡ ਬਰੱਸਲਜ਼ (ਬੈਲਜੀਅਮ) ਚਲਾ ਗਿਆ। ਇਕ ਸਸਤੇ ਹੋਟਲ ਵਿਚ ਟਿਕਾਣਾ ਕੀਤਾ। ਏਥੇ ਵੀ ਸਾਹ ਨਹੀਂ ਲਿਆ। ਲਿਖਤਾਂ ਰਾਹੀਂ ਯੌਰਪ ਦੇ ਬੌਧਿਕ ਮਹਾਂਰਥੀਆਂ ਅਤੇ ਦਾਰਸ਼ਨਿਕਾਂ ਨਾਲ ਆਢਾ ਲੈਂਦਾ ਰਿਹਾ। ਉਹਨੇ ਕਿਹਾ, ਅਜੇ ਤੱਕ ਫਿਲਾਸਫਰਾਂ ਨੇ ਸੰਸਾਰ ਦੀ ਵਿਆਖਿਆ ਕੀਤੀ ਹੈ, ਲੋੜ ਇਸ ਨੂੰ ਤਬਦੀਲ ਕਰਨ ਦੀ ਹੈ। ਬਰੱਸਲਜ਼ ਵਿਚ ਰਹਿੰਦਿਆਂ ਉਹਨੇ ਕਈ ਲੇਖ ਲਿਖੇ। ਕਮਿਊਨਿਸਟ ਮੈਨੀਫੈਸਟੋ (1848) ਦੀ ਰਚਨਾ ਕੀਤੀ। ਦੋ ਅਹਿਮ ਮੁੱਦੇ ਸਨ: ਇਕ, ਸਮਾਜਵਾਦ ਦੇ ਵਿਚਾਰ ਨੂੰ ਵਿਗਿਆਨਕ ਆਧਾਰ 'ਤੇ ਖੜ੍ਹਾ ਕਰਨਾ ਤੇ ਇਸ ਨੂੰ ਸਮਾਜ ਵਿਚ ਵਰਗਾਂ ਦੀ ਖਸਲਤ ਨਾਲ ਜੋੜਨਾ। ਦੋ, ਕਾਮਾ ਵਰਗ ਨੂੰ ਵਿਚਾਰਧਾਰਕ ਸੰਦਾਂ ਨਾਲ ਲੈਸ ਕਰਨਾ ਤਾਂ ਜੋ ਉਹ ਆਪਣੀ ਮੁਕਤੀ ਲਈ ਘੋਲ ਕਰਨ ਲਈ ਤਿਆਰ ਹੋ ਸਕਣ। ਕਮਿਊਨਿਸਟ ਮੈਨੀਫੈਸਟੋ ਦੇ ਛਪ ਜਾਣ ਦੇ ਇਕ ਮਹੀਨਾ ਬਾਅਦ ਬਰੱਸਲਜ਼ ਦੀ ਪੁਲੀਸ ਮਾਰਕਸ ਨੂੰ ਫੜਨ ਆ ਗਈ। ਉਹ ਕੁਝ ਦੇਰ ਲਈ ਫਿਰ ਕੋਲੋਨ (ਜਰਮਨੀ) ਚਲਾ ਗਿਆ। ਇਸ ਤੋਂ ਪਹਿਲਾਂ ਕਿ ਉੱਥੋਂ ਦੀ ਪੁਲੀਸ ਉਹਨੂੰ ਗ੍ਰਿਫ਼ਤਾਰ ਕਰਦੀ ਉਹਨੇ ਲੰਡਨ (1849) ਆ ਟਿਕਾਣਾ ਕੀਤਾ। ਜਰਮਨ ਸਰਕਾਰ ਅੰਗਰੇਜ਼ ਸਰਕਾਰ ਉੱਤੇ ਮਾਰਕਸ ਨੂੰ ਇੰਗਲੈਂਡ ਵਿਚੋਂ ਕੱਢਣ ਲਈ ਦਬਾਅ ਪਾਉਂਦੀ ਰਹੀ। ਅੰਗਰੇਜ਼ ਪ੍ਰਧਾਨ ਮੰਤਰੀ ਜੌਹਨ ਰਸਲ ਉਦਾਰ-ਚਿੱਤ ਵਿਚਾਰਾਂ ਵਾਲਾ ਸੀ। ਮਾਰਕਸ ਨੂੰ ਇੰਗਲੈਂਡ ਵਿਚ ਇਸ ਸ਼ਰਤ 'ਤੇ ਰਹਿਣ ਦੀ ਇਜਾਜ਼ਤ ਦਿੱਤੀ ਕਿ ਉਹ ਕਿਸੇ ਸਿਆਸੀ ਸਰਗਰਮੀ ਵਿਚ ਹਿੱਸਾ ਨਹੀਂ ਲਵੇਗਾ।

ਕਮਿਊਨਿਸਟ ਮੈਨੀਫੈਸਟੋ ਲਿਖਣ ਤੋਂ ਲੈ ਕੇ ਮਹਾਂ-ਗਰੰਥ ਕੈਪੀਟਲ (1867) ਤਿਆਰ ਹੋਣ ਤੱਕ ਉਹਨੇ ਅਕੱਥ ਔਖ ਭਰਿਆ ਸਮਾਂ ਗੁਜ਼ਾਰਿਆ। ਇਕ ਪਾਸੇ ਦਿਨ ਰਾਤ ਕੈਪੀਟਲ ਸਮਾਪਤ ਕਰਨ ਦੇ ਕਾਰਜ ਵਿਚ ਖੁੱਭਾ ਹੋਇਆ ਸੀ, ਦੂਜੇ ਪਾਸੇ ਮਾਰਕਸ ਪ੍ਰਵਾਰ ਸਿਖਰ ਦੀ ਮਾਇਕ ਤੋਟ ਵਿਚੋਂ ਗੁਜ਼ਰ ਰਿਹਾ ਸੀ। ਸੱਤ ਬੱਚਿਆਂ ਵਿਚੋਂ ਚਾਰ ਦੀ ਮੌਤ ਇਸ ਦੌਰਾਨ ਹੋਈ। (ਮਾਰਕਸ ਦੇ ਜੀਵਨੀਕਾਰ ਬੱਚਿਆਂ ਦੀ ਮੌਤ ਦਾ ਕਾਰਨ ਅੱਤ ਦੀ ਗਰੀਬੀ ਦਸਦੇ ਹਨ।)

ਉਹ ਬ੍ਰਿਟਿਸ਼ ਮਿਊਜ਼ਿਅਮ ਲਾਇਬ੍ਰੇਰੀ ਵਿਚ ਇਹਦੇ ਖੁੱਲ੍ਹਣ ਤੋਂ ਪਹਿਲਾਂ ਹੀ ਜਾ ਪੁੱਜਦਾ। ਲਾਇਬ੍ਰੇਰੀ ਦੇ ਬੰਦ ਹੋਣ ਤੱਕ ਬੈਠਾ ਰਹਿੰਦਾ। ਥੱਕਿਆ ਟੁੱਟਾ ਉਹ ਪੈਦਲ ਘਰ ਵੱਲ ਤੁਰ ਪੈਂਦਾ। ਸਿਖਰ ਦੀ ਠੰਢ ਜਾਂ ਬੱਦਲ ਜਾਂ ਮੀਂਹ ਵਿਚ ਉਹਦੀ ਇਹੀ ਤਰਤੀਬ ਹੁੰਦੀ। ਘਰ ਪੁੱਜਦਿਆਂ ਉਹਨੂੰ ਵਾਈਨ ਦੀ ਤਲਬ ਹੁੰਦੀ। ਵਾਈਨ ਦੀ ਸਪਲਾਈ ਪਰਮ ਮਿੱਤਰ ਐਂਗਲਜ਼ ਵਲੋਂ ਹੁੰਦੀ ਰਹਿੰਦੀ। ਐਂਗਲਜ਼ ਮਾਰਕਸ ਨੂੰ ਕੁਝ ਦਿਨਾਂ ਬਾਅਦ ਪੰਜ ਪੌਂਡ ਭੇਜਦਾ ਰਹਿੰਦਾ। ਡਾਕਖਾਨੇ ਦੇ ਪੋਸਟਲ ਆਰਡਰ ਜਾਂ ਪੰਜ ਪੌਂਡ ਦਾ ਨੋਟ ਲਿਫ਼ਾਫ਼ੇ ਵਿਚ ਪਾ ਦੇਂਦਾ। ਪ੍ਰਵਾਰ ਦਾ ਖਰਚਾ ਐਂਗਲਜ਼ ਵਲੋਂ ਇਨ੍ਹਾਂ ਪੌਂਡਾਂ ਰਾਹੀਂ ਹੁੰਦਾ ਜਾਂ New York Herald Tribune ਲਈ ਮਾਰਕਸ ਵਲੋਂ ਲਿਖੇ ਜਾਂਦੇ ਹਫ਼ਤਾਵਾਰੀ ਕਾਲਮ ਦੇ ਮਿਹਨਤਾਨੇ ਤੋਂ। (ਮਾਰਕਸ ਨੇ ਇਸ ਅਖ਼ਬਾਰ ਲਈ ਕੁੱਲ 355 ਕਾਲਮ ਲਿਖੇ।)

ਕੈਪੀਟਲ ਮੁਕੰਮਲ ਕਰਨ ਲਈ ਉਹ ਦਿਨ ਰਾਤ ਮਿਹਨਤ ਕਰ ਰਿਹਾ ਸੀ, ਪਰ ਘਰ ਦਾ ਚੁੱਲ੍ਹਾ ਮਘਦਾ ਰੱਖਣਾ ਮੁਸ਼ਕਿਲ ਹੋ ਰਿਹਾ ਸੀ। ਨਿਊ ਯੌਰਕ ਹੈਰਲਡ ਟ੍ਰਿਬਿਊਨ ਤੋਂ ਜੋ ਚੈੱਕ ਪ੍ਰਾਪਤ ਹੁੰਦਾ ਤਾਂ ਇਹਨੂੰ ਤੁਰੰਤ ਤੁੜਾਉਣ ਦੀ ਲੋੜ ਪੈਂਦੀ। ਜਿਸ ਯਹੂਦੀ ਸੂਦਖੋਰ ਨੂੰ ਉਹ ਚੈੱਕ ਕੈਸ਼ ਕਰਨ ਲਈ ਦੇਂਦਾ ਉਹ ਕਈ ਢੁੱਚਰਾਂ ਡਾਹੁੰਦਾ, ਫਿਰ ਆਪਣੀ ਕਟੌਤੀ ਰੱਖ ਕੇ ਅਹਿਸਾਨ ਨਾਲ ਬਾਕੀ ਦੀ ਰਕਮ ਉਹਦੇ ਹੱਥ ਫੜਾਉਂਦਾ।

ਕੰਮ ਵਿਚ ਪੈਦਾ ਹੋਣ ਵਾਲੀਆਂ ਰੁਕਾਵਟਾਂ ਤੋਂ ਉਹ ਹਤਾਸ਼ ਹੋ ਜਾਂਦਾ। ਮੁੱਖ ਰੁਕਾਵਟ ਲਹਿਣੇਦਾਰਾਂ ਦੀ ਹੁੰਦੀ। ਰੋਜ਼ਾਨਾ ਖਾਣ ਵਾਲੀਆਂ ਵਸਤਾਂ ਜੈਨੀ ਤੇ ਬੱਚੇ ਝਟਕਈ ਜਾਂ ਬੇਕਰੀ ਵਾਲੇ ਤੋਂ ਉਧਾਰ ਲਿਆਂਦੇ। ਮੋੜਨ ਵਾਲੇ ਹੁਧਾਰ ਵਿਚ ਦੇਰੀ ਕਾਰਨ ਅਕਸਰ ਖਾਲੀ ਹੱਥ ਵਾਪਿਸ ਮੁੜ ਆਉਂਦੇ। ਕਈ ਵੇਰ ਘਰ ਵਿਚ ਖਾਣ ਨੂੰ ਕੁਝ ਨਾ ਹੁੰਦਾ। ਇਕ ਵੇਰ ਮਾਰਕਸ ਨੂੰ ਆਪਣਾ ਕੋਟ ਗਿਰਵੀ ਰੱਖਣਾ ਪਿਆ ਅਤੇ ਉਹ ਸਰਦੀ ਕਾਰਨ ਲਾਇਬ੍ਰੇਰੀ ਨਾ ਜਾ ਸਕਿਆ। ਐਂਗਲਜ਼ ਨੂੰ ਉਹਨੇ ਚਿੱਠੀ ਵਿਚ ਲਿਖਿਆ: "ਮੈਂ ਏਧਰ ਉਧਰ ਦੇ ਖਲਜਗਣਾਂ 'ਚ ਫਸਿਆ ਰਿਹਾ, ਬਹੁਤ ਵਕਤ ਜ਼ਾਇਆ ਕੀਤਾ। ਇਕ ਨੂੰ ਸੰਤੁਸ਼ਟ ਕਰਦਾ ਹਾਂ ਤਾਂ ਦੂਜਾ ਮੇਰੇ ਗੱਲ 'ਚ ਗੂਠਾ ਦੇਣ ਆ ਜਾਂਦਾ ਹੈ। ਮੈਂ ਰਾਤ ਨੂੰ ਹੀ ਕੰਮ ਕਰਦਾ ਰਿਹਾ ਹਾਂ।" ਜੁਆਬ ਵਿਚ ਐਂਗਲਜ਼ (10 ਅਗਸਤ 1866) ਨੇ ਲਿਖਿਆ: "ਤੇਰੇ ਝਟਕਈ ਦਾ ਕ੍ਰੋਧ ਠੰਢਾ ਕਰਨ ਲਈ ਮੈਂ ਪੰਜਾਂ ਪੰਜਾਂ ਦੇ ਦੋ ਨੋਟ ਭੇਜ ਰਿਹਾ ਹਾਂ। ਇਹਦੇ ਨਾਲ ਤੇਰੇ ਲਿਖਣ ਵਾਲੇ ਕਾਗ਼ਜ਼ ਵੀ ਆ ਸਕਦੇ ਨੇ। ਮੈਂ ਚਾਹੁਨਾਂ ਤਾਂ ਹਾਂ ਤੇਰੇ ਲਈ ਪੌਂਡ ਰਾਖਵੇਂ ਰੱਖਾਂ, ਪਰ ਸੰਭਵ ਨਹੀਂ ਹੋ ਰਿਹਾ।"

1852 ਵਿਚ ਪਰਸ਼ੀਅਨ ਸਟੇਟ (ਜਰਮਨੀ) ਦੀ ਖੁਫੀਆ ਏਜੰਸੀ ਦਾ ਬੰਦਾ ਕਿਸੇ ਬਹਾਨੇ ਮਾਰਕਸਾਂ ਦੇ ਘਰ ਗਿਆ। ਉਹਨੇ ਜੋ ਰਿਪੋਰਟ ਅਫਸਰਾਂ ਨੂੰ ਭੇਜੀ ਉਸ ਵਿਚ ਮਾਰਕਸ ਦੀ ਡੀਨ ਸਟ੍ਰੀਟ ਵਾਲੀ ਦੋ ਕਮਰਿਆਂ ਦੀ ਰਿਹਾਇਸ਼ ਦਾ ਦ੍ਰਿਸ਼ ਇਸ ਤਰ੍ਹਾਂ ਖਿਚਿਆ: "ਮੁੱਖ ਕਮਰੇ ਦੇ ਵਿਚਕਾਰ ਇਕ ਵੱਡਾ ਸਾਰਾ ਪੁਰਾਣਾ ਮੇਜ਼ ਹੈ ਜਿਸ 'ਤੇ ਮੋਮਜਾਮਾ ਵਿਛਿਆ ਹੈ; ਮੇਜ਼ 'ਤੇ ਹੱਥ-ਲਿਖਤਾਂ, ਕਿਤਾਬਾਂ ਅਤੇ ਅਖ਼ਬਾਰਾਂ ਪਈਆਂ ਹਨ, ਨਾਲ ਹੀ ਬੱਚਿਆਂ ਦੇ ਖਿਡੌਣੇ, ਮਾਰਕਸ ਦੀ ਬੀਵੀ ਦੀ ਸਿਲਾਈ ਵਾਲੀ ਟੋਕਰੀ ਦਾ ਨਿੱਕਸੁਕ ਮੇਜ਼ 'ਤੇ ਹੀ ਟਿਕਿਆ ਹੋਇਆ ਹੈ। ਇਹਦੇ ਅਗਾਂਹ ਕੁਝ ਪਿਆਲੇ ਪਏ ਹਨ ਜਿਨ੍ਹਾਂ 'ਚੋਂ ਬਹੁਤਿਆਂ ਦੀ ਹੱਥ-ਡੰਡੀ ਟੁੱਟੀ ਹੋਈ ਹੈ। ਚਾਕੂ, ਛੁਰੀ ਕਾਂਟਾ, ਸਿਆਹੀ ਦੀ ਦਵਾਤ, ਪਾਣੀ ਪੀਣ ਵਾਲਾ ਮੱਗ, ਤੰਬਾਕੂ ਪੀਣ ਵਾਲੀ ਪਾਈਪ, ਤੰਬਾਕੂ ਦੀ ਰਾਖ਼-ਗੱਲ ਕੀ, ਹਰੇਕ ਵਸਤ ਟੇਢੀ-ਮੇਢੀ ਜਾਂ ਉਲਟੀ ਬਿਖਰੀ ਪਈ ਹੈ। ਮੇਜ਼ ਦੇ ਕੋਲ ਕੁਰਸੀ ਹੈ ਜਿਸ ਦੀਆਂ ਤਿੰਨ ਲੱਤਾਂ ਹਨ। ਇਕ ਹੋਰ ਕੁਰਸੀ ਹੈ ਜਿਸ 'ਤੇ ਬੱਚੇ ਖੇਡ ਰਹੇ ਹਨ ਤੇ ਉਹਦੀਆਂ ਲੱਤਾਂ ਸਾਰੀਆਂ ਕਾਇਮ ਹਨ। ਸਬੂਤ ਕੁਰਸੀ ਆਉਣ ਵਾਲੇ ਮਹਿਮਾਨ ਅੱਗੇ ਕਰ ਦਿੱਤੀ ਜਾਂਦੀ ਹੈ। ਤੁਸੀਂ ਕੁਰਸੀ 'ਤੇ ਬੈਠਦੇ ਹੋ ਤਾਂ ਤੁਹਾਨੂੰ ਆਪਣੇ ਹੇਠ ਬੱਚੇ ਦੇ ਟ੍ਰਾਊਜ਼ਰ ਪਏ ਮਹਿਸੂਸ ਹੁੰਦੇ ਹਨ।"

ਪਤਨੀ ਜੈਨੀ ਅਤੇ ਦੋ ਵੱਡੀਆਂ ਧੀਆਂ ਨੂੰ ਅਹਿਸਾਸ ਸੀ ਕਿ ਮਾਰਕਸ ਕਿਸੇ ਮਹਾਨ ਕਾਰਜ ਵਿਚ ਲੱਗਾ ਹੋਇਆ ਹੈ ਜਿਸ ਨੇ ਦੁਨੀਆਂ ਦੀ ਸੋਚ ਨੂੰ ਬਦਲ ਦੇਣਾ ਹੈ। ਪਰ ਉਹਦਾ ਮਾਨਸਿਕ ਸੰਕਟ ਇਹ ਸੀ ਕਿ ਬੱਚਿਆਂ ਨਾਲ ਮੋਹ ਦੇ ਬਾਵਜੂਦ ਉਨ੍ਹਾਂ ਦੀਆਂ ਰੀਝਾਂ ਪੂਰੀਆਂ ਨਹੀਂ ਸੀ ਕਰ ਸਕਦਾ। ਇਹਦਾ ਪਤਾ ਐਂਗਲਜ਼ ਨੂੰ ਲਿਖੀ ਇਕ ਚਿੱਠੀ ਤੋਂ ਲੱਗਦਾ ਹੈ। 22 ਜੂਨ 1867 ਵਾਲੇ ਦਿਨ ਉਹ ਲਿਖਦਾ ਹੈ : "ਬੱਚੇ 2 ਜੁਲਾਈ ਨੂੰ ਕੁਝ ਕੁੜੀਆਂ ਨੂੰ ਘਰ ਬੁਲਾ ਕੇ ਡਾਂਸ ਪਾਰਟੀ ਕਰਨਾ ਚਾਹੁੰਦੇ ਹਨ। ਇਸ ਸਾਲ ਉਹ ਕਿਸੇ ਨੂੰ ਵੀ ਘਰ ਨਹੀਂ ਬੁਲਾ ਸਕੇ, ਜਦਕਿ ਉਹ ਆਪ ਕਈਆਂ ਦੇ ਘਰ ਜਾ ਚੁੱਕੇ ਹਨ। ਮੇਰਾ ਹੱਥ ਬਹੁਤ ਤੰਗ ਹੈ, ਫਿਰ ਵੀ ਮੈਨੂੰ ਉਨ੍ਹਾਂ ਦਾ ਕਹਿਣਾ ਮੰਨਣਾ ਪਿਆ ਹੈ। ਵਾਈਨ ਦੀ ਸਪਲਾਈ ਲਈ ਮੈਂ ਹਮੇਸ਼ਾ ਵਾਂਗ ਤੇਰੇ 'ਤੇ ਹੀ ਨਿਰਭਰ ਕਰਾਂਗਾ। ਅਗਲੇ ਹਫ਼ਤੇ ਤੱਕ ਇਹ ਆ ਜਾਵੇ ਤਾਂ ਹੀ ਗੱਲ ਬਣੇਗੀ।"

ਕੈਪੀਟਲ ਦੀ ਪਹਿਲੀ ਜਿਲਦ ਦੇ ਪ੍ਰਕਾਸ਼ਨ ਤੋਂ ਬਾਅਦ ਮਾਰਕਸ ਦੂਜੀ ਅਤੇ ਤੀਜੀ ਜਿਲਦ ਲਈ ਤਿਆਰ ਸਮੱਗਰੀ ਨੂੰ ਕਿਤਾਬੀ ਰੂਪ ਦੇਣ ਲਈ ਜੁਝਣ ਲੱਗਾ। ਸਿਹਤ ਖਰਾਬ ਹੋ ਚੁੱਕੀ ਸੀ। ਕਈ ਰੋਗ ਬਹੁਤ ਪਹਿਲਾਂ ਤੋਂ ਲੱਗੇ ਹੋਏ ਸਨ। ਐਂਗਲਜ਼ ਨੂੰ ਉਹਨੇ ਲਿਖਿਆ: "ਜਿਵੇਂ ਮੈਂ ਤੈਨੂੰ ਪਹਿਲਾਂ ਵੀ ਲਿਖਿਆ, ਹੁਣ ਪਿਛਲੇ ਬਾਰਾਂ ਦਿਨਾਂ ਤੋਂ ਮੈਨੂੰ ਪੜ੍ਹਨ, ਲਿਖਣ ਤੇ ਸਿਗਰੇਟ ਪੀਣ ਦੀ ਸਖ਼ਤ ਮਨਾਹੀ ਹੈ। ਪਹਿਲਾਂ ਅੱਖਾਂ ਦੀ ਜਲੂਣ ਵੱਧ ਗਈ, ਫਿਰ ਮੇਰੇ ਮਗ਼ਜ਼ ਦੇ ਤੰਤੂਆਂ 'ਚ ਨਾਮੁਰਾਦ ਕਿਸਮ ਦਾ ਦਰਦ ਸ਼ੁਰੂ ਹੋ ਗਿਆ। ਫ਼ਰਕ ਇਸ ਪਲ ਇਹੀ ਹੈ ਕਿ ਮੈਂ ਬਸ ਤੈਨੂੰ ਖ਼ਤ ਲਿਖਣ ਲੱਗਾਂ। ਇਸ ਦੌਰਾਨ ਮੇਰੇ ਅੰਦਰ ਕਈ ਊਟ-ਪਟਾਂਗ ਗੱਲਾਂ ਆਉਂਦੀਆਂ ਰਹੀਆਂ ਕਿ ਜੇ ਮੈਂ ਅੰਨ੍ਹਾ ਹੋ ਗਿਆ ਜਾਂ ਦਿਮਾਗ ਖੋਹ ਬੈਠਾ ਤਾਂ!"

ਕੈਪੀਟਲ ਦੀ ਤੀਜੀ ਜਿਲਦ ਮੁਕੰਮਲ ਕਰਕੇ ਉਹ ਇਹਦਾ ਸਮਰਪਣ ਜੈਨੀ ਨੂੰ ਕਰਨਾ ਚਾਹੁੰਦਾ ਸੀ, ਪਰ ਜੈਨੀ ਦੀ ਮੌਤ (ਅਕਤੂਬਰ 1881) ਬਾਅਦ ਉਹਦੇ ਅੰਦਰ ਕੰਮ ਕਰਨ ਦਾ ਤੰਤ ਬਾਕੀ ਨਹੀਂ ਸੀ ਰਿਹਾ। ਵਿਚੇ ਬਿਮਾਰੀ ਚਲਦੀ, ਵਿਚੇ ਕੰਮ। ਸਮਾਂ ਇਸ ਤਰ੍ਹਾਂ ਗੁਜ਼ਰਨ ਲੱਗਾ ਜਿਵੇਂ ਉਹ ਦੁਨੀਆਂ ਤੋਂ ਚਾਲੇ ਪਾਉਣ ਦੀ ਤਿਆਰੀ ਕਰ ਰਿਹਾ ਹੋਵੇ। (ਇਹ ਕੰਮ ਬਾਅਦ ਵਿਚ ਐਂਗਲਜ਼ ਨੇ ਕੀਤਾ।)

ਅਖੀਰ 14 ਮਾਰਚ, 1883 ਵਾਲੇ ਦਿਨ ਫੇਫੜਿਆਂ ਦਾ ਵਿਗਾੜ ਵੱਧ ਜਾਣ ਕਰਕੇ ਉਹ ਚਲਾਣਾ ਕਰ ਗਿਆ।

# ਨਵੀਂ ਕਰੰਸੀ ਦੀ ਆਮ ਲੋਕਾਂ ਨੂੰ ਨਿਹੱਥੇ ਕਰਨ ਦੀ ਚਾਲ

ਸਰਬਜੀਤ ਗਿੱਲ



ਦੁਨੀਆ ਭਰ ਦੀ ਆਰਥਕਤਾ ਨੂੰ ਢਾਹ ਲਾਉਣ ਲਈ ਇਕ ਨਵੀਂ ਕਰੰਸੀ ਹੋਂਦ 'ਚ ਆਈ ਹੈ, ਜਿਸ ਨੂੰ ਹੱਥਾਂ 'ਚ ਫੜ ਕੇ ਨਹੀਂ ਦੇਖਿਆ ਜਾ ਸਕਦਾ ਸਗੋਂ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਇਸ ਕਰੰਸੀ ਨੂੰ ਸਿਰਫ਼ ਕੰਪਿਊਟਰ ਮਸ਼ੀਨਾਂ 'ਤੇ ਹੀ ਅਦਾਨ ਪ੍ਰਦਾਨ ਕਰਨ ਲਈ ਵਰਤਿਆ ਜਾ ਰਿਹਾ ਹੈ। ਇਸ ਕਰੰਸੀ ਦਾ ਭਾਅ ਵੀ ਦੂਜੀਆਂ ਕਰੰਸੀਆਂ ਵਾਂਗ ਹਰ ਰੋਜ਼ ਵਧਦਾ ਘਟਦਾ ਹੈ ਅਤੇ ਇਹ ਡਾਲਰਾਂ, ਪਾਊਂਡਾਂ ਦੇ ਮੁਕਾਬਲੇ ਕਈ ਗੁਣੀ ਮਹਿੰਗੀ ਹੈ। ਚਰਚਿਤ ਕਰੰਸੀ ਨੂੰ 'ਬਿਟਕੋਇਨ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਬਿਟਕੋਇਨ ਹਾਲੇ 'ਧੰਦੇ' 'ਚ ਲੱਗੇ ਹੋਏ ਲੋਕਾਂ ਲਈ ਹੀ ਹੈ, ਫਿਰੌਤੀਆਂ ਵਰਗੇ ਅਤੇ ਹੋਰ ਗੈਰਕਾਨੂੰਨੀ ਕੰਮਾਂ ਲਈ ਇਸ ਨੂੰ ਵਰਤਿਆ ਜਾ ਰਿਹਾ ਹੈ। ਇਹ ਕਰੰਸੀ ਆਮ ਲੋਕਾਂ ਦਾ ਢਿੱਡ ਭਰਨ ਵਾਲੀ ਨਹੀਂ ਹੈ ਸਗੋਂ ਦੁਨੀਆ ਭਰ ਦੀ ਆਰਥਕਤਾ ਨੂੰ ਹਿਲਾਉਣ ਦਾ ਕੰਮ ਕਰਨ ਦੀ ਸਮਰਥਾ ਰੱਖਣ ਵਾਲੀ ਹੈ। ਭਾਵੇਂ ਇਹ ਵੀ ਸਮੇਂ ਤੋਂ ਪਹਿਲਾਂ ਦਾ ਹੀ ਅਹਿਸਾਸ ਹੈ ਪਰ ਗੈਰਕਾਨੂੰਨੀ ਕੰਮਾਂ ਲਈ ਵਰਤੀ ਜਾ ਰਹੀ ਇਹ ਕਾਰੰਸੀ ਕਿਸੇ ਵੇਲੇ ਵੀ ਘਾਤਕ ਸਿੱਧ ਹੋ ਸਕਦੀ ਹੈ। ਕੁਝ ਕੁ ਦੇਸ਼ਾਂ ਨੇ ਇਸ ਨੂੰ ਮਾਨਤਾ ਦੇਣ 'ਤੇ ਹਾਮੀ ਭਰੀ ਹੈ ਪਰ ਸਾਡੇ ਦੇਸ਼ ਨੇ ਹਾਲੇ ਇਸ ਨੂੰ ਨਕਾਰ ਦਿੱਤਾ ਹੈ। ਇਸ ਕਰੰਸੀ ਨੂੰ ਸਮਝਣ ਲਈ ਜਿਵੇਂ ਕਿਸੇ ਚਾਹ ਦੀ ਦੁਕਾਨ 'ਤੇ ਦੁਕਾਨਦਾਰ ਕੋਲ ਖੁੱਲ੍ਹੇ ਪੈਸੇ ਨਾ ਹੋਣ ਕਾਰਨ ਉਸ ਨੇ ਕੂਪਨ ਛਪਵਾ ਲਏ ਅਤੇ ਇਹ ਕੂਪਨ ਸਿਰਫ ਉਸ ਦੀ ਦੁਕਾਨ 'ਤੇ ਹੀ ਚੱਲਣੇ ਹਨ। ਇਹ ਉਸ ਦੀ ਪ੍ਰਾਈਵੇਟ ਕਰੰਸੀ ਬਣ ਗਈ ਅਤੇ ਇਸ ਕਰੰਸੀ ਦੀ ਕਿਤੇ ਹੋਰ ਮਾਨਤਾ ਨਹੀਂ ਹੈ।

ਇਸ ਤੋਂ ਪਹਿਲਾ ਪ੍ਰਚਲਤ ਕਰੰਸੀਆਂ ਦੇਸ਼ਾਂ ਦੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਹਨ। ਦੁਨੀਆ ਭਰ 'ਚ ਵਪਾਰ ਇਨ੍ਹਾਂ ਕਰੰਸੀਆਂ ਸਹਾਰੇ ਹੀ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਪੂਰਵ ਕਾਲ 'ਚ ਕਿਸੇ ਵੇਲੇ ਕੌਡੀਆਂ ਨੂੰ ਵੀ ਮੁਦਰਾ ਦੇ ਰੂਪ 'ਚ ਵਰਤਿਆ ਜਾਂਦਾ ਰਿਹਾ ਹੈ। ਪ੍ਰਾਚੀਨ ਮੈਸੋਪੋਟਾਮੀਆਂ ਅਤੇ ਪ੍ਰਚੀਨ ਯੂਨਾਨ 'ਚ ਧਾਰਮਕ ਸਥਾਨਾਂ 'ਤੇ ਪਿਆ ਅਨਾਜ ਹੀ ਵਟਾਂਦਰੇ ਦਾ ਮੁਖ ਸਾਧਨ ਰਿਹਾ ਸੀ। ਅਨਾਜ ਬਦਲੇ ਅਨਾਜ ਜਾਂ ਅਨਾਜ ਬਦਲੇ ਕਿਸੇ ਵਸਤ ਦਾ ਵਟਾਂਦਰਾ ਹੋਣ ਲੱਗਾ। ਇਸ ਉਪਰੰਤ ਚਾਂਦੀ, ਸੋਨੇ ਅਤੇ ਤਾਂਬੇ ਦੇ ਸਿੱਕੇ ਚੱਲਣ ਲੱਗੇ। ਪਹਿਲਾਂ-ਪਹਿਲਾਂ ਅਜਿਹੇ ਸਿੱਕੇ ਰਾਜੇ-ਮਹਾਰਾਜਿਆਂ ਦੇ ਉੱਪਰਲੇ ਹਿੱਸੇ ਦੀ ਵਰਤੋਂ 'ਚ ਹੋਣ ਲੱਗੇ ਅਤੇ ਮਗਰੋਂ ਹੌਲੀ-ਹੌਲੀ ਆਮ ਲੋਕ ਵੀ ਸਿੱਕਿਆਂ ਨਾਲ ਤਬਾਦਲੇ ਕਰਨ ਲੱਗੇ।

ਸਿੱਕਿਆਂ ਦੇ ਭਾਰ ਤੋਂ ਬਚਾਅ ਕਰਨ ਲਈ ਹੌਲੀ-ਹੌਲੀ ਸੰਨ 618 ਤੋਂ 1279 ਦੌਰਾਨ ਕਾਗਜ਼ ਦੇ ਨੋਟ ਚੱਲਣ ਲੱਗੇ। ਬੈਂਕਾਂ ਵਲੋਂ ਸੰਨ 1379 ਤੋਂ ਬਾਅਦ ਨੋਟਾਂ ਦਾ ਪ੍ਰਚਲਨ ਆਰਭਿਆਂ ਗਿਆ, ਜਦੋਂ ਇਟਲੀ ਦੇ ਬੈਂਕਾਂ 'ਚ ਲੋਕਾਂ ਮਹਿੰਗੀਆਂ ਧਾਤਾਂ ਨੂੰ ਰੱਖਿਆ ਹੋਇਆ ਸੀ। ਇਹ ਮਹਿੰਗੀਆਂ ਧਾਤਾਂ ਉਸ ਵੇਲੇ ਹੋਂਦ 'ਚ ਆਉਣੀਆਂ ਆਰੰਭ ਹੋਈਆਂ ਜਦੋਂ ਵਸਤਾਂ ਦੇ ਵਟਾਂਦਰੇ ਦੌਰਾਨ ਉਦਹਾਰਣ ਵਜੋਂ ਕਿਸੇ ਨੂੰ ਮੁਰਗਾ ਚਾਹੀਦਾ ਹੈ ਪਰ ਬਦਲਣ ਵਾਸਤੇ ਕਿਸੇ ਕੋਲ ਮੱਝ ਹੈ ਤਾਂ ਲੋਕਾਂ ਨੂੰ ਮੁਸ਼ਕਲ ਆਉਣ ਲੱਗੀ। ਇਸ ਦੇ ਬਦਲ ਵਜੋਂ ਹੀ ਮਹਿੰਗੀਆਂ ਧਾਤਾਂ ਸਾਹਮਣੇ ਆਈਆਂ। ਇਨ੍ਹਾਂ ਧਾਤਾਂ ਨੂੰ ਬੈਂਕਾਂ ਵਾਲਿਆਂ ਨੇ ਕਬਜ਼ੇ 'ਚ ਰੱਖ ਕੇ ਇਸ ਦੇ ਬਦਲੇ ਨੋਟਾਂ ਦਾ ਪ੍ਰਚਲਨ ਆਰੰਭ ਕੀਤਾ। ਇਸ ਉਪਰੰਤ ਨੋਟਾਂ ਦਾ ਲੈਣ ਦੇਣ ਅਮਰੀਕਾ, ਕੈਨੇਡਾ 'ਚ ਹੋਣ ਲੱਗਾ। ਕਾਗਜ਼ ਦੇ ਨੋਟਾਂ ਤੋਂ ਬਾਅਦ 1980 ਦੌਰਾਨ ਪੋਲੀਮਰ ਬੈਂਕ ਨੋਟ ਹੋਂਦ 'ਚ ਆਏ, ਜਿਨ੍ਹਾਂ ਨੂੰ ਪਲਾਸਟਿਕ ਦੇ ਨੋਟ ਵਜੋਂ ਜਾਣਿਆ ਜਾਣ ਲੱਗਾ। ਕੰਪਿਊਟਰ ਦੀ ਆਮਦ ਨਾਲ 'ਪਲਾਸਟਿਕ ਮਨੀ' ਹੋਂਦ 'ਚ ਆਉਣ ਲੱਗੀ। ਜਿਸ ਨੂੰ ਏਟੀਐਮ ਵਰਗੇ ਪਲਾਸਟਿਕ ਦੇ ਕਾਰਡ ਨਾਲ ਹੀ ਕਾਬੂ ਕੀਤਾ ਜਾਣ ਲੱਗਾ। ਇਹ ਪਲਾਸਟਿਕ ਦੇ ਕਾਰਡਾਂ ਦੀ ਮਦਦ ਨਾਲ ਬੈਂਕ 'ਚੋਂ ਕਰੰਸੀ ਕਢਵਾਉਣ ਦਾ ਕੰਮ ਵੀ ਚੱਲਣ ਲੱਗਾ। ਕਰੰਸੀ ਦੇ ਡਿਜੀਟਲ ਹੋਣ ਭਾਵ ਮਸ਼ੀਨਰੀ ਦੀ ਵਰਤੋਂ ਨਾਲ ਖਰੀਦਦਾਰੀ ਹੋਣ ਲੱਗੀ ਅਤੇ ਠੱਗੀਆਂ ਵੀ ਵੱਜਣ ਲੱਗ ਪਈਆਂ। ਵਿਕਸਤ ਦੇਸ਼ਾਂ 'ਚ ਠੱਗੀਆਂ ਦੀਆਂ ਕਹਾਣੀਆਂ ਸਭ ਤੋਂ ਪਹਿਲਾਂ ਸਾਹਮਣੇ ਆਉਣ ਲੱਗ ਪਈਆਂ ਅਤੇ ਮਗਰੋਂ ਸਾਡੇ ਦੇਸ਼ 'ਚ ਵੀ ਅਜੋਕੇ ਦੌਰ 'ਚ ਠੱਗੀਆਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਬੁਨਿਆਦੀ ਤੌਰ 'ਤੇ ਸਾਡੇ ਦੇਸ਼ 'ਚ ਅਜਿਹੀ ਕਰੰਸੀ ਦੇ ਵਰਤੋਂਕਾਰ ਬਹੁਤੇ ਪੜ੍ਹੇ-ਲਿਖੇ ਨਾ ਹੋਣ ਕਾਰਨ ਛੇਤੀ ਹੀ ਠੱਗਾਂ ਦੀ ਚਾਲ 'ਚ ਆ ਜਾਂਦੇ ਹਨ। ਵਿਕਸਤ ਦੇਸ਼ਾਂ 'ਚ 15 ਸਾਲ ਪਹਿਲਾਂ ਠੱਗੀ ਤੋਂ ਬਚਾਅ ਬਾਰੇ ਲੋਕਾਂ ਨੂੰ ਜਿੰਨਾ ਜਾਣੂ ਕਰਵਾਇਆ ਗਿਆ ਸੀ, ਉਹ ਸਾਡੇ ਦੇਸ਼ 'ਚ ਹੁਣ ਤੱਕ ਵੀ ਨਹੀਂ ਕਰਵਾਇਆ ਗਿਆ।

ਬਿਟਕੋਇਨ ਨੂੰ ਸੰਚਾਲਤ ਕਰਨ ਲਈ ਕਿਸੇ ਰਿਜ਼ਰਵ ਬੈਂਕ ਦਾ ਕੋਈ ਕੰਟਰੋਲ ਨਹੀਂ ਹੈ ਅਤੇ ਨਾ ਹੀ ਇਸ ਦੀ ਮੰਡੀਕਾਰੀ ਲਈ ਕੋਈ ਰੇਟ ਨਿਸ਼ਚਤ ਹਨ। ਪਹਿਲਾ ਪ੍ਰਚਲਤ ਮੁਦਰਾਵਾਂ ਦੇ ਵੱਟੇ-ਸੱਟੇ ਲਈ ਆਪਸੀ ਲੈਣ ਦੇਣ ਦੇ ਆਧਾਰ 'ਤੇ ਰੇਟ ਨਿਸ਼ਚਤ ਕੀਤੇ ਜਾਂਦੇ ਹਨ ਪਰ ਬਿਟਕੋਇਨ ਨੂੰ ਕਾਬੂ ਕਿਸੇ ਨੇ ਅਤੇ ਕਿਵੇਂ ਰੱਖਣਾ ਹੈ, ਇਹ ਵੱਡਾ ਸਵਾਲ ਹੈ ? ਇਸ ਸਵਾਲ ਦੇ ਅੰਦਰ ਹੀ ਇਸ ਨਾਲ ਹੋਣ ਵਾਲੇ ਨੁਕਸਾਨ ਲੁਕੇ ਹੋਏ ਹਨ।

ਇਕ ਪਾਸੇ ਸਾਡੇ ਦੇਸ਼ 'ਚ ਵੀ ਡਿਜੀਟਲ ਦੇ ਨਾਂਅ ਹੇਠ ਕਰੰਸੀ ਨੂੰ ਬੈਂਕਾਂ 'ਚ ਰੱਖ ਕੇ ਲੋਕਾਂ ਨੂੰ ਨਿਹੱਥੇ ਕਰਨ ਦਾ ਕੰਮ ਆਰੰਭ ਕੀਤਾ ਗਿਆ ਹੈ। ਨੋਟਬੰਦੀ ਵੀ ਇਸ ਦਾ ਹੀ ਇਕ ਹਿੱਸਾ ਸੀ, ਜਿਸ ਆਧਾਰ 'ਤੇ ਆਮ ਲੋਕਾਂ ਨੇ ਆਪਣੀ ਭਵਿੱਖੀ ਸੁਰੱਖਿਆ ਨੂੰ ਲੈ ਕੇ ਕੁਝ ਕੁ ਪੈਸੇ ਘਰਾਂ 'ਚ ਰੱਖੇ ਹੋਏ ਸਨ, ਅਜਿਹੇ ਪੈਸੇ ਨੂੰ ਕਢਵਾ ਲਿਆ ਗਿਆ। ਡਿਜੀਟਲ ਕਰੰਸੀ ਨੂੰ ਕਿਸੇ ਨੇ ਹੈਕ ਕਰ ਲਿਆ ਤਾਂ ਦੇਸ਼ ਦੇ ਲੋਕਾਂ ਦਾ ਕੀ ਬਣੇਗਾ ? ਜੇ ਕਿਸੇ ਹੈਕਰ ਨੇ ਇਸ ਨੂੰ ਕਾਬੂ ਕਰ ਲਿਆ ਤਾਂ ਲੋਕ ਨਿਹੱਥੇ ਹੋ ਜਾਣਗੇ ਤਾਂ ਇਸ ਨਾਲ ਸਿਰਫ ਮਹਿੰਗਾਈ ਹੀ ਨਹੀਂ ਵਧਣੀ ਸਗੋਂ ਸਾਰੇ ਸੰਸਾਰ 'ਚ ਹੀ ਹਫੜਾ ਤਫੜੀ ਵਾਲਾ ਮਾਹੌਲ ਬਣ ਜਾਏਗਾ।

ਬਿਟਕੋਇਨ ਦੀ ਖੋਜ ਸਤੋਸੀ ਨਾਕਾਮੋਟੋ ਨਾਂਅ ਦੇ ਵਿਅਕਤੀ ਨੇ 2009 'ਚ ਕੀਤੀ ਸੀ। ਇਸ ਦਾ ਕੋਈ ਵੀ ਮਾਲਕ ਨਹੀਂ ਹੈ ਅਤੇ ਕਿਸੇ ਵੀ ਦੇਸ਼ ਦੇ ਬੈਂਕ ਦਾ ਜਾਂ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਕੁਝ ਅਰਸਾ ਪਹਿਲਾ ਕੰਪਿਊਟਰ 'ਤੇ ਰੈਨਸਮਵੇਅਰ ਵਾਇਰਸ ਨੇ ਪੂਰੀ ਦੁਨੀਆ 'ਚ ਤਹਿਲਕਾ ਮਚਾ ਦਿੱਤਾ ਸੀ। ਇਸ ਵਾਇਰਸ ਨੇ ਕੰਪਿਊਟਰਾਂ ਨੂੰ ਲੌਕ ਕਰ ਦਿੱਤਾ। ਕੰਪਿਊਟਰਾਂ ਦੀ ਸਕਰੀਨ 'ਤੇ ਹੈਕਰਾਂ ਵਲੋਂ ਬਿਟਕੋਇਨ ਦੀ ਮੰਗ ਕੀਤੀ ਗਈ। ਅਜਿਹੇ ਕੰਮਾਂ ਤੋਂ ਬਿਨਾਂ ਕੁਝ ਆਨਲਾਈਨ ਡਿਵੈਲਪਰਜ਼, ਇੰਟਰਪ੍ਰਈਜਿਜ਼, ਨਾਨ ਪ੍ਰਾਫਿਟ ਆਰਗੇਨਾਈਜ਼ੇਸ਼ਨ ਹੀ ਬਿਟਕੋਇਨ ਦੀ ਵਰਤੋਂ ਕਰ ਰਹੀਆਂ ਹਨ। ਇਸ ਦਾ ਲੈਣ ਦੇਣ 'ਬਿਟਕੋਇਨ ਬਲਾਕਚੇਨ' ਰਾਹੀਂ ਕੀਤਾ ਜਾਂਦਾ ਹੈ, ਜਿਥੇ ਇਸ ਦਾ ਰਿਕਾਰਡ ਰੱਖਿਆ ਜਾਂਦਾ ਹੈ। ਇਸ ਬਲਾਕਚੇਨ 'ਤੇ ਜਾ ਕੇ ਬਿਟਕੋਇਨ ਦਾ ਰਿਕਾਰਡ ਦੇਖਿਆ ਜਾ ਸਕਦਾ ਹੈ। ਇਸ ਦੇ ਲੈਣ ਦੇਣ ਦਾ ਰਿਕਾਰਡ ਵੀ ਦੇਖਿਆ ਜਾ ਸਕਦਾ ਹੈ ਅਤੇ ਇਥੋਂ ਹੀ ਲੈਣ ਦੇਣ ਕੀਤਾ ਜਾ ਸਕਦਾ ਹੈ। ਇਸ ਵੇਲੇ ਲਗਭਗ ਦੁਨੀਆ 'ਚ 1300 ਥਾਵਾਂ 'ਤੇ ਇਸ ਦਾ ਲੈਣ ਦੇਣ ਹੋ ਰਿਹਾ ਹੈ। ਯੂਰਪ 'ਚ ਇਸ ਦੇ 35 ਅਜਿਹੇ ਸਟੇਸ਼ਨ ਦੱਸੇ ਜਾ ਰਹੇ ਹਨ। ਆਸਟਰੀਆ ਵਿਸ਼ਵ ਦੇ ਚੋਟੀ ਦੇ 5 ਸਥਾਨਾਂ 'ਚ ਸ਼ਾਮਲ ਕੀਤਾ ਜਾ ਰਿਹਾ ਹੈ, ਜਿਥੇ ਬਿਟਕੋਇਨ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਦੇ ਲੈਣ ਦੇਣ ਲਈ ਕੰਪਿਊਟਰਾਂ ਅਤੇ ਇੰਟਰਨੈਟ ਦੀ ਸਪੀਡ ਕਾਫੀ ਤੇਜ਼ ਹੋਣੀ ਚਾਹੀਦੀ ਹੈ। ਇਸ ਬਾਰੇ ਇਹ ਦੱਸਿਆ ਜਾ ਰਿਹਾ ਹੈ ਕਿ ਹੌਲੀ ਸਪੀਡ ਨਾਲ ਇਸ ਦੇ ਲੈਣ ਦੇਣ 'ਚ ਵੀ ਦਿੱਕਤ ਆ ਸਕਦੀ ਹੈ।

ਬਿਟਕੋਇਨ ਦੀ ਕੀਮਤ ਦਾ ਉਤਰਾਅ-ਚੜ੍ਹਾਅ ਕਾਫੀ ਹੋਣ ਨਾਲ ਇਸ ਨਾਲ ਹੋਣ ਵਾਲੇ ਨੁਕਸਾਨ ਵੀ ਵੱਡੇ ਹੀ ਹੋਣਗੇ। 2017 ਦੇ ਫਰਵਰੀ ਮਾਰਚ 'ਚ ਇਸ ਦੀ ਕੀਮਤ ਪ੍ਰਤੀ ਬਿਟਕੋਇਨ 1000 ਯੂਰੋ ਦੱਸੀ ਜਾ ਰਹੀ ਸੀ ਅਤੇ ਮਗਰੋਂ ਇਕ ਵਾਰ ਜ਼ਿਆਦਾ ਵੱਧ ਕੇ ਜੁਲਾਈ 2017 ਦੌਰਾਨ 2000 ਯੂਰੋ ਦੇ ਅੰਕ ਤੋਂ ਹੇਠਾਂ ਆ ਗਈ। ਸਤੰਬਰ 'ਚ ਇਹ ਕੀਮਤ 4000 ਤੱਕ ਪੁੱਜ ਗਈ। ਕੁਝ ਲੋਕ ਇਸ ਨੂੰ ਬੁਲਬਲਾ ਹੀ ਦੱਸਦੇ ਹਨ ਪਰ ਇਸ 'ਚ ਨਿਵੇਸ਼ ਕਰਨ ਵਾਲੇ ਵੀ ਕਦੇ ਉਡੀਕ ਕਰਦੇ ਹਨ ਅਤੇ ਕਦੇ ਇਸ 'ਚ ਨਿਵੇਸ਼ ਕਰਨ ਵੱਲ ਭੱਜਦੇ ਹਨ।

ਬਿਟਕੋਇਨ ਤੋਂ ਬਿਨਾਂ 1200 ਹੋਰ ਕ੍ਰਿਪਟੋ ਮੁਦਰਾਵਾਂ ਹਨ, ਜਿਨ੍ਹਾਂ 'ਚੋਂ ਬਹੁਤੀਆਂ ਅਣਜਾਣ ਹਨ ਅਤੇ ਨਿਵੇਸ਼ਕਾਂ ਲਈ ਵੀ ਘੱਟ ਜਾਣੀਆਂ ਜਾਂਦੀਆਂ ਹਨ। ਇਨ੍ਹਾਂ 'ਚੋਂ ਬਿਟਕੋਇਨ ਦੀ ਚਰਚਾ ਹੀ ਸਭ ਤੋਂ ਵੱਧ ਸਾਹਮਣੇ ਆਈ ਹੈ। ਇਸ ਵੇਲੇ 15 ਮਿਲੀਅਨ ਤੋਂ 21 ਮਿਲੀਅਨ ਤੱਕ ਦੀ ਗਿਣਤੀ ਦੇ ਬਿਟਕੋਇਨ ਦੱਸੇ ਜਾ ਰਹੇ ਹਨ, ਜਿਨ੍ਹਾਂ ਨਾਲ ਲੈਣ ਦੇਣ ਕੀਤਾ ਜਾ ਰਿਹਾ ਹੈ।

ਗਾਹਕਾਂ ਨੂੰ ਧੋਖਾ ਦੇਣ ਵਾਲੇ ਵਪਾਰ ਨੂੰ ਰੋਕਣ, ਨਾਜਾਇਜ਼ ਗਤੀਵਿਧੀਆਂ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਦਹਿਸ਼ਤਗਰਦੀ ਲਈ ਪੈਸਿਆਂ ਦੀ ਵਿਵਸਥਾ ਲਈ ਬਿਟਕੋਇਨ ਦਾ ਵਰਤੋਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕੁਝ ਥਾਵਾਂ 'ਤੇ ਖਾਣ ਪੀਣ ਵਾਲੀਆਂ ਚੀਜ਼ਾਂ ਲਈ ਵੀ ਬਿਟਕੋਇਨ ਦੀ ਵਰਤੋਂ ਦੀਆਂ ਖ਼ਬਰਾਂ ਹਨ। ਕਈ ਦੇਸ਼ਾਂ 'ਚ ਫੂਡ ਚੇਨ ਚਲਾ ਰਹੀ ਇਕ ਕੰਪਨੀ ਆਪਣੇ ਗਾਹਕਾਂ ਨੂੰ ਖ਼ੁਸ਼ ਕਰਨ ਲਈ ਬਿਟਕੋਇਨ ਸਵੀਕਾਰਦੀ ਹੈ ਅਤੇ ਉਨ੍ਹਾਂ ਨੂੰ 10 ਫ਼ੀਸਦੀ ਛੋਟ ਵੀ ਦਿੰਦੀ ਹੈ।

## 23 ਮਾਰਚ ਦੇ ਸ਼ਹੀਦੀ ਦਿਵਸ 'ਤੇ

ਨੀਵੀਆਂ ਧੌਣਾਂ ਤੇ ਥਿੜਕਦੇ ਕਦਮਾਂ ਵਾਲੇ
ਹਜੂਮ ਨੂੰ ਸਾਹਮਣੇ ਤੱਕ ਕੇ
ਸ਼ਹੀਦ ਦੇ ਬੁੱਤ ਨੇ
ਤਿੜਕਦੇ ਹੋਠਾਂ 'ਚੋਂ ਕਿਹਾ:
ਮੇਰੇ ਬੁੱਤ ਨੂੰ ਤੁਸੀਂ, ਜੇ
ਬੁੱਤ ਬਣ ਕੇ ਵੇਖਦੇ ਰਹਿਣਾ
ਤਾਂ ਮੈਨੂੰ ਭੰਨ ਦੇਵੋ, ਤੋੜ ਦੇਵੋ,
ਤੇ ਮਿੱਟੀ 'ਚ ਮਿਲਾ ਦੇਵੋ।
ਜਿਸ ਮਿੱਟੀ 'ਚ ਮੈਂ
ਤਲਵਾਰ ਬਣ ਕੇ ਉੱਗਣਾ ਸੀ
ਤੇ ਦਹਿਕਦੇ ਅੰਗਿਆਰ ਵਾਂਗੂੰ
ਕਾਲੀਆਂ ਰਾਤਾਂ 'ਚ
ਅੱਗ ਦਾ ਫੁੱਲ ਬਣ ਕੇ ਸੀ ਖਿੜਨਾ
ਮੇਰੇ ਬੁੱਤ ਦੀ ਛਾਵੇਂ ਜੋ ਨੇਤਾ,
ਤੁਹਾਡੀਆਂ ਅੱਖਾਂ 'ਚ
ਮਿੱਠੇ ਜ਼ਹਿਰ ਭਿੱਜੇ ਤੀਰ
ਮਾਰ ਕੇ ਹਟਿਆ
ਇਸੇ ਦੇ ਤੀਰ ਕਦੀ
ਮੇਰੀ ਛਾਤੀ 'ਚ ਵੱਜੇ ਸਨ
ਤੁਸੀਂ ਓ ਭੋਲਿਓ ਲੋਕੋ !
ਸ਼ਬਦਾਂ ਦਾ ਗੇੜ
ਸਮਝ ਨਹੀਂ ਪਾਏ
ਇਸਨੂੰ ਰੁੱਤਾਂ ਦੇ ਗੇੜ ਵਾਂਗੂੰ
ਸਮਝ ਬੈਠੇ ਹੋ।
ਇਹੋ ਹੀ ਲੋਕ ਨੇ
ਜੋ ਕਿਸੇ ਗਲ ਵਿਚ,



ਕਦੀ ਫ਼ਾਂਸੀ ਦਾ ਰੱਸਾ ਨੇ ਪਾਉਂਦੇ
ਤੇ ਵਕਤ ਬੀਤ ਜਾਵਣ 'ਤੇ
ਓਸੇ ਹੀ ਗਲ ਵਿਚ
ਫੁੱਲਾਂ ਦੇ ਹਾਰ ਪਾਉਂਦੇ ਨੇ
ਇਹੋ ਈ ਹੱਥ ਨੇ
ਜਿਨ੍ਹਾਂ ਮੇਰੀ ਲਹੂ ਭਿੱਜੀ ਮਿੱਟੀ ਦੇ ਜ਼ੱਰੇ
ਪੋਟਿਆਂ ਨਾਲ ਚੁਣ ਕੇ
ਮੈਨੂੰ ਕਰ ਲਿਆ ਧਰਤ ਤੋਂ ਅੱਡਰਾ
ਤੇ ਥੱਪ ਕੇ ਓਸ ਮਿੱਟੀ ਨੂੰ
ਮੇਰੇ ਬੁੱਤ ਉੱਤੇ
ਮੇਰੀ ਰੂਹ ਨੂੰ
ਉਸ ਦੇ ਖੋਲ ਅੰਦਰ ਕੈਦ ਕਰ ਦਿੱਤਾ
ਜਿੱਥੇ ਉਹ ਤੜਪਦੀ ਰਹੀ
ਫੜਫੜਾਉਂਦੀ ਰਹੀ
ਤੇ ਹਰ ਸਾਲ ਜੱਲਾਦ ਦੇ ਹੱਥੋਂ
ਸ਼ਰਧਾਂਜਲੀ ਦੇ ਫੱਟ ਖਾਂਦੀ ਰਹੀ
ਵਿਲਕਦੀ ਰਹੀ, ਵੇਖਦੀ ਰਹੀ
ਕਿ ਮੇਰੇ ਬੋਲਾਂ ਨੂੰ
ਮੁਲੰਮਾ ਲਾ ਕੇ
ਪੁਸਤਕਾਂ ਵਿਚ ਕੈਦ ਕਰ ਦਿੱਤਾ ਗਿਆ ਸੀ
ਕੇਵਲ ਸਜਾਵਟ ਲਈ ਸਜਾ ਦਿੱਤੀ ਗਈ ਸੀ
ਅਜਾਇਬ ਘਰ ਵਿਚ ਮੇਰੀ ਤਲਵਾਰ
ਤੇ ਤੁਸੀਂ ਸਾਰੇ ਬਣਾ ਦਿੱਤੇ ਗਏ ਸਾਓ
ਚਿੜੀਆ ਘਰ ਦੇ ਜਨੌਰ
ਜੋ ਉਦੋਂ ਤੋਂ ਲੈ ਕੇ ਹੁਣ ਤੱਕ
ਵੇਖਦੇ ਪਏ ਹੋ
ਪੱਥਰ ਦੀਆਂ ਅੱਖਾਂ ਨਾਲ
ਮੇਰੇ ਪੱਥਰ ਦੇ ਬੁੱਤ ਵੱਲੇ
ਪਰ ਮੇਰੇ ਬੁੱਤ ਨੂੰ ਤੁਸੀਂ
ਜੇ ਬੁੱਤ ਬਣ ਕੇ ਵੇਖਦੇ ਰਹਿਣਾ
ਤਾਂ ਮੈਨੂੰ ਭੰਨ ਦੇਵੋ, ਤੋੜ ਦੇਵੋ,
ਤੇ ਮਿੱਟੀ 'ਚ ਮਿਲਾ ਦੇਵੋ।

(1971)

– ਵਰਿਆਮ ਸਿੰਘ ਸੰਧੂ

## ਕਲਮਾਂ ਵਾਲਿਓ

ਉੱਠੋ ! ਜਾਗੋ ! ਹੋਸ਼ ਕਰੋ, ਕਲਮਾਂ ਵਾਲਿਓ।
ਜਾਲਮ ਤੋਂ ਨਾ ਡਰੋ, ਕਲਮਾਂ ਵਾਲਿਓ।

ਜਿਹੜੀਆਂ ਸਰਕਾਰਾਂ ਜੁਲਮ ਕਰਦੀਆਂ
ਉਨ੍ਹਾਂ ਦੀ ਹਾਮੀ ਨਾ ਭਰੋ ਕਲਮਾਂ ਵਾਲਿਓ।

ਗ਼ਰੀਬ ਦੀ ਕੁੱਲੀ ਨੂੰ ਫੂਕਦੇ ਜਿਹੜੇ
ਅਜਿਹਾ ਦੁੱਖ ਨਾ ਜਰੋ ਕਲਮਾਂ ਵਾਲਿਓ।

ਪੂੰਜੀਵਾਦ ਦੀ ਗਰਦਸ਼ ਹੈ ਚੜ੍ਹਦੀ ਰਹੀ
ਦੁਸ਼ਮਣ ਤੋਂ ਨਾ ਹਰੋ ਕਲਮਾਂ ਵਾਲਿਓ।

ਜ਼ਿੰਦਗੀ ਦੇ ਅਰਥ ਜੇ ਸਮਝੇ ਨਾ ਕਾਤਿਲ
ਉਨ੍ਹਾਂ ਖਾਤਰ ਨਾ ਮਰੋ ਕਲਮਾਂ ਵਾਲਿਓ।

ਜਨੂਨੀਂ ਕਚਹਿਰੀ 'ਚ ਦੰਗੇ ਤੇ ਨਫ਼ਰਤ
ਬਰੂਦ ਬਣਕੇ ਤਾਂ ਵਰ੍ਹੋ ਕਲਮਾਂ ਵਾਲਿਓ।

'ਸੁਹਲ' ਫੁੱਲਾਂ ਨੂੰ ਕੋਈ ਅੱਗ ਵਿਚ ਸਾੜੇ
ਉਸ ਪੈਰੀਂ ਸੀਸ ਨਾ ਧਰੋ ਕਲਮਾਂ ਵਾਲਿਓ।

ਮਲਕੀਅਤ ਸੋਹਲ
+91- 98728-48610



# ਕਾਵਿ ਪ੍ਰਤਿਭਾ ਦਾ ਸੰਪੂਰਨ ਬਿਓਰਾ

- ਸੁਦਰਸ਼ਨ ਗਾਸੋ (ਡਾ.)




ਪੰਜਾਬੀ ਸਮਾਜ ਅਤੇ ਸਾਹਿਤ ਦੇ ਖੇਤਰ ਵਿਚ ਬੀ.ਐੱਸ. ਬੀਰ ਸਨਮਾਨਤ ਨਾਂ ਹੈ। ਇਹ ਨਾਂ ਉਸ ਨੇ ਆਪਣੀ ਮਿਹਨਤ, ਲਗਨ ਤੇ ਪ੍ਰਤਿਭਾ ਦੇ ਸਿਰ 'ਤੇ ਬਣਾਇਆ ਹੈ। ਜ਼ਿੰਦਗੀ ਵਿਚ ਸੈੱਟ ਹੋਣ ਲਈ ਉਸ ਨੇ ਨਿਰੰਤਰ, ਮਿਹਨਤ, ਲਗਨ ਅਤੇ ਅਧਿਐਨ ਦੇ ਰਸਤੇ ਨੂੰ ਚੁਣਿਆ। ਇਸੇ ਲਈ ਉਹ ਅੱਜ ਦੇ ਪੂੰਜੀਵਾਦੀ ਯੁੱਗ ਦੀ ਚਕਾਚੌਂਧ ਅਤੇ ਮੁਕਾਬਲੇ ਵਾਲੀ ਜ਼ਿੰਦਗੀ ਵਿਚ ਆਸ਼ਾ ਭਰੀਆਂ ਅੱਖਾਂ ਨਾਲ ਉਸ ਵੱਲ ਤੱਕ ਰਹੇ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣਿਆ ਹੈ। ਉਸ ਨੇ ਆਪਣੀ ਜ਼ਿੰਦਗੀ ਵਿਚ ਜਿੱਥੇ ਆਰਥਕ ਸੰਪੰਨਤਾ ਹਾਸਲ ਕੀਤੀ ਉੱਥੇ ਮਾਂ-ਬੋਲੀ ਦੇ ਪਿਆਰ ਨੂੰ ਕਦੇ ਵੀ ਆਪਣੇ ਆਪ ਤੋਂ ਜੁਦਾ ਨਹੀਂ ਹੋਣ ਦਿੱਤਾ। ਇਹ ਉਸ ਦੀ ਸ਼ਖ਼ਸੀਅਤ ਦੀ ਵੱਡੀ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ।

ਹੱਥਲੀ ਪੁਸਤਕ 'ਬੀ.ਐਸ.ਬੀਰ ਦਾ ਕਾਵਿ-ਜਗਤ' ਡਾ. ਸਤੀਸ਼ ਵਰਮਾ, ਡਾ. ਤਰਲੋਕ ਆਨੰਦ ਅਤੇ ਨਿਰੰਜਨ ਬੋਹਾ ਵਲੋਂ ਸੰਪਾਦਿਤ (ਕੀਮਤ: 850 ਰੁਪਏ; ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ) ਵੱਡ-ਆਕਾਰੀ ਪੁਸਤਕ ਹੈ। ਇਸ ਪੁਸਤਕ ਵਿਚ ਉਸ ਦੇ ਹੁਣ ਤਕ ਪ੍ਰਕਾਸ਼ਤ ਸਾਰੇ ਕਾਵਿ-ਸੰਗ੍ਰਹਿ ਸ਼ਾਮਲ ਕੀਤੇ ਗਏ ਹਨ। ਇਸ ਪੁਸਤਕ ਵਿਚ ਬੀਰ ਦੀ ਕਾਵਿ-ਪ੍ਰਤਿਭਾ ਪੂਰਨ ਅਤੇ ਸਪਸ਼ਟ ਰੂਪ ਵਿਚ ਪਾਠਕਾਂ ਦੇ ਸਨਮੁੱਖ ਪ੍ਰਸਤੁਤ ਹੋਈ ਹੈ। ਕਈ ਵਾਰੀ ਇਹ ਮਹਿਸੂਸ ਹੁੰਦਾ ਹੈ ਕਿ ਉਸ ਦੀ ਪ੍ਰਤਿਭਾ ਦੇ ਪੱਤਰਕਾਰੀ ਵਾਲੇ ਵਡੇਰੇ ਪੱਖ ਨੇ ਉਸ ਦੇ ਸਾਹਿਤਕਾਰੀ ਵਾਲੇ ਪੱਖ ਨੂੰ ਢਕ ਲਿਆ ਹੋਵੇ। ਇਸ ਪੁਸਤਕ ਦੇ ਪ੍ਰਕਾਸ਼ਤ ਹੋਣ ਨਾਲ ਪਾਠਕਾਂ ਦਾ ਇਹ ਭੁਲੇਖਾ ਨਿਸ਼ਚੈ ਹੀ ਦੂਰ ਹੁੰਦਾ ਦਿਖਾਈ ਦਿੰਦਾ ਹੈ। ਉਸ ਦੀ ਕਵਿਤਾ ਦੇ ਅਨੇਕਾਂ ਰੰਗ ਅਤੇ ਰੂਪ ਸਾਡੇ ਸਾਹਮਣੇ ਹਾਜ਼ਰ ਹੁੰਦੇ ਦਿਖਾਈ ਦਿੰਦੇ ਹਨ। ਨਜ਼ਮਾਂ, ਗੀਤਾਂ ਅਤੇ ਗ਼ਜ਼ਲਾਂ ਦੇ ਮਾਧਿਅਮ ਰਾਹੀਂ ਉਸ ਨੇ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਉਸ ਨੇ ਜਿੱਥੇ ਮਾਨਵੀ ਸੰਵੇਦਨਾ ਨਾਲ ਭਰਪੂਰ ਨਜ਼ਮਾਂ ਦੀ ਸਿਰਜਣਾ ਕੀਤੀ ਹੈ, ਉੱਥੇ ਉਸ ਦੀਆਂ ਗ਼ਜ਼ਲਾਂ ਵਿਚ ਸਦਾਚਾਰਕ ਉਪਦੇਸ਼ ਦਾ ਸੁਰ ਵੀ ਸੁਣਾਈ ਦਿੰਦਾ ਹੈ। ਉਸ ਨੇ ਆਪਣੀਆਂ ਕਵਿਤਾਵਾਂ ਵਿਚ ਅਜੋਕੇ ਮਨੁੱਖ ਦੇ ਦੋਗਲੇ, ਦੰਭੀ ਤੇ ਕੋਝੇ ਕਿਰਦਾਰ ਨੂੰ ਬੇਪਰਦ ਕੀਤਾ ਹੈ। ਉਹ ਮਨੁੱਖੀ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਨੂੰ ਉਜਾਗਰ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਪੰਜ ਸਿਤਾਰਾ ਹੋਟਲਾਂ ਵਿਚ ਹੁੰਦੇ ਜਿਸਮਾਂ ਦੇ ਵਪਾਰ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਬਿਆਨ ਕਰਦਾ ਹੈ। ਉਸ ਦੀਆਂ ਨਜ਼ਮਾਂ ਵਿਚ ਪਹਿਲੀ ਵਾਰੀ ਮਿਥਿਹਾਸਕ ਪਾਤਰਾਂ ਨੂੰ ਬਹੁਤ ਹੀ ਪ੍ਰਮਾਣਿਕਤਾ ਸਹਿਤ ਅਜੋਕੇ ਪ੍ਰਸੰਗਾਂ ਦੇ ਸੰਦਰਭ ਵਿਚ ਉਭਾਰਿਆ ਤੇ ਸਥਾਪਤ ਕੀਤਾ ਗਿਆ ਹੈ। ਇਸ ਦ੍ਰਿਸ਼ਟੀ ਤੋਂ ਉਸ ਨੇ ਨਵੀਂ ਪਿਰਤ ਪਾਈ ਹੈ। ਉਸ ਨੇ ਸਭਿਆਚਾਰਕ ਗੀਤਾਤਮਿਕਤਾ ਭਰਪੂਰ ਰਚਨਾਵਾਂ ਦੀ ਸਿਰਜਣਾ ਵੀ ਕੀਤੀ ਹੈ। ਉਸ ਦੀਆਂ ਸਮੁੱਚੀਆਂ ਕਵਿਤਾਵਾਂ ਵਿਚ ਵਿਸ਼ੇਸ਼ ਕਿਸਮ ਦੀ ਇਕਸੁਰਤਾ ਦਿਖਾਈ ਦਿੰਦੀ ਹੈ।

ਸਮਾਜ ਦੇ ਰਹਿਬਰਾਂ ਦੇ ਕਰੂਪ ਚਿਹਰੇ ਤੋਂ ਪਰਦਾ ਹਟਾਉਣ ਲੱਗਿਆ ਵੀ ਉਹ ਦੇਰ ਨਹੀਂ ਲਾਉਂਦਾ। ਸਮਾਜਕ ਸਰੋਕਾਰਾਂ ਦੀ ਸਾਰਥਿਕਤਾ ਨੂੰ ਉਹ ਭਲੀਭਾਂਤ ਜਾਣਦਾ ਹੈ। ਇਸੇ ਲਈ ਉਹ ਹਮੇਸ਼ਾਂ ਸਾਰਥਕ ਮੁੱਦਿਆਂ ਨੂੰ ਹੀ ਉਠਾਉਂਦਾ ਹੈ। ਸਹਿਜਤਾ, ਸਰਲਤਾ, ਸਪਸ਼ਟਤਾ ਤੇ ਸਾਰਥਿਕਤਾ ਉਸ ਦੀ ਕਵਿਤਾ ਦੇ ਵੱਡੇ ਗੁਣ ਹਨ। ਉਸ ਦੀ ਕਵਿਤਾ ਪੜ੍ਹਦਿਆਂ ਪਾਠਕ ਕਿਤੇ ਵੀ ਉਕਤਾਹਟ ਮਹਿਸੂਸ ਨਹੀਂ ਕਰਦਾ। ਕਈ ਵਾਰੀ ਲੋਕ-ਹਿੱਤ ਦੇ ਮੁੱਦੇ ਜਾਂ ਨੈਤਿਕ ਪਤਨ ਦੇ ਸਰੋਕਾਰ ਉਸ ਦੀ ਚੇਤਨਾ ਤੇ ਸੰਵੇਦਨਾ ਨੂੰ ਇਸ ਕਦਰ ਝੰਜੋੜ ਦਿੰਦੇ ਹਨ ਕਿ ਉਹ ਸਿੱਧੇ ਅਤੇ ਸਪਸ਼ਟ ਸ਼ਬਦਾਂ ਵਿਚ ਉਨ੍ਹਾਂ ਦੇ ਉੱਤਰ ਤਲਾਸ਼ਣ ਦੀ ਫਿਰਾਕ ਵਿਚ ਨਜ਼ਰ ਆਉਂਦਾ ਹੈ।

ਅਜੋਕੇ ਅਧੂਰੇ ਮਨੁੱਖ ਦੀ ਪੂਰਨ ਮਨੁੱਖ ਬਣਨ ਦੀ ਚਾਹਨਾ ਤੇ ਦੁਚਿੱਤੀ ਨੂੰ ਉਹ ਬਾਖ਼ੂਬੀ ਬਿਆਨ ਕਰਨ ਵਿਚ ਸਫਲਤਾ ਹਾਸਲ ਕਰਦਾ ਹੈ:

*ਹਜ਼ਾਰਾਂ ਵਾਰ ਮੈਂ*
*ਵੇਈਂ ਵੱਲ ਤੁਰਿਆ ਹਾਂ*
*ਲੱਖਾਂ ਵਾਰ ਮੈਂ ਵੇਈਂ ਤੋਂ ਪਹਿਲਾਂ ਹੀ*
*ਪਰਤ ਆਇਆ ਹਾਂ।*

ਉਸ ਦੀਆਂ ਕਵਿਤਾਵਾਂ ਦੀ ਵੱਡੀ ਵਿਸ਼ੇਸ਼ਤਾ ਹੈ ਕਿ ਉਹ ਹਮੇਸ਼ਾਂ ਸੱਚ ਬਿਆਨ ਕਰਨ ਨੂੰ ਤਰਜੀਹ ਦਿੰਦੀਆਂ ਹਨ। ਧਾਰਮਕ ਆਡੰਬਰਾਂ, ਸ਼ਖ਼ਸੀਅਤਾਂ ਦੇ ਖੋਖਲੇਪਣ ਤੇ ਰਿਸ਼ਤਿਆਂ ਦੀ ਗਿਰਾਵਟ ਨੂੰ ਬਿਆਨ ਕਰਨ ਲੱਗਿਆਂ ਉਹ ਭੋਰਾ ਵੀ ਲਿਹਾਜ਼ ਨਹੀਂ ਕਰਦਾ ਅਤੇ ਨਾ ਹੀ ਓਹਲਾ ਹੀ ਰੱਖਦਾ ਹੈ:

*ਇਕ ਜੀਅ ਆਖੇ,*
*ਬਣ ਜਾਵਾਂ ਮੈਂ ਅਨਲਹੱਕ ਦਾ ਮਨਸੂਰ*
*ਇਕ ਜੀਅ ਆਖੇ,*
*ਸਮਾਂ ਲੰਘਾਵਾਂ, ਬਸ ਬਣ ਕੇ ਜੀ ਹਜ਼ੂਰ।*
*ਇਕ ਜੀਅ ਆਖੇ, ਢਾਅ ਦੇਵਾਂ ਸਭ ਕੋਠੇ ਅਤੇ ਕੰਧਾਂ*
*ਇਕ ਜੀਅ ਆਖੇ, ਬੋਚ ਬੋਚ ਕੇ, ਸਭ ਦੀਵਾਰਾਂ ਫੰਧਾਂ।*

ਇਹ ਪੁਸਤਕ ਖੋਜ-ਵਿਦਿਆਰਥੀਆਂ, ਬੁੱਧੀਜੀਵੀਆਂ ਅਤੇ ਪਾਠਕਾਂ ਲਈ ਲੇਖਕ ਦੀ ਪ੍ਰਤਿਭਾ ਨੂੰ ਜਾਣਨ ਅਤੇ ਸਮਾਜਕ ਯਥਾਰਥ ਦੇ ਰੂ-ਬ-ਰੂ ਹੋਣ ਲਈ ਅਤਿ ਲੋੜੀਂਦੀ ਕਹੀ ਜਾ ਸਕਦੀ ਹੈ। ਜਿਵੇਂ:

ਮਨੁੱਖਤਾ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਾਂ
ਲੋਕੀਂ ਭਾਵੇਂ ਆਖਦੇ ਨੇ ਪਾਣੀ ਉੱਤੇ ਲੀਕ ਹਾਂ।

# ਜੀਵਨ ਦੇ ਇੱਕ ਹਿੱਸੇ ਦਾ ਬਿਰਤਾਂਤ

- - ਪਰਮਜੀਤ ਢੀਂਗਰਾ (ਡਾ.)




ਯਾਦਾਂ ਜ਼ਿੰਦਗੀ ਦਾ ਮੁੱਲਵਾਨ ਸਰਮਾਇਆ ਹੁੰਦੀਆਂ ਹਨ। ਜ਼ਿੰਦਗੀ ਦੇ ਮੁੱਢਲੇ ਦਿਨਾਂ ਦੀਆਂ ਯਾਦਾਂ ਸ਼ੀਸ਼ੇ ਵਾਂਗ ਵਧੇਰੇ ਸਾਫ਼ ਤੇ ਬਲੌਰੀ ਹੁੰਦੀਆਂ ਹਨ। 'ਅਟਾਰੀ ਬਜ਼ਾਰ' (ਕੀਮਤ: 250 ਰੁਪਏ; ਲੋਕਗੀਤ ਪ੍ਰਕਾਸ਼ਨ, ਮੁਹਾਲੀ) ਵਿਚ ਲੇਖਿਕਾ ਤਾਰਨ ਗੁਜਰਾਲ ਨੇ ਜ਼ਿੰਦਗੀ ਦੀ ਪਟਾਰੀ ਵਿਚੋਂ ਜਿਨ੍ਹਾਂ ਯਾਦਾਂ ਨੂੰ ਕੱਤ ਕੇ ਸੋਹਣੇ ਪਾਠ ਬਣਾਏ ਹਨ ਉਹ ਰਾਂਗਲੇ ਵੀ ਹਨ ਤੇ ਰਸ ਭਰਪੂਰ ਵੀ। ਉਸ ਕੋਲ ਵਾਰਤਕ ਲਿਖਣ ਦੀ ਵਡਿਆਈ ਹੈ। ਇਸੇ ਕਰਕੇ ਬੜੀ ਬਾਰੀਕਬੀਨੀ ਨਾਲ ਉਹ ਹਰ ਚੀਜ਼ ਵਸਤ, ਵਰਤਾਰੇ, ਸ਼ਖ਼ਸੀਅਤ, ਵਿਚਾਰ, ਦ੍ਰਿਸ਼ਟੀ ਨੂੰ ਚਿਤਰਦੀ ਹੈ।

ਇਨ੍ਹਾਂ ਸੰਸਮਰਣਾਂ ਵਿਚ ਸਭ ਤੋਂ ਵੱਡਾ ਗੁਣ ਇਨ੍ਹਾਂ ਵਿਚਲੇ ਗਲਪੀ ਅੰਸ਼ ਅਤੇ ਬਿਰਤਾਂਤਕ ਜੁਗਤਾਂ ਹਨ। ਮਸਲਨ ਉਹ ਲਿਖਦੀ ਹੈ: ਉਹ ਉਲੇੜ੍ਹੀਆਂ ਕਰਦਾ ਦੰਦਾਂ ਨਾਲ ਧਾਗੇ ਟੁਕਦਾ ਛੱਤ 'ਤੇ ਮੈਨੂੰ ਖਲੋਤੀ ਨੂੰ ਨਜ਼ਰ ਨਾਲ ਟਾਂਕੀ ਰੱਖਦਾ। ਮਾਸਟਰ ਜਦੋਂ ਨਮਾਜ਼ ਪੜ੍ਹਣ ਜਾਂ ਫਾਰਗ ਹੋਣ ਜਾਂਦਾ ਤਾਂ ਉਹ ਛਲਾਂਗਾਂ ਮਾਰਦਾ, ਤਿੰਨ ਤਿੰਨ ਪੌੜੀਆਂ ਟੱਪਦਾ, ਹਫਦਾ ਛੱਤ 'ਤੇ ਆ ਜਾਂਦਾ ਕਈ ਵਾਰ ਕਾਹਲ ਵਿਚ ਉਸ ਦੀ ਨਲੀ ਲਟਕਦੀ ਹੀ ਰਹਿ ਜਾਂਦੀ ਜਿਸਨੂੰ ਉਸ ਕਦੇ ਸੁਣਕਿਆ ਨਹੀਂ ਸੀ। ਹਮੇਸ਼ਾਂ ਨੱਕ 'ਚੋਂ ਉੱਤੇ ਵੱਲ ਸਾਹ ਖਿੱਚ ਕੇ ਕੰਮ ਸਾਰਿਆ ਸੀ। ਉਹ ਆਉਂਦਿਆਂ ਹੀ ਲਿਲਕੜ੍ਹੀ ਕੱਢਦਾ।'

ਇਸ ਪੁਸਤਕ ਦੇ ਪਾਠਾਂ ਵਿਚ ਅਟਾਰੀ ਬਜ਼ਾਰ, ਅਟਾਰੀ ਦੀਆਂ ਸ਼ਾਮਾਂ ਤੇ ਮਾਈ ਖੇਮੀ, ਅਟਾਰੀ ਦਾ ਸਟੇਸ਼ਨ, ਅਟਾਰੀ ਦਾ ਕਿਲ੍ਹਾ, ਬਸੰਤ ਪੰਚਮੀ, ਪ੍ਰੀਤ ਨਗਰ, ਕੋਇਟੇ ਦਾ ਭੁਚਾਲ, ਅਟਾਰੀ ਦੀਆਂ ਹਵੇਲੀਆਂ ਤੋਂ ਇਲਾਵਾ ਸ਼ਖ਼ਸੀਅਤਾਂ ਵਿਚ ਸ. ਰਾਮ ਸਿੰਘ, ਸ. ਰਘਬੀਰ ਸਿੰਘ ਬਨਾਮ ਕਮਲਾ ਸਰਦਾਰ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ।

ਕਮਲਾ ਸਰਦਾਰ ਲੇਖ ਵਿਚ ਉਹ ਲਿਖਦੀ ਹੈ: ਗੇਟ ਲੰਘਦਿਆਂ ਹੀ ਅੰਨ੍ਹੀ ਡਿਓੜ੍ਹੀ ਸੀ ਐੱਲ (L) ਸ਼ਕਲ ਦੀ, ਜਿਸ ਵਿਚ ਉੱਲੂ ਬਹਿੰਦੇ ਚਮਕੀਲੀਆਂ ਅੱਖਾਂ ਵਾਲੀਆਂ ਬਿੱਲੀਆਂ ਪੈਰਾਂ ਨੂੰ ਠਕੋਰਦੀਆਂ ਤੇ ਛੱਤਾਂ ਤੋਂ ਹੇਠਾਂ ਤਕ ਚਾਮਚੜਿੱਕਾਂ ਗੇੜੇ ਮਾਰਦੀਆਂ। ਉੱਥੋਂ ਲੰਘਣਾ ਕੋਈ ਸੌਖਾ ਨਹੀਂ ਸੀ। ਅੰਨ੍ਹੀ ਡਿਓੜ੍ਹੀ ਪਾਰ ਕਰਦਿਆਂ ਚਾਰੇ ਪਾਸੇ ਉੱਚੇ ਉੱਚੇ ਮਹਿਲ ਸਨ ਤੇ ਵਿਚਕਾਰ ਇੱਟਾਂ ਦੇ ਫਰਸ਼ ਵਾਲਾ ਵੱਡਾ ਸਾਰਾ ਵਿਹੜਾ। ਮੂਲ ਰੂਪ ਵਿਚ ਇਹ ਕਿਤਾਬ ਜੀਵੀ ਗਈ ਜ਼ਿੰਦਗੀ ਦਾ ਇੱਕ ਹਿੱਸਾ ਹੈ, ਪਰ ਉਸ ਨੂੰ ਗਲਪੀ ਵਾਰਤਕ ਵਿਚ ਪੇਸ਼ ਕਰਕੇ ਲੇਖਕਾ ਨੇ ਇਸ ਨੂੰ ਪੜ੍ਹਣਯੋਗ ਕਿਰਤ ਵਿਚ ਢਾਲ ਦਿਤਾ ਹੈ।

# ਸਰੀਰ 'ਚ ਪਥਰੀ ਦੀ ਗੁੱਥੀ

ਸਰੀਰ ਦੇ ਕੁਝ ਅੰਗਾਂ ਵਿਚ ਖਣਿਜ ਅਤੇ ਲੂਣ ਜੰਮ ਕੇ ਪੱਥਰ ਦਾ ਰੂਪ ਲੈ ਲੈਂਦੇ ਹਨ ਜਿਸ ਨੂੰ ਪਥਰੀ ਕਹਿੰਦੇ ਹਨ। ਇਹ ਮੂੰਗੀ ਦੀ ਦਾਲ ਦੇ ਦਾਣੇ ਤੋਂ ਲੈ ਕੇ ਟੈਨਿਸ ਬਾਲ ਦੇ ਆਕਾਰ ਤਕ ਹੋ ਸਕਦੀ ਹੈ। ਪਥਰੀ ਯਾਨੀ ਸਟੋਨ ਸਰੀਰ ਵਿਚ ਚਾਰ ਜਗ੍ਹਾਵਾਂ 'ਤੇ ਹੋ ਸਕਦੀ ਹੈ: ਕਿਡਨੀ, ਪਿਸ਼ਾਬ ਦੀ ਨਾਲੀ ਤੇ ਪਿਸ਼ਾਬ ਦੀ ਥੈਲੀ (ਯੂਰਿਨਰੀ ਬਲੈਡਰ) ਵਿਚ; ਲਾਰ ਬਣਾਉਣ ਵਾਲੇ ਸਲਾਈਵਾ ਗਲੈਂਡਸ ਵਿਚ; ਖਾਣਾ ਪਚਾਉਣ ਵਾਲੇ ਪੈਨਕਰੀਆਜ਼ ਗਲੈਂਡ ਵਿਚ ਅਤੇ ਕਿਡਨੀ ਯਾਨੀ ਗੁਰਦੇ ਅਤੇ ਗਾਲ ਬਲੈਡਰ ਦੀ ਪਥਰੀ। ਮਗਰਲੀਆਂ ਦੋਵਾਂ ਵਿਚ ਤੇਜ਼ ਦਰਦ ਹੁੰਦਾ ਹੈ। ਇਹ ਦਰਦ ਕਿਡਨੀ ਅਤੇ ਯੂਰੇਟਰ ਵਿਚ ਵੀ ਹੋ ਸਕਦਾ ਹੈ। ਜੇ ਗਾਲ ਬਲੈਡਰ ਵਿਚ ਪਥਰੀ ਹੈ ਤਾਂ ਸਿੱਧੇ ਹੱਥ ਵੱਲ ਢਿੱਡ ਦੇ ਉੱਪਰਲੇ ਹਿੱਸੇ ਵਿਚ ਦਰਦ ਹੁੰਦਾ ਹੈ। ਹੱਥ ਲਾਉਣ ਉੱਤੇ ਇਹ ਦਰਦ ਵਧ ਜਾਂਦਾ ਹੈ। ਕਿਡਨੀ ਦੀ ਪਥਰੀ ਵਿਚ ਪਿੱਛੇ ਤੋਂ ਹੁੰਦੇ ਹੋਏ ਦਰਦ ਅੱਗੇ ਵੱਲ ਆਉਂਦਾ ਹੈ ਅਤੇ ਫਿਰ ਜਣਨ ਅੰਗਾਂ ਵੱਲ ਹੋ ਜਾਂਦਾ ਹੈ।



**ਕਾਰਨ :** ਸਰੀਰ ਵਿਚ ਕੈਲਸ਼ੀਅਮ ਜਾਂ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੋਣਾ, ਵੱਧ ਲੂਣ ਜਾਂ ਪ੍ਰੋਟੀਨ ਡਾਈਟ ਜਿਵੇਂ ਮਟਨ, ਚਿਕਨ, ਪਨੀਰ, ਮੱਛੀ, ਆਂਡਾ, ਦੁੱਧ ਆਦਿ ਜ਼ਿਆਦਾ ਖਾਣਾ ਇਸ ਦੇ ਮੁੱਖ ਕਾਰਨ ਹਨ। ਪਹਾੜੀ ਇਲਾਕਿਆਂ, ਦਿੱਲੀ, ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਰਾਜਸਥਾਨ ਵਰਗੇ ਉੱਤਰੀ ਇਲਾਕਿਆਂ ਵਿਚ ਇਸ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਗਰਮ ਜਗ੍ਹਾਵਾਂ ਉੱਤੇ ਕੰਮ ਕਰਨਾ ਜਿਵੇਂ ਕਿ ਭੱਠੀ 'ਤੇ ਕੰਮ ਕਰਨ ਵਾਲੇ ਲੋਕ ਜਾਂ ਡਰਾਈਵਰ, ਪਥਰੀ ਹੋਣ ਦੀ ਪ੍ਰਵਿਰਤੀ ਹੋਣਾ ਆਦਿ ਕਾਰਨ ਵੀ ਹੋ ਸਕਦੇ ਹਨ। ਪਿਸ਼ਾਬ ਵਿਚ ਕੁੱਝ ਅਜਿਹੇ ਤੱਤ ਹੁੰਦੇ ਹਨ, ਜੋ ਸਰੀਰ ਵਿਚ ਸਟੋਨ ਬਣਨੋਂ ਰੋਕਦੇ ਹਨ। ਇਹ ਤੱਤ ਹਨ ਸਾਇਟਰੇਟ, ਵਿਟਾਮਿਨ ਬੀ 6, ਮੈਗਨੀਸ਼ੀਅਮ, ਖਾਸ ਤਰ੍ਹਾਂ ਦੇ ਪ੍ਰੋਟੀਨ ਆਦਿ। ਜਿਨ੍ਹਾਂ ਲੋਕਾਂ ਵਿਚ ਇਹ ਤੱਤ ਨਹੀਂ ਹੁੰਦੇ ਉਨ੍ਹਾਂ ਵਿਚ ਸਟੋਨ ਬਣਨ ਦਾ ਖ਼ਦਸ਼ਾ ਵੱਧ ਹੁੰਦਾ ਹੈ। ਜੇ ਇਸ ਸਮੱਸਿਆ ਦਾ ਸਬੰਧ ਪਰਿਵਾਰਕ ਪਿਛੋਕੜ ਨਾਲ ਹੈ ਤਾਂ ਮੁਸ਼ਕਲ ਹੋਰ ਵਧ ਜਾਂਦੀ ਹੈ। ਅਜਿਹੇ ਲੋਕਾਂ ਨੂੰ ਜ਼ਿਆਦਾ ਮਾਤਰਾ (ਦਿਨ ਵਿਚ ਕਰੀਬ 12-15 ਗਲਾਸ) ਪਾਣੀ ਪੀਣਾ ਚਾਹੀਦਾ ਹੈ। ਜੇ ਸਰੀਰ ਵਿਚ ਜ਼ਿਆਦਾ ਮਾਤਰਾ ਵਿਚ ਪਾਣੀ ਹੋਵੇਗਾ ਤਾਂ ਪਿਸ਼ਾਬ ਘੱਟ ਗਾੜ੍ਹਾ ਹੋਵੇਗਾ ਅਤੇ ਪਥਰੀ ਨਹੀਂ ਬਣੇਗੀ। ਯੂਰਿਨਰੀ ਬਲੈਡਰ ਦੀ ਬਣਾਵਟ ਵਿਚ ਕੋਈ ਗੜਬੜੀ ਹੋਣਾ, ਲੰਮੇ ਸਮੇਂ ਤਕ ਲਗਾਤਾਰ ਲੰਮੇ ਪਏ ਰਹਿਣਾ ਜਿਵੇਂ ਕਿ ਪੈਰਾਲਾਇਸਿਸ ਜਾਂ ਕਮਰ ਦੀ ਹੱਡੀ ਟੁੱਟਣ ਵਾਲੇ ਮਰੀਜ਼, ਲਗਾਤਾਰ ਕਬਜ਼ ਰਹਿਣਾ, ਗੁਰਦੇ ਵਿਚ ਇਨਫੈਕਸ਼ਨ ਹੋਣਾ ਆਦਿ ਵੀ ਪਥਰੀ ਦੇ ਕਾਰਨ ਹਨ।

ਇਨਫੈਕਸ਼ਨ ਤੋਂ ਬਣਨ ਵਾਲੀ ਪਥਰੀ ਭੁਰਭੁਰੀ ਹੁੰਦੀ ਹੈ। ਇਹ ਹੌਲੀ ਹੌਲੀ ਆਕਾਰ ਵਿਚ ਥੋੜ੍ਹੀ ਵੱਡੀ ਹੁੰਦੀ ਜਾਂਦੀ ਹੈ। ਸ਼ੁਰੂਆਤ ਵਿਚ ਆਕਾਰ ਛੋਟਾ ਹੋਣ ਕਾਰਨ ਇਸ ਦੇ ਲੱਛਣ ਘੱਟ ਨਜ਼ਰ ਆਉਂਦੇ ਹਨ। ਇਹ ਕਿਡਨੀ ਨੂੰ ਜ਼ਿਆਦਾ ਨੁਕਸਾਨ ਕਰਦੀ ਹੈ। ਇਸ ਨੂੰ ਸਟੈਗ ਹਾਰਨ ਸਟੋਨ ਕਹਿੰਦੇ ਹਨ। ਇਸ ਵਿਚ ਹੌਲੀ ਹੌਲੀ ਪੂਰੀ ਕਿਡਨੀ ਵਿਚ ਵੱਡੀਆਂ ਪਥਰੀਆਂ ਬਣ ਜਾਂਦੀਆਂ ਹਨ।

**ਪਥਰੀ ਦੀ ਪਛਾਣ :** ਢਿੱਡ ਵਿਚ ਦਰਦ ਹੋਣਾ, ਪਿਸ਼ਾਬ ਕਰਦੇ ਸਮੇਂ ਦਰਦ ਹੋਣਾ, ਪਿਸ਼ਾਬ ਦਾ ਪੀਲਾ ਹੋਣਾ, ਪਿਸ਼ਾਬ ਵਿਚ ਬਹੁਤ ਜ਼ਿਆਦਾ ਬਦਬੂ ਹੋਣਾ, ਪਿਸ਼ਾਬ ਵਿਚ ਖ਼ੂਨ ਆਉਣਾ, ਉਲਟੀ ਵਰਗਾ ਲੱਗਣਾ ਆਦਿ ਲੱਛਣ ਪੱਥਰੀ ਵੱਲ ਇਸ਼ਾਰਾ ਕਰਦੇ ਹਨ।

**ਜਾਂਚ :** ਦਰਦ ਦੀ ਸ਼ਿਕਾਇਤ 'ਤੇ ਸਭ ਤੋਂ ਪਹਿਲਾਂ ਮਰੀਜ਼ ਦਾ ਪਿਸ਼ਾਬ ਟੈਸਟ ਕੀਤਾ ਜਾਂਦਾ ਹੈ। ਜੇ ਇਸ ਵਿਚ ਖ਼ੂਨ ਜਾਂ ਕਰਿਸਟਲ ਮਿਲਦੇ ਹਨ ਤਾਂ ਇਸ ਨੂੰ ਪਥਰੀ ਦਾ ਲੱਛਣ ਮੰਨਿਆ ਜਾਂਦਾ ਹੈ। ਇਸ ਦੇ ਬਾਅਦ ਅਲਟਰਾਸਾਊਂਡ ਕੀਤਾ ਜਾਂਦਾ ਹੈ। ਜ਼ਿਆਦਾਤਰ ਮਾਮਲਿਆਂ ਵਿਚ ਅਲਟਰਾਸਾਊਂਡ ਵਿਚ ਪਥਰੀ ਦਿਖ ਜਾਂਦੀ ਹੈ। ਕਈ ਵਾਰ ਕਬਜ਼, ਗੈਸ ਜਾਂ ਸਹੀ ਢੰਗ ਨਾਲ ਅਲਟਰਾਸਾਊਂਡ ਨਾ ਕਰਨ ਕਾਰਨ ਪਥਰੀ ਅਲਟਰਾਸਾਊਂਡ ਵਿਚ ਨਹੀਂ ਦਿਸਦੀ ਤਾਂ ਸੀਟੀ ਸਕੈਨ ਕੀਤਾ ਜਾਂਦਾ ਹੈ। ਜੇ ਕਿਡਨੀ ਖ਼ਰਾਬ ਹੋ ਗਈ ਹੈ ਤਾਂ ਨਿਊਕਲੀਅਰ ਸਕੈਨ ਕਰਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਕਿਡਨੀ ਕਿੰਨੀ ਖ਼ਰਾਬ ਹੋਈ ਹੈ। ਇਹ ਟੈਸਟ ਹਰ ਜਗ੍ਹਾ ਨਹੀਂ ਹੁੰਦਾ।

ਕਈ ਵਾਰ ਪਥਰੀ ਕਰਕੇ ਕਿਡਨੀ ਗੁਬਾਰੇ ਵਾਂਗ ਫੁੱਲ ਜਾਂਦੀ ਹੈ ਅਤੇ ਤੇਜ਼ ਦਰਦ ਹੁੰਦਾ ਹੈ। ਇਸ ਤੋਂ ਹੌਲੀ ਹੌਲੀ ਕਿਡਨੀ ਖ਼ਰਾਬ ਹੋ ਜਾਂਦੀ ਹੈ। ਗਾਲਬਲੈਡਰ ਦੀ ਪਥਰੀ ਵਿਚ ਗਾਲਬਲੈਡਰ ਨੂੰ ਕੱਢਣ ਦੇ ਇਲਾਵਾ ਕੋਈ ਦੂਜਾ ਇਲਾਜ ਨਹੀਂ ਹੈ। ਇਨਫੈਕਸ਼ਨ ਕਾਰਨ ਬਣੀ ਪਥਰੀ ਨਾਲ ਵੀ ਕਿਡਨੀ ਫੇਲ੍ਹ ਹੋ ਸਕਦੀ ਹੈ। ਸ਼ੂਗਰ ਦੇ ਮਰੀਜ਼ ਲਈ ਪਥਰੀ ਹੋਰ ਖ਼ਤਰਨਾਕ ਹੈ।

**ਉਪਾਅ :** ਸੁਪਾਰੀ ਨਾ ਖਾਓ। ਟਮਾਟਰ, ਚੁਕੰਦਰ ਜਾਂ ਪਾਲਕ ਘੱਟ ਮਾਤਰਾ ਵਿਚ ਖਾਓ। ਰੈੱਡ ਮੀਟ ਛੱਡ ਦਿਓ ਜਾਂ ਘੱਟ ਖਾਓ ਯਾਨੀ ਮਹੀਨੇ ਵਿਚ ਇਕ-ਦੋ ਵਾਰ ਤੋਂ ਜ਼ਿਆਦਾ ਨਾ ਖਾਓ। ਰੋਜ਼ਾਨਾ ਘੱਟ ਤੋਂ ਘੱਟ 9-10 ਗਲਾਸ ਪਾਣੀ ਪੀਓ।

**ਇਲਾਜ :** ਦਰਦ ਹੋਣ 'ਤੇ ਡਾਕਟਰ ਨਾਲ ਸੰਪਰਕ ਕਰੋ ਅਤੇ ਹਦਾਇਤਾਂ ਦੀ ਪਾਲਣਾ ਕਰੋ। ਦਵਾਈਆਂ ਰਾਹੀਂ ਛੋਟੀ ਪਥਰੀ ਗਲ ਕੇ ਪਿਸ਼ਾਬ ਰਾਹੀਂ ਨਕਲ ਸਕਦੀ ਹੈ। ਜੇ ਨਹੀਂ ਨਿਕਲਦੀ ਤਾਂ ਸਰਜਰੀ ਨਾਲ ਪਥਰੀ ਕਢਵਾਈ ਜਾ ਸਕਦੀ ਹੈ।

– ਡਾ. ਰਿਪੁਦਮਨ ਸਿੰਘ
– ਡਾ. ਹਰਪ੍ਰੀਤ ਸਿੰਘ ਕਾਲੜਾ
ਸੰਪਰਕ: 98152-00134

## ਪਥਰੀ ਚਾਰ ਤਰ੍ਹਾਂ ਦੀ ਹੁੰਦੀ ਹੈ



**ਸਿਸਟੀਨ ਸਟੋਨ :** ਇਹ ਸਟੋਨ ਉਨ੍ਹਾਂ ਲੋਕਾਂ ਵਿਚ ਜ਼ਿਆਦਾ ਬਣਦਾ ਹੈ ਜਿਨ੍ਹਾਂ ਵਿਚ ਅਨੁਵਾਂਸ਼ਿਕ ਵਿਕਾਰ ਸਿਸਟੀਨੂਰੀਆ ਹੁੰਦਾ ਹੈ। ਇਸ ਪ੍ਰਕਾਰ ਦੀ ਪਥਰੀ ਵਿਚ ਸਿਸਟੀਨ (ਸਰੀਰ ਵਿਚਲਾ ਪੈਦਾਇਸ਼ੀ ਐਸਿਡ) ਦਾ ਰਿਸਾਵ ਪੇਸ਼ਾਬ ਵਿਚ ਹੁੰਦਾ ਹੈ।

**ਸਟਰਾਵਾਇਟ ਸਟੋਨ :** ਇਸ ਤਰ੍ਹਾਂ ਦੀ ਪਥਰੀ ਜ਼ਿਆਦਾਤਰ ਯੂਰਿਨਰੀ ਟਰੈਕ ਇਨਫੈਕਸ਼ਨ (ਯੂਟੀਆਈ) ਪੀੜਿਤ ਔਰਤਾਂ ਵਿਚ ਪਾਈ ਜਾਂਦੀ ਹੈ। ਇਹ ਸਟੋਨ ਕਿਡਨੀ ਵਿਚ ਇਨਫੈਕਸ਼ਨ ਤੋਂ ਹੁੰਦਾ ਹੈ। ਆਕਾਰ ਵਿਚ ਵੱਡਾ ਹੋਣ ਉੱਤੇ ਇਹ ਪਿਸ਼ਾਬ ਵਿਚ ਰੁਕਾਵਟ ਪੈਦਾ ਕਰ ਸਕਦਾ ਹੈ।

**ਯੂਰਿਕ ਐਸਿਡ ਸਟੋਨ :** ਇਹ ਸਟੋਨ ਔਰਤਾਂ ਦੇ ਮੁਕਾਬਲੇ ਪੁਰਸ਼ਾਂ ਵਿਚ ਜ਼ਿਆਦਾ ਹੁੰਦਾ ਹੈ ਜੋ ਪਿਸ਼ਾਬ ਵਿਚ ਐਸਿਡ ਦੀ ਮਾਤਰਾ ਜ਼ਿਆਦਾ ਹੋਣ ਨਾਲ ਬਣਦਾ ਹੈ।

**ਕੈਲਸ਼ੀਅਮ ਸਟੋਨ :** ਇਹ ਕੈਲਸ਼ੀਅਮ ਆਕਸਲੇਟ, ਫਾਸਫੇਟ ਜਾਂ ਮੇਲਿਏਟ ਤੋਂ ਬਣਦੇ ਹਨ। ਚਿਪਸ, ਮੂੰਗਫਲੀ, ਚਾਕਲੇਟ, ਚੁਕੰਦਰ ਅਤੇ ਪਾਲਕ ਵਿਚ ਆਕਸਲੇਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

# ਅਖਰੋਟ ਸਰੀਰ ਦੀਆਂ ਕਈ ਬਿਮਾਰੀਆਂ ਨੂੰ ਕਰਦਾ ਹੈ ਜੜ੍ਹ ਤੋਂ ਖਤਮ

ਅਖਰੋਟ ਖਾਣਾ ਹਰ ਕਿਸੇ ਨੂੰ ਪਸੰਦ ਹੁੰਦਾ ਹੈ। ਕਈ ਸਾਰੇ ਕਾਰਨ ਇਸ ਨੂੰ ਵਿਟਾਮਿਨਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਅਖਰੋਟ 'ਚ ਪ੍ਰੋਟੀਨ ਦੇ ਇਲਾਵਾ ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਫਾਸਫੋਰਸ, ਕਾਪਰ, ਸੇਲੇਨਿਯਮ ਵਰਗੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ। ਇਹ ਵਾਲਾਂ ਅਤੇ ਚਮੜੀ ਲਈ ਬਹੁਤ ਹੀ ਫ਼ਾਇਦੇਮੰਦ ਹੁੰਦੇ ਹਨ। ਇਸ ਨਾਲ ਹੀ ਇਸ 'ਚ ਮੌਜੂਦ ਓਮੇਗਾ 3 ਫੈਟ ਐਸਿਡ ਸਰੀਰ ਨੂੰ ਅਸਥਮਾ ਅਰਥਰਾਇਟਸ, ਸਕਿਨ ਪ੍ਰਾਬਲਮਸ, ਐਕਜਿਮਾ ਅਤੇ ਸੋਰਾਅਸਿਸ ਵਰਗੀਆਂ ਬੀਮਾਰੀਆਂ ਤੋਂ ਬਚਾਉਂਦਾ ਹੈ। ਇਸ ਤੋਂ ਇਲਾਵਾ ਵੀ ਅਖਰੋਟ ਖਾਣ ਦੇ ਅਨੇਕ ਫਾਇਦੇ ਹੁੰਦੇ ਹਨ, ਜਿਵੇਂ :-



**ਭਾਰ ਘੱਟ ਕਰਨ :** ਅਖਰੋਟ ਭਾਰ ਕੰਟਰੋਲ ਕਰਨ 'ਚ ਸਹਾਈ ਹੁੰਦਾ ਹੈ। ਰੋਜ਼ਾਨਾ ਇਸ ਦੀ ਵਰਤੋਂ ਕਰਨ ਨਾਲ ਆਸਾਨੀ ਨਾਲ ਭਾਰ ਘੱਟ ਕੀਤਾ ਜਾ ਸਕਦਾ ਹੈ। ਜੋ ਲੋਕ ਵਧਦੇ ਭਾਰ ਤੋਂ ਪ੍ਰੇਸ਼ਾਨ ਹਨ ਉਨ੍ਹਾਂ ਨੂੰ ਹਰ ਦਿਨ ਅਖਰੋਟ ਖਾਣੇ ਚਾਹੀਦੇ ਹਨ। ਲਗਾਤਾਰ ਅਖਰੋਟ ਖਾਣ ਨਾਲ ਤੁਹਾਨੂੰ ਕੁਝ ਹੀ ਦਿਨਾਂ 'ਚ ਫਰਕ ਦਿਖਾਈ ਦੇਣ ਲੱਗੇਗਾ।

**ਚੰਗੀ ਨੀਂਦ :** ਜਿਨ੍ਹਾਂ ਲੋਕਾਂ ਨੂੰ ਪੂਰਾ ਦਿਨ ਕੰਮ ਕਰਨ ਦੇ ਬਾਅਦ ਵੀ ਨੀਂਦ ਨਹੀਂ ਆਉਂਦੀ ਉਨ੍ਹਾਂ ਲਈ ਅਖਰੋਟ ਰਾਮਬਾਣ ਦਾ ਕੰਮ ਕਰਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ 1 ਜਾਂ 2 ਅਖਰੋਟ ਖਾਣ ਨਾਲ ਸਰੀਰ ਰਿਲੈਕਸ ਰਹਿੰਦਾ ਹੈ। ਇਸ ਨਾਲ ਚੰਗੀ ਨੀਂਦ ਆਉਂਦੀ ਹੈ।

**ਦਿਲ ਲਈ ਬਿਹਤਰੀਨ :** ਇਸ 'ਚ ਮੌਜੂਦ ਐਂਟੀ-ਐਕਸੀਡੈਂਟ ਦਿਲ ਨੂੰ ਦਰੁਸਤ ਕਰਨ ਦਾ ਕੰਮ ਕਰਦਾ ਹੈ। ਅਖਰੋਟ ਖਾਣ ਨਾਲ ਦਿਲ ਨਾਲ ਸਬੰਧਤ ਸਮੱਸਿਆਵਾਂ ਨਹੀਂ ਹੁੰਦੀਆਂ।

**ਮਾਨਸਕ ਪ੍ਰੇਸ਼ਾਨੀ ਤੋਂ ਰਾਹਤ :** ਅੱਜਕਲ ਦੀ ਭੱਜਦੌੜ ਭਰੀ ਜ਼ਿੰਦਗੀ ਨਾਲ 5 ਵਿਚੋਂ 4 ਲੋਕ ਤਣਾਅ ਮਤਲਬ ਡਿਪ੍ਰੈਸ਼ਨ ਦਾ ਸ਼ਿਕਾਰ ਹਨ। ਅਖਰੋਟ ਦੀ ਵਰਤੋਂ ਕਰਨ ਨਾਲ ਡਿਪ੍ਰੈਸ਼ਨ ਤੋਂ ਕਾਫੀ ਹਦ ਤਕ ਰਾਹਤ ਮਿਲਦੀ ਹੈ। ਹਾਲ ਹੀ 'ਚ ਹੋਏ ਇਕ ਸਰਵੇ 'ਤੋਂ ਇਹ ਪਤਾ ਚਲਿਆ ਹੈ ਕਿ ਅਖਰੋਟ ਦੀ ਵਰਤੋਂ ਨਾਲ ਤਣਾਅ ਦਾ ਸਤਰ ਕਾਫੀ ਘੱਟ ਜਾਂਦਾ ਹੈ। ਇਸ ਨੂੰ ਖਾਣ ਨਾਲ ਬਲੱਡ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ ਅਤੇ ਸਰੀਰ ਨੂੰ ਊਰਜਾ ਮਿਲਦੀ ਰਹਿੰਦੀ ਹੈ।



# ਸਿਹਤ ਲਈ ਫਾਇਦੇਮੰਦ ਹੈ ਇਮਲੀ

ਖੱਟੀ-ਮਿੱਠੀ ਇਮਲੀ ਭੋਜਨ ਦਾ ਸੁਆਦ ਵਧਾ ਦਿੰਦੀ ਹੈ। ਕੁਝ ਲੋਕ ਇਸ ਨੂੰ ਚਟਨੀ ਬਣਾਉਣ ਲਈ ਵਰਤੋਂ ਕਰਦੇ ਹਨ ਪਰ ਸੁਆਦ ਵਧਾਉਣ ਦੇ ਇਲਾਵਾ ਇਮਲੀ ਤੁਹਾਡੀ ਸਿਹਤ ਲਈ ਵੀ ਫਾਇਦੇਮੰਦ ਹੁੰਦੀ ਹੈ। ਇਮਲੀ ਦੀ ਵਰਤੋਂ ਨਾਲ ਸਿਹਤ ਦੀਆਂ ਕਈ ਸਮੱਸਿਆਵਾਂ ਦੂਰ ਹੋ ਸਕਦੀਆਂ ਹਨ, ਜਿਵੇਂ :-

**ਜੋੜਾਂ 'ਚ ਦਰਦ :** ਇਮਲੀ ਦੇ ਬੀਜ ਦੇ ਪਾਊਡਰ ਨੂੰ ਭੁੰਨ ਕੇ ਦਿਨ 'ਚ 2 ਵਾਰ ਪਾਣੀ ਨਾਲ ਲਓ। ਇਸ ਦੀ ਵਰਤੋਂ ਨਾਲ ਜੋੜਾਂ, ਗੋਡਿਆਂ, ਲੁਬ੍ਰਿਕੇਸ਼ਨ ਅਤੇ ਗਰਦਨ ਦੇ ਦਰਦ ਤੋਂ ਰਾਹਤ ਮਿਲਦੀ ਹੈ।

**ਬਵਾਸੀਰ :** ਬਵਾਸੀਰ ਦੀ ਸਮੱਸਿਆ ਨੂੰ ਦੂਰ ਕਰਨ ਲਈ ਦਿਨ 'ਚ 2 ਵਾਰ ਰੋਜ਼ਾਨਾ ਇਮਲੀ ਦਾ ਪਾਣੀ ਪੀਓ। ਨਿਯਮਿਤ ਰੂਪ 'ਚ ਇਸ ਦੀ ਵਰਤੋਂ ਨਾਲ ਬਵਾਸੀਰ ਦੀ ਸਮੱਸਿਆ ਜੜ੍ਹ ਤੋਂ ਖ਼ਤਮ ਹੋ ਜਾਂਦੀ ਹੈ।

**ਦਾਦ-ਖਾਰਸ਼ :** ਇਮਲੀ ਦੇ ਬੀਜਾਂ ਨੂੰ ਪੀਸ ਕੇ ਉਸ 'ਚ ਨਿੰਬੂ ਦਾ ਰਸ ਮਿਲਾ ਕੇ ਲਗਾਓ। ਇਸ ਨੂੰ ਰੋਜ਼ਾਨਾ ਲਗਾਉਣ ਨਾਲ ਦਾਦ-ਖਾਰਸ਼ ਦੀ ਸਮੱਸਿਆ ਕੁਝ ਹੀ ਸਮੇਂ 'ਚ ਦੂਰ ਹੋ ਜਾਵੇਗੀ।

**ਗਲੇ ਦੀ ਖਰਾਸ਼ :** ਗਲੇ ਦੀ ਖਰਾਸ਼ ਜਾਂ ਖਾਂਸੀ ਨੂੰ ਦੂਰ ਕਰਨ ਲਈ ਇਸ ਦੇ ਪੱਤਿਆਂ ਨੂੰ ਪੀਸ ਕੇ ਪੀਓ। ਦਿਨ 'ਚ 2 ਵਾਰ ਇਸ ਦੀ ਵਰਤੋਂ ਨਾਲ ਗਲੇ ਦੀ ਖਰਾਸ਼ ਜਾਂ ਖਾਂਸੀ ਨੂੰ ਮਿੰਟਾਂ 'ਚ ਦੂਰ ਕੀਤਾ ਜਾ ਸਕਦਾ ਹੈ।

**ਕੈਂਸਰ :** ਐਂਟੀ ਆਕਸੀਡੈਂਟ ਅਤੇ ਟਾਰਟਰਿਕ ਐਸਿਡ ਨਾਲ ਭਰਪੂਰ ਇਮਲੀ ਸਰੀਰ 'ਚ ਕੈਂਸਰ ਸੈਲਸ ਨੂੰ ਵਧਣ ਨਹੀਂ ਦਿੰਦੇ, ਜਿਸ ਨਾਲ ਕੈਂਸਰ ਵਰਗੀਆਂ ਬੀਮਾਰੀਆਂ ਦੂਰ ਰਹਿੰਦੀਆਂ ਹਨ। ਇਸ ਨੂੰ ਪਾਣੀ 'ਚ ਰਾਤ ਭਰ ਭਿਓਂ ਕੇ ਰੱਖ ਦਿਓ ਅਤੇ ਸਵੇਰੇ ਖਾਲੀ ਪੇਟ ਖਾਓ।

**ਨਸ਼ੇ ਦੀ ਲਤ :** ਜ਼ਿਆਦਾ ਸ਼ਰਾਬ ਦੀ ਵਰਤੋਂ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਦਾ ਖਤਰਾ ਪੈਦਾ ਹੁੰਦਾ ਹੈ। ਨਸ਼ੇ ਦੀ ਲਤ ਨੂੰ ਦੂਰ ਕਰਨ ਲਈ ਰੋਜ਼ਾਨਾ ਇਮਲੀ ਨੂੰ ਪਾਣੀ 'ਚ ਭਿਓਂ ਦਿਓ। ਇਸ ਤੋਂ ਬਾਅਦ ਇਸ 'ਚ ਗੁੜ ਮਿਲਾ ਕੇ ਦਿਨ 'ਚ 2 ਤੋਂ 3 ਵਾਰ ਖਾਓ। ਤੁਹਾਡੀ ਨਸ਼ੇ ਦੀ ਆਦਤ ਕੁਝ ਹੀ ਸਮੇਂ 'ਚ ਦੂਰ ਹੋ ਜਾਵੇਗੀ।

# ਏਸ਼ੀਆਈ ਕੁਸ਼ਤੀ ਚੈਂਪੀਅਨਸ਼ਿਪ ’ਚ ਨਵਜੋਤ ਕੌਰ ਨੇ ਸੋਨੇ ਦਾ ਤਮਗਾ ਜਿੱਤਿਆ

**ਨਵੀਂ ਦਿੱਲੀ (ਨਦਬ) :** ਸੀਨੀਅਰ ਏਸ਼ੀਆਈ ਚੈਂਪੀਅਨਸ਼ਿਪ ’ਚ ਨਵਜੋਤ ਕੌਰ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਹੈ, ਜਿਸ ਨੇ ਸੋਨੇ ਦਾ ਤਮਗਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। 2 ਮਾਰਚ ਨੂੰ ਨਵਜੋਤ ਨੇ ਜਾਪਾਨ ਦੀ ਮਿਆ ਆਈਮਾਈ ਨੂੰ 9–1 ਨਾਲ ਹਰਾ ਕੇ ਮਹਿਲਾ ਦੀ 65 ਕਿਲੋ ਗ੍ਰਾਮ ਵਰਗ ਫ੍ਰੀ ਸਟਾਈਲ ਫਾਈਨਲ ਮੁਕਾਬਲੇ ਵਿਚ ਸੋਨੇ ਦਾ ਤਮਗਾ ਜਿੱਤਿਆ।

ਨਵਜੋਤ ਕੌਰ ਨੇ ਸੀਨੀਅਰ ਏਸ਼ੀਅਨ ਰੈਸਲਿੰਗ ਚੈਂਪੀਅਨਸ਼ਿਪ ’ਚੋਂ ਸੋਨ ਤਮਗਾ ਜਿੱਤ ਕੇ ਪਹਿਲੀ ਭਾਰਤੀ ਮਹਿਲਾ ਰੈਸਲਰ ਬਣਨ ਦਾ ਮਾਣ ਹਾਸਲ ਕਰ ਲਿਆ ਹੈ। ਦਿੱਲੀ ਏਅਰਪੋਰਟ ਪਹੁੰਚਣ ’ਤੇ ਨਵਜੋਤ ਨੇ ਕਿਹਾ ਹੈ ਕਿ ਉਸ ਦਾ ਟੀਚਾ ਏਸ਼ੀਅਨ ਖੇਡਾਂ ਤੇ 2020 ਦੀਆਂ ਓਲੰਪਿਕ ਖੇਡਾਂ ਹਨ।

ਨਵਜੋਤ ਕੌਰ ਨੇ ਇਸ ਤੋਂ ਪਹਿਲਾਂ 2013 ’ਚ ਏਸ਼ੀਆਈ ਚੈਂਪੀਅਨਸ਼ਿਪ ਵਿਚ ਚਾਂਦੀ ਦਾ ਤਮਗ਼ਾ ਜਿੱਤਿਆ ਸੀ, ਜਦੋਂ ਕਿ 2014 ਦੀਆਂ ਰਾਸ਼ਟਰਮੰਡਲ ਖੇਡਾਂ ’ਚ ਕਾਂਸੀ ਦਾ ਤਮਗ਼ਾ ਜਿੱਤਿਆ ਸੀ।

ਸਾਕਸ਼ੀ ਮਲਿਕ ਨੇ 62 ਕਿਲੋਗ੍ਰਾਮ ਵਰਗ ਦੇ ਫ਼੍ਰੀ ਸਟਾਈਲ ਮੁਕਾਬਲੇ ’ਚ ਕਾਸੀ ਦਾ ਤਮਗ਼ਾ ਹਾਸਲ ਕੀਤਾ ਹੈ। ਉਥੇ ਹੀ 50 ਕਿਲੋਗ੍ਰਾਮ ਵਰਗ ਦੇ ਮੁਕਾਬਲੇ ’ਚ ਵਿਨੇਸ਼ ਫ਼ੋਗਾਟ ਨੇ ਚਾਂਦੀ ਦਾ ਤਮਗ਼ਾ ਜਿੱਤਿਆ ਹੈ। ਉਸ ਨੂੰ ਫ਼ਾਈਨਲ ਮੁਕਾਬਲੇ ’ਚ ਚੀਨੀ ਭਲਵਾਨ ਚੁਨ ਲੀ ਤੋਂ 2–3 ਨਾਲ ਹਾਰ ਦਾ ਸਾਹਮਣਾ ਕਰਨ ਪਿਆ। ਇਸ ਮੁਕਾਬਲੇਬਾਜ਼ੀ ’ਚ ਸੰਗੀਤਾ ਫ਼ੋਗਾਟ ਨੇ 59 ਕਿਲੋਗ੍ਰਾਮ ਵਰਗ ’ਚ ਕਾਂਸੀ ਦਾ ਤਮਗ਼ਾ ਜਿੱਤਿਆ ਹੈ।

ਨਵਜੋਤ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਬਾਗੜੀਆਂ ਦੀ ਜੰਮਪਲ ਹੈ। ਆਰਥਕ ਮੰਦੀ ਤੋਂ ਗੁਜਰ ਰਹੇ ਪਰਿਵਾਰ ਦੀ ਧੀ ਨੇ ਬਾਰਡਰ ਨਾਲ ਲੱਗਦੇ ਪਿੰਡ ਦਾ ਨਾਂ ਦੁਨੀਆਂ ਭਰ ’ਚ ਰੋਸ਼ਨ ਕੀਤਾ ਹੈ।



## ਪਿਤਾ ਨੇ ਚੁੱਕਿਆ ਕਰਜ਼ਾ

ਨਵਜੋਤ ਕੌਰ ਨੇ ਦਸਿਆ, “ਰੈਸਲਿੰਗ ਦੀ ਪ੍ਰੈਕਟਿਸ ਲਈ ਵਰਤੀਆਂ ਜਾਂਦੀਆਂ ਚੀਜ਼ਾਂ ਬਹੁਤ ਮਹਿੰਗੀਆਂ ਸੀ ਪਰ ਮੈਨੂੰ ਕਦੇ ਕਿਸੇ ਚੀਜ਼ ਦੀ ਕਮੀ ਨਹੀਂ ਆਈ। ਕਰਜ਼ਾ ਚੁੱਕ ਕੇ ਮੇਰੇ ਪਿਤਾ ਨੇ ਮੈਨੂੰ ਇੱਥੇ ਤੱਕ ਪਹੁੰਚਾਇਆ। ਉਹ ਇਕ ਹੀ ਗੱਲ ਕਹਿੰਦੇ ਸੀ ਇਕ ਵਾਰ ਮੈਡਲ ਆ ਜਾਵੇ। ਉਨ੍ਹਾਂ ਨੇ ਮੈਨੂੰ ਕਦੇ ਪਤਾ ਨਹੀਂ ਲੱਗਣ ਦਿੱਤਾ ਕਿ ਉਨ੍ਹਾਂ ਨੇ ਮੇਰੇ ਲਈ ਕਰਜ਼ਾ ਚੁੱਕਿਆ ਹੈ। ਮੈਨੂੰ ਕਾਫ਼ੀ ਸਮੇਂ ਬਾਅਦ ਮੇਰੀ ਭੈਣ ਤੋਂ ਇਸ ਬਾਰੇ ਪਤਾ ਲੱਗਿਆ।” ਨਵਜੋਤ ਨੇ ਕਿਹਾ, “ਮੈਂ ਆਪਣੇ ਮਾਤਾ ਪਿਤਾ ਦਾ ਨਾਂ ਰੌਸ਼ਨ ਕਰਨਾ ਚਾਹੁੰਦੀ ਸੀ। ਹਮੇਸ਼ਾ ਇਹੀ ਸੋਚ ਮੇਰੇ ਦਿਮਾਗ ਵਿਚ ਸੀ ਕਿ ਮੈਂ ਆਪਣੇ ਮਾਤਾ ਪਿਤਾ ਲਈ ਕੁਝ ਕਰਨਾ ਹੈ।”

## ‘ਕੁੜੀਆਂ ਕਹਿੰਦੀਆਂ ਸੀ ਪਾਗਲ ਹੋ ਜਾਵਾਂਗੀ’

“ਮੈਂ 8ਵੀਂ ਕਲਾਸ ਤੋਂ ਹੀ ਕੁਸ਼ਤੀ ਖੇਡਣੀ ਸ਼ੁਰੂ ਕਰ ਦਿੱਤੀ ਸੀ ਅਤੇ ਇਸ ਲਈ ਦਿਨ–ਰਾਤ ਮਿਹਨਤ ਕਰਦੀ ਸੀ। ਮੇਰੇ ਨਾਲ ਪੜ੍ਹਨ ਵਾਲੀਆਂ ਕੁੜੀਆਂ ਮੇਰੀ ਭੈਣ ਨੂੰ ਕਹਿੰਦੀਆਂ ਸੀ ਕਿ ਇਹ ਪਾਗਲ ਹੋ ਜਾਵੇਗੀ। ਸਾਰਾ ਦਿਨ ਕੁਸ਼ਤੀ ਦੀ ਹੀ ਪ੍ਰੈਕਟਿਸ ਕਰਦੀ ਰਹਿੰਦੀ ਹੈ ਪਰ ਮੈਨੂੰ ਜਨੂੰਨ ਸੀ ਕਿ ਮੈਂ ਕੁਝ ਕਰਨਾ ਹੈ।”

## ‘ਜਹਾਜ਼ ’ਚ ਬੈਠਣ ਦੇ ਸ਼ੌਕ ਨੇ ਬਣਾਇਆ ਖਿਡਾਰੀ’

ਨਵਜੋਤ ਕੌਰ ਨੇ ਦਸਿਆ, “ਮੈਨੂੰ ਬਚਪਨ ਤੋਂ ਹੀ ਜਹਾਜ਼ ਵਿਚ ਚੜ੍ਹਨ ਦਾ ਬਹੁਤ ਸ਼ੌਕ ਸੀ। ਮੈਨੂੰ ਕਿਸੇ ਨੇ ਦੱਸਿਆ ਸੀ ਕਿ ਖਿਡਾਰੀਆਂ ਨੂੰ ਹਮੇਸ਼ਾਂ ਜਹਾਜ਼ ਵਿਚ ਚੜ੍ਹਨ ਦਾ ਮੌਕਾ ਮਿਲਦਾ ਹੈ। ਉਸ ਤੋਂ ਬਾਅਦ ਮੈਂ ਮਨ ਬਣਾ ਲਿਆ ਕਿ ਮੈਂ ਜਹਾਜ਼ ਵਿਚ ਚੜ੍ਹਨਾ ਹੈ। ਭਾਵੇਂ ਉਸ ਲਈ ਕਿੰਨੀ ਵੀ ਮਿਹਨਤ ਕਿਉਂ ਨਾ ਕਰਨੀ ਪਵੇ।”

## ‘ਭੈਣ ਤੋਂ ਮਿਲੀ ਕੁਸ਼ਤੀ ਖੇਡਣ ਦੀ ਪ੍ਰੇਰਨਾ’

ਨਵਜੋਤ ਨੂੰ ਕੁਸ਼ਤੀ ਖੇਡਣ ਦੀ ਪ੍ਰੇਰਨਾ ਉਨ੍ਹਾਂ ਦੀ ਭੈਣ ਤੋਂ ਮਿਲੀ। ਨਵਜੋਤ ਨੇ ਦਸਿਆ, “ਮੇਰੀ ਵੱਡੀ ਭੈਣ ਕੁਸ਼ਤੀ ਲੜਦੀ ਸੀ, ਉਨ੍ਹਾਂ ਨੂੰ ਦੇਖ ਕੇ ਮੈਂ ਖੇਡਦੀ ਸੀ ਪਰ ਮੇਰੀ ਭੈਣ ਦੀ ਲੱਤ ’ਤੇ ਸੱਟ ਲੱਗ ਗਈ ਤੇ ਉਹ ਇਸ ਲਾਈਨ ਵਿਚ ਅੱਗੇ ਨਾ ਵੱਧ ਸਕੀ। ਮੇਰੀ ਭੈਣ ਨੇ ਮੈਨੂੰ ਇਸ ਲਈ ਉਤਸ਼ਾਹਿਤ ਕੀਤਾ।”

# ਮਨੂ ਭਾਕਰ ਨੇ ਦੂਜਾ ਸੋਨ ਤਗ਼ਮਾ ਫੁੰਡਿਆ






**ਨਵੀਂ ਦਿੱਲੀ (ਨਦਬ) :** ਹਰਿਆਣਾ ਦੀ 16 ਸਾਲਾ ਮੁਟਿਆਰ ਮਨੂ ਭਾਕਰ ਨੇ ਮੈਕਸਿਕੋ ਦੇ ਗੁਆਡਾਲਾਜਾਰਾ ਵਿਚ ਹੋਏ ਆਈ.ਐਸ. ਐਸ.ਐਫ. ਵਿਸ਼ਵ ਕੱਪ ਵਿਚ ਧੁੰਮਾਂ ਪਾ ਦਿੱਤੀਆਂ। ਮਨੂ ਨੇ ਮਿਕਸਡ ਟੀਮ ਮੁਕਾਬਲੇ ’ਚ ਲਗਾਤਾਰ ਦੂਜਾ ਸੋਨ ਤਗ਼ਮਾ ਜਿੱਤਿਆ। ਇਸ ਪ੍ਰਦਰਸ਼ਨ ਨਾਲ ਭਾਰਤ ਨੇ ਤਿੰਨ ਸੋਨੇ ਅਤੇ ਚਾਰ ਚਾਂਦੀ ਸਣੇ ਕੁੱਲ ਸੱਤ ਤਗ਼ਮੇ ਆਪਣੇ ਨਾਮ ਕਰ ਲਏ। ਮਨੂ ਭਾਕਰ ਨੇ ਓਮ ਪ੍ਰਕਾਸ਼ ਮਿਥਰਵਾਲ ਨਾਲ 10 ਮੀਟਰ ਏਅਰ ਪਿਸਟਲ ਮੁਕਾਬਲੇ ’ਚ ਸੋਨ ਤਗ਼ਮਾ ਜਿੱਤਿਆ, ਜਿਸ ਕਾਰਨ ਪਲੇਠਾ ਸੀਨੀਅਰ ਵਿਸ਼ਵ ਕੱਪ ਉਸ ਲਈ ਯਾਦਗਾਰ ਬਣ ਗਿਆ।

11ਵੀਂ ਜਮਾਤ ਦੀ ਇਹ ਵਿਦਿਆਰਥਣ ਸਭ ਤੋਂ ਘੱਟ ਉਮਰ ਵਿਚ ਸੀਨੀਅਰ ਵਿਸ਼ਵ ਕੱਪ ਸੋਨ ਤਗ਼ਮਾ ਜਿੱਤਣ ਵਾਲੀ ਪਹਿਲੀ ਨਿਸ਼ਾਨੇਬਾਜ਼ ਹੈ ਜਾਂ ਨਹੀਂ ਭਾਰਤੀ ਕੌਮੀ ਰਾਈਫਲ ਸੰਘ ਇਸ ਦੀ ਪੁਸ਼ਟੀ ਨਹੀਂ ਕੀਤੀ। ਮਿਕਸਡ ਟੀਮ ਵਿਚ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿਚ ਮਨੂ ਅਤੇ ਓਮ ਪ੍ਰਕਾਸ਼ ਨੇ ਭਾਰਤ ਦੀ ਅਗਵਾਈ ਕਰਦਿਆਂ ਕੁਆਲੀਫ਼ੀਕੇਸ਼ਨ ਵਿਚ 770 ਦਾ ਸਕੋਰ ਕਰਕੇ ਦੂਜੇ ਸਥਾਨ ’ਤੇ ਸਨ। ਉਨ੍ਹਾਂ ਤੋਂ ਅੱਗੇ ਕ੍ਰਿਸਟੀਅਨ ਅਤੇ ਸਾਂਦਰਾ ਰੇਈਟਜ਼ ਦੀ ਪਤੀ–ਪਤਨੀ ਜਰਮਨ ਜੋੜੀ ਨੇ ਕੁਆਲੀਫੀਕੇਸ਼ਨ ਵਿਚ 777 ਦਾ ਸਕੋਰ ਬਣਾਇਆ ਜੋ ਵਿਸ਼ਵ ਕੱਪ ਸਕੋਰ ਰਿਹਾ। ਇਸ ਤੋਂ ਬਾਅਦ ਮਹਿਮਾ ਅਗਰਵਾਲ ਅਤੇ ਸ਼ਹਜ਼ਾਰ ਰਿਜ਼ਵੀ ਦੀ ਦੂਜੀ ਭਾਰਤੀ ਜੋੜੀ 763 ਦੇ ਸਕੋਰ ਨਾਲ ਪੰਜ ਟੀਮਾਂ ਦੇ ਫਾਈਨਲ ਮੁਕਾਬਲੇ ਵਿਚ ਚੌਥੇ ਸਥਾਨ ’ਤੇ ਰਹੀ। ਤਿੰਨਾਂ ਜੋੜੀਆਂ ਵਿਚਾਲੇ ਸਖ਼ਤ ਮੁਕਾਬਲੇ ਮਗਰੋਂ ਭਾਰਤੀ ਟੀਮ ਨੇ 38 ਸ਼ਾਟ ਲਗਾ ਕੇ ਜਰਮਨ ਟੀਮ ਨੂੰ ਪਿੱਛੇ ਛੱਡ ਦਿੱਤਾ। ਫਿਰ ਇਕ 0.1 ਸਕੋਰ ਪਿੱਛੇ ਰਹਿਣ ਤੋਂ ਬਾਅਦ 48 ਸ਼ਾਟ ਮਗਰੋਂ ਇਕ ਸ਼ਾਟ ਦੇ ਫ਼ਰਕ ਨਾਲ ਸੋਨ ਤਗ਼ਮਾ ਜਿੱਤ ਲਿਆ।

ਭਾਰਤੀ ਟੀਮ ਨੇ 476.1 ਦਾ ਸਕੋਰ ਬਣਾਇਆ ਜਦਕਿ ਚਾਂਦੀ ਤਗ਼ਮਾ ਜੇਤੂ ਜਰਮਨ ਟੀਮ ਨੇ 475.2 ਦਾ ਸਕੋਰ ਲਿਆ। ਦੀਪਕ ਕੁਮਾਰ ਅਤੇ ਮੇਹੁਲ ਘੋਸ਼ ਨੇ ਟੂਰਨਾਮੈਂਟ ਵਿਚ ਦੇਸ਼ ਨੂੰ ਛੇਵਾਂ ਤਗ਼ਮਾ ਦਿਵਾਇਆ। ਉਨ੍ਹਾਂ ਨੇ 10 ਮੀਟਰ ਰਾਈਫਲ ਮਿਕਸਡ ਟੀਮ ਮੁਕਾਬਲੇ ਵਿਚ ਕਾਂਸੀ ਦਾ ਤਗ਼ਮਾ ਜਿੱਤਿਆ।

# ਰਾਸ਼ਟਰਮੰਡਲ ਖੇਡਾਂ ’ਚ ਭਾਰਤ ਦੀ ਅਗਵਾਈ ਕਰੇਗੀ ਮੈਰੀਕਾਮ

**ਨਵੀਂ ਦਿੱਲੀ (ਨਦਬ) :** ਭਾਰਤੀ ਮੁੱਕੇਬਾਜ਼ੀ ਮਹਾਸੰਘ (ਬੀ.ਐਫ. ਆਈ.) ਨੇ ਆਸਟਰੇਲੀਆ ਦੇ ਗੋਲਡ ਕੋਸਟ ’ਚ 4 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਦੀ ਮੁੱਕੇਬਾਜ਼ੀ ਪ੍ਰਤੀਯੋਗਿਤਾ ਲਈ 5 ਵਾਰ ਦੀ ਵਿਸ਼ਵ ਚੈਂਪੀਅਨ ਐਮ. ਸੀ. ਮੈਰੀਕਾਮ ਤੇ ਮਨੋਜ ਕੁਮਾਰ ਦੀ ਅਗਵਾਈ ’ਚ ਭਾਰਤੀ ਦਲ ਦਾ ਐਲਾਨ ਕਰ ਦਿੱਤਾ ਹੈ। ਮਹਿਲਾ ਵਰਗ ’ਚ ਮੈਰੀਕਾਮ 48 ਕਿ. ਗ੍ਰਾ. ਤੇ ਪੁਰਸ਼ ਵਰਗ ’ਚ ਮਨੋਜ 69 ਕਿ. ਗ੍ਰਾ. ਵਿਚ ਆਪਣੀ ਚੁਣੌਤੀ ਪੇਸ਼ ਕਰੇਗਾ। ਟੂਰਨਾਮੈਂਟ ਲਈ ਨਮਨ ਤੰਵਰ ਤੇ



ਗੌਰਵ ਸੋਲੰਕੀ ਨੇ ਵੀ ਟੀਮ ’ਚ ਆਪਣੀ ਜਗ੍ਹਾ ਪੱਕੀ ਕੀਤੀ ਹੈ। ਤੰਵਰ ਤੇ ਸੋਲੰਕੀ ਨੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿਚ ਆਯੋਜਿਤ ਚੋਣ ਟ੍ਰਾਇਲ ’ਚ ਰਾਸ਼ਟਰਮੰਡਲ ਖੇਡਾਂ ਲਈ ਕੁਆਲੀਫਾਈ ਕੀਤਾ ਸੀ। ਟੀਮ ਇਸ ਤਰ੍ਹਾਂ ਹੈ : ਮਹਿਲਾ ਵਰਗ : ਐਮ.ਸੀ. ਮੈਰੀਕਾਮ (48 ਕਿ. ਗ੍ਰਾ.), ਪਿੰਕੀ ਰਾਣੀ (51), ਲੈਸ਼ਰਾਮ ਦੇਵੀ (60), ਲਵਲਿਨਾ ਬੋਗੋਹੇਨ (69)।

ਪੁਰਸ਼ ਵਰਗ : ਅਮਿਤ ਫਾਂਗਲ (49 ਕਿ. ਗ੍ਰਾ.), ਗੌਰਵ ਸੋਲੰਕੀ (52), ਹੁਸੈਨ ਮੁਹੰਮਦ (56), ਮਨੀਸ਼ ਕੌਸ਼ਿਕ (60), ਮਨੋਜ ਕੁਮਾਰ (69), ਵਿਕਾਸ ਕ੍ਰਿਸ਼ਣਨ (75), ਨਮਨ ਤੰਵਰ (91), ਸਤੀਸ਼ ਕੁਮਾਰ (91 ਕਿ. ਗ੍ਰਾ. ਤੋਂ ਵੱਧ)।

# ਉੱਤਰ-ਪੂਰਬ ਵਿਚ ਜਿੱਤੇ ਹੋਏ ਵੀ ਜਿੱਤਦੇ ਨਹੀਂ

**ਕੌਫ਼ੀ ਤੇ ਗੱਪ-ਸ਼ੱਪ**

ਹਰੀਸ਼ ਖਰੇ



ਹੁਣ ਇਕ-ਦੋ ਦਿਨ ਅਸੀਂ ਉੱਤਰ-ਪੂਰਬੀ ਰਾਜਾਂ ਵਿਚ ਹੋਈਆਂ ਚੋਣਾਂ ਦੇ ਨਤੀਜਿਆਂ ਬਾਰੇ ਉਤਸ਼ਾਹਪੂਰਨ ਢੰਗ ਨਾਲ ਗੱਲਾਂ ਕਰਾਂਗੇ ਤੇ ਫਿਰ ਆਪਣੀਆਂ 'ਮੁੱਖਧਾਰਾਈ' ਧਾਰਨਾਵਾਂ ਅਤੇ ਖ਼ਬਤਾਂ ਵੱਲ ਪਰਤ ਜਾਵਾਂਗੇ। ਇਹ ਵਕਤੀ ਰੁਝੇਵੇਂ ਵੱਖਰੀ ਗੱਲ ਹਨ, ਪਰ ਦਿੱਲੀ ਸਲਤਨਤ ਲਈ ਉੱਤਰ-ਪੂਰਬ ਹਾਲੇ ਵੀ ਬਹੁਤ ਦੂਰ ਹੈ।

ਰੋਮਨ ਸਾਮਰਾਜ ਵੇਲੇ ਤੋਂ ਹੀ ਬਾਹਰੀ ਖੇਤਰਾਂ ਦਾ ਪ੍ਰਬੰਧ ਕਰਨਾ ਕੇਂਦਰੀ ਹਕੂਮਤ ਲਈ ਔਖਾ ਕਾਰਜ ਰਿਹਾ ਹੈ। ਸੱਤਾ ਅਤੇ ਕੰਟਰੋਲ ਦੇ ਕੇਂਦਰ ਤੋਂ ਸੂਬੇ ਦੀ ਦੂਰੀ ਜਿੰਨੀ ਜ਼ਿਆਦਾ ਹੋਵੇਗੀ, ਇਸ ਦੇ ਕੇਂਦਰ ਪ੍ਰਤੀ ਧਿਆਨ, ਸਨੇਹ ਅਤੇ ਤਾਬੇਦਾਰੀ ਦੇ ਰਿਸ਼ਤੇ ਓਨੇ ਹੀ ਪੇਤਲੇ ਹੋਣਗੇ। ਕੇਂਦਰ ਵਿਚ ਸੱਤਾਧਾਰੀ ਪਾਰਟੀ ਚਾਹੇ ਕਿਸੇ ਵੀ ਰੰਗ ਦੀ ਹੋਵੇ, ਨਵੀਂ ਦਿੱਲੀ ਲਈ ਉੱਤਰ-ਪੂਰਬ ਨੂੰ ਸੰਭਾਲਣ ਦੀ ਕਵਾਇਦ ਸਿਰਦਰਦੀ ਹੀ ਬਣੀ ਰਹੀ ਹੈ। ਇਨ੍ਹਾਂ ਸੂਬਿਆਂ ਵਿਚ ਆਪਣੀ ਚੌਧਰ ਕਾਇਮ ਕਰਨ ਲਈ ਕੇਂਦਰੀ ਪਾਰਟੀਆਂ ਨੂੰ ਸਦਾ ਪੱਬਾਂ ਭਾਰ ਰਹਿਣਾ ਪੈਂਦਾ ਹੈ। ਤੁਸੀਂ ਇਸ ਨੂੰ ਜੋ ਮਰਜ਼ੀ ਸਮਝੋ, ਕੁੱਲ ਮਿਲਾ ਕੇ ਇਹ ਸਾਮਰਾਜੀ ਕਵਾਇਦ ਤੋਂ ਵੱਧ ਕੁਝ ਨਹੀਂ।

ਜਿਸ ਕਿਸੇ ਨੇ ਵੀ ਕਦੇ ਉੱਤਰ-ਪੂਰਬ ਦੇ ਕਿਸੇ ਹਿੱਸੇ ਦਾ ਸਫ਼ਰ ਕੀਤਾ ਹੈ, ਉਹ ਇਸ ਜਗ੍ਹਾ ਦੀ ਕੁਦਰਤੀ ਸੁੰਦਰਤਾ ਤੋਂ ਮੰਤਰ-ਮੁਗਧ ਹੋਇਆ ਹੀ ਹੈ। ਇਸ ਦੇ ਨਾਲ ਹੀ ਉਹ 'ਕੇਂਦਰੀ ਭੂਮੀ' ਅਤੇ ਇਸ 'ਬਾਹਰੀ ਖੇਤਰ' ਦਰਮਿਆਨ ਕੰਮ-ਚਲਾਊ ਸਬੰਧਾਂ ਤੋਂ ਵੀ ਤੇਜ਼ੀ ਨਾਲ ਜਾਣੂੰ ਹੁੰਦਾ ਹੈ। ਚਾਹੇ (ਕਾਂਗਰਸ ਦੇ ਯੁੱਗ) ਦੇ ਧੋਤੀਆਂ ਵਾਲੇ ਹੋਣ ਜਾਂ ਨਵੀਂ ਦਿੱਲੀ ਦੀ ਸੱਤਾ ਉੱਤੇ ਕਾਬਜ਼ ਗਊ-ਰੱਖਿਅਕ, ਉੱਤਰ-ਪੂਰਬ ਨਾਲ ਤਹਿਜ਼ੀਬੀ ਅਤੇ ਜਜ਼ਬਾਤੀ ਪਾੜਾ ਸਦਾ ਹੀ ਪ੍ਰਤੱਖ ਰਿਹਾ ਹੈ।

ਚੀਨ ਨਾਲ 1962 ਦੇ ਵਿਵਾਦ ਮਗਰੋਂ ਅਸੀਂ ਆਪਣੀ ਸੂਝਵਾਨਤਾ ਨਾਲ ਸੋਚਿਆ ਕਿ ਅਸੀਂ ਜੇਕਰ (ਉੱਤਰ-ਪੂਰਬ ਵਿਚ) ਜਮਹੂਰੀ ਅਤੇ ਚੁਣਾਵੀ ਪ੍ਰਣਾਲੀ ਸ਼ੁਰੂ ਕਰ ਸਕੇ ਤਾਂ ਇਨ੍ਹਾਂ ਸੂਬਿਆਂ ਨਾਲ ਸਬੰਧ ਮਜ਼ਬੂਤ ਹੋਣਗੇ। ਅਮਲੀ ਰੂਪ ਵਿਚ ਇਸ ਤੋਂ ਭਾਵ ਪਛਾਣ ਆਧਾਰਤ ਸਿਆਸਤ ਸੀ। ਇਸ ਨੇ ਬਦਲੇ ਵਿਚ ਕਬਾਇਲੀ ਅਤੇ ਨਸਲੀ ਵੰਡੀਆਂ ਨੂੰ ਉਭਾਰਿਆ। ਅਤੇ ਇਨ੍ਹਾਂ ਵੰਡੀਆਂ ਨੇ ਕਬੀਲਿਆਂ ਦਰਮਿਆਨ ਵਿਵਾਦ ਉਤਪੰਨ ਕੀਤੇ ਅਤੇ ਵਿਵਾਦਾਂ ਨੇ ਸੁਰੱਖਿਆ ਏਜੰਸੀਆਂ ਦਾ ਧਿਆਨ ਇਸ ਖੇਤਰ ਵੱਲ ਖਿੱਚਿਆ। ਇਸ ਸਾਰੇ ਖ਼ਿੱਤੇ ਨੇ ਕਿਸੇ ਨਾ ਕਿਸੇ ਰੰਗ-ਰੂਪ ਵਿਚ ਹਿੰਸਾ ਅਤੇ ਜਬਰ ਨੂੰ ਸਹਾਰਿਆ ਹੈ। ਬਗ਼ਾਵਤ ਅਤੇ ਅਤਿਵਾਦ ਇੱਥੇ 'ਆਮ' ਜ਼ਿੰਦਗੀ ਦਾ ਹਿੱਸਾ ਬਣ ਚੁੱਕੇ ਹਨ। ਸੋ ਸਾਡੀਆਂ ਖ਼ੁਫ਼ੀਆ ਏਜੰਸੀਆਂ ਦੀ ਮੌਜੂਦਗੀ ਵੀ ਇੱਥੇ ਸਥਾਈ ਰੂਪ ਵਿਚ ਹੈ।

ਜਮਹੂਰੀਅਤ ਸਥਾਪਤ ਕਰਨ ਦੀ ਆਪਣੀ ਇੱਛਾ ਤਹਿਤ ਅਸੀਂ ਉਸ ਖੇਤਰ ਵਿਚ ਚੁਣਾਵੀ ਸਿਆਸਤ ਦੀਆਂ ਸਾਰੀਆਂ ਬੇਕਾਇਦਗੀਆਂ ਲਿਆਂਦੀਆਂ ਜਿਸ ਨੂੰ ਆਪਣੀ ਨਸਲੀ ਅਲਹਿਦਗੀ ਅਤੇ ਖ਼ੁਦਮੁਖਤਾਰੀ 'ਤੇ ਨਾਜ਼ ਰਿਹਾ ਹੈ। ਆਰਐੱਸਐੱਸ ਅਤੇ ਹੋਰਾਂ ਨੇ ਸੋਚਿਆ ਕਿ 'ਚਰਚ' ਪੁਆੜੇ ਦੀ ਜੜ੍ਹ ਹੈ ਅਤੇ ਇਸ ਬਾਰੇ ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਫਿਰ ਕੁਚਾਲਾਂ ਭਰੇ ਆਪਣੇ ਬੋਝਿਆਂ ਨਾਲ ਸਿਆਸੀ ਪਾਰਟੀਆਂ ਉੱਥੇ ਪੁੱਜ ਗਈਆਂ। ਸਾਡੀਆਂ 'ਏਜੰਸੀਆਂ' ਨੇ ਸਮੇਂ ਦੀਆਂ ਕੇਂਦਰ ਸਰਕਾਰਾਂ ਤਰਫ਼ੋਂ ਦਖਲਅੰਦਾਜ਼ੀ ਕਰਨੀ ਸ਼ੁਰੂ ਕੀਤੀ। ਚੇਤੇ ਰਹੇ ਕਿ 2001 ਵਿਚ ਐੱਨਡੀਏ ਦੇ ਦਿਨਾਂ ਦੌਰਾਨ ਤਤਕਾਲੀ ਰੱਖਿਆ ਮੰਤਰੀ ਜੌਰਜ ਫਰਨਾਂਡੇਜ਼ ਦੀ ਜੇਬ੍ਹ ਵਿਚਲੀ (ਭਾਵ ਪੂਰੀ ਤਰ੍ਹਾਂ ਉਨ੍ਹਾਂ ਦੀ ਫਰਮਾਬਰਦਾਰ) ਸਮਤਾ ਪਾਰਟੀ ਨੇ ਆਖ਼ਰ ਮਨੀਪੁਰ ਵਿਚ ਸਰਕਾਰ ਬਣਾ ਲਈ ਸੀ- ਬੇਸ਼ੱਕ ਕੇਂਦਰੀ ਫ਼ੰਡਾਂ ਅਤੇ ਏਜੰਸੀਆਂ ਦੀ ਸ਼ਹਿ ਤੇ ਸਹਾਇਤਾ ਪ੍ਰਾਪਤ ਦਲਬਦਲੂਆਂ ਦੀ ਮਦਦ ਨਾਲ ਹੀ ਅਜਿਹਾ ਕੁਝ ਹੋਇਆ ਸੀ।

ਅਸੀਂ ਬਦ ਤੋਂ ਵੀ ਬਦਤਰ ਕੀਤਾ ਹੈ। ਅਸੀਂ ਸਾਰੇ ਸਿਆਸੀ ਕੁਲੀਨਾਂ ਨੂੰ ਭ੍ਰਿਸ਼ਟ ਬਣਾ ਦਿੱਤਾ ਹੈ। ਏਜੰਸੀਆਂ ਤੇ ਕੇਂਦਰੀ ਫ਼ੰਡਾਂ ਕਾਰਨ ਸਿਆਸੀ ਦ੍ਰਿਸ਼ਾਵਲੀ ਟੇਢੀ-ਮੇਢੀ ਹੈ। ਤਕਰੀਬਨ ਹਰ ਇਕ ਆਗੂ/ਮੰਤਰੀ/ਵਿਧਾਇਕ ਨੇ ਰਾਸ਼ਟਰੀ ਸਰੋਤਾਂ ਦੀ ਲੁੱਟ-ਖਸੁੱਟ ਦੀ ਵਹਿੰਦੀ ਗੰਗਾ ਵਿਚ ਹੱਥ ਧੋਤੇ ਹਨ, ਮੁੰਬਈ ਤੇ ਦਿੱਲੀ ਵਿਚ ਬੇਨਾਮੀ ਜਾਇਦਾਦ ਖਰੀਦੀ ਹੈ ਅਤੇ ਹਥਿਆਰਾਂ ਦੀ ਤਸਕਰੀ ਦੇ ਗ਼ੈਰ-ਕਾਨੂੰਨੀ ਧੰਦੇ ਵਿਚ ਸ਼ਾਮਲ ਹੈ।

ਵਿਧਾਨ ਸਭਾ ਚੋਣਾਂ ਦੇ ਨਤੀਜੇ ਕੋਈ ਖ਼ਾਸ ਮਾਅਨੇ ਨਹੀਂ ਰੱਖਦੇ ਕਿਉਂਕਿ (ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਬਣੇ) ਕੁਝ ਚੀਜ਼ਾਂ ਕਦੇ ਬਦਲਦੀਆਂ ਨਹੀਂ।

ਸਾਲ 2014 ਦੀਆਂ ਲੋਕ ਸਭਾ ਚੋਣਾਂ ਸਮੇਂ ਭਾਜਪਾ ਉੱਤਰ ਪ੍ਰਦੇਸ਼ ਦੀਆਂ 80 ਲੋਕ ਸਭਾ ਸੀਟਾਂ ਵਿਚੋਂ 73 ਸੀਟਾਂ ਆਖ਼ਰ ਕਿਵੇਂ ਜਿੱਤ ਗਈ? ਅਤੇ ਫਿਰ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਦੋ-ਤਿਹਾਈ ਤੋਂ ਵਧੇਰੇ ਸੀਟਾਂ ਇਸ ਨੇ ਆਪਣੀ ਝੋਲੀ ਕਿਵੇਂ ਪਵਾ ਲਈਆਂ? ਇਸ ਸਵਾਲ ਦਾ ਟੋਟਿਆਂ ਦੇ ਰੂਪ ਵਿਚ ਜਵਾਬ ਇਕ ਨਵੀਂ ਪੁਸਤਕ 'ਐਵਰੀਡੇਅ ਕਮਿਊਨਲਿਜ਼ਮ- ਰਾਇਟਸ ਇਨ ਕੌਨਟੈਂਪਰੇਰੀ ਉੱਤਰ ਪ੍ਰਦੇਸ਼' (ਨਿੱਤ ਦਾ ਫ਼ਿਰਕੂਵਾਦ- ਸਮਕਾਲੀ ਉੱਤਰ ਪ੍ਰਦੇਸ਼ ਵਿਚ ਦੰਗੇ) ਵਿਚ ਉਪਲੱਬਧ ਹੈ ਜੋ ਪ੍ਰੋਫ਼ੈਸਰ ਸੁਧਾ ਪਾਈ ਅਤੇ ਸੱਜਣ ਕੁਮਾਰ ਨੇ ਲਿਖੀ ਹੈ। ਮੈਨੂੰ ਇਸ ਹਫ਼ਤੇ ਦੇ ਸ਼ੁਰੂ 'ਚ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ ਵਿਚ ਇਸ ਪੁਸਤਕ ਦਾ ਵਿਮੋਚਨ ਕਰਨ ਦਾ ਸੱਦਾ ਮਿਲਣ ਦਾ ਮਾਣ ਹਾਸਲ ਹੋਇਆ। ਇਸ ਪੁਸਤਕ ਉੱਤੇ ਪੁਰਜੋਸ਼ ਚਰਚਾ ਹੋਈ ਅਤੇ ਮੇਰੇ ਸਾਥੀ ਪੈਨਲ ਮੈਂਬਰਾਂ ਵਿਚ ਸਲਿਲ ਮਿਸ਼ਰਾ, ਸਿਧਾਰਥ ਵਰਦਰਾਜਨ ਅਤੇ ਸੀਮਾ ਚਿਸ਼ਤੀ ਸ਼ਾਮਿਲ ਸਨ। ਅਤੇ ਪ੍ਰੋਫ਼ੈਸਰ ਨੀਰਜਾ ਗੋਪਾਲ ਜਯਾਲ ਨੇ ਉਸ ਸ਼ਾਮ ਇਸ ਪ੍ਰੋਗਰਾਮ ਦਾ ਸੰਚਾਲਨ ਕੀਤਾ।

ਵਿਦਵਾਨਾਂ ਵਾਲੀ ਅਨੂਠੀ ਨਿਰਲੇਪਤਾ ਨਾਲ ਪ੍ਰੋਫ਼ੈਸਰ ਪਾਈ ਇਸ ਵਰਤਾਰੇ ਦੀ ਚੀਰਫਾੜ ਕਰਦੀ ਹੈ ਕਿ ਦੰਗੇ ਕਰਵਾਉਣ ਦਾ ਸਮੁੱਚਾ ਕੰਮ 21ਵੀਂ ਸਦੀ ਵਿਚ ਕਿਵੇਂ ਬਦਲ ਗਿਆ ਹੈ। 1970ਵਿਆਂ ਅਤੇ 1980ਵਿਆਂ ਵਾਂਗ ਵਿਆਪਕ ਪੱਧਰ ਉੱਤੇ ਹਿੰਸਾ ਕਰਵਾਉਣ ਦੀ ਬਜਾਏ ਦੰਗਾਂ-ਪ੍ਰਬੰਧਕਾਂ ਨੇ ਨਵੇਂ ਨੇਮ ਘੜ ਲਏ ਹਨ ਜਿਨ੍ਹਾਂ ਨੂੰ ਸੁਧਾ ਪਾਈ ਸਪਸ਼ਟ ਤੌਰ 'ਤੇ 'ਨਿੱਤ ਦਾ ਫ਼ਿਰਕੂਵਾਦ' ਆਖਦੀ ਹੈ। ਉਸ ਦੀ ਖੋਜ ਪੂਰਬੀ ਅਤੇ ਪੱਛਮੀ ਉੱਤਰ ਪ੍ਰਦੇਸ਼ ਉੱਤੇ ਕੇਂਦਰਿਤ ਰਹੀ, ਜਿਹੜੇ ਦੋ ਖ਼ਿੱਤੇ ਭਾਜਪਾ ਦੇ ਚੁਣਾਵੀ ਪ੍ਰਚਾਰ ਨੂੰ ਜ਼ਿਆਦਾਤਰ ਮੱਠਾ ਹੁੰਗਾਰਾ ਹੀ ਦਿੰਦੇ ਰਹੇ।

ਪ੍ਰੋਫ਼ੈਸਰ ਸੁਧਾ ਪਾਈ ਮੁਤਾਬਕ ਇਹ ਵਿਚਾਰ ਸਾਧਾਰਨ ਹੈ: ਨਿੱਤ ਦਿਹਾੜੇ ਘਿਨਾਉਣੇਪਣ ਨਾਲ ਫ਼ਿਰਕੂ ਤਣਾਅ ਦੀ ਚੰਗਿਆੜੀ ਬਲਦੀ ਰੱਖੋ, ਇਸ ਤਹਿਤ ਮੁਸਲਮਾਨਾਂ ਨੂੰ ਪੂਰਨ ਰੂਪ ਵਿਚ 'ਬੇਗ਼ਾਨੇ' ਬਣਾ ਦਿਓ ਤਾਂ ਜੋ ਉਨ੍ਹਾਂ ਨੂੰ ਆਸਾਨੀ ਨਾਲ 'ਦੁਸ਼ਮਣ' ਵਜੋਂ ਪੇਸ਼ ਕੀਤਾ ਜਾ ਸਕੇ। 'ਨਿੱਤ ਦੇ ਫ਼ਿਰਕੂਵਾਦ' ਦਾ ਨੀਤੀਗਤ ਫ਼ਾਇਦਾ ਇਹ ਹੈ ਕਿ ਮੁੱਖ ਮਨਸੂਬਾਕਾਰਾਂ ਤੋਂ ਛੁੱਟ ਹੋਰ ਕੋਈ ਵੀ ਇਸ ਨੂੰ ਪਛਾਣ ਨਹੀਂ ਸਕਦਾ; ਜਿੰਨਾ ਚਿਰ ਹਿੰਸਾ ਨਾ ਹੋਵੇ, ਓਨਾ ਚਿਰ ਖ਼ਾਸਕਰ ਮੱਧਵਰਗ ਨੂੰ ਸਭ ਕੁਝ ਆਮ ਵਰਗਾ ਲੱਗਦਾ ਹੈ। ਜਨਤਾ ਨੂੰ ਢਾਰਸ ਬੰਨ੍ਹਾਉਣ ਲਈ ਸ਼ੇਖੀ ਵੀ ਮਾਰੀ ਜਾਂਦੀ ਹੈ ਕਿ 'ਸਾਡੇ ਰਾਜ ਵਿਚ ਕੋਈ ਦੰਗੇ ਨਹੀਂ ਹੋਏ।'

ਪ੍ਰੋਫ਼ੈਸਰ ਪਾਈ ਵੱਲੋਂ ਖਿੱਚਿਆ ਸ਼ਬਦ-ਚਿੱਤਰ ਭੈਅਭੀਤ ਕਰਨ ਵਾਲਾ ਹੈ: 'ਨਿੱਤ ਦੇ ਫ਼ਿਰਕੂਵਾਦ' ਵਿਚ ਭਾਜਪਾ, ਆਰਐੱਸਐੱਸ, ਵੀਐੱਚਪੀ ਅਤੇ ਯੋਗੀ ਆਦਿੱਤਿਆਨਾਥ ਵੱਲੋਂ ਸਥਾਪਤ ਕੀਤੀ ਗਈ ਹਥਿਆਰਬੰਦ ਲੜਾਕੂ ਜਥੇਬੰਦੀ ਹਿੰਦੂ ਯੁਵਾ ਵਾਹਿਨੀ ਵਰਗੇ ਹੋਰ ਸੰਗਠਨਾਂ ਦਰਮਿਆਨ ਤਾਲਮੇਲ ਸ਼ਾਮਲ ਹੈ। ਜਿਵੇਂ ਸੁਧਾ ਪਾਈ ਦੱਸਦੀ ਹੈ, ਪੂਰਬੀ ਯੂਪੀ ਅਤੇ ਪੱਛਮੀ ਯੂਪੀ ਨੂੰ ਨਵੇਂ ਫ਼ਿਰਕੂਵਾਦ ਦੀਆਂ 'ਪ੍ਰਯੋਗਸ਼ਾਲਾਵਾਂ' ਬਣਾਉਣ ਲਈ ਚੋਖੀ ਯੋਜਨਾਬੰਦੀ ਕੀਤੀ ਗਈ; ਦੋਵੇਂ ਖ਼ਿੱਤਿਆਂ ਨੇ ਵਿਸ਼ਵੀਕਰਨ ਅਤੇ ਖੇਤੀਬਾੜੀ ਸੰਕਟ ਕਾਰਨ ਆਰਥਕ ਪੀੜਾ ਸਹਾਰੀ ਹੈ। ਇਕ ਵਾਰ ਜ਼ਮੀਨ ਤਿਆਰ ਕਰਨ ਮਗਰੋਂ ਸਿਰਫ਼ ਨਰਿੰਦਰ ਮੋਦੀ ਵਰਗੇ ਕਿਸੇ ਆਗੂ ਵੱਲੋਂ ਆ ਕੇ ਕਬਰਿਸਤਾਨ ਅਤੇ ਸ਼ਮਸ਼ਾਨ ਜਿਹੇ ਸ਼ਬਦ ਵਰਤ ਕੇ ਫ਼ਿਰਕੂ ਅੱਗ ਭੜਕਾਉਣ ਦੀ ਹੀ ਲੋੜ ਪੈਂਦੀ ਹੈ।

ਸਾਰੇ ਪੈਨਲ ਮੈਂਬਰਾਂ ਨੇ ਸੁਧਾ ਪਾਈ ਵੱਲੋਂ ਬਾਰੀਕਬੀਨੀ ਨਾਲ ਕੀਤੀ ਗਈ ਖੋਜ ਦੀ ਸ਼ਲਾਘਾ ਕੀਤੀ ਅਤੇ ਆਖ਼ਰ ਵਿਚ ਇਹ ਟਿੱਪਣੀ ਕੀਤੀ ਕਿ ਇਹ ਗੱਲ ਮੁਲਕ ਦੇ ਹੋਰ ਹਿੱਸਿਆਂ ਉੱਤੇ ਵੀ ਲਾਗੂ ਹੁੰਦੀ ਹੈ। ਫਿਰ ਇਹ ਅਹਿਮ ਸਵਾਲ ਵੀ ਦਰਪੇਸ਼ ਸੀ ਜੋ ਵਿਚਾਰਿਆ ਨਹੀਂ ਗਿਆ: 'ਧਰਮ ਨਿਰਪੇਖ' ਤਾਕਤਾਂ, ਪਾਰਟੀਆਂ ਅਤੇ ਆਗੂਆਂ ਲਈ ਇਹ ਭਾਂਪ ਸਕਣਾ ਕਿਉਂ ਸੰਭਵ ਨਹੀਂ ਹੈ ਕਿ ਫ਼ਿਰਕੂ ਧਿਰ ਕੀ ਕਰ ਰਹੀ ਹੈ; ਅਤੇ ਇਹ ਕੁਝ ਭਾਂਪ ਕੇ ਉਹ ਇਸ ਬਾਬਤ ਕੁਝ ਕਰਦੇ ਕਿਉਂ ਨਹੀਂ?

ਟਰੂਡੋ ਦੀ ਫੇਰੀ : ਜਸਟਿਨ ਟਰੂਡੋ ਨੂੰ ਆਪਣੀ ਭਾਰਤ ਫੇਰੀ ਤੋਂ ਕੈਨੇਡਾ ਪਰਤਿਆਂ ਇਕ ਹਫ਼ਤਾ ਹੋ ਗਿਆ ਹੈ, ਪਰ ਜਾਪਦਾ ਹੈ ਕਿ ਇਹ ਦੌਰਾ ਕੁਝ ਹੋਰ ਸਮੇਂ ਲਈ ਵਿਵਾਦ ਦਾ ਮੁੱਦਾ ਬਣਿਆ ਰਹੇਗਾ। ਇਸ ਦੀ ਵਜ੍ਹਾ ਜਸਪਾਲ ਅਟਵਾਲ ਨਾਂਅ ਦਾ ਭੱਦਰਪੁਰਸ਼ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਦੀ ਕੈਬਨਿਟ ਅਤੇ ਲਾਮ-ਡੋਰੀ ਵਿਚ 'ਖਾਲਿਸਤਾਨੀਆਂ' ਦੀ ਮੌਜੂਦਗੀ ਬਾਰੇ ਹਾਏ-ਬੂਹ ਕਰਨਾ ਸਾਡੇ ਆਪਣੇ ਆਗੂਆਂ ਦੇ ਸਿਆਸੀ ਲਾਹਿਆਂ ਲਈ ਫਿੱਟ ਬੈਠਦਾ ਸੀ। 'ਖਾਲਿਸਤਾਨੀਆਂ' ਬਾਰੇ ਰਾਗ ਅਲਾਪਣਾ ਪੰਜਾਬ ਦੇ ਆਗੂਆਂ ਲਈ ਸੀਮਾ ਤੋਂ ਪਰ੍ਹੇ ਕੋਈ ਜ਼ਿਆਦਾ ਲਾਹੇਵੰਦ ਨਹੀਂ, ਕੈਨੇਡੀਅਨ ਸਿੱਖਾਂ ਵਿਚ ਅਜਿਹੇ ਅਨਸਰਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੈ।

ਬੇਸ਼ੱਕ, ਅਸੀਂ ਭਾਰਤੀ ਰੋਲ-ਘਚੋਲਾ ਪਾਉਣ ਦੇ ਸਮਰੱਥ ਹਾਂ; ਪਰ ਕੈਨੇਡਾ ਵਾਲਿਆਂ ਦਾ ਵਰਤਾਉ ਸਮਝਣਾ ਵੀ ਸੁਖਾਲਾ ਨਹੀਂ ਹੈ। ਜੋ ਵੀ ਹੋਵੇ, ਕੈਨੇਡਾ ਕੌਮਾਂਤਰੀ ਕੂਟਨੀਤੀ ਅਤੇ ਪ੍ਰੋਟੋਕੋਲ ਦਾ ਪੁਰਾਣਾ ਖਿਡਾਰੀ ਹੈ। ਇਸ ਲਈ ਇਹ ਗੱਲ ਪੂਰੀ ਤਰ੍ਹਾਂ ਹੈਰਾਨ ਕਰਨ ਵਾਲੀ ਹੈ ਕਿ ਜਸਟਿਨ ਟਰੂਡੋ ਅਤੇ ਉਨ੍ਹਾਂ ਦਾ ਆਕਰਸ਼ਕ ਪਰਿਵਾਰ ਆਪਣੇ ਸਫ਼ਰ ਸਬੰਧੀ ਰੁਝੇਵੇਂ ਪੂਰੀ ਤਫ਼ਸੀਲ ਨਾਲ ਤਿਆਰ ਕਰਕੇ ਭਾਰਤ ਸਰਕਾਰ ਨਾਲ ਸਾਂਝੇ ਕੀਤੇ ਬਗੈਰ ਹੀ ਇੱਥੇ ਕਿਵੇਂ ਆ ਗਿਆ।

ਟਰੂਡੋ ਦੇ ਸਵਾਗਤੀ ਸਮਾਗਮਾਂ ਵਿਚ ਕਿਸੇ ਨਾ ਕਿਸੇ ਇਤਰਾਜ਼ਯੋਗ ਵਿਅਕਤੀ ਦਾ ਨਾਂ ਸੱਦੀਆਂ ਗਈਆਂ ਹਸਤੀਆਂ ਦੀ ਸੂਚੀ ਵਿਚ ਸ਼ਾਮਲ ਹੋਣਾ ਤੀਜੀ ਦੁਨੀਆਂ ਦੇ ਮੁਲਕਾਂ ਦੇ ਘਚੋਲਾ-ਪਾਊ ਪ੍ਰਬੰਧਾਂ ਦਾ ਪ੍ਰਭਾਵ ਦਿੰਦਾ ਹੈ। ਕੈਨੇਡਾ ਵੱਲੋਂ ਅਧਿਕਾਰਤ ਤੌਰ ਉੱਤੇ ਦੱਸੇ ਗਏ ਕਾਰਨ ਨੇ ਤਾਂ ਗੱਲ ਸਿਰੇ ਹੀ ਲਗਾ ਦਿੱਤੀ ਕਿ ਭਾਰਤ ਵਿਚਲੇ ਕੁਝ ਅਜਿਹੇ 'ਸ਼ਰਾਰਤੀ' ਅਨਸਰਾਂ ਨੇ ਹੀ ਚਾਲਾਕੀ ਨਾਲ ਜਸਪਾਲ ਅਟਵਾਲ ਨੂੰ ਸੱਦਾ ਮਿਲਣਾ ਯਕੀਨੀ ਬਣਾਇਆ- ਜਿਨ੍ਹਾਂ ਦਾ ਮਕਸਦ ਹੀ ਕੈਨੇਡੀਅਨ ਸਰਕਾਰ ਨੂੰ ਖਾਲਿਸਤਾਨ-ਪੱਖੀ ਦਿਖਾਉਣਾ ਸੀ। ਮੈਨੂੰ ਜਾਪਦਾ ਹੈ ਕਿ ਕੈਨੇਡਾ ਵਾਲਿਆਂ ਨੇ ਸਚਮੁੱਚ ਬੜੀ ਕੁਚੱਜੀ ਦਲੀਲ ਲੱਭੀ ਹੈ! ਇਕ 'ਵਿਕਸਿਤ' ਮੁਲਕ ਲਈ ਇਹ ਪੂਰੀ ਤਰ੍ਹਾਂ ਨਾਵਾਜਬ ਹੈ।

ਤਾਨਾਸ਼ਾਹੀ ਬਿਰਤੀ ਵਾਲੇ ਹਾਕਮ ਕਿਸੇ ਵੱਲੋਂ ਖਿੱਲੀ ਉਡਾਏ ਜਾਣਾ ਪਸੰਦ ਨਹੀਂ ਕਰਦੇ। ਉਹ ਜਾਣਦੇ ਹਨ ਕਿ ਮਜ਼ਾਕ ਉਨ੍ਹਾਂ ਲਈ ਸਭ ਤੋਂ ਜ਼ਿਆਦਾ ਵਿਨਾਸ਼ਕਾਰੀ ਵੀ ਸਾਬਿਤ ਹੋ ਸਕਦਾ ਹੈ। ਸ਼ੀ ਜਿਨਪਿੰਗ ਚੀਨ ਦੇ ਨਵੇਂ ਸਮਰਾਟ ਵਜੋਂ ਉੱਭਰ ਰਹੇ ਹਨ। ਇਸ ਲਈ ਚੀਨੀ ਸੈਂਸਰ ਵਿਭਾਗ ਓਵਰਟਾਈਮ ਕੰਮ ਕਰਕੇ ਸਾਈਬਰਸਪੇਸ ਵਿਚ ਰਾਸ਼ਟਰਪਤੀ ਸ਼ੀ ਦੀ ਆਲੋਚਨਾ ਵਾਲੇ ਸਾਰੇ ਵਿਅੰਗਾਤਮਿਕ ਹਵਾਲਿਆਂ ਅਤੇ ਸੰਕੇਤਾਂ ਦੀ ਕਾਂਟ-ਛਾਂਟ ਕਰ ਰਿਹਾ ਹੈ। 'ਫਾਈਨੈਂਸ਼ਲ ਟਾਈਮਜ਼' ਦੀ ਰਿਪੋਰਟ ਮੁਤਾਬਿਕ ਚੀਨੀ ਅਧਿਕਾਰੀਆਂ ਨੇ ਤਾਂ ਇਕ ਕਾਰਟੂਨ 'ਵਿਨੀ ਦਿ ਪੂਹ' ਨੂੰ ਵੀ ਇੰਟਰਨੈੱਟ ਤੋਂ ਹਟਾ ਦਿੱਤਾ ਹੈ। ਨਵੇਂ ਬਣ ਰਹੇ ਸਮਰਾਟ (ਸ਼ੀ ਜਿਨਪਿੰਗ) ਇਸ ਪਿਆਰੇ ਭਾਲੂ ਨਾਲ ਥੋੜ੍ਹੇ ਬਹੁਤ ਮਿਲਦੇ-ਜੁਲਦੇ ਹਨ। ਅਧਿਕਾਰੀ ਉਦੋਂ ਹਰਕਤ ਵਿਚ ਆ ਗਏ ਜਦੋਂ ਇਕ ਇੰਟਰਨੈੱਟ ਵਰਤੋਂਕਾਰ ਨੇ ਸ਼ਹਿਦ ਦਾ ਕੁੱਜਾ ਫੜੀ ਇਹ ਕਹਿ ਰਹੇ ਵਿਨੀ ਦੀ ਤਸਵੀਰ ਪੋਸਟ ਕਰ ਦਿੱਤੀ: "ਜਿਸ ਚੀਜ਼ ਨੂੰ ਪਿਆਰ ਕਰਦੇ ਹੋ ਉਹ ਲੱਭ ਲਓ ਅਤੇ ਉਸ ਨਾਲ ਚਿਪਕ ਜਾਓ।"

ਸਚਮੁੱਚ, ਇਹ ਗੱਲ ਹਾਸੋਹੀਣੀ ਨਹੀਂ। ਮੈਂ ਇਹ ਗੱਲ ਗੰਭੀਰਤਾ ਨਾਲ ਆਖ ਰਿਹਾ ਹਾਂ।

ਕੌਫ਼ੀ ਪੀਂਦਿਆਂ ਚਿੰਤਨ ਕਰਨ ਦਾ ਵੇਲਾ ਹੈ। ਆਓ, ਤੁਸੀਂ ਵੀ ਮੇਰਾ ਸਾਥ ਦਿਓ।



DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales vehicle inspection by certified machines
Enough Parking Space
ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.

Maharaja
Banquet Facility
Banques Facility From 100 to 1200 People
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
■ Big Dance Floor
■ Full Bar
■ Excellent Bridal Chair
■ Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200

Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE
REALTOR
50 SunnyVale Gate, Unit # 7, Brampton, ON L6S 0C4

ਮੁਲਾਕਾਤ
Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
6:00 pm to 6:30pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕ੍ਰੀਸ਼ਨ

WILDROSE MASONARY & STONE WORKS
Commercial & Residential
Ph: 780 340 1400
Off: 780 450 1413
Fax: 780 490 4888
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜਰੂਰ ਐਸਟੀਮੇਟ ਲਗਵਾਓ
Dave Johal
Culture Stone | Bricks
Blocks | Glass Blocks
email:wildrosemasonary@live.ca ✦ 1404-69th St. SW Edmonton, AB T6L 1L4

HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।

A & K INSULATION & DRYWALL LTD.
Best Quailty at Reasonable Rates
ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੂਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ
Rana : 780-245-5191 Joga : 780-245-5192

NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ

Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070



# 'Quest for electoral gains' turned

# Trudeau's Indian trip into a fiasco

During Justin Trudeau's 7-day visit of India, the 'Khalistani' issue figured prominently between India and Canada at all levels. However, all Canadian political leaders and parties continue to pamper the Khalistani elements just in the quest for electoral gains. But the wrong is that the current Liberal government seems to be going beyond the needs of political and electoral arithmetic in courting the radicals.



Paired with superficiality and poor judgement, the Canadian prime minister's Indian trip started off, February 17, on a disappointing note, as Justin Trudeau delegation was received at the New Delhi airport by a minister of state, not even a member of Prime Minister Narendra Modi's cabinet. One of the key politico-cultural differences related to clashing perspectives on human rights has been tension over the Khalistan issue. Opposition parties and media heaped scorn on the prime minister and his Liberal government over the "fiasco" that dogged Trudeau during his first official visit to India to drum up trade and investment.

Justin Trudeau and his Liberal Party are particularly close to the half-million vibrant Sikh community. Never in Canadian history have at least 19 persons of Indian origin been elected to the House of Commons, of which 17 (15 Sikhs) represent Trudeau's Liberal Party. He has rewarded four Sikh MP's with key Cabinet berths. As such these should have been heydays for India-Canada ties, but the principal problem that persisted was of the festering Khalistan issue, the demand for a separate Sikh homeland carved out of Punjab. At the same time, India government worry has been that Khalistan-2 playbook that rests on a "vote" (#Referendum2020), to be held among the global Sikh diaspora. If Khalistan gets a thumbs-up, the issue will be internationalised and taken to the UN. [The idea of a Sikh homeland first appeared in a pamphlet by Dr Vir Singh Bhatti in 1940 as riposte to the Muslim League's Lahore Declaration.]

In this connection, there were other factors that further provoked hostility. In a first, the Ontario Provincial Parliament adopted a resolution moved by the ruling Liberal Party's MPP (Member of Provincial Parliament) Harinder Malhi, on April 6, 2017, terming the 1984 anti-Sikh riots as 'genocide'. She was promptly rewarded with a cabinet berth. Next, on April 30, 2017, Trudeau himself showed up at the Toronto Nagar Kirtan where Khalistani flags and pictures of slain terrorists were displayed. Former Prime Minister Stephen Harper had consciously shunned such platforms during his years in office. Then, in December, self-appointed radical leaders imposed a ban on the entry of Indian officials in Canadian gurdwaras, which goes against all tenets of the inclusive, benign and liberal Sikh faith. It is heartening that several sober and influential Sikh voices have criticised and disassociated themselves from the move.



But these criticisms pale in comparison to serious catastrophe of associating with a convicted terrorist assassin, Canadian-Indian businessman Jaspal Atwal. Atwal was sentenced in Canada to 20 years in prison for a 1986 assassination attempt on an Indian politician, as part of a violent campaign to establish an independent Sikh state of Khalistan. Yet, he managed to get himself invited to the Mumbai mixer as well as one to a dinner with Trudeau, which was rescinded at the last minute when Canadian media pointed out Atwal's criminal past.

Back in Canada, Trudeau defended his national security advisor who floated a theory that rogue political factions in India orchestrated the embarrassing invitation in order to make Canada appear sympathetic to Sikh extremism. But, New Delhi has rejected the conspiracy theory put forward by Trudeau's top intelligence official.

The Sikh separatist movement is getting a wide berth in Canada, even among Liberal Party's rivals. Jagmeet Singh, one of the rising stars in Canadian politics who belongs to the Opposition New Democratic Party (NDP) and the man behind the motion to declare 1984 a 'genocide', is ambivalent about the role of Talwinder Singh Parmar, the man behind Canada's worst terrorist attack: The 1985 Air India bombing incident. All 329 people (most of them Canadian nationals or Canadian-Indians) on board Air India Flight 182 were killed when an explosive device tore apart the plane as it approached Ireland. "Jagmeet has maintained a studied silence when¬ever asked to condemn Parmar," because "NDP lost 59 seats in the 2015 federal elections and fell to third place nationally. The Sikh population, less than two percent of Canada's ¬total but with significant concentrations across constituencies, is a real factor."

Indeed none of the political party's can dare to risk their vote-bank, at any cost. Apparently bowing to the pressure of vote bank politics, Conservative Party of Canada dumped its 'anti-Khalistan' motion, which they were supposed to discuss in the Parliament on Thursday, February 1. The motion read: That the House (a) value the contributions of Canadian Sikhs and Canadians of Indian origin in our national life; (b) condemn in the strongest terms all forms of terrorism, including Khalistani extremism and the glorification of any individuals who have committed acts of violence to advance the cause of Khalistani state in India; and (c) stand with a united India. Therefore, bowing to the swear criticism of the Conservatives by the several Sikh organisations, upcoming motion in the House of Commons was dumped. It's evident that none of the political party's can dare to risk their vote-bank, at any cost.

Both India and Canada can benefit each other. Being an energy superpower, Canada can gradually become a key element for India's energy security. Canada is already importing uranium to India. Similar is in the case of education. Imagine, there was a 60% increase in Indian students going to Canada in one year, in 2017. Canada routinely gives three-year work visas to scholars who have graduated from



Canadian schools. And it is not one-sided.

-2 -

In the unfavourable circumstances, Trudeau's meeting with Punjab Chief-minister Captain Amarinder Singh, a vocal opponent of Khalistan, remained one of the flashpoints of the trip. Singh




had previously accused some of Trudeau's Sikh cabinet ministers of being connected to separatists. After their meeting, Singh told Indian media that Trudeau promised to look into curbing the activities of Sikh Canadian extremists who have allegedly financed violent attacks in India. Meanwhile, Trudeau assured that "Canada supports one, united India and that we are unanimous as a government, as ministers, on this issue."

Similarly, joint statement after Modi-Trudeau parleys, on February 23, reiterated that while both nations are democracies and committed to the rule of law, they accept each other's territorial integrity and sovereignty. Canada agreed to act against Babbar Khalsa and International Sikh Youth Federation activists.

Freedom of speech, including freedom to propagate political thought that India may consider grossly seditious is not forbidden in Canada. The Canadian federal government watched patiently as Quebec held a referendum, a second time, to secede in 1995, which was later held unconstitutional by the Canadian Supreme Court.

Meanwhile, as many Canadians are deeply embarrassed of Trudeau's behaviour in India. Trudeau was criticized for its lack of official business, not to mention the excessive photo-ops and insensitive overuse of Indian clothing. To add insult to injury for Canadians, his tax-payer funded tour looked more like another lavish family vacation than a diplomatic bilateral meeting. But, on the other hand, Sikh Canadian pro-separatist figures are hailing Prime Minister's trip to India as a success, and slamming the Indian government for its frosty treatment of Trudeau during much of his visit. Trudeau spent much of his time in India dodging and scrambling to address allegations that his government has helped nurture Sikh extremists, unwittingly or otherwise.

-3-

Canada and India are ruled by the logic of functioning of a capitalist economy and share many of the ills of capitalism. Within that shared universe, there are deep politico-cultural differences. Work on multiculturalism has been the most advanced in Canada. In the last over 20 years, Canada has either been at the top or one among the top 10 countries in the world in terms of Human Development Index; Whereas from the viewpoint of pluralism, diversity and human rights, developments in India have followed just the reverse path to the one followed in Canada.

Now, especially with Modi's rise, BJP and RSS are reinventing Indian history, redefining nationalism and re-branding Indian icons, virtually turning India into a Hindu majoritarian state. Hindu majoritarianism which was disguised earlier has now started manifesting itself openly in various formats. The war cry now is 'unity and integrity' with added emphasis on territorial integrity. Today the campaigners for human rights are projected and viewed as disloyal to the country and anti-national subversives at a higher level of suspicion.

Internationally the drift is towards populism, nativism and anti-liberalism. As a result, secular Turkey has been bludgeoned into a quasi-Islamic state; The US appears on the way to being a Christian state; In China, President Xi Jinping has just been reincarnated as Mao 2; Russian President Vladimir Putin has masterfully adopted the Russian Orthodox Church as his handmaiden in perpetuation of power.

Therefore, the truth has been that this is a problem that has acquired serious dimensions in recent years and affected relatively trouble-free bilateral relations, between India and Canada. Though this is all a part of politics in any democracy, what we are concerned about is that successive Canadian governments in general have gone beyond the needs of political arithmetic and have been courting radical elements.

Dr. P. R. Kalia
Editor : Asian Times
Edmoton



Obviously, the Khalistan movement is a hot button issue in India that sits at the crossroads of secessionism, radicalism and terrorism, evoking ghosts of the past and anxieties of present. Though the official Canadian position is to reinforce India's 'unity and integrity', it has frequently been belied by key members of the government. The reason takes us to the heart of Canadian politics where the half a million-strong Sikh community in Toronto and Vancouver has emerged as a powerful 'vote-bank'. During his India visit, Trudeau might not be successful in striking a Free-Trade Agreement, sorting out the long-pending Comprehensive Economic Partnership Agreement (CEPA) or the Foreign Investment Promotion and Protection Agreement (FIPA) with India. What he may ensure, however, is a bagful of votes back home.

But for the present, without any doubt, the fiasco has left relations between the two countries at an all-time low.

Nu Tech Plumbing
Services & Maintenance for
Residential & Commercial Projects
Licensed Insured Bonded
We also install
RO and
water softner
Email : nutechplumbing@gmail.com
Gurpreet Mann Jagwant Wraich
780-267-8033 780-450-2464
ਤਜ਼ਰੇਬਕਾਰ ਵਰਕਰ ਦੀ ਜ਼ਰੂਰਤ ਹੈ



Summerside FINANCIAL



# ਸਮਰਸਾਈਡ ਫ਼ਾਈਨੈਂਸ਼ੀਅਲ

## Welcome to Summerside Financial

*We, at Summerside Financial, strive not only to be the best in the industry by being the leader in client care, but also provide innovative financial solutions. We do not categorize each purchase/finance/sale in one box as we understand that each and every one and circumstances are unique. Our innovative financial representatives will provide financing solutions to best suite your needs.*

*Let us help you with your financial needs, whether it's purchasing or selling your equipment. Make South Asian Financial your loyal financial companion in building your business.*

## ਸਮਰਸਾਈਡ ਫ਼ਾਈਨੈਂਸ਼ੀਅਲ 'ਚ ਸਵਾਗਤ ਹੈ

ਅਸੀਂ, ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਆਪਣੇ ਗਾਹਕਾਂ (ਕਲਾਇੰਟਸ) ਦੀਆਂ ਜ਼ਰੂਰਤਾਂ ਪੂਰੀਆਂ ਕਰਨ 'ਚ ਸਭ ਤੋਂ ਅੱਗੇ ਹਾਂ, ਸਗੋਂ ਉਨ੍ਹਾਂ ਨੂੰ ਨਵੇਂ ਤੇ ਬਿਹਤਰੀਨ ਹੱਲ ਵੀ ਮੁਹੱਈਆ ਕਰਾਉਂਦੇ ਹਾਂ। ਅਸੀਂ ਹਰੇਕ ਖ਼ਰੀਦ/ਫਾਇਨਾਂਸ/ਵੇਚ ਨੂੰ ਇਕੋ ਬਕਸੇ 'ਚ ਨਹੀਂ ਰੱਖਦੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਹਰੇਕ, ਹਰ ਇਕ ਲਈ ਤੇ ਹਰ ਹਾਲਾਤ ਵਿਲੱਖਣ ਹੁੰਦੇ ਹਨ। ਸਾਡੇ ਉਤਸ਼ਾਹੀ ਵਿੱਤੀ ਪ੍ਰਤੀਨਿਧ ਤੁਹਾਡੀਆਂ ਜ਼ਰੂਰਤਾਂ ਮੁਤਾਬਕ ਤੁਹਾਨੂੰ ਬਿਹਤਰ ਤੋਂ ਬਿਹਤਰ ਹੱਲ ਸੁਝਾਉਣਗੇ।

ਆਪਣੀਆਂ ਵਿੱਤੀ ਲੋੜਾਂ ਮੁਤਾਬਕ, ਭਾਵੇਂ ਤੁਸੀਂ ਕੋਈ ਖ਼ਰੀਦ ਕਰਨੀ ਹੈ ਜਾਂ ਤੁਸੀਂ ਕੋਈ ਸਾਮਾਨ ਵੇਚਣਾ ਹੈ, ਤੁਸੀਂ ਸਾਨੂੰ ਮਦਦ ਦਾ ਮੌਕਾ ਦਿਓ। ਆਪਣਾ ਕਾਰੋਬਾਰ ਵਧਾਉਣ 'ਚ ਸਾਊਥ ਏਸ਼ੀਅਨ ਫਾਇਨਾਸ਼ੀਅਲ ਨੂੰ ਆਪਣਾ ਸੱਚਾ ਵਿੱਤੀ ਸਹਾਇਕ ਬਣਾਓ।

## Why Summerside Financial

- *Loyal Financial Companion*
- *Innovative financing/solutions*
- *Quick turnaround time/approvals*
- *Competitive rates*
- *Excellent client care*
- *Down payment assistance*
- *Finance and/or sell your equipment*

## ਸਮਰਸਾਈਡ ਫ਼ਾਈਨੈਂਸ਼ੀਅਲ ਹੀ ਕਿਉਂ !

- ਭਰੋਸੇਮੰਦ ਵਿੱਤੀ ਸਾਥੀ
- ਉਤਸ਼ਾਹੀ ਫਾਇਨਾਂਸ/ਹੱਲ
- ਤੁਰੰਤ ਨਵੀਂ ਨੀਤੀ ਧਾਰਕ/ਮਨਜ਼ੂਰੀਆਂ
- ਮੁਕਾਬਲਾ ਦਰਾਂ
- ਬਿਹਤਰੀਨ ਗਾਹਕ ਸਹੂਲਤਾਂ
- ਨਕਦ ਅਦਾਇਗੀ ਸਹਾਇਤਾ
- ਆਪਣੇ ਔਜਾਰ ਵੇਚਣ ਜਾਂ ਫਾਇਨਾਂਸ ਦੀ ਸਹੂਲਤ

## Available Financial Solutions

*Whether it's your first time purchasing/leasing your very first equipment or seeking to further expand your company, Summerside Financial is your loyal financial companion. We strive to be the best in the industry by providing innovative ways to help you achieve your financial needs.*

*Summerside Financial not only assist you in your purchases/leases (from construction, to office to medical equipments) but also will assist in many ways that other financial companies won't do. Our financial representatives are all experienced in the industry and have seen and experienced it all.*

*Contact us and let us show and prove to you what we can do. Let Summerside Financial be your loyal financial companion.*



## ਮੌਜੂਦ ਵਿੱਤੀ ਹੱਲ

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ 'ਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) 'ਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ 'ਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ 'ਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।

## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

**Toll Free:1-877-816-3510**
**www.summersidefinancial.com**
#200, 17834 106A Avenue Edmonton, Alberta T5S 1V3

**Alan Ajit Walia**
**780-995-2719 (Cell)**
**780-705-6668 (Off.)**

**Email: info@summersidefinancial.com, Fax : 780-705-6641**

ਸਫ਼ਾ 16 ਦੀ ਬਾਕੀ

## ਭਾਰਤੀ ਲੋਕਾਂ ਦੇ ਕਲਿਆਣ ਲਈ ਜ਼ਰੂਰੀ ਹੈ ਫਿਰਕੂ-ਫਾਸ਼ੀਵਾਦ ਤੇ ਨਵ-ਉਦਾਰਵਾਦੀ ਨੀਤੀਆਂ ਵਿਰੁੱਧ ਜੁੜਵਾਂ ਸੰਘਰਸ਼

ਪਾਰਟੀ ਅੰਦਰਲੀ ਫੁੱਟ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾਉਣ ਦੇ ਮੁੱਦੇ 'ਤੇ ਉਪਜੇ ਮਤਭੇਦਾਂ ਕਾਰਨ ਪਿਛਲੇ ਕਾਫੀ ਸਮੇਂ ਤੋਂ ਸਮੁੱਚੀ ਪਾਰਟੀ ਨਿਸ਼ਕਿਰਿਆ ਹੋਈ ਬੈਠੀ ਹੈ ਤੇ ਅੱਗੋਂ ਵੀ 2019 ਦੀਆਂ ਚੋਣਾਂ ਤੱਕ ਕਿਸੇ ਇਨਕਲਾਬੀ ਪੈਂਤੜੇ ਤੋਂ ਇਸ ਦੇ ਜਨਤਕ ਘੋਲਾਂ ਵਿਚ ਕੁੱਦਣ ਦੀ ਨਾਂ ਕੋਈ ਸੰਭਾਵਨਾ ਜਾਪਦੀ ਹੈ ਤੇ ਨਾ ਹੀ ਸਮਰੱਥਾ ਨਜ਼ਰ ਆਉਂਦੀ ਹੈ। ਜਿਹੜੇ 'ਜਨਤਕ ਘੋਲਾਂ' ਦੇ ਸੱਦੇ ਇਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵਲੋਂ ਦਿੱਤੇ ਵੀ ਜਾਂਦੇ ਹਨ, ਉਹ ਜ਼ਿਆਦਾਤਰ ਸਿਰਫ ਕਾਡਰ ਆਧਾਰਤ ਹੋਣ ਕਰਕੇ ਡੰਗ ਟਪਾਊ ਹੀ ਸਿੱਧ ਹੋ ਰਹੇ ਹਨ। ਇਨ੍ਹਾਂ ਨਾਮ ਨਿਹਾਦ ਜਨਤਕ ਐਕਸ਼ਨਾਂ ਦਾ ਪਾਰਟੀ ਤੋਂ ਬਾਹਰ ਕਿਰਤੀ ਜਨਸਮੂਹਾਂ ਦੇ ਵੱਡੇ ਹਿੱਸੇ ਨਾਲ ਕੋਈ ਬਹੁਤਾ ਵਾਸਤਾ ਨਹੀਂ ਹੁੰਦਾ। ਕੁਝ ਕੁ ਥਾਵਾਂ ਨੂੰ ਛੱਡ ਕੇ ਸੰਘਰਸ਼ ਤੋਂ ਪਹਿਲਾਂ ਤੇ ਬਾਅਦ ਵਿਚ ਸੀ.ਪੀ.ਆਈ. (ਐਮ) ਦੇ ਜਨ ਆਧਾਰ ਵਿਚ ਕੋਈ ਤਬਦੀਲੀ ਨਹੀਂ ਆਉਂਦੀ।

ਸੀ.ਪੀ.ਆਈ. ਤੇ ਸੀ.ਪੀ.ਆਈ.(ਐਮ) ਦਾ ਖੱਬੀਆਂ ਸ਼ਕਤੀਆਂ ਨੂੰ ਇਕਜੁਟ ਕਰਕੇ ਸੰਘਰਸ਼ ਕਰਨ ਦਾ ਨਾਅਰਾ ਸਿਰਫ ਕਾਗਜ਼ਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਕਾਂਗਰਸ ਨਾਲ ਭਵਿੱਖੀ ਸਾਂਝ ਪਾਉਣ ਦੀ ਯੋਜਨਾ ਵਿਚ ਅਜਿਹੀ ਕਿਸੇ ਵੀ ਰਾਜਨੀਤਕ ਧਿਰ ਨਾਲ ਕਿਸੇ ਕਿਸਮ ਦੀ ਮਿਲਵਰਤੋਂ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ, ਜੋ ਸਾਮਰਾਜੀ ਸੰਸਾਰੀਕਰਨ ਦੀਆਂ ਆਰਥਕ ਨੀਤੀਆਂ ਦੀ ਅਲੰਬਰਦਾਰ ਧਿਰ ਭਾਜਪਾ ਦੇ ਨਾਲ ਨਾਲ ਕਾਂਗਰਸ ਦੀ ਵੀ ਆਲੋਚਨਾ ਕਰੇ। ਹੈਰਾਨੀਜਨਕ ਤੱਥ ਇਹ ਹੈ ਕਿ ਭਾਜਪਾ ਰੂਪੀ ਫਿਰਕੂ ਤਾਕਤ ਨੂੰ ਭਾਂਜ ਦੇਣ ਲਈ ਇਨ੍ਹਾਂ ਦੋਨੋਂ ਰਵਾਇਤੀ ਕਮਿਊਨਿਸਟ ਪਾਰਟੀਆਂ ਵਲੋਂ ਕਾਂਗਰਸ ਨਾਲ ਮਿਲ ਕੇ ਕੋਈ ਸਾਂਝੀ ਜਨਤਕ ਮੁਹਿੰਮ ਵੀ ਨਹੀਂ ਚਲਾਈ ਜਾ ਰਹੀ, ਜਿਸ ਨਾਲ ਘੱਟੋ ਘੱਟ ਆਮ ਲੋਕ ਇਹ ਤਾਂ ਜਾਣ ਲੈਣ ਕਿ ਨਵ ਉਦਾਰਵਾਦੀ ਆਰਥਕ ਨੀਤੀਆਂ ਦੀ ਸਮਰਥਕ ਇਕ ਧਿਰ (ਕਾਂਗਰਸ) ਨਾਲ ਸਾਂਝ (ਭਾਵੇਂ ਗਲਤ ਹੀ ਸਹੀ) ਫਿਰਕਾਪ੍ਰਸਤ ਤਾਕਤਾਂ ਨੂੰ ਹਾਰ ਦੇਣ ਲਈ ਪਾਈ ਜਾ ਰਹੀ ਹੈ, ਜੋ ਸਮੇਂ ਦੀ ਪ੍ਰਮੁੱਖ ਲੋੜ ਕਹੀ ਜਾ ਸਕਦੀ ਹੈ। ਇਸ ਜੱਕੋ ਤੱਕੀ ਤੇ ਦੋਚਿੱਤੀ ਵਿਚ ਸੀ.ਪੀ.ਆਈ. ਤੇ ਸੀ.ਪੀ.ਆਈ.(ਐਮ) ਦੇ ਕਾਡਰ ਤੇ ਜਨ ਅਧਾਰ ਦਾ ਵੱਡਾ ਭਾਗ ਨਿਸ਼ਕਿਰਿਆ ਹੁੰਦਾ ਜਾ ਰਿਹਾ ਹੈ। ਕਾਂਗਰਸ ਨਾਲ ਸਮਝੌਤਾ ਕਰਨ ਦੇ ਹੱਕ ਵਿਚ ਭੁਗਤ ਰਹੇ ਲੋਕ ਆਮ ਤੌਰ 'ਤੇ ਇਹ ਦਲੀਲ ਦਿੰਦੇ ਹਨ ਕਿ ਮੌਜੂਦਾ ਅਵਸਥਾ ਵਿਚ, ਜਦੋਂ ਫਿਰਕੂ ਫਾਸ਼ੀਵਾਦੀ ਸ਼ਕਤੀਆਂ ਨੂੰ ਸੱਤਾ ਤੋਂ ਲਾਂਭੇ ਕਰਨਾ ਲੋਕਾਂ ਦੀ ਮੁੱਖ ਲੋੜ ਬਣ ਗਿਆ ਹੈ, ਉਦੋਂ ਆਰਥਕ ਨੀਤੀਆਂ ਦੇ ਮੁੱਦੇ ਨੂੰ ਕੁਝ ਪਲਾਂ ਲਈ ਤਿਆਗ ਦਿੱਤਾ ਜਾਣਾ ਚਾਹੀਦਾ ਹੈ। ਉਸ ਕਾਂਗਰਸ ਨਾਲ, ਜਿਸ ਦੇ ਕਾਰਜਕਾਲ ਦਾ ਲੰਮਾ ਇਤਿਹਾਸ ਲੋਕ ਵਿਰੋਧੀ ਨੀਤੀਆਂ ਲਾਗੂ ਕਰਨ, ਤੇ ਖਾਸਕਰ ਮੌਜੂਦਾ ਸਾਮਰਾਜ ਨਿਰਦੇਸ਼ਤ ਨਵਉਦਾਰਵਾਦੀ ਆਰਥਕ ਨੀਤੀਆਂ ਦੀਆਂ ਲੀਹਾਂ ਉਪਰ ਵਿਕਾਸ ਮਾਡਲ ਦੀ ਜਨਮਦਾਤੀ ਦੇ ਰੂਪ ਵਿਚ ਸਭ ਦੇ ਸਾਹਮਣੇ ਹੈ। ਜਿਸਦੇ ਕੁਸ਼ਾਸਨ, ਭ੍ਰਿਸ਼ਟਾਚਾਰ, ਗੈਰ ਜਮਹੂਰੀ ਅਮਲਾਂ ਤੇ ਫਿਰਕੂ ਸ਼ਕਤੀਆਂ ਨਾਲ ਵਾਰ ਵਾਰ ਕੀਤੇ ਜਾਂਦੇ ਮੌਕਾਪ੍ਰਸਤ ਸਮਝੌਤਿਆਂ ਦੇ ਵਿਰੁੱਧ ਉਠੇ ਜਨਤਕ ਰੋਹ ਦਾ ਲਾਹਾ ਭਾਜਪਾ ਵਰਗੀ ਫਿਰਕੂ ਪਾਰਟੀ ਨੂੰ ਮਿਲਿਆ ਹੈ, ਉਸ ਪਾਰਟੀ ਨਾਲ ਕੋਈ ਲੁਕਵੀਂ ਜਾਂ ਸਪੱਸ਼ਟ ਰੂਪ ਵਿਚ ਸਾਂਝ ਪਾਉਣੀ ਇਨਕਲਾਬੀ ਤੇ ਖੱਬੀ ਲਹਿਰ ਲਈ ਆਤਮਘਾਤੀ ਹੋਵੇਗੀ। ਭਾਜਪਾ ਤੇ ਇਸ ਦੇ ਇਤਿਹਾਦੀਆਂ ਨੂੰ ਕਾਂਗਰਸ ਵਰਗੀ ਲੋਕ ਵਿਰੋਧੀ ਭਰਿਸ਼ਟ ਪਾਰਟੀ ਨਾਲ ਪਾਈ ਸਾਂਝ ਕਾਰਨ ਖੱਬੀ ਧਿਰ ਨੂੰ ਰੱਜ ਕੇ ਕੋਸਣ ਦਾ ਮੌਕਾ ਮਿਲੇਗਾ, ਤੇ ਨਾਲ ਹੀ ਖੱਬੀ ਧਿਰ ਦੀ ਸਾਮਰਾਜ ਨਿਰਦੇਸ਼ਤ ਨਵਉਦਾਰਵਾਦੀ ਆਰਥਕ ਨੀਤੀਆਂ ਵਿਰੁੱਧ ਲੜਨ ਦੀ ਨਿਵੇਕਲੀ ਪਹੁੰਚ ਵੀ ਧੂਮਲ ਹੋਵੇਗੀ। ਸ. ਮਨਮੋਹਨ ਸਿੰਘ ਦੀ ਅਗਵਾਈ ਹੇਠਲੀ 10 ਸਾਲਾਂ ਕੇਂਦਰੀ ਸਰਕਾਰ ਵਾਲੀਆਂ ਨਵਉਦਾਰਵਾਦੀ ਆਰਥਕ ਨੀਤੀਆਂ ਲਾਗੂ ਕਰਨ ਅਤੇ ਕਿਸਾਨਾਂ ਦੀ ਜ਼ਮੀਨ ਧੱਕੇ ਨਾਲ ਹਾਸਲ ਕਰਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਪਾਲਿਸੀ ਨੇ ਪੱਛਮੀ ਬੰਗਾਲ ਦੀ ਖੱਬੇ ਮੋਰਚੇ ਦੀ ਸਰਕਾਰ ਨੂੰ ਉਥੋਂ ਦੇ ਕਿਰਤੀ ਕਿਸਾਨਾਂ ਦੀਆਂ ਨਿਗਾਹਾਂ ਵਿਚ 'ਗੁਨਾਹਗਾਰ' ਬਣਾ ਦਿੱਤਾ। ਇਸਦੀ ਸਜ਼ਾ ਖੱਬੇ ਮੋਰਚੇ ਨੂੰ ਅਸੈਂਬਲੀ ਚੋਣਾਂ ਵਿਚ ਹਾਰ ਦੇ ਰੂਪ ਵਿਚ ਭੁਗਤਣੀ ਪਈ।

ਰਵਾਇਤੀ ਕਮਿਊਨਿਸਟਾਂ ਦਾ ਖੱਬੀ ਏਕਤਾ ਤੇ ਸੰਘਰਸ਼ ਕਰਨ ਦੇ ਅਮਲ ਨੂੰ ਪਿੱਠ ਦੇਣਾ ਮੰਦਭਾਗਾ ਤੇ ਦੁਖਦਾਈ ਹੈ। ਆਰ.ਐਮ.ਪੀ.ਆਈ. ਸਮਾਜਕ ਤਬਦੀਲੀ ਦੇ ਅੰਤਮ ਨਿਸ਼ਾਨੇ ਨੂੰ ਪ੍ਰਾਪਤ ਕਰਨ ਵਾਸਤੇ ਜਿੱਥੇ ਮੌਜੂਦਾ ਸਮੇਂ ਉਪਰ ਖੱਬੀਆਂ ਸ਼ਕਤੀਆਂ ਦੀ ਏਕਤਾ ਤੇ ਸੰਘਰਸ਼ ਦੇ ਨਾਅਰੇ ਨੂੰ ਰੂਪਮਾਨ ਕਰਕੇ ਜਨਤਕ ਘੋਲਾਂ ਦੇ ਪਿੜ ਨੂੰ ਮਘਾਉਣਾ ਚਾਹੁੰਦੀ ਹੈ ਤਾਂ ਕਿ ਫਿਰਕੂ ਫਾਸ਼ੀਵਾਦੀ ਤਾਕਤਾਂ ਤੇ ਸਾਮਰਾਜ ਨਿਰਦੇਸ਼ਤ ਨਵਉਦਾਰਵਾਦੀ ਨੀਤੀਆਂ ਦੇ ਸਮਰਥਕਾਂ ਨੂੰ ਹਾਰ ਦੇਣ ਲਈ ਲੋਕਾਂ ਵਿਚੋਂ ਨਿਖੇੜਿਆ ਜਾ ਸਕੇ, ਉਸ ਦੇ ਨਾਲ ਹੀ ਇਸ ਮਿਸ਼ਨ ਦੀ ਪ੍ਰਾਪਤੀ ਲਈ ਆਜ਼ਾਦ ਘੋਲਾਂ ਰਾਹੀਂ ਆਪਣੇ ਜਨ-ਆਧਾਰ ਨੂੰ ਵੀ ਹੋਰ ਵਿਕਸਤ ਕਰਨ ਦਾ ਯਤਨ ਕਰ ਰਹੀ ਹੈ। ਦੇਸ਼ ਪੱਧਰ ਉਪਰ ਵੱਧ ਰਹੀ ਗਰੀਬੀ, ਮਹਿੰਗਾਈ ਤੇ ਬੇਕਾਰੀ ਕਾਰਨ ਮੋਦੀ ਸਰਕਾਰ ਵਿਰੁੱਧ ਅਤੇ ਸੰਘ ਪਰਿਵਾਰ ਦੀਆਂ ਵੱਧ ਰਹੀਆਂ ਫਿਰਕੂ ਸਰਗਰਮੀਆਂ ਖਿਲਾਫ਼ ਆਮ ਲੋਕਾਂ, ਧਾਰਮਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਤੇ ਨੌਜਵਾਨਾਂ ਵਿਚ ਪਨਪ ਰਹੀ ਬੇਚੈਨੀ ਨੂੰ ਜਮਹੂਰੀ ਤੇ ਇਨਕਲਾਬੀ ਧਾਰਾ ਵਿਚ ਵਿਕਸਤ ਕਰਨ ਲਈ ਜਿੱਥੇ ਸਮੂਹ ਖੱਬੀਆਂ ਸ਼ਕਤੀਆਂ ਦਾ ਇਕਜੁਟ ਹੋ ਕੇ ਜਨਤਕ ਸੰਘਰਸ਼ ਕਰਨਾ ਜ਼ਰੂਰੀ ਹੈ, ਉਥੇ ਮਾਰਕਸਵਾਦ-ਲੈਨਿਨਵਾਦ ਦੇ ਇਨਕਲਾਬੀ ਸਿਧਾਂਤ ਤੋਂ ਸੇਧ ਲੈਂਦਿਆਂ ਹੋਇਆਂ ਆਪਣੇ ਦੇਸ਼ ਤੇ ਪ੍ਰਾਂਤ ਦੇ ਜੁਝਾਰੂ ਇਤਿਹਾਸ ਤੇ ਮਾਨਵਵਾਦੀ ਕਦਰਾਂ ਕੀਮਤਾਂ ਦੀਆਂ ਮਹਾਨ ਪ੍ਰੰਪਰਾਵਾਂ ਤੋਂ ਪ੍ਰੇਰਣਾ ਲੈ ਕੇ ਇਕ ਇਨਕਲਾਬੀ ਪਾਰਟੀ ਦਾ ਆਜ਼ਾਦਾਨਾ ਰੂਪ ਵਿਚ ਮਜ਼ਬੂਤ ਹੋਣਾ ਵੀ ਅਤੀ ਜ਼ਰੂਰੀ ਹੈ। ਮੋਦੀ ਸਰਕਾਰ ਤੇ ਸੰਘ ਪਰਿਵਾਰ ਵਿਰੁੱਧ ਰਾਜਨੀਤਕ ਤੇ ਵਿਚਾਰਧਾਰਕ ਸੰਘਰਸ਼ ਅਤੇ ਬਗੈਰ ਕਿਸੇ ਰੱਖ ਰਖਾਅ ਦੇ ਸਾਮਰਾਜੀ ਸੰਸਾਰੀਕਰਨ ਦੀਆਂ ਆਰਥਕ ਨੀਤੀਆਂ ਵਿਰੁੱਧ ਘੋਲ ਜੁੜਵੇਂ ਰੂਪ ਵਿਚ ਚਲਾਏ ਬਿਨਾਂ ਦੇਸ਼ ਨੂੰ ਮੌਜੂਦਾ ਚਿੰਤਾਜਨਕ ਅਵਸਥਾ ਵਿਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ ਤੇ ਨਾ ਹੀ ਸਮਾਜਕ ਤਬਦੀਲੀ ਦੇ ਮਿੱਥੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਅੱਗੇ ਵਧਿਆ ਜਾ ਸਕਦਾ ਹੈ।

ਸਫ਼ਾ 17 ਦੀ ਬਾਕੀ

## 'ਭਾਰਤੀ ਗਣਤੰਤਰ' ਦੀ ਦਸ਼ਾ

ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਸਿੱਧਾ ਮਨੁੱਖ ਹੀ ਬਣਿਆ ਹੈ ਤੇ ਇਹੋ ਪੂਰਵਜ ਕਹਿ ਗਏ ਹਨ। ਇਸੇ ਤਰ੍ਹਾਂ ਕਾਰਲ ਮਾਰਕਸ ਦੇ ਸਮਾਜਕ ਵਿਗਿਆਨ ਨੂੰ ਸਿਲੇਬਸ 'ਚੋਂ ਬਾਹਰ ਕੀਤਾ ਜਾ ਰਿਹਾ ਹੈ। ਜਵਾਹਰ ਲਾਲ ਨਹਿਰੂ ਤੇ ਹੋਰ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਨੂੰ ਵਿਗਿਆਨਕ ਬਹਿਸਾਂ ਕਰਨ ਤੋਂ ਵਰਜਿਆ ਜਾ ਰਿਹਾ ਹੈ। ਕਨਈਆ ਕੁਮਾਰ ਵਰਗਿਆਂ 'ਤੇ ਦੇਸ਼ ਧਰੋਹੀ ਦੇ ਝੂਠੇ ਕੇਸ ਲਗਾਏ ਜਾ ਰਹੇ ਹਨ ਅਤੇ ਵਿਦਿਆਰਥੀ ਆਗੂ ਰਾਹੁਲ ਵੇਮੂਲਾ ਨੂੰ ਆਤਮਹੱਤਿਆ ਕਰਨ ਲਈ ਮਜਬੂਰ ਕੀਤਾ ਗਿਆ ਹੈ।

ਹਰ ਦੂਸਰਾ ਨੌਜਵਾਨ ਬੇਰੋਜ਼ਗਾਰੀ ਦੀ ਚੱਕੀ ਵਿਚ ਪਿੱਸ ਰਿਹਾ ਹੈ। ਸਿਹਤ, ਸਿੱਖਿਆ, ਪਾਣੀ, ਬਿਜਲੀ, ਆਵਾਜਾਈ ਤੇ ਹੋਰ ਬੁਨਿਆਦੀ ਸਹੂਲਤਾਂ ਸਮੇਤ ਸਭ ਵਿਭਾਗਾਂ ਦਾ ਨਿੱਜੀਕਰਨ ਕਰ ਦਿੱਤਾ ਗਿਆ ਹੈ। ਸਿੱਖਿਆ ਤੇ ਸਿਹਤ ਨੂੰ ਗਰੀਬਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਗਿਆ ਹੈ। ਹਾਲੇ ਤੱਕ ਕੁੱਲੀ, ਗੁੱਲੀ, ਜੁੱਲੀ ਦੇ ਬੁਨਿਆਦੀ ਮਸਲੇ ਵੀ ਹੱਲ ਨਹੀਂ ਹੋਏ ਹਨ। ਨੋਟਬੰਦੀ ਤੇ ਜੀ.ਐਸ.ਟੀ. ਨੇ ਛੋਟੇ ਕਾਰੋਬਾਰੀਆਂ ਅਤੇ ਗਰੀਬਾਂ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਈਸਟ ਇੰਡੀਆ ਕੰਪਨੀ ਤੋਂ ਆਜ਼ਾਦੀ ਪ੍ਰਾਪਤੀ ਮਗਰੋਂ ਫਿਰ ਤੋਂ ਬਹੁਰਾਸ਼ਟਰੀ ਕੰਪਨੀਆਂ ਨੂੰ ਵਾਜਾਂ ਮਾਰ-ਮਾਰ ਬੁਲਾਇਆ ਜਾ ਰਿਹਾ ਹੈ। ਦੇਸ਼ ਦਾ ਗੌਰਵ ਤੇ ਆਜ਼ਾਦੀ ਫਿਰ ਤੋਂ ਖ਼ਤਰੇ ਵਿਚ ਹੈ। ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਗਣਤੰਤਰ ਲੀਹੋਂ ਲਹਿ ਗਿਆ ਹੈ। ਸੰਵਿਧਾਨ ਵਿਚ ਜੋ ਦਰਜ ਹੈ, ਉਹ ਕਿਧਰੇ ਲਾਗੂ ਨਹੀਂ ਹੋ ਰਿਹਾ। ਜੋ ਲਾਗੂ ਹੋ ਰਿਹਾ ਹੈ, ਉਹ ਕਿਸੇ ਤਰ੍ਹਾਂ ਵੀ ਗਣਤੰਤਰੀ ਸੰਵਿਧਾਨ ਦੀ ਭੂਮਿਕਾ, ਇਸ ਦੇ ਮੌਲਿਕ ਤੇ ਨਿਰਦੇਸ਼ਕ ਸਿਧਾਂਤਾਂ ਦੇ ਅਨੁਸਾਰ ਨਹੀਂ ਹੈ। ਅਸਲੀ ਗਣਤੰਤਰ ਲਈ ਲੋਕਾਂ ਨੂੰ ਜਾਗਣਾ ਪਵੇਗਾ ਅਤੇ ਜਗਾਉਣ ਵਾਲਿਆਂ ਨੂੰ ਆਪਣਾ 'ਜਾਗਦੇ ਰਹੋ' ਦਾ ਹੋਕਾ ਸਾਂਝੇ ਤੌਰ 'ਤੇ ਹੋਰ ਉੱਚਾ ਕਰਨਾ ਹੋਵੇਗਾ। ਜਨਤਕ ਪ੍ਰਤੀਰੋਧ ਤੋਂ ਬਿਨਾਂ ਭਾਰਤੀ 'ਗਣਰਾਜ' ਦੀ ਦੁਰਦਸ਼ਾ ਵਾਲੇ ਵਤੀਰੇ ਨੂੰ ਠੱਲ ਨਹੀਂ ਪਾਈ ਜਾ ਸਕਦੀ।

ਸਫ਼ਾ 16 ਦੀ ਬਾਕੀ

## ਕਿਸਾਨੀ ਸੰਘਰਸ਼- ਸਫ਼ਰ ਵਿਚ ਸਾਥ ਜ਼ਰੂਰੀ ਹੈ

ਮੁੱਖ ਧਾਰਾ ਦੀ ਲਗਭਗ ਹਰ ਪਾਰਟੀ ਨੇ ਸਵਾਮੀ ਨਾਥਨ ਕਮਿਸ਼ਨ ਲਾਗੂ ਕਰਨ ਦੇ ਦਾਅਵੇ-ਵਾਅਦੇ ਕੀਤੇ ਪਰ ਉਹ ਸਭ ਹਵਾ ਹੋ ਗਏ। ਕਿਸਾਨੀ ਨੂੰ ਕਾਗ਼ਜ਼ਾਂ ਵਿਚ ਰਾਹਤ ਦੇ ਐਲਾਨ ਕਈ ਵਾਰ ਹੋਏ ਪਰ ਇਨ੍ਹਾਂ ਐਲਾਨਾਂ ਨੂੰ ਜ਼ਮੀਨੀ ਪੱਧਰ 'ਤੇ ਅਮਲ ਵਿਚ ਕਦੇ ਨਹੀਂ ਲਿਆਂਦਾ ਗਿਆ। ਹੁਣ ਵੀ ਮੁੰਬਈ ਆਏ 50,000 ਕਿਸਾਨਾਂ ਨੂੰ ਇਹ ਕਹਿ ਕੇ ਕਿ ਤੁਹਾਡੀਆਂ ਮੰਗਾਂ ਮੰਨ ਲਈਆਂ ਗਈਆਂ ਹਨ, ਵਾਪਸ ਤੋਰ ਦਿੱਤਾ ਗਿਆ ਹੈ। ਕੁਝ ਸਮੇਂ ਬਾਅਦ ਇਹ ਕਿਸਾਨ ਇਨ੍ਹਾਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਫੇਰ ਮੁੰਬਈ ਆਉਣਗੇ। ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੇ ਕਿਸਾਨ ਦਿੱਲੀ ਜਾਣਗੇ। ਪਹਿਲਾਂ ਵੀ ਜਾਂਦੇ ਰਹੇ ਹਨ, ਅੱਗੋਂ ਵੀ ਜਾਣਗੇ। ਇਹ ਸਿਲਸਿਲਾ ਏਦਾਂ ਹੀ ਜਾਰੀ ਰਹੇਗਾ। ਸਰਕਾਰਾਂ ਬਦਲਦੀਆਂ ਰਹਿਣਗੀਆਂ। ਪਰ ਨੀਅਤ ਵਿਚ ਖੋਟ ਬਰਕਰਾਰ ਰਹੇਗਾ। ਇਸ ਨੀਅਤ ਦੇ ਖੋਟ ਨੂੰ ਸਮਝ ਕੇ ਅਵਾਮ ਵਿਚ ਸਾਂਝੇ ਸੰਘਰਸ਼ਾਂ ਦੀ ਚਿਣਗ ਲਾਉਣੀ ਅੱਜ ਦੀ ਇਕੋ ਇਕ ਜ਼ਰੂਰਤ ਹੈ। ਹੁਣ ਇਕੱਲਿਆਂ-ਇਕੱਲਿਆਂ ਤੁਰਿਆਂ ਕੁਝ ਨਹੀਂ ਬਣਨਾ। ਸਫ਼ਰ ਲੰਬਾ ਹੈ। ਸਫ਼ਰ ਵਿਚ ਸਾਥ ਜ਼ਰੂਰੀ ਹੈ। ਜਿਹੜਾ ਵੀ ਸਾਥ ਆ ਸਕੇ, ਉਹਨੂੰ ਨਾਲ ਲੈਣ ਦੀ ਜ਼ਰੂਰਤ ਹੈ। ਆਗੂਆਂ ਨੂੰ ਹਉਮੈ ਤਿਆਗਣ ਦੀ ਜ਼ਰੂਰਤ ਹੈ, ਜੇ ਨਹੀਂ ਤਾਂ ਫੇਰ ਲੋਕ ਖੁਦ ਆਪਣੀ ਨਵੀਂ ਲੀਡਰਸ਼ਿਪ ਚੁਣ ਲੈਣਗੇ। ਕਿਸਾਨ, ਖੇਤ ਮਜ਼ਦੂਰ, ਉਸਾਰੀ ਮਜ਼ਦੂਰ, ਹਰ ਤਰ੍ਹਾਂ ਦੇ ਮਜ਼ਦੂਰ, ਨੌਜਵਾਨ, ਵਿਦਿਆਰਥੀ, ਮੁਲਾਜ਼ਮ ਅਤੇ ਇਸਤਰੀਆਂ ਦੇ ਹੱਕ-ਹਕੂਕਾਂ ਲਈ ਲੜਨ ਦੇ ਦਾਅਵੇ ਕਰਨ ਵਾਲਿਆਂ ਲਈ ਇਹੀ ਅੱਜ ਦੀ ਸਭ ਤੋਂ ਵੱਡੀ ਚੁਣੌਤੀ ਹੈ। ਇਸ ਚੁਣੌਤੀ ਨੂੰ ਪ੍ਰਵਾਨ ਕਰਨ ਵਾਲਿਆਂ ਦਾ ਹੀ ਭਵਿੱਖ ਹੈ।

ਸਫ਼ਾ 1 ਦੀ ਬਾਕੀ

## ਐਨਰਜ਼ੀ ਖੇਤਰ ਵਿੱਚ ਅਲਬਰਟਾ ਕਰੇਗਾ ਇੱਕ ਬਿਲੀਅਨ ਦਾ ਨਿਵੇਸ਼

ਗੱਲ 'ਤੇ ਵਿਚਾਰ ਹੋਇਆ ਸੀ ਕਿ ਕਿਵੇਂ ਅਲਬਰਟਾ ਦੇ ਸੋਮਿਆਂ ਦੀ ਸਹੀ ਵਰਤੋਂ ਹੋ ਸਕਦੀ ਹੈ ਤੇ ਵੱਧ ਤੋਂ ਵੱਧ ਜੌਬਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਕਮੇਟੀ ਦਾ ਕਹਿਣਾ ਹੈ ਕਿ ਅਲਬਰਟਾ ਦਾ ਤੇਲ ਅਤੇ ਗੈਸ ਉਦਯੋਗ ਮੁਸ਼ਕਿਲ ਸਥਿਤੀਆਂ ਵਿੱਚੋਂ ਗੁਜ਼ਰ ਰਿਹਾ ਹੈ ਪਰ ਇਸਦਾ ਭਵਿੱਖ ਸੁਨਹਿਰਾ ਹੋ ਸਕਦਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਮਹੱਤਵਪੂਰਨ ਸਿਫ਼ਾਰਿਸ਼ਾਂ ਕਮੇਟੀ ਵੱਲੋਂ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਲੈ ਕੇ ਜੇਕਰ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ ਤਾਂ ਨਿਸਚਿਤ ਹੀ ਚੰਗੇ ਨਤੀਜੇ ਸਾਹਮਣੇ ਆ ਸਕਦੇ ਹਨ ਤੇ ਅਲਬਰਟਾ ਦਾ ਤੇਲ, ਗੈਸ ਉਦਯੋਗ ਨਿਸਚਿਤ ਹੀ ਪੱਕੇ ਪੈਰੀਂ ਹੋ ਸਕਦਾ ਹੈ।

ਸਫ਼ਾ 16 ਦੀ ਬਾਕੀ

## ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ....

ਮੀਟਿੰਗ ਦੌਰਾਨ ਇਕ ਮਤੇ ਰਾਹੀਂ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਵਲੋਂ ਭਾਰਤ ਦੀ ਮੋਦੀ ਸਰਕਾਰ ਵਲੋਂ ਫੈਲਾਏ ਜਾ ਰਹੇ ਸ਼ਾਵਨਵਾਦ ਦੀ ਨਿਖੇਧੀ ਕੀਤੀ ਗਈ। ਮੀਟਿੰਗ ਵਿਚ ਇਹ ਨੋਟ ਕੀਤਾ ਗਿਆ ਕਿ ਜਦੋਂ ਤੋਂ ਮੋਦੀ ਸਰਕਾਰ ਸੱਤ; ਵਿਚ ਆਈ ਹੈ, ਉਦੋਂ ਤੋਂ ਹੀ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਵੱਲ ਧਿਆਨ ਦੇਣ ਦੀ ਬਜਾਏ, ਆਰਐਸਐਸ ਅਤੇ ਕੱਟੜਵਾਦੀ ਹਿੰਦੂ ਗਰੁੱਪਾਂ ਵਲੋਂ ਘੱਟ-ਗਿਣਤੀਆਂ ਉਪਰ ਹਮਲਿਆਂ ਅਤੇ ਕਤਲਾਂ ਨੂੰ ਸ਼ਹਿ ਦਿੰਦੀ ਆ ਰਹੀ ਹੈ। ਮੋਦੀ ਭਗਤਾਂ ਵਲੋਂ ਵਿਰੋਧੀ ਵਿਚਾਰਾਂ ਵਾਲੇ ਸਮਾਜਕ ਅਤੇ ਰਾਜਸੀ ਨੇਤਾਵਾਂ ਦੇ ਬੁੱਤਾਂ ਨੂੰ ਤੋੜ ਕੇ ਇਸ ਲਹਿਰ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ ਗਿਆ ਹੈ। ਇਸੇ ਸਿਲਸਿਲੇ ਵਿਚ ਲੰਘੇ ਦਿਨੀਂ ਤ੍ਰਿਪੁਰਾ ਵਿਚ ਕਾਮਰੇਡ ਲੈਨਿਨ ਦਾ ਬੁੱਤ ਤੋੜਨ ਦੀ ਘਟਨਾ ਦਾ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਨੇ ਸਖ਼ਤ ਨੋਟਿਸ ਲਿਆ ਅਤੇ ਇਨ੍ਹਾਂ ਤੱਤਾਂ ਵਿਰੁੱਧ ਲੋਕ ਜਮਹੂਰੀ ਤੇ ਪ੍ਰਗਤੀਸ਼ੀਲ ਧਿਰਾਂ ਦੀ ਇਕਜੁਟਤਾ 'ਤੇ ਜ਼ੋਰ ਦਿੱਤਾ। ਸੰਸਥਾ ਨੇ ਭਾਜਪਾ, ਆਰਐਸਐਸ ਅਤੇ ਇਨ੍ਹਾਂ ਦੇ ਸਹਿਯੋਗੀ ਦਲਾਂ ਵਲੋਂ ਘੱਟ ਗਿਣਤੀ ਵਿਚ ਫੈਲਾਏ ਜਾ ਰਹੇ ਭੈਅ ਅਤੇ ਦਲਿਤਾਂ ਅਤੇ ਹਾਸ਼ੀਆ ਗ੍ਰਸਤ ਲੋਕਾਂ ਉਪਰ ਕੀਤੇ ਜਾ ਰਹੇ ਤਸ਼ੱਦਦ ਵਿਰੁੱਧ ਕੀਤੇ ਜਾ ਰਹੇ ਯਤਨਾਂ ਨਾਲ ਇਕਮੁਠਤਾ ਪਰਗਟ ਕਰਦਿਆਂ ਇਸ ਵਿਰੁੱਧ ਡਟ ਜਾਣ ਦਾ ਸੱਦ ਦਿੱਤਾ ਹੈ।

ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਦਲਬੀਰ ਸਾਂਗਿਆਣ ਨਾਲ 780-995-5475, ਕਿਰਤਮੀਤ ਕੋਹਾੜ ਨਾਲ 780-200-5328, ਨਵਤੇਜ ਬੈਂਸ ਨਾਲ 780-200-2872 ਅਤੇ ਮਹਿੰਦਰ ਸਿੰਘ ਸੰਧੂ (ਸੀਲੋਂ) ਨਾਲ 780-200-4676 'ਤੇ ਸੰਪਰਕ ਕੀਤਾ ਜਾ ਸਕਦਾ ਹੈ।

Harjeet Sandhu
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

## ਨਾਨਕ ਸਿੰਘ ਦੀਆਂ ਦੋ ਕਹਾਣੀਆਂ

# ਤਾਸ਼ ਦੀ ਆਦਤ

"ਰਹੀਮੇ!" ਸ਼ੇਖ਼ ਅਬਦੁਲ ਹਮੀਦ ਸਬ-ਇੰਸਪੈਕਟਰ ਨੇ ਘਰ ਦਾ ਬੂਹਾ ਵੜਦਿਆਂ ਹੀ ਨੌਕਰ ਨੂੰ ਆਵਾਜ਼ ਦਿੱਤੀ, "ਬਸ਼ੀਰ ਨੂੰ ਮੇਰੇ ਕਮਰੇ ਵਿਚ ਭੇਜ ਜ਼ਰਾ"।

ਤੇ ਉਹ ਸ਼ਪਾ-ਸ਼ਪ ਆਪਣੇ ਪ੍ਰਾਈਵੇਟ ਕਮਰੇ ਵਿਚ ਪਹੁੰਚੇ, ਕੋਟ ਤੇ ਪੇਟੀ ਲਾਹ ਕੇ ਕਿੱਲੀ ਉੱਤੇ ਟੰਗੀ ਅਤੇ ਮੇਜ਼ ਦੇ ਅੱਗੇ ਜਾ ਬੈਠੇ।

ਮੇਜ਼ ਉੱਤੇ ਬਹੁਤ ਸਾਰਾ ਖਿੱਲਰ-ਖਲੇਰਾ ਪਿਆ ਹੋਇਆ ਸੀ। ਇਕ ਨੁੱਕਰੇ ਕੁਝ ਮੋਟੀਆਂ-ਪਤਲੀਆਂ, ਕਾਨੂੰਨੀ ਅਤੇ ਗੈਰ-ਕਾਨੂੰਨੀ, ਆਦਿ ਕਿਤਾਬਾਂ ਉਸਰੀਆਂ ਹੋਈਆਂ ਸਨ, ਦੂਜੀ ਨੁੱਕਰੇ ਚਿੱਟੇ-ਪੀਲੇ ਉੱਘੜ-ਦੁੱਘੜ ਕਾਗਜ਼ਾਂ ਨਾਲ ਤੁਸੀਆਂ ਹੋਈਆਂ ਕਈ ਫ਼ਾਈਲਾਂ। ਵਿਚਕਾਰ ਕਲਮਦਾਨ ਅਤੇ ਉਸ ਦੇ ਲਾਗੇ ਕਰ ਕੇ ਅੱਜ ਦੀ ਆਈ ਹੋਈ ਡਾਕ ਪਈ ਸੀ, ਜਿਸ ਵਿਚ ਪੰਜ-ਛੇ ਲਫ਼ਾਫ਼ੇ, ਦੋ-ਤਿੰਨ ਪੋਸਟ ਕਾਰਡ ਅਤੇ ਇਕ-ਦੋ ਅਖ਼ਬਾਰਾਂ ਵੀ ਸਨ। ਪਿਨ-ਕੁਸ਼ਨ, ਬਲਾਟਿੰਗ ਪੇਪਰ, ਪੇਪਰ-ਵੇਟ, ਟੈਗਾਂ ਦਾ ਇਕ ਮੁੱਠਾ ਅਤੇ ਹੋਰ ਇਹੋ ਜਿਹਾ ਬਥੇਰਾ ਨਿੱਕੜ-ਸੁੱਕੜ ਥਾਉਂ-ਥਾਈਂ ਪਿਆ ਸੀ।

ਬੈਠਦਿਆਂ ਹੀ ਸ਼ੇਖ਼ ਹੋਰਾਂ ਨੇ ਦੂਰ ਦੀ ਐਨਕ ਉਤਾਰ ਕੇ ਮੇਜ਼ ਦੀ ਸਾਹਮਣੀ ਬਾਹੀ, ਜਿਹੜੀ ਕੁਝ ਖ਼ਾਲੀ ਸੀ, ਉੱਤੇ ਟਿਕਾ ਦਿੱਤੀ ਅਤੇ ਜੇਬ ਵਿਚੋਂ ਨੇੜੇ ਦੀ ਐਨਕ ਲਾ ਕੇ ਡਾਕ ਵੇਖਣ ਲੱਗੇ। ਉਨ੍ਹਾਂ ਨੇ ਅਜੇ ਦੋ ਕੁ ਲਫ਼ਾਫ਼ੇ ਹੀ ਖੋਲ੍ਹੇ ਸਨ ਕਿ ਪੰਜਾਂ ਕੁ ਵਰ੍ਹਿਆਂ ਦਾ ਇਕ ਮੁੰਡਾ ਅੰਦਰ ਆਉਂਦਾ ਦਿੱਸਿਆ।

ਮੁੰਡਾ ਵੇਖਣ ਵਿਚ ਬੜਾ ਚੁਸਤ-ਚਲਾਕ ਅਤੇ ਸ਼ਰਾਰਤੀ ਜਿਹਾ ਸੀ, ਪਰ ਪਿਉ ਦੇ ਕਮਰੇ ਵਿਚ ਵੜਦਿਆਂ ਹੀ ਉਸ ਦਾ ਸੁਭਾਉ ਇਕਦਮ ਬਦਲ ਗਿਆ। ਚੰਚਲ ਅਤੇ ਫੁਰਤੀਲੀਆਂ ਅੱਖਾਂ ਨਿਉਂ ਗਈਆਂ। ਸਰੀਰ ਵਿਚ ਜਿਵੇਂ ਸਾਹ-ਸਤ ਹੀ ਨਹੀਂ ਸੀ।

"ਬੈਠ ਜਾ ਸਾਹਮਣੀ ਕੁਰਸੀ ਉੱਤੇ", ਇਕ ਲੰਮੀ ਚਿੱਠੀ ਪੜ੍ਹਦਿਆਂ ਸ਼ੇਰ ਵਾਂਗ ਭਬਕ ਕੇ ਸ਼ੇਖ਼ ਹੋਰਾਂ ਹੁਕਮ ਦਿੱਤਾ।

"ਤੱਕ ਮੇਰੇ ਵੱਲ", ਚਿੱਠੀ ਵੱਲੋਂ ਧਿਆਨ ਹਟਾ ਕੇ ਸ਼ੇਖ਼ ਹੋਰੀਂ ਕੜਕੇ, ਤੂੰ ਅੱਜ ਤਾਸ਼ ਖੇਡੀ ਸੀ, ਸੁਣਿਆ ਏ?" "ਨਹੀਂ ਅੱਬਾ ਜੀ", ਮੁੰਡੇ ਨੇ ਡਰਦਿਆਂ ਕਿਹਾ।

"ਡਰ ਨਾ", ਸ਼ੇਖ਼ ਹੋਰਾਂ ਆਪਣੀ ਆਦਤ ਦੇ ਵਿਰੁੱਧ ਕਿਹਾ, "ਸੱਚੋ-ਸੱਚ ਦੱਸ ਦੇ, ਮੈਂ ਤੈਨੂੰ ਕਹਿੰਦਾ ਕੁਝ ਨਹੀਂ। ਮੈਂ ਖ਼ੁਦ ਤੈਨੂੰ ਅੱਖੀਂ ਵੇਖਿਆ ਸੀ, ਅਬਦੁਲੇ ਦੇ ਮੁੰਡੇ ਨਾਲ ਉਨ੍ਹਾਂ ਦੇ ਵਿਹੜੇ ਵਿਚ ਤੂੰ ਪਿਆ ਖੇਡਦਾ ਸੈਂ। ਦੱਸ ਖੇਡੀ ਸੀ ਕਿ ਨਹੀਂ?"

ਮੁੰਡਾ ਮੂੰਹੋਂ ਤਾਂ ਨਾ ਬੋਲਿਆ ਪਰ ਉਸ ਨੇ "ਹਾਂ" ਵਿਚ ਸਿਰ ਹਿਲਾਇਆ।

"ਸ਼ਾਬਾਸ਼!" ਸ਼ੇਖ਼ ਹੋਰੀਂ ਹੋਰ ਨਰਮੀ ਨਾਲ ਬੋਲੇ, "ਮੈਂ ਆਪ ਤਾਂ ਨਹੀਂ ਸੀ ਵੇਖਿਆ, ਕਿਸੇ ਤੋਂ ਸੁਣਿਆ ਸੀ। ਇਹ ਤਾਂ ਤੈਥੋਂ ਇਕਬਾਲ ਕਰਾਉਣ ਦਾ ਇਕ ਤਰੀਕਾ ਸੀ। ਬਹੁਤ ਸਾਰੇ ਮੁਲਜ਼ਮਾਂ ਨੂੰ ਅਸੀਂ ਇਸੇ ਤਰ੍ਹਾਂ ਬਕਾ ਲੈਂਦੇ ਹਾਂ। ਖ਼ੈਰ, ਪਰ ਮੈਂ ਤੈਨੂੰ ਅੱਜ ਕੁਝ ਜ਼ਰੂਰੀ ਗੱਲਾਂ ਸਮਝਾਉਣੀਆਂ ਨੇ, ਜ਼ਰਾ ਖਿਆਲ ਨਾਲ ਸੁਣ।"

"ਖਿਆਲ ਨਾਲ ਸੁਣ" ਕਹਿਣ ਤੋਂ ਬਾਅਦ ਉਨ੍ਹਾਂ ਨੇ ਬਸ਼ੀਰ ਵੱਲ ਤੱਕਿਆ। ਉਹ ਮੇਜ਼ ਉੱਤੇ ਪਈ ਐਨਕ ਨੂੰ ਫੜ ਕੇ ਉਸ ਦੀਆਂ ਕਮਾਨੀਆਂ ਹੇਠਾਂ ਉੱਤੇ ਕਰ ਰਿਹਾ ਸੀ।

ਐਨਕ ਉਸ ਦੇ ਹੱਥੋਂ ਫੜ ਕੇ, ਨਾਲ ਹੀ ਫਾਈਲ ਵਿਚੋਂ ਇਕ ਵਰੰਟ ਦਾ ਮਜ਼ਮੂਨ ਦਿਲ ਵਿਚ ਪੜ੍ਹਦੇ ਹੋਏ ਸ਼ੇਖ਼ ਹੋਰੀਂ ਬੋਲੇ, "ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਕ ਗੁਨਾਹ ਬਹੁਤ ਸਾਰੇ ਗੁਨਾਹਾਂ ਦਾ ਪੇਸ਼-ਖੇਮਾ ਹੁੰਦਾ ਹੈ, ਜਿਸ ਦੀ ਜ਼ਿੰਦਾ ਮਿਸਾਲ ਇਹ ਹੈ ਕਿ ਤਾਸ਼ ਖੇਡਣ ਦਾ ਗੁਨਾਹ ਲੁਕਾਉਣ ਲਈ ਤੈਨੂੰ ਝੂਠ ਵੀ ਬੋਲਣਾ ਪਿਆ। ਯਾਨੀ ਕਿ ਇਕ ਦੇ ਥਾਂ ਤੂੰ ਦੋ ਗੁਨਾਹ ਕੀਤੇ।" ਵਰੰਟ ਨੂੰ ਮੁੜ ਫ਼ਾਈਲ ਵਿਚ ਨੱਥੀ ਕਰਦਿਆਂ ਹੋਇਆਂ ਸ਼ੇਖ਼ ਹੋਰਾਂ ਮੁੰਡੇ ਵੱਲ ਤੱਕਿਆ। ਬਸ਼ੀਰ ਪਿਨ-ਕੁਸ਼ਨ ਵਿਚੋਂ ਪਿੰਨ ਕੱਢ-ਕੱਢ ਕੇ ਟੇਬਲ-ਕਲਾਥ ਵਿਚ ਖੁਭੋ ਰਿਹਾ ਸੀ।

"ਮੇਰੇ ਵੱਲ ਧਿਆਨ ਕਰ", ਉਸ ਦੇ ਹਥੋਂ ਪਿੰਨ ਖੋਹ ਕੇ ਸ਼ੇਖ਼ ਹੋਰੀਂ ਇਕ ਅਖ਼ਬਾਰ ਦੇ ਵਰਕੇ ਫੋਲਦੇ ਹੋਏ ਬੋਲੇ, "ਤਾਸ਼ ਵੀ ਇਕ ਕਿਸਮ ਦਾ ਜੂਆ ਹੁੰਦਾ ਹੈ, ਜੂਆ! ਏਸੇ ਤੋਂ ਵਧਦੀ-ਵਧਦੀ ਆਦਮੀ ਨੂੰ ਜੂਏ ਦੀ ਆਦਤ ਪੈ ਜਾਂਦੀ ਏ। ਸੁਣਿਆ ਈ? ਤੇ ਇਹ ਆਦਤ ਨਾ ਸਿਰਫ਼ ਆਪਣੇ ਤੱਕ ਹੀ ਮਹਿਦੂਦ ਰਹਿੰਦੀ ਏ, ਬਲਕਿ ਇਕ ਆਦਮੀ ਪਾਸੋਂ ਦੂਜੇ ਨੂੰ, ਦੂਜੇ ਪਾਸੋਂ ਤੀਜੇ ਨੂੰ ਪੈ ਜਾਂਦੀ ਏ, ਜਿਸ ਤਰ੍ਹਾਂ ਖ਼ਰਬੂਜ਼ੇ ਨੂੰ ਵੇਖ ਖ਼ਰਬੂਜ਼ਾ ਰੰਗ ਫੜਦਾ ਏ।"

ਕਲਮਦਾਨ ਵਿਚੋਂ ਉਂਗਲ ਨਾਲ ਸਿਆਹੀ ਲਾ ਕੇ ਬਸ਼ੀਰ ਇਕ ਕੋਰੇ ਕਾਗਜ਼ ਉੱਤੇ ਚੀਚ-ਬਲੋਲੇ ਵਾਹ ਰਿਹਾ ਸੀ। ਖ਼ਰਬੂਜ਼ੇ ਦਾ ਨਾਂ ਸੁਣਦਿਆਂ ਹੀ ਉਹਨੇ ਉਂਗਲ ਨੂੰ ਮੇਜ਼ ਦੀ ਹੇਠਲੀ ਬਾਹੀ ਨਾਲ ਪੂੰਝ ਕੇ ਪਿਉ ਵੱਲ ਇਸ ਤਰ੍ਹਾਂ ਤੱਕਿਆ, ਜਿਵੇਂ ਸੱਚ-ਮੁੱਚ ਕੋਈ ਹੱਥ ਵਿਚ ਖ਼ਰਬੂਜ਼ਾ ਲਈ ਬੈਠਾ ਹੋਵੇ।

"ਬਸ਼ੀਰ!" ਉਸ ਦੇ ਅਗੋਂ ਕਲਮਦਾਨ ਚੁੱਕ ਕੇ ਪਰੇ ਰੱਖਦੇ ਹੋਏ ਸ਼ੇਖ਼ ਹੋਰੀਂ ਬੋਲੇ, "ਮੇਰੀ ਗੱਲ ਧਿਆਨ ਨਾਲ ਸੁਣ।" ਅਜੇ ਉਹ ਏਨੀ ਗੱਲ ਕਰ ਸਕੇ ਸਨ ਕਿ ਟੈਲੀਫ਼ੂਨ ਦੀ ਘੰਟੀ ਵੱਜੀ।

ਸ਼ੇਖ਼ ਹੋਰਾਂ ਨੇ ਉੱਠ ਕੇ ਰਿਸੀਵਰ ਫੜਿਆ, "ਹੈਲੋ! ਕਿਥੋਂ ਬੋਲਦੇ ਜੇ? ਬਾਬੂ ਪਰਸ਼ੋਤਮ ਦਾਸ?

ਆਦਾਬ-ਅਰਜ਼! ਸੁਣਾਓ ਕੀ ਹੁਕਮ ਹੈ? ਲਾਟਰੀ ਦੀਆਂ ਟਿਕਟਾਂ ? ਉਹ ਅੱਜ ਮੈਂ ਸ਼ਾਮ ਨੂੰ ਪੂਰ ਕਰ ਕੇ ਭੇਜ ਦਿਆਂਗਾ! ਕਿੰਨੇ ਰੁਪਏ ਨੇ ਪੰਜ ਟਿਕਟਾਂ ਦੇ? ਖ਼ੈਰ... ਪਰ ਕਦੇ ਕੱਢੀ ਵੀ ਜੇ ਅੱਜ ਤੀਕ? ਕਿਸਮਤ ਖ਼ਬਰੇ ਕਦੋਂ ਜਾਗ ਪਵੇਗੀ। ਤੇ ਤੁਸੀਂ ਕਿਸ ਮਰਜ਼ ਦੀ ਦੁਆ ਹੋਏ! ਅੱਛਾ, ਆਦਾਬ-ਅਰਜ਼!"

ਰਿਸੀਵਰ ਰੱਖ ਕੇ ਉਹ ਮੁੜ ਆਪਦੀ ਥਾਂ ਉੱਤੇ ਆ ਬੈਠੇ ਅਤੇ ਬੋਲੇ, "ਵੇਖ ਸ਼ਰਾਰਤਾਂ ਨਾ ਕਰ, ਪੇਪਰ-ਵੇਟ ਭੁੰਜੇ ਡਿੱਗ ਕੇ ਟੁੱਟ ਜਾਏਗਾ। ਏਸ ਨੂੰ ਰੱਖ ਦੇ। ਤੇ ਧਿਆਨ ਨਾਲ ਮੇਰੀ ਗੱਲ ਸੁਣ।...ਹਾਂ, ... ਮੈਂ ਕੀ ਕਹਿ ਰਿਹਾ ਸਾਂ!" ਇਕ ਹੋਰ ਫਾਈਲ ਦਾ ਫੀਤਾ ਖੋਲ੍ਹਦੇ ਹੋਏ ਸ਼ੇਖ਼ ਹੋਰੀਂ ਬੋਲੇ, "ਤਾਸ਼ ਦੀਆਂ ਬੁਰਾਈਆਂ ਦੱਸ ਰਿਹਾ ਸਾਂ। ਤਾਸ਼ ਤੋਂ ਜੂਆ, ਜੂਏ ਤੋਂ ਚੋਰੀ, ਤੇ ਚੋਰੀ ਤੋਂ ਬਾਅਦ? ਪਤਾ ਈ ਕੀ ਹਾਸਲ ਹੁੰਦਾ ਏ?" ਬਸ਼ੀਰ ਵੱਲ ਤੱਕਦਿਆਂ ਹੋਇਆਂ ਉਹ ਬੋਲੇ, "ਜੇਲ੍ਹ, ਯਾਨੀ ਕੈਦ ਦੀ ਸਜ਼ਾ।"

ਫਾਈਲ ਵਿਚੋਂ ਬਾਹਰ ਨਿਕਲੇ ਹੋਏ ਇਕ ਪੀਲੇ ਕਾਗਜ਼ ਨੂੰ ਬਸ਼ੀਰ ਡੰਕ ਦੀ ਚੁੰਝ ਨਾਲ ਛੇਕ ਪਾ ਰਿਹਾ ਸੀ।

"ਨਾਲਾਇਕ, ਪਾਜੀ", ਸ਼ੇਖ਼ ਹੋਰੀਂ ਉਸ ਦੇ ਹੱਥੋਂ ਡੰਕ ਖਿੱਚਦੇ ਹੋਏ ਬੋਲੇ, "ਛੱਡ ਇਨ੍ਹਾਂ ਵਿਹਲੇ ਕੰਮਾਂ ਨੂੰ ਤੇ ਮੇਰੀ ਗੱਲ ਧਿਆਨ ਨਾਲ ਸੁਣ। ਤੈਨੂੰ ਪਤਾ ਏ, ਕਿੰਨੇ ਚੋਰਾਂ ਦਾ ਸਾਨੂੰ ਹਰ ਰੋਜ਼ ਚਲਾਨ ਕਰਨਾ ਪੈਂਦਾ ਏ? ਤੇ ਇਹ ਸਾਰੇ ਚੋਰ ਤਾਸ਼ਾਂ ਖੇਡ-ਖੇਡ ਕੇ ਹੀ ਚੋਰੀ ਕਰਨੀ ਸਿੱਖਦੇ ਨੇ। ਜੇ ਐਹ ਕਾਨੂੰਨ ਦਾ ਡੰਡਾ ਇਨ੍ਹਾਂ ਦੇ ਸਿਰ ਉਤੇ ਨਾ ਹੋਵੇ ਤਾਂ ਖ਼ਬਰੇ ਕੀ ਕਿਆਮਤ ਬਰਪਾ ਕਰਾ ਦੇਣ।" ਤੇ ਸ਼ੇਖ਼ ਹੋਰਾਂ ਮੇਜ਼ ਦੀ ਨੁਕਰੇ ਪਈ ਤਾਜ਼ੀਰਾਤੇ-ਹਿੰਦ ਵੱਲ ਬਸ਼ੀਰ ਨੂੰ ਤਕਾਇਆ। ਪਰ ਬਸ਼ੀਰ ਦਾ ਧਿਆਨ ਇਕ ਹੋਰ ਕਿਤਾਬ ਵੱਲ ਸੀ। ਉਸ ਦੇ ਉਤਲੇ ਗੱਤੇ ਤੋਂ ਜਿਲਦ ਦਾ ਕੱਪੜਾ ਥੋੜ੍ਹਾ ਜਿਹਾ ਉੱਖੜਿਆ ਹੋਇਆ ਸੀ, ਜਿਸ ਨੂੰ ਖਿੱਚਦਿਆਂ-ਖਿੱਚਦਿਆਂ ਬਸ਼ੀਰ ਨੇ ਅੱਧਾ ਕੁ ਗੱਤਾ ਨੰਗਾ ਕਰ ਦਿੱਤਾ ਸੀ।

"ਬੇਵਕੂਫ਼, ਗਧਾ", ਕਿਤਾਬ ਉਸ ਦੇ ਲਾਗਿਓਂ ਚੁੱਕ ਕੇ ਪਰੇ ਰੱਖਦੇ ਹੋਏ ਸ਼ੇਖ਼ ਹੋਰੀਂ ਬੋਲੇ, "ਤੈਨੂੰ ਜਿਲਦਾਂ ਉਖੇੜਨ ਲਈ ਸੱਦਿਆ ਸੀ? ਖ਼ਿਆਲ ਨਾਲ ਸੁਣ!" ਤੇ ਕੁਝ ਸੰਮਨਾਂ ਉਤੇ ਦਸਖ਼ਤ ਕਰਦਿਆਂ ਹੋਇਆਂ ਉਨ੍ਹਾਂ ਨੇ ਫੇਰ ਲੜੀ ਜੋੜੀ, "ਸਾਨੂੰ ਪੁਲਿਸ-ਅਫਸਰਾਂ ਨੂੰ ਜੁ ਸਰਕਾਰ ਇੰਨੀਆਂ ਤਨਖਾਹਾਂ ਤੇ ਪੈਨਸ਼ਨਾਂ ਦਿੰਦੀ ਏ, ਤੈਨੂੰ ਪਤਾ ਏ ਕਿਉਂ ਦਿੰਦੀ ਹੈ? ਸਿਰਫ਼ ਇਸ ਲਈ ਕਿ ਅਸੀਂ ਮੁਲਕ ਵਿਚੋਂ ਜ਼ੁਰਮਾਂ ਤੇ ਮੁਜ਼ਰਮਾਂ ਦੀ ਬਹੁਤਾਤ ਨੂੰ ਰੋਕੀਏ। ਪਰ ਜੇ ਸਾਡੇ ਹੀ ਬੱਚੇ ਤਾਸ਼ਾਂ-ਜੂਏ ਖੇਡਣ ਲੱਗ ਪੈਣ ਤਾਂ ਦੁਨੀਆਂ ਕੀ ਕਹੇਗੀ। ਤੇ ਅਸੀਂ ਹੀ ਆਪਣਾ ਨਿਮਕ ਕਿਸ ਤਰ੍ਹਾਂ ਹਲਾਲ..."

ਗੱਲ ਅਜੇ ਅਧਵਾਟੇ ਹੀ ਸੀ ਕਿ ਪਿਛਲੇ ਬੂਹੇ ਥਾਣੀਂ ਉਨ੍ਹਾਂ ਦਾ ਇਕ ਉੱਚਾ-ਲੰਮਾ ਨੌਕਰ ਆਇਆ। ਇਕ ਸਿਪਾਹੀ ਸੀ। ਸ਼ੇਖ਼ ਹੋਰੀਂ ਹਮੇਸ਼ਾਂ ਇਹੋ ਜਿਹੇ ਦੋ-ਤਿੰਨ ਵਫ਼ਾਦਾਰ ਸਿਪਾਹੀ ਘਰ ਵਿਚ ਰੱਖਿਆ ਕਰਦੇ ਸਨ, ਜਿਨ੍ਹਾਂ ਵਿਚੋਂ ਇਕ ਡੰਗਰਾਂ ਨੂੰ ਪੱਠਾ-ਦੱਥਾ ਪਾਉਣ ਤੇ ਮਹੀਆਂ ਚੋਣ ਲਈ ਸੀ, ਦੂਜਾ ਰਸੋਈ ਦੇ ਕੰਮ ਵਿਚ ਮਦਦ ਦੇਣ ਲਈ ਸੀ ਅਤੇ ਤੀਜਾ ਜਿਹੜਾ ਅੰਦਰ ਆਇਆ ਸੀ, ਅਸਾਮੀਆਂ ਨਾਲ ਰਕਮਾਂ ਖਰੀਆਂ ਕਰਨ ਲਈ ਸੀ। ਉਸ ਨੇ ਝੁਕ ਕੇ ਸਲਾਮ ਕਰਦਿਆਂ ਕਿਹਾ, "ਉਹ ਆਏ ਬੈਠੇ ਨੇ ਜੀ।"

"ਕੌਣ?"

"ਉਹ ਬੁੱਘੀ ਬਦਮਾਸ਼ ਦੇ ਆਦਮੀ, ਜਿਨ੍ਹਾਂ ਨੇ ਦੁਸਹਿਰੇ ਦੇ ਮੇਲੇ ਵਿਚ ਡੈਸ਼ ਲਾਉਣ ਲਈ ਅਰਜ਼ ਕੀਤੀ ਸੀ।"

"ਫਿਰ ਤੂੰ ਆਪੇ ਈ ਗੱਲ ਕਰ ਲੈਣੀ ਸੀ।"

"ਮੈਂ ਤਾਂ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਸ਼ੇਖ ਹੋਰੀਂ ਢਾਈ ਸੌ ਤੋਂ ਘੱਟ ਨਹੀਂ ਮੰਨਦੇ, ਪਰ..."

"ਫੇਰ ਉਹ ਕੀ ਕਹਿੰਦੇ ਨੇ?"

"ਉਹ ਕਹਿੰਦੇ ਨੇ, ਅਸੀਂ ਇਕ ਵਾਰੀ ਖ਼ੁਦ ਸ਼ੇਖ ਹੋਰਾਂ ਦੀ ਕਦਮ-ਬੋਸੀ ਕਰਨੀ ਚਾਹੁੰਨੇ ਆਂ। ਜੇ ਤਕਲੀਫ ਨਾ ਹੋਵੇ ਤਾਂ ਦੋ ਮਿੰਟਾਂ ਲਈ ਚਲੇ ਚਲੋ। ਬੜੇ ਚਿਰ ਦੇ ਉਡੀਕ ਰਹੇ ਨੇ।"

"ਹੱਛਾ, ਚਲੋ", ਕਹਿ ਕੇ ਸ਼ੇਖ਼ ਹੋਰੀਂ ਜਦੋਂ ਉੱਠਣ ਲੱਗੇ ਤਾਂ ਉਨ੍ਹਾਂ ਨੇ ਬਸ਼ੀਰੇ ਵੱਲ ਤੱਕਿਆ। ਉਹ ਉਂਘ ਰਿਹਾ ਸੀ। ਜੇ ਝੱਟ-ਪੱਟ ਉਹ ਦਬਕਾ ਮਾਰ ਕੇ ਉਸ ਨੂੰ ਜਗਾ ਨਾ ਦਿੰਦੇ ਤਾਂ ਉਸ ਦਾ ਮੱਥਾ ਮਜ਼ ਨਾਲ ਜਾ ਵੱਜਣਾ ਸੀ।

"ਜਾਹ ਆਰਾਮ ਕਰ ਜਾ ਕੇ", ਸ਼ੇਖ਼ ਹੋਰੀਂ ਕੋਟ ਤੇ ਬੈਲਟ ਸੰਭਾਲਦੇ ਹੋਏ ਬੋਲੇ, "ਬਾਕੀ ਨਸੀਹਤਾਂ ਤੈਨੂੰ ਸ਼ਾਮ ਨੂੰ ਦਿਆਂਗਾ। ਮੁੜ ਕੇ ਤਾਸ਼ ਨਾ ਖੇਡੀਂ।"

ਤੇ ਉਹ ਬਾਹਰ ਨਿਕਲ ਗਏ।

ਮੁੰਡੇ ਨੇ ਖੜੇ ਹੋ ਕੇ ਇਕ-ਦੋ ਆਕੜਾਂ ਤੇ ਉਬਾਸੀਆਂ ਲਈਆਂ, ਅੱਖਾਂ ਮਲੀਆਂ ਅਤੇ ਫਿਰ ਨੱਚਦਾ-ਭੁੜਕਦਾ ਬਾਹਰ ਨਿਕਲ ਗਿਆ।

****

### ਨਾਨਕ ਸਿੰਘ



ਨਾਨਕ ਸਿੰਘ (4 ਜੁਲਾਈ 1897–28 ਦਸੰਬਰ 1971) ਦਾ ਜਨਮ ਪਿੰਡ ਚੱਕ ਹਮੀਦ, ਜ਼ਿਲਾ ਜਿਹਲਮ (ਹੁਣ ਪਾਕਿਸਤਾਨ) ਵਿੱਚ ਸ੍ਰੀ ਬਹਾਦਰ ਚੰਦ ਸੂਰੀ ਦੇ ਘਰ ਮਾਤਾ ਲੱਛਮੀ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਪਹਿਲਾ ਨਾਂ ਹੰਸ ਰਾਜ ਸੀ, ਪਿੱਛੋਂ ਉਹ ਗ੍ਰੰਥੀ ਬਾਗ ਸਿੰਘ ਦੀ ਪ੍ਰੇਰਨਾ ਨਾਲ਼ ਹੰਸ ਰਾਜ ਤੋਂ ਨਾਨਕ ਸਿੰਘ ਬਣ ਗਏ। ਛੇਵੀਂ ਜਮਾਤ ਵਿਚ ਪੜ੍ਹਦੇ ਸਮੇਂ ਉਨ੍ਹਾਂ ਦੇ ਪਿਤਾ ਜੀ ਦਾ ਸਾਇਆ ਸਿਰ ਤੇ ਨਾ ਰਿਹਾ ਅਤੇ ਪੜ੍ਹਾਈ ਅਧੂਰੀ ਛੱਡ ਕੇ ਰੋਟੀ-ਰੋਜ਼ੀ ਕਮਾਉਣ ਲੱਗ ਪਏ। ਉਨ੍ਹਾਂ ਹਲਵਾਈ ਦੀ ਦੁਕਾਨ ਤੇ ਭਾਂਡੇ ਮਾਂਜੇ ਅਤੇ ਮੇਲਿਆਂ ਵਿੱਚ ਕੁਲਫ਼ੀਆਂ ਵੀ ਵੇਚੀਆਂ। 1911 ਵਿੱਚ ਛਪਿਆ ਉਨ੍ਹਾਂ ਦਾ ਪਹਿਲਾ ਕਾਵਿ-ਸੰਗ੍ਰਹਿ ਸੀਹਰਫ਼ੀ ਹੰਸ ਰਾਜ, ਬਹੁਤ ਹਰਮਨ ਪਿਆਰਾ ਹੋਇਆ। ਉਨ੍ਹਾਂ ਨੇ ਅਠੱਤੀ ਨਾਵਲਾਂ ਤੋਂ ਬਿਨਾਂ ਚਾਰ ਕਾਵਿ ਸੰਗ੍ਰਹਿ, ਕਈ ਕਹਾਣੀ ਸੰਗ੍ਰਹਿ, ਸ੍ਵੈ-ਜੀਵਨੀ ਯਾਦਾਂ, ਤਰਜਮੇ, ਲੇਖ ਅਤੇ ਨਾਟਕ ਵੀ ਲਿਖੇ।

# ਖਾਰੇ ਪਾਣੀ ਦੇ ਕੁਝ ਤੁਪਕੇ

ਮੈਂ ਇਕ 'ਘਟਨਾ' ਦਾ ਜ਼ਿਕਰ ਕਰ ਰਿਹਾ ਹਾਂ। ਓਦੋਂ ਮੈਂ ਨਵਾਂ ਨਵਾਂ ਸਿੱਖ ਬਣਿਆ ਸਾਂ। ਮਜ਼੍ਹਬ ਦੀ ਤਬਦੀਲੀ ਨੇ ਮੇਰੇ ਅੰਦਰ ਅੰਨ੍ਹਾ ਅਤੇ ਬੇਪਨਾਹ ਜੋਸ਼ ਭਰ ਦਿੱਤਾ ਸੀ ਅਤੇ ਇਸ ਜੋਸ਼ ਦੇ ਪ੍ਰਗਟਾਓ ਲਈ ਮੈਂ ਆਪਣੀ ਇਕ ਜੋਸ਼ੀਲੀ ਪਾਰਟੀ ਦਾ ਮੋਢੀ ਬਣ ਗਿਆ ਸਾਂ।

ਜਿਸ ਮਹਾਂਪੁਰਸ਼ ਦੇ ਪ੍ਰਭਾਵ ਨੇ ਮੇਰੇ ਅੰਦਰ ਸਭ ਤੋਂ ਪਹਿਲਾਂ ਸਿੱਖ ਧਰਮ ਲਈ ਪਿਆਰ ਜਾਗਇਆ ਸੀ, ਉਸ ਪਾਸੋਂ ਮੈਂ ਇਹਨੀਂ ਦਿਨੀਂ ਲਗਦੀ ਵਾਹ ਦੂਰ ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਸਾਂ। ਸ਼ਾਇਦ ਇਸ ਲਈ ਕਿ ਉਸ ਬਜ਼ੁਰਗ ਵਿਚ ਮੈਨੂੰ ਸਿੱਖ ਸਪਿਰਟ ਦੀ ਘਾਟ ਜਾਪਣ ਲੱਗ ਪਈ ਸੀ। ਮੈਂ ਤੇ ਮੇਰੇ ਸਾਥੀ, ਜਿਨ੍ਹਾਂ ਕੰਮਾਂ ਵਿਚ ਸਰਗਰਮ ਹਿੱਸਾ ਲੈ ਰਹੇ ਸਾਂ, ਉਹ ਕੰਮ ਉਸ ਨੂੰ ਪਸੰਦ ਨਹੀਂ ਸਨ, ਜਿਨ੍ਹਾਂ ਬਾਰੇ ਕਦੀ ਕਦੀ ਉਹ ਸਾਨੂੰ ਰੋਕਣ ਵਰਜਣ ਦੇ ਯਤਨ ਵੀ ਕਰਦਾ ਰਹਿੰਦਾ ਸੀ।

ਘਟਨਾ ਇੰਜ ਹੋਈ, ਕਿ ਸਿਆਲ ਦੇ ਇਕ ਰਾਤੀਂ, ਜਦੋਂ ਮੈਂ ਕੁਝ ਸਾਥੀਆਂ ਸਮੇਤ ਆਪਣੇ ਮਕਾਨ 'ਤੇ ਬੈਠਾ ਕਿਸੇ ਵਿਸ਼ੇਸ਼ ਗੋਸ਼ਟੀ ਵਿਚ ਰੁੱਝਾ ਹੋਇਆ ਸਾਂ, ਤਾਂ ਅਚਾਨਕ ਸਾਡਾ ਸਭਨਾਂ ਦਾ ਧਿਆਨ ਇਕ ਹੋਰ ਪਾਸੇ ਖਿੱਚਿਆ ਗਿਆ।

ਰਾਤ ਹਨੇਰੀ ਸੀ – ਬਾਰ੍ਹਾਂ ਸਾਢੇ ਬਾਰ੍ਹਾਂ ਦਾ ਵਕਤ ਹੋਵੇਗਾ। ਮੀਂਹ ਵਰ੍ਹ ਰਿਹਾ ਸੀ, ਤੇ ਸਰਦੀ ਖ਼ੁਬਥ ਕੜਾਕੇ ਦੀ ਪੈ ਰਹੀ ਸੀ। ਅਸੀਂ ਸੱਭੋ ਪੰਜ ਛੇ ਬੰਦੇ ਅੱਗ ਸੇਕਦੇ ਹੋਏ ਆਪਣੇ ਕਿਸੇ ਪ੍ਰੋਗਰਾਮ ਦੀ ਵੰਡ ਵੇਤਰ ਵਿੱਚ ਲੱਗੇ ਹੋਏ ਸਾਂ, ਕਿ ਸਾਹਮਣੀ ਸੜਕ 'ਤੇ ਇਕ ਹਿੰਦੂ ਨੌਜਵਾਨ ਤੁਰਿਆ ਜਾਂਦਾ ਸਾਡੀ ਨਜ਼ਰੀਂ ਪੈ ਗਿਆ, ਇਕ ਛੋਟਾ ਜਿਹਾ ਬਿਸਤਰਾ ਉਸ ਕੱਛੇ ਮਾਰਿਆ ਹੋਇਆ ਸੀ- ਸ਼ਾਇਦ ਉਹ ਸਾਢੇ ਯਾਰਾਂ ਗੱਡੀ ਤੋਂ ਉੱਤਰਿਆ ਸੀ ਅਤੇ ਰਸਤਾ ਭੁੱਲ ਕੇ ਏਧਰ ਆ ਨਿਕਲਿਆ ਸੀ।

ਮੇਰੀ ਬੈਠਕ ਅੱਗੇ ਉਹ ਗੱਭਰੂ ਰੁਕਿਆ, ਤੇ ਸਾਨੂੰ ਸੰਬੋਧਨ ਕਰ ਕੇ ਉਸ ਨੇ ਕਿਸੇ ਬਾਜ਼ਾਰ ਜਾਂ ਮੁਹੱਲੇ ਦਾ ਪਤਾ ਪੁੱਛਿਆ। ਤੇ ਬਜਾਇ ਇਸ ਦੇ ਕਿ ਸਾਡੇ ਵਿਚੋਂ ਕੋਈ ਉਸ ਨੂੰ ਰਾਹੇ ਪਾਣ ਦਾ ਯਤਨ ਕਰਦਾ, ਅਸੀਂ ਸਾਰੇ ਦੇ ਸਾਰੇ ਉਸ ਉੱਤੇ ਟੁੱਟ ਕੇ ਪੈ ਗਏ। ਅਸਾਂ ਵਿਚੋਂ ਇਕ ਪਾਸ ਛਤਰੀ ਸੀ, ਤੇ ਇਕ ਹੋਰ ਪਾਸ ਮੋਟੀ ਸਾਰੀ ਸੋਟੀ। ਮੈਨੂੰ ਜਦ ਹੋਰ ਕੁਝ ਨਾ ਲੱਭਾ ਤਾਂ ਨੁੱਕਰ ਵਿਚ ਪਿਆ ਲੋਹੇ ਦਾ ਸਰੀਆ ਹੀ ਚੁੱਕ ਲਿਆ।

ਸਾਰਾ ਕੰਮ ਇਤਨੀ ਫ਼ੁਰਤੀ ਨਾਲ ਹੋਇਆ ਕਿ ਪੰਜਾਂ ਹੀ ਮਿੰਟਾਂ ਬਾਅਦ ਅਸੀਂ ਉਸ ਗੱਭਰੂ ਨੂੰ ਲਹੂ ਵਿੱਚ ਲੱਥ ਪੱਥ ਵੇਖਿਆ, ਜਿਹੜਾ ਸੜਕ ਦੇ ਵਿਚਕਾਰ ਚੁਫ਼ਾਲ ਡਿੱਗਾ ਪਿਆ ਸੀ। ਫੜੇ ਜਾਣ ਦੇ ਡਰੋਂ ਅਸਾਂ ਸਭਨਾਂ ਨੇ ਉਸ ਨੂੰ ਘਸੀਟ ਕੇ ਪਿਛਵਾੜੇ ਦੇ ਇਕ ਖੋਲੇ ਵਿਚ ਜਾ ਸੁੱਟਿਆ। ਏਸ ਕੰਮੋਂ ਵਿਹਲੇ ਹੋ ਕੇ ਅਸੀਂ ਸਾਰੇ ਖਿੰਡ ਪੁੰਡ ਗਏ।

ਮੈਂ ਆਪਣੇ ਇਸ 'ਕਾਰਨਾਮੇ' ਉੱਤੇ ਗਰਵ ਕਰਦਾ ਹੋਇਆ ਅੰਦਰ ਜਾ ਕੇ ਬਿਸਤਰੇ ਵਿਚ ਲੇਟ ਗਿਆ।

ਪਰਭਾਤ ਵੇਲੇ ਮਸਾਂ ਕਿਤੇ ਜਾ ਕੇ ਮੇਰੀ ਅੱਖ ਲੱਗੀ।

ਅਜੇ ਝਪਕੀ ਹੀ ਆਈ ਸੀ ਕਿ ਬਾਹਰੋਂ ਕਿਸੇ ਨੇ ਬੂਹਾ ਖੜਕਾਇਆ। ਡਰ ਨਾਲ ਮੇਰੇ ਸੋਤਰ ਸੁੱਕਣ ਲੱਗੇ- ਭਾਵੇਂ ਪੁਲਸ ਆ ਗਈ ਹੈ। ਪਰ ਬੂਹਾ ਖੋਲ੍ਹਣ 'ਤੇ ਮੇਰਾ ਡਰ ਦੂਰ ਹੋ ਗਿਆ, ਜਦ ਸਾਹਮਣੇ ਮੈਂ ਗੁਰਦੁਆਰੇ ਦੇ ਗ੍ਰੰਥੀ- ਓਸੇ ਮਹਾਂਪੁਰਸ਼ ਦੇ ਸੇਵਾਦਾਰ ਨੂੰ ਖੜ੍ਹਾ ਤੱਕਿਆ, ਜਿਹੜਾ ਸਖ਼ਤ ਘਬਰਾਇਆ ਹੋਇਆ, ਤੇ ਬੜੀ ਕਾਹਲੀ ਵਿੱਚ ਜਾਪਦਾ ਸੀ।

"ਬਾਬਾ ਜੀ ਨੇ ਕਿਹਾ ਹੈ, 'ਛੇਤੀ ਨਾਲ ਜਾ ਕੇ ਕਿਸੇ ਡਾਕਟਰ ਨੂੰ ਸੱਦ ਲਿਆਵੋ। ਕਹਿਣਾ, ਮਲ੍ਹਮ ਪੱਟੀ ਦਾ ਸਾਮਾਨ ਨਾਲ ਲੈ ਕੇ ਆਵੇ।"

ਇਤਨਾ ਕਹਿੰਦਾ ਹੋਇਆ ਉਹ ਸੱਜਣ ਪਿਛਲੇ ਪੈਰੀਂ ਮੁੜ ਗਿਆ- ਕੁਝ ਪੁੱਛਣ ਗਿੱਛਣ ਦਾ ਉਸ ਮੈਨੂੰ ਮੌਕਾ ਹੀ ਨਾ ਦਿੱਤਾ।

ਮੈਂ ਸੋਚੀਂ ਪੈ ਗਿਆ, 'ਕੀ ਬਾਬਾ ਜੀ ਕਿਤੇ ਡਿੱਗ ਢੱਠ ਪਏ ਨੇ?'

ਨਿੱਘੀ ਰਜਾਈ 'ਚੋਂ ਉੱਠ ਕੇ ਏਡੀ ਸਰਦੀ ਤੇ ਮੀਂਹ ਵਿਚ ਬਾਹਰ ਨਿਕਲਣਾ ਬੜਾ ਮੁਸ਼ਕਲ ਸੀ ਪਰ ਬਾਬਾ ਜੀ ਦਾ ਹੁਕਮ ਵੀ ਤਾਂ ਟਾਲਿਆ ਨਹੀਂ ਸੀ ਜਾ ਸਕਦਾ। ਮੰਨਿਆਂ ਕਿ ਪਿਛਲੇ ਕੁਝ ਚਿਰ ਤੋਂ ਮੈਂ ਉਨ੍ਹਾਂ ਨਾਲ ਕਾਫ਼ੀ ਵੱਟਿਆ ਹੋਇਆ ਸਾਂ, ਪਰ ਉਹ ਇਕ ਤਾਂ 'ਅਸੂਲੀ' ਮੱਤ-ਭੇਦ ਸੀ ਨਾ। ਕੀ ਏਡਾ ਅਕ੍ਰਿਤਘਣ ਵੀ ਹੋ ਸਕਦਾ ਸਾਂ ਕਿ ਕਿਸੇ 'ਮਤਭੇਦ' ਬਦਲੇ ਉਨ੍ਹਾਂ ਦੇ ਉਪਕਾਰਾਂ ਨੂੰ ਵਿਸਾਰ ਦੇਂਦਾ ਜਿਹੜੇ ਉਨ੍ਹਾਂ ਮੇਰੇ ਉੱਤੇ ਕੀਤੇ ਸਨ?

ਕੱਪੜਾ ਲੱਤਾ ਪਹਿਨ ਕੇ, ਤੇ ਛੱਤਰੀ ਤਾਣ ਕੇ ਮੈਂ ਘਰੋਂ ਨਿਕਲਿਆ। 'ਡਾਕਟਰ ਵੱਲ ਜਾਣ ਤੋਂ ਪਹਿਲਾਂ ਇਕ ਵਾਰੀ ਬਾਬਾ ਜੀ ਨੂੰ ਵੇਖਦਾ ਚੱਲਾਂ', ਸੋਚ ਕੇ ਮੈਂ ਗੁਰਦੁਆਰੇ ਵੱਲ ਰੁਖ਼ ਕੀਤਾ- ਕੋਲ ਹੀ ਤਾਂ ਗੁਰਦੁਆਰਾ ਸੀ, ਕੁੱਲ ਪੰਦਰਾਂ ਵੀਹਾਂ

ਕਦਮਾਂ ਦੀ ਵਾਟ ’ਤੇ।

ਸੋਚਦਾ ਜਾਂਦਾ ਸਾਂ, ‘ਪਤਾ ਨਹੀਂ ਕਿਤੇ ਤਿਲਕ ਪਏ ਹੋਣ, ਜਾਂ ਹਨੇਰੇ ਵਿਚ ਚੜ੍ਹਦਿਆਂ ਉੱਤਰਦਿਆਂ ਪੌੜੀਆਂ ਤੋਂ ਡਿੱਗ ਪਏ ਹੋਣ। ਸੱਟਾਂ ਜ਼ਿਆਦਾ ਹੀ ਲੱਗੀਆਂ ਹੋਣਗੀਆਂ। ਮਾੜੀ ਮੋਟੀ ਮਲ੍ਹਮ ਪੱਟੀ ਤਾਂ ਉਹ ਆਪ ਵੀ ਕਰ ਸਕਦੇ ਸਨ।’

ਪਰ ਓਥੇ ਜਾ ਕੇ ਮੈਂ ਜੋ ਕੁਝ ਤੱਕਿਆ, ਇਸ ਨਾਲ ਮੇਰੇ ਅਸਚਰਜ ਦਾ ਕੋਈ ਠਿਕਾਣਾ ਨਾ ਰਿਹਾ। ਓਹੀ ਹਿੰਦੂ ਗੱਭਰੂ– ਜਿਸ ਨੂੰ ਮੈਂ ਤੇ ਮੇਰੇ ਸਾਥੀ ਫੇਹ ਕੇ ਖੋਲੇ ਵਿੱਚ ਸੁੱਟ ਆਏ ਸਾਂ– ਮੰਜੇ ’ਤੇ ਫੈਲਿਆ ਹੋਇਆ ਸੀ– ਬੇ-ਮਲੂੰਮੀ ਜਿਹੀ ਹੋਸ਼ ਸੀ ਉਸ ਨੂੰ। ਕਈਆਂ ਅੰਗਾਂ ਤੇ ਪੱਟੀਆਂ ਬੰਨ੍ਹੀਆਂ ਹੋਈਆਂ ਤੇ ਉਨ੍ਹਾਂ ਦੇ ਉੱਤੋਂ ਲਹੂ ਸਿਮ ਰਿਹਾ ਸੀ– ਖ਼ਾਸ ਕਰ ਕੇ ਮੱਥੇ ਦੀ ਪੱਟੀ ਤੋਂ।

“ਆਇਆ ਡਾਕਟਰ ?” ਬਾਬਾ ਜੀ ਨੇ ਬੜਾ ਕਾਹਲਾ ਅਤੇ ਬੇਸਬਰ ਸਵਾਲ ਕੀਤਾ ਮੇਰੇ ਉੱਤੇ। ਤੇ “ਹੁਣੇ ਲਿਆਇਆ ਜੀ” ਕਹਿ ਕੇ ਮੈਂ ਪਿਛਲੇ ਪੈਰੀਂ ਦੌੜਿਆ ਗਿਆ ਡਾਕਟਰ ਵੱਲ।

ਇਸ ਤੋਂ ਅਗਲੀ ਵਾਰਤਾ ਕੋਈ ਮਹੱਤਵ ਭਰੀ ਨਹੀਂ, ਸਾਧਾਰਣ ਹੀ ਸਮਝੋ। ਡਾਕਟਰ ਆਇਆ, ਮਲ੍ਹਮ ਪੱਟੀ ਨਵੇਂ ਸਿਰੇ ਹੋਈ, ਪੀਣ ਨੂੰ ਤਾਕਤ ਦੀ ਦਵਾਈ ਦਿੱਤੀ ਗਈ (ਟੀਕੇ ਦਾ ਰਿਵਾਜ ਓਦੋਂ ਨਹੀਂ ਸੀ), ਥੋੜ੍ਹੀ ਕੁ ਮਰੀਜ਼ ਨੂੰ ਹੋਸ਼ ਆ ਗਈ, ਤੇ ਉਸ ਤੋਂ ਬਾਅਦ ਕੁਝ ਦਿਨਾਂ ਤੀਕ ਇਹੋ ਦੁਆ-ਦਾਰੂ ਤੇ ਮਲ੍ਹਮ-ਪੱਟੀ ਦਾ ਕ੍ਰਮ ਜਾਰੀ ਰਿਹਾ। ਛੇਕੜ ਮਰੀਜ਼ ਤੰਦਰੁਸਤ ਹੋ ਕੇ ਆਪੇ ਚਲਾ ਗਿਆ, ਜਾਂ ਉਸ ਦਾ ਕੋਈ ਸੰਬੰਧੀ ਆ ਕੇ ਉਸ ਨੂੰ ਲੈ ਗਿਆ ? ਇਹ ਮੈਨੂੰ ਯਾਦ ਨਹੀਂ।

ਸਾਧਾਰਨ ਨਜ਼ਰੇ ਦੇਖਿਆਂ ਇਸ ਵਿਚ ‘ਘਟਨਾ’ ਵਾਲੀ ਐਸੀ ਕੋਈ ਵੀ ਗੱਲ ਨਹੀਂ ਜਾਪੇਗੀ। ਫਿਰ ਮੇਰੇ ਲਈ, ਜਿਸ ਨੇ ਆਪ ਹੀ ਇਹ ਕਾਰਾ ਕੀਤਾ ਹੋਵੇ। ਪਰ ਜਿਹੜੀ ਗੱਲ ਨੇ ਮੇਰੇ ਲਈ ਇਸ ਨੂੰ ‘ਘਟਨਾ’ ਦਾ ਦਰਜਾ ਦੇ ਦਿੱਤਾ, ਉਹ ਇਕ ਹੋਰ ਹੀ ਸੀ।

ਮੇਰੇ ਪਹੁੰਚਣ ’ਤੇ ਜਿਸ ਵੇਲੇ ਬਾਬਾ ਜੀ ਨੇ ਮਰੀਜ਼ ਵੱਲੋਂ ਧਿਆਨ ਮੋੜ ਕੇ ਮੇਰੇ ਵੱਲ ਤੱਕਦਿਆਂ ਪੁੱਛਿਆ ਸੀ– “ਆਇਆ ਡਾਕਟਰ ?” ਉਸ ਵੇਲੇ ਮੇਰੀ ਨਜ਼ਰ ਉਨ੍ਹਾਂ ਦੀਆਂ ਅੱਖਾਂ ਉੱਤੇ ਸੀ, ਜਿਨ੍ਹਾਂ ਵਿਚੋਂ ਉਸ ਤੋਂ ਪਹਿਲਾਂ ਕਦੀ ਵੀ ਮੈਂ ਨਮੀ ਨਹੀਂ ਸੀ ਤੱਕੀ। ਬਲਕਿ ਇੱਥੋਂ ਤੱਕ ਕਿ ਕੁਝ ਸਾਲ ਪਹਿਲਾਂ ਜਦ ਮੇਰੀ ਸਭ ਤੋਂ ਪਿਆਰੀ ਚੀਜ਼ ਇਸ ਦੁਨੀਆ ਤੋਂ ਚਲੀ ਗਈ ਸੀ –ਮੇਰੀ ਮਾਂ। ਤੇ ਜਦ ਮੈਂ ਏਸੇ ਬਿਰਧ ਦੇ ਸਾਹਮਣੇ ਬੈਠਾਂ ਭੁੱਬੀਂ ਰੋ ਰਿਹਾ ਸਾਂ, ਤਾਂ ਉਨ੍ਹਾਂ ਇਹ ਆਖ ਕੇ ਮੈਨੂੰ ਧਰਵਾਸ ਦੇਣ ਦਾ ਯਤਨ ਕੀਤਾ ਸੀ– “ਹਿਸ਼ ! ਏਡੇ ਸਿਆਣੇ ਹੋ ਕੇ ਅੱਥਰੂ ? ਮੇਰੇ ਅਣਗਿਣਤ ਰਿਸ਼ਤੇਦਾਰ ਚਲੇ ਗਏ– ਪੁੱਤਰ ਤੱਕ ਵੀ, ਪਰ ਮੈਂ ਕਦੀ ਨਹੀਂ ਰੋਇਆ।” ਇਤਿਆਦਿ। ਪਰ ਉਸ ਵੇਲੇ ਮੈਂ ਓਸ ਬਾਬੇ ਨੂੰ, ਅੱਖਾਂ ਵਿਚੋਂ ਗੰਗਾ ਜਮਨਾ ਵਹਾਂਦਿਆਂ ਤੱਕਿਆ।

ਬਸ ਇਹੋ ਸਨ ਖਾਰੇ ਪਾਣੀ ਦੇ ਕੁਝ ਤੁਪਕੇ, ਜਿਨ੍ਹਾਂ ਨੇ ਓਸ ਵਾਕੇ ਨੂੰ ਮੇਰੇ ਲਈ ‘ਘਟਨਾ’ ਬਣਾ ਦਿੱਤਾ।

ਕੀਕਰ ਕਰਾਂ ਓਸ ਅਸਰ ਦੀ ਵਿਆਖਿਆ, ਜਿਹੜਾ ਓਸ ਵੇਲੇ ਮੇਰੇ ਉੱਤੇ ਹੋਇਆ। ਕੋਈ ਸ਼ਿਕਵਾ ਕਰਦੇ, ਮੇਰੀ ਹਿਮਾਕਤ ਤੋਂ ਨਾਰਾਜ਼ ਹੋ ਕੇ ਕੁਝ ਕੌੜੀਆਂ ਕਸੈਲੀਆਂ ਸੁਣਾ ਦੇਂਦੇ, ਅਥਵਾ ਮੇਰੇ ਮੂੰਹ ’ਤੇ ਦੋ ਚਾਰ ਚਪੇੜਾਂ ਜੜ ਦੇਂਦੇ, ਤਾਂ ਸ਼ਾਇਦ ਮੇਰਾ ਮਨ ਇਤਨਾ ਦ੍ਰਵੀਭੂਤ ਨਾ ਹੁੰਦਾ। ਪਰ ਉਨ੍ਹਾਂ ਮੈਨੂੰ ਇਸ ਮਾਮਲੇ ਬਾਰੇ ਅਲਫੋਂ ਬੇ ਤੱਕ ਨਾ ਕਿਹਾ– ਛੁੱਟ ਇਕ ਕਰੁਣਾ ਭਰੀ ਤੱਕਣੀ ਤੋਂ, ਤੇ ਛੁੱਟ ਉਨ੍ਹਾਂ ਅੱਥਰੂਆਂ ਤੋਂ ਜਿਹੜੇ ਮੈਂ ਜਾਣਦਾ ਸਾਂ ਕੇਵਲ ਮੇਰੀ ਹੀ ਕਾਲੀ ਕਰਤੂਤ ਨੇ ਉਨ੍ਹਾਂ ਦੀਆਂ ਅੱਖਾਂ ਵਿੱਚ ਲਿਆਂਦੇ ਸਨ– ਉਨ੍ਹਾਂ ਅੱਖਾਂ ਵਿਚ, ਜਿਹੜੀਆਂ ਪੁੱਤਰ ਦੀ ਮੌਤ ਵੇਲੇ ਵੀ ਨਹੀਂ ਸਨ ਭਿੱਜੀਆਂ।

****

# ਸ਼ਰਾਬਨੋਸ਼ੀ

ਦੱਖਣੀ ਅਫ਼ਰੀਕਾ ਨੇ 1960 ਵਿਚ ਆਪਣੀ ਗੋਲਡਨ ਜੁਬਲੀ ਮਨਾਈ। ਇਸ ਮੌਕੇ ਸਾਰਾ ਦੇਸ਼ ਇਹ ਜਾਣ ਕੇ ਦੰਗ ਰਹਿ ਗਿਆ ਕਿ ਸਰਵੋਤਮ ਮੂਰਤੀ ਕਲਾ ਦਾ ਇਕ ਹਜ਼ਾਰ ਪੌਂਡ ਦਾ ਪਹਿਲਾ ਪੁਰਸਕਾਰ ਐਡਵਰਡ ਸਿਮੇਲੇਨ ਨਾਂ ਦੇ ਕਾਲੇ ਮੂਰਤੀਕਾਰ ਨੂੰ ਉਸ ਦੀ ‘ਅਫ਼ਰੀਕੀ ਮਾਂ ਅਤੇ ਬੱਚਾ’ ਨਾਂ ਦੀ ਮੂਰਤੀ ਉਤੇ ਦਿੱਤਾ ਗਿਆ।

ਪਿੱਛੋਂ ਪਤਾ ਲੱਗਿਆ ਕਿ ਜੇ ਪੁਰਸਕਾਰ ਕਮੇਟੀ ਆਪਣੇ ਨਿਯਮਾਂ ਵਿਚ ‘ਇਹ ਮੁਕਾਬਲਾ ਸਿਰਫ ਗੋਰਿਆਂ ਲਈ ਹੈ’ ਵਾਲੀ ਸ਼ਰਤ ਦਰਜ ਕਰਨੀ ਨਾ ਭੁੱਲ ਗਈ ਹੁੰਦੀ ਤਾਂ ਇਹ ਪੁਰਸਕਾਰ ਸਿਮੇਲੇਨ ਨੂੰ ਕਦੇ ਵੀ ਨਹੀਂ ਸੀ ਨਸੀਬ ਹੋਣਾ।

ਪੁਰਸਕਾਰ ਦਾ ਐਲਾਨ ਹੋ ਜਾਣ ਪਿੱਛੋਂ ਕਈ ਗੋਰਿਆਂ ਨੇ ਦੱਖਣੀ ਅਫ਼ਰੀਕਾ ਦੀਆਂ ‘ਪਰੰਪਰਾਗਤ ਨੀਤੀਆਂ’ ਦਾ ਉਲੰਘਣ ਕਰਨ ਲਈ ਇਸ ਕਮੇਟੀ ਦੀ ਭਰਪੂਰ ਨਿੰਦਿਆ ਕੀਤੀ। ਸ਼ੁਕਰ ਇਹ ਸੀ ਕਿ ਪੁਰਸਕਾਰ ਵੰਡ ਸਮਾਰੋਹ ਸਮੇਂ ਸਿਮੇਲੇਨ ਹਾਜ਼ਰ ਨਹੀਂ ਸੀ, ਨਹੀਂ ਤਾਂ ਬੜਾ ਗੰਭੀਰ ਸੰਕਟ ਖੜ੍ਹਾ ਹੋ ਜਾਣਾ ਸੀ।

ਜਦੋਂ ਮੈਂ ਸਿਮੇਲੇਨ ਨੂੰ ਬੁਲਾ ਕੇ ਵਧਾਈ ਦਿੰਦਿਆਂ ਬਰਾਂਡੀ ਪੇਸ਼ ਕੀਤੀ ਤਾਂ ਉਸ ਕਿਹਾ, “ਸ਼ੁਕਰੀਆ ! ਇੰਨੀ ਵਧੀਆ ਸ਼ਰਾਬ ਪੀਣ ਦਾ ਮੇਰਾ ਇਹ ਦੂਜਾ ਮੌਕਾ ਏ। ਤੁਸੀਂ ਜਾਣਨਾ ਚਾਹੋਗੇ ਕਿ ਪਹਿਲੀ ਵਾਰ ਵਧੀਆ ਸ਼ਰਾਬ ਮੈਨੂੰ ਕਿੰਜ ਨਸੀਬ ਹੋਈ ਸੀ ?” ਤੇ ਜਦੋਂ ਮੈਂ, “ਹਾਂ, ਜ਼ਰੂਰ।” ਕਿਹਾ ਤਾਂ ਉਸ ਨੇ ਇਹ ਕਹਾਣੀ ਸੁਣਾਈ ਸੀ,

ਮੁਕਾਬਲੇ ਤੋਂ ਬਾਅਦ ਮੇਰੀ ਇਸ ਕਲਾਕ੍ਰਿਤ ਨੂੰ ਕੁਝ ਦਿਨਾਂ ਲਈ ਐਲਬਸਤਰ ਪੁਸਤਕ-ਭਵਨ ‘ਚ ਲੋਕਾਂ ਨੂੰ ਦਿਖਾਉਣ ਖਾਤਰ ਰੱਖ ਦਿੱਤਾ ਗਿਆ ਸੀ।

ਇਕ ਦਿਨ ਰਾਤੀਂ ਕੰਮ ਤੋਂ ਵਾਪਸ ਆਉਂਦਾ ਹੋਇਆ ਮੈਂ ਉਸ ਭਵਨ ਸਾਹਮਣੇ ਰੁਕ ਕੇ ਆਪਣੀ ਕਲਾ ਕ੍ਰਿਤ ਦੇਖ ਰਿਹਾ ਸਾਂ। ਉਦੋਂ ਉਥੇ ਮੇਰੇ ਸਿਵਾਏ ਹੋਰ ਕੋਈ ਨਹੀਂ ਸੀ ਪਰ ਉਦੋਂ ਹੀ ਕੋਈ ਗੋਰਾ ਨੌਜਵਾਨ ਮੇਰੇ ਕੋਲ ਆ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ, “ਮੈਂ ਜਦ ਵੀ ਇਸ ਕਲਾਕ੍ਰਿਤੀ ਨੂੰ ਦੇਖਦਾ ਹਾਂ, ਮੋਹਿਤ ਹੋਏ ਬਗ਼ੈਰ ਨਹੀਂ ਰਹਿ ਸਕਦਾ। ਤੈਨੂੰ ਤਾਂ ਇਸ ਨੂੰ ਦੇਖ ਕੇ ਹੋਰ ਵੀ ਖੁਸ਼ੀ ਹੁੰਦੀ ਹੋਏਗੀ ਕਿਉਂਕਿ ਇਸ ਦੀ ਸਿਰਜਣਾ ਤੁਹਾਡੀ ਜਾਤੀ ਦੇ ਮੂਰਤੀਕਾਰ ਐਡਵਰਡ ਸਿਮੇਲੇਨ ਨੇ ਹੀ ਕੀਤੀ ਏ। ਭਲਾ ਤੂੰ ਉਸ ਨੂੰ ਜਾਣਦਾ ਏਂ ?”

“ਹਾਂ।”

“ਮੂਰਤੀ ਨੂੰ ਜ਼ਰਾ ਧਿਆਨ ਨਾਲ ਦੇਖ। ਮਾਂ ਆਪਣੇ ਬੱਚੇ ਨੂੰ ਦੁਲਾਰ ਭਰੀਆਂ ਅੱਖਾਂ ਨਾਲ ਵੇਖ ਰਹੀ ਹੈ ਜਿਵੇਂ ਕਿਸੇ ਅਨਿਸ਼ਚਿਤ ਭਵਿੱਖ ਤੋਂ ਉਸ ਦੀ ਰੱਖਿਆ ਕਰ ਰਹੀ ਹੋਵੇ।”

ਮੈਨੂੰ ਚੁੱਪ ਦੇਖ ਕੇ ਉਹ ਫੇਰ ਬੋਲਿਆ,

“ਉਸ ਦੀ ਇਸ ਕਲਾ-ਕ੍ਰਿਤ ਲਈ ਇਕ ਹਜ਼ਾਰ ਪੌਂਡ ਦਾ ਇਨਾਮ ਮਿਲਿਆ ਹੈ। ਏਡੀ ਵੱਡੀ ਰਕਮ ਕਿਸੇ ਕਾਲੇ ਆਦਮੀ ਨੂੰ ਦੱਖਣੀ ਅਫ਼ਰੀਕਾ ਵਿਚ ਨਸੀਬ ਹੁੰਦੀ ਹੈ ਕਦੀ ? ਚੱਲ ਇਸੇ ਖੁਸ਼ੀ ਵਿਚ ਛਿੱਟ ਲਾ ਲਈਏ ਦੋਸਤਾ ?”

ਰਾਤ ਕਾਫੀ ਹੋ ਚੁੱਕੀ ਸੀ ਤੇ ਮੈਂ ਆਲੇਂਡੋ ਵਾਲੀ ਆਖ਼ਰੀ ਟ੍ਰੇਨ ਫੜਨੀ ਸੀ। ਨਾਲੇ ਇਹ ਆਦਮੀ ਗੋਰਾ ਸੀ ਤੇ ਮੇਰੇ ਲਈ ਅਜਨਬੀ ਵੀ ਪਰ ਕਿਸੇ ਗੋਰੇ ਦੇ ਮੂੰਹੋਂ ਆਪਣੇ ਲਈ ‘ਦੋਸਤਾ’ ਸੁਣਨ ਦਾ ਮੇਰਾ ਇਹ ਪਹਿਲਾ ਮੌਕਾ ਸੀ। ਸੋ, ਮਨ ਉਸ ਦੀ ਤਜਵੀਜ਼ ਮੰਨਣ ਲਈ ਰਾਜ਼ੀ ਹੋਣ ਲੱਗਾ। ਫਿਰ ਮੈਨੂੰ ਕੁਝ ਚੇਤੇ ਆਇਆ ਤੇ ਮੈਂ ਉਸ ਨੂੰ ਕਿਹਾ, “ਤੁਸੀਂ ਜਾਣਦੇ ਹੀ ਹੋਵੋਗੇ ਕਿ ਸਾਨੂੰ ਕਾਲੇ ਲੋਕਾਂ ਨੂੰ ਰਾਤ ਦੇ ਬਾਰਾਂ ਵਜੇ ਤੋਂ ਬਾਅਦ ਸ਼ਹਿਰ ਵਿਚ ਰਹਿਣ ਦੀ ਆਗਿਆ ਨਹੀਂ।”

“ਜਾਣਦਾ ਹਾਂ ਪਰ ਆਪਾਂ ਬਹੁਤੀ ਦੇਰ ਨਹੀਂ ਲਾਉਂਦੇ। ਮੇਰਾ ਘਰ ਨੇੜੇ ਈ ਏ। ਆ ਚੱਲੀਏ, ਅੱਛਾ ਇਹ ਤਾਂ ਦੱਸ ਬਈ ਤੈਨੂੰ ਅਫ਼ਰੀਕੰਸ (ਅਫ਼ਰੀਕਾ ਦੇ ਕਾਲੇ ਲੋਕਾਂ ਦੀ ਮਾਤਭਾਸ਼ਾ) ਆਉਂਦੀ ਏ ਨਾ, ਮੇਰੀ ਅੰਗਰੇਜ਼ੀ ਕੋਈ ਖਾਸ ਠੀਕ ਨਹੀਂ। ਮੁਆਫ ਕਰੀਂ, ਮੇਰਾ ਨਾਂ ਵਾਨ ਰੇਂਸਬਰਗ ਹੈ ਤੇ ਤੇਰਾ ?”

“ਮੇਰਾ ਨਾਂ ਵਾਕਾਸੀ ਏ ਤੇ ਮੈਂ ਆਲੇਂਡੋ ’ਚ ਰਹਿੰਦਾ ਵਾਂ।” ਮੈਂ ਆਪਣਾ ਗਲਤ ਨਾਂ ਦੱਸਣ ਲਈ ਮਜਬੂਰ ਸਾਂ।

ਮੈਨੂੰ ਉਸ ਨਾਲ ਜਾਂਦਿਆਂ ਬੜਾ ਓਪਰਾ ਜਿਹਾ ਲੱਗ ਰਿਹਾ ਸੀ। ਰਸਤੇ ਵਿਚ ਸਾਡੇ ਦੋਹਾਂ ਵਿਚੋਂ ਕੋਈ ਕੁਝ ਨਹੀਂ ਸੀ ਬੋਲਿਆ ਤੇ ਕਿਸੇ ਨੇ ਸਾਨੂੰ ਇਕੱਠੇ ਜਾਂਦਿਆਂ ਦੇਖਿਆ ਵੀ ਨਹੀਂ ਸੀ। ਜਦੋਂ ਅਸੀਂ ਦੋਏ ਉਸ ਦੇ ਘਰ ਸਾਹਮਣੇ ਪਹੁੰਚੇ, ਮੈਨੂੰ ਸੁੰਨਸਾਨ ਰਾਹ ਵਿਚ ਕੁਝ ਚਿਰ ਰੁਕਣ ਲਈ ਕਹਿ ਕੇ ਉਹ ਅੰਦਰ ਚਲਾ ਗਿਆ। ਅੰਦਰੋਂ ਆਉਂਦੀਆਂ ਆਵਾਜ਼ਾਂ ਤੋਂ ਮੈਂ ਅੰਦਾਜ਼ਾ ਲਾਇਆ ਸੀ ਕਿ ਉਹ ਘਰ ਵਾਲਿਆਂ ਨੂੰ ਮੇਰੇ ਬਾਰੇ ਹੀ ਦੱਸ ਰਿਹਾ ਹੈ। ਫਿਰ ਉਸ ਮੁਸਕਰਾਉਂਦਾ ਹੋਇਆ ਬਾਹਰ ਆਇਆ।

ਉਦੋਂ ਹੀ ਅੰਦਰੋਂ ਕੁਝ ਔਰਤਾਂ ਵੀ ਬਾਹਰ ਆਈਆਂ ਤੇ ਬੜੇ ਹੀ ਪਿਆਰ ਤੇ ਮੋਹ ਨਾਲ ਮੈਨੂੰ ਅੰਦਰ ਲੈ ਗਈਆਂ। ਇਕ ਨੇ ਹੌਲੀ ਜਿਹੀ ਕਿਹਾ,

“ਰੇਂਸਬਰਗ ਰੋਜ਼ ਰਾਤੀਂ ਉਸ ਕਲਾ-ਮੂਰਤ ਨੂੰ ਦੇਖਣ ਜਾਂਦਾ ਹੈ। ਕਹਿੰਦਾ ਹੈ, ਇੰਨੀ ਵਿਲੱਖਣ ਕਲਾ ਦੀ ਸਿਰਜਣਾ ਜਿਸ ਨੇ ਵੀ ਕੀਤੀ ਹੈ, ਉਸ ਅੰਦਰ ਜ਼ਰੂਰ ਭਗਵਾਨ ਦਾ ਵਾਸਾ ਹੋਏਗਾ।”

ਸ਼ਰਾਬ ਪੀ ਕੇ ਜਦ ਮੈਂ ਜਾਣ ਲੱਗਿਆ ਤਾਂ ਸਾਰਿਆਂ ਨੇ ਮੈਨੂੰ ਬੜੇ ਹੀ ਮੋਹ ਨਾਲ ਵਿਦਾ ਕੀਤਾ।

ਰਸਤੇ ਵਿਚ ਰੇਂਸਬਰਗ ਨੇ ਪੁੱਛਿਆ, “ਜਾਣਦਾ ਏਂ ਮੈਂ ਕੀ ਸੋਚ ਰਿਹਾਂ ਕਿ ਸਾਡਾ ਦੇਸ਼ ਕਿੰਨਾ ਮਹਾਨ ਹੈ ?”

ਪਰ ਅਸਲ ਵਿਚ ਉਹ ਕੀ ਸੋਚ ਰਿਹਾ ਸੀ, ਇਹ ਮੈਂ ਜਾਣ ਚੁੱਕਿਆ ਸਾਂ। ਉਹ ਮੈਨੂੰ ਮੋਹ-ਵੱਸ ਕਲਾਵੇ ਵਿਚ ਭਰ ਲੈਣਾ ਚਾਹੁੰਦਾ ਸੀ ਪਰ ਛੂਹ ਨਹੀਂ ਸੀ ਸਕਦਾ ਕਿਉਂਕਿ ਵੱਖਵਾਦ ਦੇ ਹਨੇਰੇ ਵਿਚ ਰਹਿੰਦਿਆਂ ਉਸ ਦੀਆਂ ਅੱਖਾਂ ਅੰਨ੍ਹੀਆਂ ਹੋ ਗਈਆਂ ਸਨ, ਤੇ ਜਦੋਂ ਇਕ ਆਦਮੀ ਦੂਜੇ ਆਦਮੀ ਨੂੰ ਪਿਆਰ ਨਾਲ ਛੂਹ ਵੀ ਨਾ ਸਕਦਾ ਹੋਵੇ ਤਾਂ ਨਫ਼ਰਤ ਨਾਲ ਨਸ਼ਟ ਕਰਨ ਉਤੇ ਉਤਾਰੂ ਹੋ ਜਾਂਦਾ ਹੈ।

– ਹਿੰਦੀ ਤੋਂ ਅਨੁਵਾਦ : ਮਹਿੰਦਰ ਬੇਦੀ, ਜੈਤੋ

## ਐਲਨ ਪੈਟਨ



ਐਲਨ ਸਟਿਊਅਰਟ ਪੈਟਨ (11 ਜਨਵਰੀ 1903-12 ਅਪ੍ਰੈਲ 1988) ਦੱਖਣੀ ਅਫ਼ਰੀਕਾ ਦੇ ਪ੍ਰਸਿੱਧ ਨਾਵਲਿਸਟ, ਕਹਾਣੀਕਾਰ ਅਤੇ ਕਵੀ ਸਨ। ਉਨ੍ਹਾਂ ਨੇ ਆਪਣੇ ਦੋਸਤਾਂ ਦੀਆਂ ਜੀਵਨੀਆਂ ਵੀ ਲਿਖੀਆਂ। ਉਨ੍ਹਾਂ ਦੇ ਨਾਵਲਾਂ ਤੇ ਫ਼ਿਲਮਾਂ ਵੀ ਬਣੀਆਂ ਹਨ। ਉਨ੍ਹਾਂ ਦੀ ਲੇਖਨੀ ਦਾ ਮੁੱਖ ਵਿਸ਼ਾ ਰੰਗ-ਭੇਦ ਦੀ ਨੀਤੀ ਦਾ ਤਿੱਖਾ ਵਿਰੋਧ ਰਿਹਾ ਹੈ।



# Hundred Years after the Socialist Revolution

## Revolution, Impact & Legacy

**A Publication of:**
**Progressive Peoples Foundation of Edmonton**




**Edited by: Dr. P. R. Kalia**
Member's Advisory: Prof. Raj Pannu and Rabinder Saran
**Authors: Albert Rhys Williams, Rosa Luxemberg, Prof. Irfan Habib, Julien Paolantoni, Tamás Krausz, Prof. Paul Le Blanc, Elisabetta Rossi, Prof. Randhir Singh, Prof. Amar Farooqui, Prof. Bryan D. Palmer, Prof. Joan Sangster, Prof. Michael Kort , Brinda Karat, Dr. P. R. Kalia, Harbhajan Cheema & Lakhbir Khunkhun**

Paperback: 225 pages; Price: $10:00 To be released in October, 2017

Much has changed in 100 years, since October 1917. Tracing Socialist Revolution's unique and inspiring story, this volume features eyewitness accounts from memoirs of the contemporaries, and some analysis by the authorities on the subject.

The book comprises of 14 articles, authored by some well known writers, journalists and academics, from Canada, USA, India and European countries. Authors have explored, as much as possible, all extant empirical sources and illuminated the articles with their exacting theoretical insights. Reading the book, readers will experience the revolution as it happened.

The anniversary of the revolution has afforded an opportunity for us not only to reflect upon the event but also to examine the lessons at various points. Certainly, the events of that October 1917 are not going to be replicated in today's world. But the experiences of the world's first socialist country are of huge and continuing relevance. To plan for the future, we need a dispassionate discussion of that historic event.



# Matrimonial

### ਵਰ ਦੀ ਲੋੜ

ਜੱਟ ਸਿੱਖ ਲੜਕੀ 28 ਸਾਲ 5' ਫੁੱਟ 3" ਇੰਚ, ਇੰਡੀਆ ਤੋਂ ਇੰਜੀਨੀਅਰਿੰਗ ਗਰੈਜੂਏਟ। NAIT ਤੋਂ ਗਰੈਜੂਏਟ ਪੀ.ਆਰ. ਲਈ ਫ਼ਾਈਲ ਲੱਗੀ। ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ। ਦੁਆਬੇ ਨੂੰ ਪਹਿਲ। ਸੰਪਰਕ 587-336-2310

### ਕੰਨਿਆ ਦੀ ਲੋੜ

Smart, Graduate, Hindu Brahmin boy Age 29, H-5.10. on Work permit in Canada. Contact no. 13065029142.or 5879304952

---

ਰਾਮਗੜ੍ਹੀਆ ਸਿੱਖ 5'11", 26 ਸਾਲ ਅਮਰੀਕਾ 'ਚ ਸਟੂਡੈਂਟ ਵੀਜ਼ੇ 'ਤੇ (ਕਨੇਡਾ ਦਾ ਮਲਟੀਪਲ 10 ਸਾਲਾ ਵੀਜ਼ਾ ਵੀ ਹੈ), ਲਈ ਸੁੰਦਰ ਪੜ੍ਹੀ ਲਿਖੀ ਕਨੇਡਾ ਵਾਸੀ ਕੰਨਿਆ ਦੀ ਜ਼ਰੂਰਤ ਹੈ। ਸੰਪਰਕ 780-990-9349

---

Jat Sikh canadian citizen, well settled, handsome, clean shaven, non Drinker 30 yr 6'1ÓÓ tall, Post Graduate, Govt. job with good pay, looking for educated, Beautiful, family oriented tall girl. Please contact 1-7807083150, gillmajha@gmail.com

### ਕੰਨਿਆ ਦੀ ਲੋੜ

---

Smart match for +2 in non medical, 2yr ASI Diploma of agriculture from Ludhiana university (1 yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 ÒÒ feet. 11 acres Property for both brother's. Contact : 780 807 0375

---

ਜੱਟ ਸਿੱਖ ਪੂਨੀਆਂ 28 ਸਾਲ, ਕੱਦ 5'-7', ਪੜ੍ਹੇ ਲਿਖੇ, ਵੈਸ਼ਨੂੰ, ਡਿਪਲੋਮਾ ਹੋਲਡਰ, 15 ਏਕੜ ਜ਼ਮੀਨ, ਇੰਡੀਆ ਰਹਿੰਦੇ ਇਕਲੌਤੇ ਲੜਕੇ ਲਈ ਕਨੇਡੀਅਨ ਸਿਟੀਜਨ ਜਾਂ ਇੰਮੀਗ੍ਰਾਂਟ ਲੜਕੀ ਦੀ ਲੋੜ ਹੈ। ਮਾਂ-ਬਾਪ ਜਲਦੀ ਹੀ ਪੱਕੇ ਤੌਰ 'ਤੇ ਕਨੇਡਾ ਆ ਰਹੇ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ 780-236-1325 ਜਾਂ 98143-53113

----

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ

### ਕੰਨਿਆ ਦੀ ਲੋੜ

ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well settled in Canada. contact no 780-761-3393.

---

Dhillon Family 30 years old 5'5 nursing from India smart, intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is

### ਕੰਨਿਆ ਦੀ ਲੋੜ

CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6ÓÓ, very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

### ਦੋ ਲੜਕੀਆਂ ਦੀ ਲੋੜ

ਜੱਟ ਸਿੱਖ ਕੈਨੇਡੀਅਨ ਲੜਕਾ, 25 ਸਾਲ, 5'8" ਲਈ ਸੁੰਦਰ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਉਹ ਪਰਿਵਾਰ ਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ ਭਰਾ, 29 ਸਾਲ, 5'9" ਲਈ ਕੈਨੇਡੀਅਨ ਜਾਂ ਯੂ.ਕੇ. ਇੰਮੀਗ੍ਰਾਂਟ ਲੜਕੀ ਦਾ ਰਿਸ਼ਤਾ ਕਰਵਾ ਸਕਣ।

ਸੰਪਕਰ : 0044-7999181322, 001-7802371663
billasingh1971@live.co.uk

# Classified Plus

## Townhouse for Rent

5 bedroom townhouse in Mill Woods is available for rent. 2 and half bathroom, close to school and shopping centre. For more info call : 780-906-4497

## House for Rent

5 bedroom bi level house for rent in Millwood. 5 bedrooms 3 full bathroom with double attached garage big back yard. Very quite location. Close to gurdwara. School and shopping center For more information call :- 780 953 3029



## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304

## ਕਾਰਪੇਂਟਰ ਹੈਪਲਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ ਗੁਰਮੇਲ ਮਠਾੜੂ 780-990-9349 ਜਾਂ ਰਣਜੀਤ ਮਠਾੜੂ 780-907-9889 ਨਾਲ ਸੰਪਰਕ ਕਰੋ।
Email : info@westforkinteriors.com




# Russian Revolution has been an Inspiring Example of Women Emancipation

International Women's Day (IWD) is a global day celebrating the social, economic, cultural and political achievements of women around the world. On March 8th 1917 it was actually Women who started the events that created the First Socialist Revolution. After the revolution, there were several laws adopted making it so that women had the same rights as men. All of those reforms would never have been possible, so early in history, under the capitalist system.

Every year on March 8th, International Women's Day is celebrated all over the world. It's essentially a day that raises awareness about the oppression of women. It commemorates the movement for women's rights. While the first observance of a Women's Day was held on February 28, 1909 in New York, March 8 was suggested by the 1910 International Woman's Conference to become an "International Woman's Day." After women gained suffrage in Soviet Russia in 1917, March 8 became a national holiday there. The day was then predominantly celebrated by the socialist movement and communist countries until it was adopted in 1975 by the United Nations.

Most people are not aware of the fact that on 8 March, 1917, it was actually women who started the events that created the revolution. This began a revolutionary process that brought the working class to power, allowing for spectacular advancements for women.

On March 8th, 1917 (in the Gregorian calendar) it was women workers who were the first to take to the streets of Petrograd, triggering a movement that would lead to the fall of the Tsar. Women textile workers, following attempts of the Tsarist government to ban demonstrations on Women's day, refused to work and went on strike. Against all odds, and without any prior plan, a mass strike broke out. Around 90,000 workers were on strike for the first day. Women were demanding bread, an end to the war and an end to Tsarism. In the following days, the strike became general and a soviet was founded in Petrograd. The fall of Tsarism became inevitability when the army came over to the side of the revolution.

After eight months of struggle between the soviets - representing the workers, peasants and soldiers - and the provisional government - representing the bourgeoisie - the Bolshevik Party organized the seizure of power by the soviets in October 1917. The soviet regime made it a goal to put in place the conditions for the genuine liberation of women.

After the revolution, there were several laws adopted making it so that women had the same rights as men. There was a law that stipulated that a woman must be paid the same wage as a man. For the first time in history, a woman was part of the government: Alexandra Kollontai became the first People's Commissar of Social Welfare. In December 1917, a public insurance fund was created. Six weeks after the revolution,















civil marriage was legalized. Spouses now had the same rights as one another and divorce was legal and accessible to all. In 1918, a Ministry for the Protection of Maternity and Childhood was established. This led to reforms such as 16 weeks of maternity leave, exemption from overly burdensome work, banning of transfers, layoffs and night work for pregnant and postpartum women as well as access to clinics specializing in maternity, counselling services and daycares. Measures to socialize domestic work were introduced. The distinction between a legitimate and an illegitimate child was abolished by the soviet regime. Starting in 1920, women had the right to abortion. Russia became the first country to grant this right, almost 53 years before the United States and 71 years before Canada!

Women were beginning to take control of their bodies and over society. They took part in it through workers' democracy. All of these reforms would never have been possible, so early in history, under the capitalist system.

Today, at a time when Donald Trump's clique is trying to restrict access to abortion and we are faced with repeated attacks on women and minorities all over the world, the Russian Revolution is a source of inspiration.

But, the Stalinist reaction, through a series of counter reforms, represented a big step back at the end of the 1920s and the beginning of the 1930s. In 1934, prostitution became illegal and punishable by at least eight months in prison. Divorce became less accessible and more expensive. The regime went as far as criminalizing abortion in 1936, saying that it was not necessary in a society where women were liberated and where "socialism had been achieved." In spite of all of the detrimental effects of Stalinism, women in the Soviet Union made huge leaps towards equality.

Then the return of capitalism in Russia in the 1990s it brought back all of the evils usually associated with it: family oppression, unemployment, prostitution and homelessness. Women were the first to be laid off, the first to suffer wage cuts and were the ones who returned to the home as a result of the cuts in social services. Now, the bourgeoisie jubilantly proclaimed the "end of history" and the victory of liberal democracy.

Russia is now dominated by gangsters, inequality has never been so high, and the condition of women and other oppressed groups has been getting worse and worse.

In Canada, every February, Canadians are invited to participate in Black History Month festivities and events that honour the legacy of Black Canadians, past and present. For 2018, the theme of the Government of Canada's Black History Month campaign was Black Canadian Women: Stories of Strength, Courage and Vision. This year, on that day it was announced that Viola Desmond would be the first Canadian woman to grace the front of a banknote. Desmond was a black Nova Scotian activist who was often described as Canada's Rosa Parks for her 1946 decision to sit in a whites-only section of a Nova Scotia movie theatre.

Therefore, October 1917 revolution not only wanted formal equality between men and women, but it wanted to create the material conditions to give women real access to all political, economic and cultural fields of society. And today, as was the case a hundred years ago, we must link the struggle of against women's oppression with the wider struggle for the overthrow of capitalism. Women in the struggle for emancipation will find in the Russian Revolution of 1917 an inspiring example from which we must draw lessons in order to accomplish the socialist transformation of society.

- P. R. Kalia

# ਸਤਿਆਜੀਤ ਰੇਅ ਦਾ ਸਿਨੇਮਾ

ਸੁਖਵੰਤ ਹੁੰਦਲ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਸੰਨ 1989 ਵਿਚ ਬਣਾਈ ਗਈ ਫ਼ਿਲਮ ਗਣਸ਼ਤਰੂ (ਜਨਤਾ ਦਾ ਦੁਸ਼ਮਣ) ਨਾਰਵੇ ਦੇ ਨਾਟਕਕਾਰ ਹੈਨਰਿਕ ਇਬਸਨ ਦੇ ਨਾਟਕ 'ਐਨਮੀ ਆਫ ਦਾ ਪੀਪਲ' 'ਤੇ ਆਧਾਰਤ ਹੈ। 1820 ਵਿਚ ਲਿਖੇ ਗਏ ਇਸ ਨਾਟਕ ਦੀ ਕਹਾਣੀ ਨੂੰ ਰੇਅ ਨੇ 1980ਵਿਆਂ ਦੇ ਹਿੰਦੁਸਤਾਨ ਦੀਆਂ ਹਾਲਤਾਂ ਦੇ ਅਨੁਸਾਰ ਢਲਿਆ ਹੈ। ਫ਼ਿਲਮ ਵਿਚ ਇਕ ਫਰਜ਼ੀ ਸ਼ਹਿਰ ਚੰਦੀਪੁਰ ਦੇ ਡਾਕਟਰ ਨੂੰ ਪਤਾ ਲੱਗਦਾ ਹੈ ਕਿ ਧਰਤੀ ਹੇਠਲੇ ਸੀਵਰੇਜ ਦੀ ਪਾਈਪ ਫਟਣ ਕਾਰਨ ਸਥਾਨਕ ਮੰਦਿਰ ਦਾ ਪਾਣੀ ਪ੍ਰਦੂਸ਼ਤ ਹੋ ਗਿਆ ਹੈ। ਇਹ ਪ੍ਰਦੂਸ਼ਤ ਪਾਣੀ ਮੰਦਿਰ ਜਾਣ ਵਾਲੇ ਸ਼ਰਧਾਲੂਆਂ ਵਲੋਂ ਚਰਨਾਮਤ ਦੇ ਤੌਰ 'ਤੇ ਪੀਤਾ ਜਾ ਰਿਹਾ ਹੈ। ਨਤੀਜੇ ਵਜੋਂ ਸ਼ਹਿਰ ਵਿਚ ਪੀਲੀਏ (ਜਾਂਡਿਸ) ਦੀ ਬਿਮਾਰੀ ਦੇ ਕੇਸ ਸਾਹਮਣੇ ਆ ਰਹੇ ਹਨ। ਇਸ ਸਥਿਤੀ ਬਾਰੇ ਜੇ ਕੁਝ ਨਾ ਕੀਤਾ ਗਿਆ ਤਾਂ ਸ਼ਹਿਰ ਵਿਚ ਪੀਲੀਏ ਦੀ ਮਹਾਂਮਾਰੀ ਫੈਲਣ ਦਾ ਖਤਰਾ ਹੈ। ਇਸ ਲਈ ਡਾਕਟਰ ਦਾ ਸੁਝਾਅ ਹੈ ਕਿ ਲੋਕਾਂ ਨੂੰ ਇਸ ਪ੍ਰਦੂਸ਼ਣ ਬਾਰੇ ਛੇਤੀ ਤੋਂ ਛੇਤੀ ਸੂਚਿਤ ਕੀਤਾ ਜਾਵੇ, ਸ਼ਹਿਰ ਦੀ ਸਰਕਾਰ ਧਰਤੀ ਹੇਠਲੇ ਫਟੇ ਪਾਈਪ ਦੀ ਮੁਰੰਮਤ ਕਰੇ ਅਤੇ ਜਿੰਨਾ ਚਿਰ ਤੱਕ ਇਹ ਮੁਰੰਮਤ ਮੁਕੰਮਲ ਨਹੀਂ ਹੁੰਦੀ ਉਨੀ ਦੇਰ ਤੱਕ ਮੰਦਿਰ ਨੂੰ ਬੰਦ ਕਰ ਦਿੱਤਾ ਜਾਵੇ।

ਡਾਕਟਰ ਦੇ ਇਸ ਸੁਝਾਅ ਦਾ ਮੰਦਿਰ ਦੇ ਮਾਲਕ, ਸ਼ਹਿਰ ਦੀ ਮਿਊਂਸਿਪੈਲਟੀ ਦੇ ਚੇਅਰਮੈਨ ਅਤੇ ਸ਼ਰਧਾਲੂਆਂ ਵਲੋਂ ਪੁਰਜ਼ੋਰ ਵਿਰੋਧ ਹੋਣਾ ਸ਼ੁਰੂ ਹੋ ਜਾਂਦਾ ਹੈ। ਮੰਦਿਰ ਦਾ ਮਾਲਕ ਆਪਣੇ ਧਾਰਮਕ ਵਿਸ਼ਵਾਸਾਂ ਦੇ ਆਧਾਰ 'ਤੇ ਕਹਿੰਦਾ ਹੈ ਕਿ ਮੰਦਰ ਦਾ 'ਚਰਨਾਮਤ' ਕਦੇ ਪ੍ਰਦੂਸ਼ਤ ਹੋ ਹੀ ਨਹੀਂ ਸਕਦਾ। ਡਾਕਟਰ ਮੰਦਿਰ ਦੇ ਪਾਣੀ ਨੂੰ ਪਰਦੂਸ਼ਤ ਕਹਿ ਕੇ ਉਸ ਦੇ ਅਤੇ ਮੰਦਰ ਦੇ ਸ਼ਰਧਾਲੂਆਂ ਦੇ ਧਾਰਮਕ ਵਿਸ਼ਵਾਸਾਂ ਨੂੰ ਠੇਸ ਪਹੁੰਚਾ ਰਿਹਾ ਹੈ। ਧਾਰਮਕ ਵਿਸ਼ਵਾਸਾਂ ਦੇ ਨਾਲ ਨਾਲ ਉਸ ਨੂੰ ਇਸ ਗੱਲ ਦਾ ਵੀ ਫਿਕਰ ਹੈ ਕਿ ਜੇ ਮੰਦਿਰ ਬੰਦ ਕਰ ਦਿੱਤਾ ਗਿਆ ਤਾਂ ਮੰਦਿਰ ਨੂੰ ਹਰ ਰੋਜ਼ ਲੱਖਾਂ ਦੇ ਹਿਸਾਬ ਨਾਲ ਚੜ੍ਹਨ ਵਾਲੇ ਚੜ੍ਹਾਵੇ ਦਾ ਨੁਕਸਾਨ ਜਰਨਾ ਪਵੇਗਾ। ਮਿਊਂਸਿਪੈਲਟੀ ਦੇ ਚੇਅਰਮੈਨ ਨੂੰ ਇਸ ਗੱਲ ਦਾ ਫਿਕਰ ਹੈ ਕਿ ਫਟੇ ਹੋਏ ਪਾਈਪ ਦੀ ਮੁਰੰਮਤ ਕਰਨ ਲਈ ਮਿਊਂਸਿਪੈਲਟੀ ਨੂੰ ਵੱਡਾ ਖਰਚ ਕਰਨਾ ਪਵੇਗਾ। ਇਸ ਦੇ ਨਾਲ ਹੀ ਉਸ ਨੂੰ ਇਹ ਵੀ ਫਿਕਰ ਹੈ ਕਿ ਹਰ ਰੋਜ਼ ਵੱਡੀ ਗਿਣਤੀ ਵਿਚ ਬਾਹਰਲੀਆਂ ਥਾਂਵਾਂ ਤੋਂ ਸ਼ਰਧਾਲੂ ਮੰਦਿਰ ਦੇ ਦਰਸ਼ਨਾਂ ਲਈ ਆਉਂਦੇ ਹਨ, ਅਤੇ ਸ਼ਹਿਰ ਦੀ ਟੂਰਿਸਟ ਇੰਡਸਟਰੀ ਦੀ ਤਰੱਕੀ ਵਿਚ ਹਿੱਸਾ ਪਾਉਂਦੇ ਹਨ। ਜੇ ਮੰਦਿਰ ਬੰਦ ਹੋ ਗਿਆ ਤਾਂ ਸ਼ਹਿਰ ਦੇ ਵਪਾਰਕ ਹਿਤਾਂ ਨੂੰ ਨੁਕਸਾਨ ਪਹੁੰਚੇਗਾ। ਇਨ੍ਹਾਂ ਕਾਰਨਾਂ ਕਰਕੇ ਸ਼ਹਿਰ ਵਿਚ ਡਾਕਟਰ ਦੇ ਸੁਝਾਅ ਦਾ ਵੱਡਾ ਵਿਰੋਧ ਹੁੰਦਾ ਹੈ ਅਤੇ ਉਸ ਨੂੰ 'ਜਨਤਾ ਦਾ ਦੁਸ਼ਮਣ' ਗਰਦਾਨ ਦਿੱਤਾ ਜਾਂਦਾ ਹੈ।

ਗਣਸ਼ਤਰੂ ਧਾਰਮਕ ਅੰਧ ਵਿਸ਼ਵਾਸਾਂ ਅਤੇ ਤਰਕ ਦੇ ਵਿਰੋਧ ਨੂੰ ਉਭਾਰ ਕੇ ਸਾਹਮਣੇ ਲਿਆਉਂਦੀ ਹੈ। ਇਸ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਸਮਾਜ ਦੀਆਂ ਹੋਰ ਸੱਤਾਧਾਰੀ ਧਿਰਾਂ - ਸਿਆਸੀ ਨੇਤਾ, ਵਪਾਰੀ, ਮੀਡੀਆ- ਆਦਿ ਆਪਣੇ ਆਪਣੇ ਹਿਤਾਂ ਕਾਰਨ ਧਾਰਮਕ ਨੇਤਾਵਾਂ ਨਾਲ ਮਿਲ ਕੇ ਕੰਮ ਕਰਦੇ ਹਨ। ਨਤੀਜੇ ਵਜੋਂ ਅੰਧਵਿਸ਼ਵਾਸਾਂ ਵਿਰੁੱਧ ਤਰਕ ਅਤੇ ਵਿਗਿਆਨ ਦੀ ਗੱਲ ਕਰਨ ਵਾਲੇ ਲੋਕਾਂ ਨੂੰ ਇਕ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਫ਼ਿਲਮ ਇਹ ਵੀ ਸਪਸ਼ਟ ਕਰਦੀ ਹੈ ਕਿ ਅੰਧਵਿਸ਼ਵਾਸਾਂ ਨਾਲ ਭਰੇ ਹੋਏ ਸਮਾਜ ਵਿਚ ਤਰਕ ਅਤੇ ਵਿਗਿਆਨ ਦੀ ਗੱਲ ਕਿਸੇ ਵੀ ਵਿਅਕਤੀ ਵਲੋਂ ਇਕੱਲਿਆਂ ਵਿਅਕਤੀਗਤ ਪੱਧਰ 'ਤੇ ਨਹੀਂ ਕੀਤੀ ਜਾ ਸਕਦੀ। ਅਜਿਹੀ ਗੱਲ ਸਮਾਜ ਵਿਚ ਇਕ ਮਜ਼ਬੂਤ ਪ੍ਰੋਗਰੈਸਿਵ ਲਹਿਰ ਦੀ ਉਸਾਰੀ ਨਾਲ ਹੀ ਕੀਤੀ ਜਾ ਸਕਦੀ ਹੈ।

'ਸ਼ਤਰੰਜ ਕੇ ਖਿਲਾੜੀ' ਅਤੇ 'ਸਦਗਤੀ' ਨੂੰ ਛੱਡ ਕੇ ਰੇਅ ਦੀਆਂ ਸਾਰੀਆਂ ਫ਼ਿਲਮਾਂ ਬੰਗਾਲੀ ਵਿਚ ਹਨ। ਆਪਣੀਆਂ ਫ਼ਿਲਮਾਂ ਵਿਚ ਉਸ ਨੇ ਬੰਗਾਲ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਦਾ ਚਿਤਰਣ ਅਤੇ ਵਿਸ਼ਲੇਸ਼ਣ ਕੀਤਾ ਹੈ। ਉਹ ਬੰਗਾਲ ਦੇ ਜੀਵਨ ਨੂੰ ਬਾਰੀਕੀ ਨਾਲ ਘੋਖ ਕੇ ਸਮੁੱਚੀ ਦੁਨੀਆਂ ਨੂੰ ਦੇਖਣ ਅਤੇ ਸਮਝਣ ਦਾ ਯਤਨ ਕਰਦਾ ਹੈ। ਇਸ ਲਈ ਕਈ ਵਿਦਵਾਨਾਂ ਨੇ ਉਸ ਦੀ ਇਸ ਪਹੁੰਚ ਦੀ 'ਤ੍ਰੇਲ ਦੇ ਤੁਪਕੇ ਵਿਚ ਸਾਗਰ' ਦੇਖਣ ਨਾਲ ਤੁਲਨਾ ਕੀਤੀ ਹੈ। ਆਪਣੀਆਂ ਫ਼ਿਲਮਾਂ ਦੇ ਵਿਸ਼ੇ ਚੁਣਨ ਸਮੇਂ ਉਸ ਦੀ ਹਮੇਸ਼ਾਂ ਇਹ ਕੋਸ਼ਿਸ਼ ਹੁੰਦੀ ਸੀ ਕਿ ਉਹ ਆਪਣੇ ਆਪ ਨੂੰ ਦੁਹਰਾਏ ਨਾ। ਨਤੀਜੇ ਵਜੋਂ ਉਸ ਦੀਆਂ ਫ਼ਿਲਮਾਂ ਦੇ ਵਿਸ਼ਿਆਂ ਦਾ ਘੇਰਾ ਕਾਫੀ ਮੋਕਲਾ ਹੈ। ਉਸ ਦੀਆਂ ਫ਼ਿਲਮਾਂ ਦੇ ਵਿਸ਼ੇ ਬੰਗਾਲ ਦੇ ਭੂਤ, ਵਰਤਮਾਨ, ਪੇਂਡੂ ਅਤੇ ਸ਼ਹਿਰੀ ਜੀਵਨ ਨਾਲ ਸੰਬੰਧਤ ਹਨ ਅਤੇ ਇਨ੍ਹਾਂ ਵਿਸ਼ਿਆਂ ਬਾਰੇ ਉਸ ਨੇ ਚਾਰ ਦਹਾਕਿਆਂ ਦੇ ਕਰੀਬ ਲਗਾਤਾਰ ਫ਼ਿਲਮਾਂ ਬਣਾਈਆਂ ਹਨ। ਇਸ ਲਈ ਉਸ ਦੀਆਂ ਫ਼ਿਲਮਾਂ ਬੰਗਾਲ ਦੇ ਜੀਵਨ ਨੂੰ ਸਮਝਣ ਅਤੇ ਜਾਣਨ ਦਾ ਇਕ ਵੱਡਮੁੱਲਾ ਖਜ਼ਾਨਾ ਹਨ।




ਆਪਣੀਆਂ ਫ਼ਿਲਮਾਂ ਵਿਚ ਰੇਅ ਜ਼ਿੰਦਗੀ ਨੂੰ ਦੇਖਣ ਲਈ ਇਕ ਮਾਨਵਵਾਦੀ ਅਤੇ ਯਥਾਰਥਵਾਦੀ ਪਹੁੰਚ ਅਪਣਾਉਂਦਾ ਹੈ। ਉਸ ਦੀ ਦਿਲਚਸਪੀ ਕਿਸੇ ਇਕ ਪਾਤਰ ਦੇ ਨਿੱਜੀ ਗੁਣ ਜਾਂ ਔਗੁਣ ਦੇਖਣ ਵਿਚ ਨਹੀਂ ਸਗੋਂ ਉਨ੍ਹਾਂ ਸਮਾਜਕ ਸ਼ਕਤੀਆਂ ਨੂੰ ਸਮਝਣ ਵਿਚ ਹੈ ਜਿਹੜੀਆਂ ਸ਼ਕਤੀਆਂ ਉਸ ਪਾਤਰ ਨੂੰ ਘੜਨ ਵਿਚ ਯੋਗਦਾਨ ਪਾਉਂਦੀਆਂ ਹਨ। ਉਸ ਦੇ ਆਪਣੇ ਸ਼ਬਦਾਂ ਵਿਚ "ਖਲਨਾਇਕ ਉਸ ਨੂੰ ਬੋਰ" ਕਰਦੇ ਹਨ।[35]

ਇਸ ਲਈ ਉਹ ਆਪਣੇ ਪਾਤਰਾਂ ਨੂੰ ਹਮਦਰਦੀ ਨਾਲ ਚਿਤਰਦਾ ਹੈ ਅਤੇ ਉਸ ਦੀਆਂ ਫ਼ਿਲਮਾਂ ਵਿਚ ਕੋਈ ਖਲਨਾਇਕ ਜਾਂ ਨਾਇਕ ਨਜ਼ਰ ਨਹੀਂ ਆਉਂਦਾ। ਸਮਾਜਕ ਸਰੋਕਾਰਾਂ ਦੇ ਸਿਨਮੇ ਲਈ ਇਸ ਗੱਲ ਦੀ ਬਹੁਤ ਮਹੱਤਤਾ ਹੈ ਕਿਉਂਕਿ ਜਦੋਂ ਕਿਸੇ ਫ਼ਿਲਮ ਜਾਂ ਕਲਾਕ੍ਰਿਤ ਵਿਚ ਕਿਸੇ ਇਕ ਪਾਤਰ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਦਰਸ਼ਕ ਨੂੰ ਇਹ ਸੁਨੇਹਾ ਮਿਲਦਾ ਹੈ ਕਿ ਸਮਾਜ ਵਿਚ ਜੋ ਕੁਝ ਬੁਰਾ ਹੋ ਰਿਹਾ ਹੈ ਉਹ ਉਸ ਪਾਤਰ ਦੇ ਮਾੜੇ ਵਤੀਰੇ ਕਰਕੇ ਹੈ। ਪਾਤਰ ਦੇ ਬੁਰੇ ਵਤੀਰੇ ਨੂੰ ਘੜਨ ਵਾਲੀਆਂ ਸਮਾਜਕ, ਆਰਥਕ, ਸਿਆਸੀ ਅਤੇ ਸਭਿਆਚਾਰਕ ਸ਼ਕਤੀਆਂ ਦਰਸ਼ਕ ਦੇ ਸਾਹਮਣੇ ਆਉਣ ਤੋਂ ਲੁਕੀਆਂ ਰਹਿੰਦੀਆਂ ਹਨ। ਖਲਨਾਇਕਾਂ ਦੀ ਪੇਸ਼ਕਾਰੀ ਤੋਂ ਪਰਹੇਜ਼ ਕਰਕੇ ਸਤਿਆਜੀਤ ਰੇਅ ਆਪਣੀਆਂ ਫ਼ਿਲਮਾਂ ਵਿਚ ਇਨ੍ਹਾਂ ਸ਼ਕਤੀਆਂ ਦੀ ਨਿਸ਼ਾਨਦੇਹੀ ਕਰਨ ਵਿਚ ਕਾਮਯਾਬ ਹੋਇਆ ਹੈ। ਐਰਿਕ ਬਾਰਨਾਓ ਅਤੇ ਐੱਸ ਕ੍ਰਿਸ਼ਨਾਸਵਾਮੀ ਅਨੁਸਾਰ :

ਇਤਿਹਾਸਕ ਸੱਚ ਨੂੰ ਪੇਸ਼ ਕਰਨ ਤੋਂ ਟਾਲਾ ਵੱਟਣ ਅਤੇ ਉਸ ਨੂੰ ਧੁੰਦਲਾ ਕਰਨ ਲਈ ਖਲਨਾਇਕ (ਦੀ ਸਿਰਜਣਾ) ਇਕ ਬਹੁਤ ਪੁਰਾਣਾ ਤਰੀਕਾ ਹੈ। ਰੇਅ ਨੇ ਆਪਣੀਆਂ ਕਲਾਕ੍ਰਿਤਾਂ ਵਿਚ ਉਨ੍ਹਾਂ ਜਟਿਲ ਜੁਗਤਾਂ ਦੀ ਛਾਣਬੀਣ ਕੀਤੀ ਹੈ, ਜਿਹੜੀਆਂ ਜੁਗਤਾਂ ਸਥਾਪਤੀ ਆਪਣੇ ਰੁਤਬੇ ਨੂੰ ਮਾਨਤਾ ਦੇਣ ਅਤੇ ਮਜ਼ਬੂਤ ਕਰਨ ਲਈ ਵਰਤਦੀ ਹੈ ਅਤੇ ਜਿਨ੍ਹਾਂ ਰਾਹੀਂ ਹਾਕਮਾਂ ਅਤੇ ਪਰਜਾ ਵਿਚ ਸਹਿਮਤੀ ਉਤਪੰਨ ਹੁੰਦੀ ਹੈ ਅਤੇ ਜਿਹੜੀਆਂ ਜੁਗਤਾਂ ਇਕ ਲੰਮੇ ਸਮੇਂ ਤੋਂ ਦੋਹਾਂ ਧਿਰਾਂ ਦੀ ਸੂਝ ਦਾ ਹਿੱਸਾ ਬਣਨ ਤੋਂ ਦੂਰ ਰਹੀਆਂ ਸਨ।[36]

ਸਤਿਆਜੀਤ ਰੇਅ ਅਜਿਹੀਆਂ ਫ਼ਿਲਮਾਂ ਤਾਂ ਬਣਾ ਸਕਿਆ ਕਿਉਂਕਿ ਉਹ ਇਹ ਸਮਝਦਾ ਸੀ ਕਿ ਇਕ ਫ਼ਿਲਮਸਾਜ਼ ਦਾ ਮਕਸਦ ਪੈਸਾ ਕਮਾਉਣਾ ਅਤੇ ਤੜਕ ਭੜਕ ਵਾਲੀ ਠਾਠਦਾਰ ਜ਼ਿੰਦਗੀ ਜੀਉਣਾ ਨਹੀਂ ਸਗੋਂ ਉਸ ਦਾ ਕੰਮ ਸਮਾਜ ਦੇ ਯਥਾਰਥ ਨੂੰ ਪੇਸ਼ ਕਰਨਾ ਹੈ ਤਾਂਕਿ ਲੋਕ ਆਪਣੀ ਜ਼ਿੰਦਗੀ ਦੀਆਂ ਕੌੜੀਆਂ ਹਕੀਕਤਾਂ ਨੂੰ ਸਮਝ ਸਕਣ। ਇਸ ਦੇ ਨਾਲ ਹੀ ਉਸ ਨੂੰ ਇਸ ਗੱਲ ਦਾ ਵਿਸ਼ਵਾਸ ਸੀ ਕਿ ਸਚਾਈ ਨਾਲ ਜੁੜੇ ਰਹਿਣ ਵਾਲੇ ਕਲਾਕਾਰਾਂ ਨੂੰ ਮਿਲਣ ਵਾਲੇ ਮਾਨ ਸਨਮਾਨ ਫੋਕੀ ਸ਼ਾਨੋਸ਼ੌਕਤ ਨਾਲ ਜੁੜੇ ਹੋਏ ਮਾਨਾਂ ਸਨਮਾਨਾਂ ਤੋਂ ਵੱਖਰੇ ਹੁੰਦੇ ਹਨ। ਇੱਥੇ ਮੈਂ ਰੇਅ ਵਲੋਂ ਪਹਿਲੀਆਂ ਦੋ ਫ਼ਿਲਮਾਂ ਬਣਾਉਣ ਤੋਂ ਬਾਅਦ ਸੰਨ 1958 ਵਿਚ ਲਿਖੇ ਇਕ ਲੇਖ ਵਿਚੋਂ ਕੁਝ ਹਿੱਸੇ ਸਾਂਝੇ ਕਰਨਾ ਚਾਹੁੰਦਾ, ਜਿਨ੍ਹਾਂ ਤੋਂ ਸਾਨੂੰ ਰੇਅ ਦੇ ਇਨ੍ਹਾਂ ਵਿਚਾਰਾਂ ਬਾਰੇ ਜਾਣਕਾਰੀ ਮਿਲਦੀ ਹੈ। ਪ੍ਰਾਬਲਮਜ਼ ਆਫ ਬੰਗਾਲੀ ਫ਼ਿਲਮਮੇਕਰਜ਼ (ਬੰਗਾਲੀ ਫ਼ਿਲਮਸਾਜ਼ਾਂ ਦੀਆਂ ਸਮੱਸਿਆਵਾਂ)ਨਾਮੀ ਇਸ ਲੇਖ ਵਿਚ ਰੇਅ ਲਿਖਦਾ ਹੈ:

ਸੱਚਮੁੱਚ ਹੀ ਗੰਭੀਰ, ਸਮਾਜਕ ਤੌਰ 'ਤੇ ਚੇਤਨ ਫ਼ਿਲਮਸਾਜ਼ ਲੰਮੇ ਸਮੇਂ ਤੱਕ ਕਾਲਪਨਿਕ ਸੰਸਾਰ (ਫੈਂਟਸੀ) ਵਿਚ ਨਹੀਂ ਵਿਚਰ ਸਕਦਾ। ਉਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਆਪਣੇ ਸਮੇਂ ਦੀ ਸਚਾਈ ਦੀ ਚੁਣੌਤੀ ਨੂੰ ਕਬੂਲ ਕਰੇ, ਤੱਥਾਂ ਨੂੰ ਵਿਚਾਰੇ, ਉਨ੍ਹਾਂ ਦੀ ਛਾਣਬੀਣ ਕਰੇ, ਉਨ੍ਹਾਂ ਨੂੰ ਸੂਖਮਤਾ ਨਾਲ ਦੇਖੇ ਅਤੇ ਉਸ ਵਿਚੋਂ ਫ਼ਿਲਮ ਬਣਾਉਣ ਦੀ ਸਮੱਗਰੀ ਚੁਣੇ।

ਇਹ ਗੱਲ ਮੈਂ ਪੂਰੇ ਭਰੋਸੇ ਨਾਲ ਕਹਿੰਦਾ ਹਾਂ ਕਿਉਂਕਿ ਮੈਂ ਆਪਣੇ ਨਿਰਮਾਣ ਜਿਹੇ ਢੰਗ ਨਾਲ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਅਤੇ ਮੈਂ ਇਸ ਤੋਂ ਜਾਣਿਆ ਹੈ ਕਿ ਕਈ ਵਾਰ ਸਮਝੌਤਾ ਨਾ ਕਰਨ ਦੇ ਵੀ ਫਾਇਦੇ ਹੁੰਦੇ ਹਨ, ਅਤੇ ਹਮੇਸ਼ਾਂ ਅਜਿਹਾ ਕਰਕੇ ਵਿਅਕਤੀ ਨੂੰ ਖੁਸ਼ੀ ਮਿਲਦੀ ਹੈ।

ਅੱਜ ਅਸੀਂ ਜਿਸ ਸਥਿਤੀ ਦਾ ਸਾਹਮਣਾ ਕਰ ਰਹੇ ਹਾਂ, ਉਹ ਇਸ ਤਰ੍ਹਾਂ ਹੈ: ਬੰਗਾਲ ਵਿਚ ਕੰਮ ਕਰਦੇ ਹੋਏ ਨੈਤਿਕ ਅਤੇ ਕਲਾਤਮਕ ਤੌਰ 'ਤੇ ਸਾਡੀ ਅਜਿਹੀਆਂ ਫ਼ਿਲਮਾਂ ਬਣਾਉਣ ਦੀ ਜ਼ਿੰਮੇਵਾਰੀ ਬਣਦੀ ਹੈ, ਜਿਨ੍ਹਾਂ ਫ਼ਿਲਮਾਂ ਦੀਆਂ ਜੜ੍ਹਾਂ ਸਾਡੇ ਸੂਬੇ ਦੀ ਮਿੱਟੀ ਨਾਲ ਜੁੜੀਆਂ ਹੋਣ। ਦੂਸਰੀ ਗੱਲ ਇਹ ਹੈ ਕਿ ਆਪਣੇ ਦਰਸ਼ਕਾਂ ਦੇ ਸੁਭਾਅ ਅਤੇ ਸਾਡੇ ਕੋਲ ਮੌਜੂਦ ਵਸੀਲਿਆਂ ਨੂੰ ਦੇਖਦੇ ਹੋਏ, ਸਾਡੀ ਅਗਲੀ ਜ਼ਿੰਮੇਵਾਰੀ ਇਹ ਬਣਦੀ ਹੈ ਕਿ ਅਸੀਂ ਸਰਲ ਪਹੁੰਚ ਅਪਣਾਈਏ। 'ਵੱਡੀਆਂ' ਕਹਾਣੀਆਂ ਅਤੇ ਵੱਡੇ ਸਿਤਾਰਿਆਂ ਦੀ ਲੋੜ ਨਹੀਂ। ਜਨਤਕ ਪੱਧਰ ਤੱਕ ਲੋਕਾਂ ਤੱਕ ਪਹੁੰਚਣ ਦੀ ਸਮੱਸਿਆ ਦਾ ਇਸ ਸਮੇਂ ਕੋਈ ਹੱਲ ਨਹੀਂ ਲੱਭਿਆ ਜਾ ਸਕਦਾ, ਅਤੇ ਇਹ ਸਮੱਸਿਆ ਸਾਡੇ ਨਾਲ ਉਤਨੀ ਦੇਰ ਤੱਕ ਰਹੇਗੀ, ਜਿੰਨੀ ਦੇਰ ਤੱਕ ਵੱਡੀ ਪੱਧਰ 'ਤੇ ਨਿਰੱਖਰਤਾ (ਅਨਪੜ੍ਹਤਾ) ਰਹੇਗੀ। ਜੇ ਸਰਲ-ਪਰ-ਗੰਭੀਰ ਪਹੁੰਚ ਮੁੱਠੀ ਭਰ ਵਿਅਕਤੀਗਤ ਨਿਰਦੇਸ਼ਕਾਂ ਤੱਕ ਸੀਮਤ ਰਹਿਣ ਦੀ ਬਜਾਏ ਇਕ ਲਹਿਰ ਬਣ ਜਾਵੇ ਤਾਂ ਇਹ ਸੰਭਾਵਨਾ ਹੈ ਕਿ ਲੋਕਾਂ ਦੀ ਰੁਚੀ ਨੂੰ ਬਦਲਿਆ ਜਾ ਸਕਦਾ ਹੈ, ਜਿਸ ਕਰਕੇ ਉਹ ਪੁਰਾਣੀ ਰੁਚੀ ਨੂੰ ਰੱਦ ਕਰਕੇ ਨਵੀਂ ਰੁਚੀ ਨੂੰ ਅਪਣਾ ਲੈਣ

ਸਾਨੂੰ ਬਹੁਤ ਜਲਦੀ ਲਾਭ ਹੋਣ ਦੀ ਉਮੀਦ ਨਹੀਂ। ਨਿੱਜੀ ਤੌਰ 'ਤੇ ਖੁਸ਼ਕਿਸਮਤੀ ਨਾਲ ਮੇਰੀਆਂ ਪਹਿਲੀਆਂ ਦੋ ਫ਼ਿਲਮਾਂ ਚੰਗੀਆਂ ਗਈਆਂ ਹਨ, ਪਰ ਜਿਹੜੀ ਗੱਲ ਸੱਚੀ ਹੀ ਮਹੱਤਵਪੂਰਨ ਅਤੇ ਚਾਅ ਵਾਲੀ ਹੈ, ਉਹ ਛੇਤੀ ਹੋਣ ਵਾਲਾ ਫਾਇਦਾ ਨਹੀਂ, ਸਗੋਂ ਉਸ ਵਿਸ਼ਵਾਸ ਦੀ ਪੁਸ਼ਟੀ ਹੈ ਜਿਹੜਾ ਵਿਚਾਰ ਇਕ ਕਲਾਕਾਰ ਵਜੋਂ ਮੈਨੂੰ ਬਹੁਤ ਪਿਆਰਾ ਹੈ: ਸਚਾਈ ਨਾਲ ਵਿਆਹੀ ਹੋਈ ਕਲਾ ਅਖੀਰ ਵਿਚ ਜ਼ਰੂਰ ਹੀ ਆਪਣੇ ਪੁਰਸਕਾਰ ਦਿਵਾਉਂਦੀ ਹੈ।[37]

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਤਿਆਜੀਤ ਰੇਅ ਨੇ ਵਪਾਰਕ ਹਿੰਦੁਸਤਾਨੀ ਸਿਨਮੇ ਵਲੋਂ ਬਣਾਈਆਂ ਜਾਂਦੀਆਂ 'ਮਸਾਲਾ' ਫ਼ਿਲਮਾਂ ਦੇ ਫਾਰਮੂਲੇ ਤੋਂ ਹਟਵੀਆਂ ਫ਼ਿਲਮਾਂ ਬਣਾਈਆਂ। ਹਿੰਦੁਸਤਾਨ ਦੇ ਸੰਦਰਭ ਵਿਚ ਉਸ ਨੇ ਸਥਾਪਤ ਕੀਤਾ ਕਿ ਸੰਚਾਰ ਦੇ ਸ਼ਕਤੀਸ਼ਾਲੀ ਮਾਧਿਅਮ- ਫ਼ਿਲਮਾਂ- ਦਾ ਮਕਸਦ ਸਿਰਫ ਲੋਕਾਂ ਨੂੰ ਹਲਕਾ ਫੁਲਕਾ ਮਨੋਰੰਜਨ ਦੇ ਕੇ ਪੈਸੇ ਕਮਾਉਣਾ ਹੀ ਨਹੀਂ ਹੈ ਸਗੋਂ ਇਸ ਮਾਧਿਅਮ ਨੂੰ ਜ਼ਿੰਦਗੀ ਨੂੰ ਸਮਝਣ ਅਤੇ ਵਧੀਆ ਬਣਾਉਣ ਲਈ ਵਰਤਿਆ ਜਾ ਸਕਦਾ ਹੈ ਅਤੇ ਵਰਤਿਆ ਜਾਣਾ ਚਾਹੀਦਾ ਹੈ।

**(ਸਮਾਪਤ)**

**ਹਵਾਲੇ :**

*[35] Barnow, Erik and S. Krishnaswamy (1980)*
*[36] Barnow, Erik and S. Krishnaswamy (1980).*
*[37] Ray, Satyajit (1976). Our films, their films.*

# Royal

Royal Executive Homes

Executive Homes

## New Project by Royal Executive Homes in Beaumont

## Walkout Lots for Sale




**4501 50 AVE BEAUMONT**

- Excellent Location
- Close To all Amenities
- Transit Access
- Close to 50th Street
- Affordable Prices

**SALES CONTACT :**

# 780-965-7390

# ਮੌਰਗੇਜ ਦੇ ਵਧੀਆ ਰੇਟ ਅਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ



**Amar Vig**
780-466-1985
Mortgage Specialist

## BEST MORTGAGE RATES BEST SERVICE

2014 PROFIT 500 CANADA'S FASTEST-GROWING COMPANIES



Dominion Lending Centres, they're a beauty!

They'll get the banks competing for your mortgage business.

CMP CANADIAN MORTGAGE AWARDS WINNER 2014 WWW.CANADIANMORTGAGEAWARDS.COM

• PURCHASE • REFINANCE • PRE-APPROVAL
• FIRST TIME HOME BUYERS • NEW TO CANADA
• SELF EMPLOYED • INVESTMENT PROPERTY
• COMMERCIAL FINANCING • EQUIPMENT LEASING



**Jody Vig**
780-485-8700
Manager

## 100% FINANCING AVAILABLE*

DOMINION LENDING CENTRES
Mortgage Force

Independently Owned and Operated

## 780-466-9898

Unit 12, 3908-97 Street Edmonton T6E 6N2

* Some Conditions Apply

# JAY'S TRAVEL LTD.

SIMPLY THE BEST SINCE 1979

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

• VACATION PACKAGE • AIR TICKETS • TOUR
• HOTEL • CAR • CRUISE

Authorised Agent For :-
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline



3655-99 STREET EDMONTON ALBERTA, CANADA T6E 6K5
TEL : (780) 461-6666 FAX : (780) 450-8683 Email : anil@incentre.net



Student Discount

# INDO CANADIAN BUS & VAN TRANSPORTATION LTD.

*Daily Service From*

## Edmonton-Calgary-Edmonton

Seniors Discount



Child upto 12 years is FREE
(must be accompanied by a guardian or parent)

SPECIAL CALGARY TO EDMONTON FARE $50 ONLY

Edmonton : 780-991-4837 | Red Deer (Head Office) : 587-991-2929 | Calgary : 403-968-7950

OFFICE HOURS FOR BOOKING 7.00 AM-8.00 PM